ਸਿੱਖੀ ਸਰੂਪ ਦੀ ਸ਼ਾਨ

ਨਾਮਧਾਰੀ ਹਾਕੀ ਟੀਮ

ਸੰਪਾਦਕ

ਜਸਵੰਤ ਸਿੰਘ ਮਸਤ

ਅਨਮੋਲਕ ਸਿੰਘ

ਗੁਰਲਾਲ ਸਿੰਘ

ਭਜਨ ਸਿੰਘ

ਪਹਿਲੀ ਵਾਰ	:	500 ਕਾਪੀ
ਸੰਨ	:	ਨਵੰਬਰ, 2020
ਕੀਮਤ	:	250/ ਰੁਪਏ
ਟਾਈਟਲ ਅਤੇ ਡਿਜਾਇਨ	:	ਯੁਵਰਾਜ ਸਿੰਘ, ਹਰਕੀਰਤ ਸਿੰਘ

Printed by

Foil printers

2051, Gobind nagar, Ludhiana, Punjab

ਪ੍ਰਕਾਸ਼ਕ

ਵਿਸ਼ਵ ਨਾਮਧਾਰੀ ਸੰਗਤ

ਸ੍ਰੀ ਭੈਣੀ ਸਾਹਿਬ

ਸਮਰਪਣ

ਖੇਡਾਂ ਤੇ ਖਿਡਾਰੀਆਂ ਨੂੰ ਪਿਆਰ ਕਰਨ ਵਾਲੇ

ਸਤਿਗੁਰੂ ਜਗਜੀਤ ਸਿੰਘ ਜੀ ਨੂੰ

ਤਤਕਰਾ

'ਕਰਮਾਤਿ'
ਸਾਹਿਬ ਤੁਠੈ ਜੋ ਮਿਲੈ...

–ਅਜੀਤ ਸਿੰਘ ਲਾਇਲ

(ਸਕੱਤਰ ਨਾਮਧਾਰੀ ਦਰਬਾਰ)

ਨਾਮਧਾਰੀ ਹਾਕੀ ਇਲੈਵਨ ਦਾ ਯੁੱਗ, ਨਾਮਧਾਰੀ ਇਤਿਹਾਸ ਵਿੱਚ ਖੇਡਾਂ ਦਾ ਇਕ ਸੁਨਹਿਰੀ ਯੁੱਗ ਰਿਹਾ ਹੈ। ਇਸਨੂੰ ਉਹ ਸਮਾਂ ਕਿਹਾ ਜਾ ਸਕਦਾ ਹੈ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਿੱਤਵੇ ਹੋਏ ਸੁਪਨੇ ਹੂ-ਬ-ਹੂ ਉਸੇ ਰੂਪ-ਸਰੂਪ ਵਿੱਚ ਇਸ ਧਰਤ 'ਤੇ ਸਾਕਾਰ ਹੋਏ ਜਿਹੋ ਜਿਹੇ ਸੁਪਨਿਆਂ ਦੀ ਚਿਤਵਨਾ ਹਜ਼ੂਰ ਨੇ ਆਪਣੇ ਮਨ ਮਸਤਕ ਵਿੱਚ ਕੀਤੀ ਹੋਈ ਸੀ। ਸਤਿਗੁਰੂ ਜੀ ਦੀ ਪ੍ਰਮੁੱਖਤਾ ਸੀ ਸਿੱਖੀ-ਸਰੂਪ ਪਹਿਲੋਂ ਤੇ ਹਾਕੀ ਦੀ ਖੇਡ ਦੂਸਰੇ ਨੰਬਰ 'ਤੇ। ਇਵੇਂ ਹੀ ਚੰਗੀ ਤੇ ਸਾਫ਼-ਸੁਥਰੀ ਖੇਡ ਪਹਿਲੋਂ, ਹਾਰ-ਜਿੱਤ ਦੂਸਰੇ ਨੰਬਰ 'ਤੇ। ਨਾਮਧਾਰੀ ਹਾਕੀ ਇਲੈਵਨ ਦੇ ਖਿਡਾਰੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮਾ 'ਤੇ ਪਹਿਰਾ ਦੇਂਦਿਆਂ ਆਪਣੇ ਸਿੱਖੀ-ਸਰੂਪ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਭਾਰਤ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣੀ ਖੇਡ ਦਾ ਬੇਹਤਰੀਨ ਪ੍ਰਦਰਸ਼ਨ ਕੀਤਾ ਅਤੇ ਖੇਡ ਪ੍ਰੇਮੀਆਂ ਦੇ ਦਿਲ ਜਿੱਤੇ। ਜਿਸ ਸ਼ਹਿਰ, ਜਿਸ ਦੇਸ਼ ਵਿੱਚ ਵੀ ਨਾਮਧਾਰੀ ਹਾਕੀ ਇਲੈਵਨ ਦਾ ਮੈਚ ਹੁੰਦਾ, ਖੇਡ-ਪ੍ਰੇਮੀ ਪਹਿਲੋਂ ਹੀ ਆਪਣੇ ਰੁਝੇਵੇਂ ਸੰਕੋਚ ਕੇ, ਉਸ ਖੇਡ ਮੈਦਾਨ ਵੱਲ ਧਾਈ ਕਰਕੇ ਆਉਂਦੇ, ਦਰਸ਼ਕਾਂ ਦੀ ਇੰਨੀ ਭੀੜ ਹੁੰਦੀ ਕਿ ਖੇਡ-ਮੈਦਾਨ ਵਿਚ ਤਿਲ ਸੁੱਟਣ ਨੂੰ ਵੀ ਥਾਂ ਨਾ ਲੱਭਦੀ। ਨਾਮਧਾਰੀ ਹਾਕੀ ਇਲੈਵਨ ਦੇ ਖਿਡਾਰੀਆਂ ਨੂੰ ਉਹਨਾਂ ਦੀ ਚੰਗੀ ਖੇਡ ਦੇ ਪ੍ਰਦਰਸ਼ਨ ਸਦਕਾ ਅਤੇ ਅਨੁਸ਼ਾਸ਼ਨ ਸਦਕਾ ਦੇਸ਼ ਦੀਆਂ ਵੱਡੀਆਂ-ਵੱਡੀਆਂ ਸਰਕਾਰੀ ਅਤੇ ਗੈਰ-ਸਰਕਾਰੀ ਕੰਪਨੀਆਂ ਤੇ ਮਹਿਕਮਿਆਂ ਨੇ ਆਪਣੀਆਂ ਹਾਕੀ ਟੀਮਾਂ 'ਚ ਸ਼ਾਮਲ ਕੀਤਾ ਅਤੇ ਚੰਗੇ ਅਹੁਦਿਆਂ 'ਤੇ ਸੁਭਾਇਮਾਨ ਕੀਤਾ। ਕਈ ਨਾਮਧਾਰੀ ਖਿਡਾਰੀਆਂ ਨੂੰ ਭਾਰਤ ਦੀ ਹਾਕੀ ਓਲੰਪਿਕ ਟੀਮ ਵਿਚ ਸ਼ਾਮਲ ਹੋਣ ਦਾ ਸੁਅਵਸਰ ਵੀ ਮਿਲਿਆ। ਇਥੋਂ ਤੱਕ ਕਿ ਇਸ ਟੀਮ ਦੇ ਸ. ਸਰਦਾਰ ਸਿੰਘ ਨੂੰ ਹਾਕੀ ਟੀਮ ਦੀ ਕਪਤਾਨੀ ਕਰਦਿਆਂ ਹੋਇਆਂ ਵਿਸ਼ਵ-ਹਾਕੀ ਕੱਪ ਲਈ ਭਾਰਤ ਦੀ ਰਾਸ਼ਟਰੀ ਹਾਕੀ ਟੀਮ ਦੀ ਅਗਵਾਈ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਅਤੇ ਦੇਸ਼ ਦੇ ਸਰਵ-ਉੱਚ ਵਕਾਰੀ ਮਾਨ-ਸਨਮਾਨ ਵੀ ਉਸ ਦੀ ਝੋਲੀ ਪਏ।

2021 ਈ. ਦਾ ਨਾਮਧਾਰੀ ਹੋਲਾ ਮਹੱਲਾ, ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਵੱਲੋਂ ਕਰਵਾਇਆ ਜਾ ਰਿਹਾ ਹੈ। ਭਾਵੇਂ ਅਜਿਹਾ ਸੇਵਾ ਦਾ ਉੱਦਮ ਬਹੁਤ ਪਹਿਲੋਂ ਹੀ ਕੀਤਾ ਜਾਣਾ ਚਾਹੀਦਾ ਸੀ ਪਰ ਦੇਰ-ਆਇ-ਦਰੁਸਤ-ਆਇ ਅਨੁਸਾਰ ਇਸ ਸੁਹਣੇ ਉੱਦਮ ਲਈ ਨਾਮਧਾਰੀ ਹਾਕੀ ਇਲੈਵਨ ਦੇ ਖਿਡਾਰੀਆਂ ਨੂੰ ਮੁਬਾਰਕਬਾਦ

ਦੇਣੀ ਬਣਦੀ ਹੈ, ਜਿਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਤੇ ਇਸ ਸਮਾਜ ਦੇ ਸੁਯੋਗ ਸੁਯਤਨਾਂ ਸਦਕਾ, ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ 'ਤੇ ਆਪਣੀ ਪਹਿਚਾਣ ਬਣਾਈ, ਚੰਗੇ ਰੁਤਬੇ ਹਾਸਲ ਕੀਤੇ ਅਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮਾਨ-ਸਨਮਾਨ ਹਾਸਲ ਕੀਤੇ। ਉਹਨਾਂ ਵੱਲੋਂ ਇਸ ਸੁਅਵਸਰ 'ਤੇ ਨਾਮਧਾਰੀ ਹਾਕੀ ਇਲੈਵਨ ਦੇ ਕੀਰਤੀਮਾਨਾਂ ਨੂੰ ਦਰਸਾਉਂਦੀ ਹੋਈ ਸਚਿੱਤ੍ਰ ਕਿਤਾਬ ਪ੍ਰਕਾਸ਼ਤ ਕਰਨਾ ਵੀ ਬੜਾ ਹੀ ਸਲਾਹੁਣਯੋਗ ਉੱਦਮ ਹੈ। ਸਤਿਗੁਰੂ ਜਗਜੀਤ ਸਿੰਘ ਜੀ ਅਕਸਰ ਆਪਣੇ ਪਵਿੱਤਰ ਪ੍ਰਵਚਨਾਂ ਰਾਹੀਂ ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਦੀ ਰਹਿਨੁਮਾਈ ਕਰਿਆ ਕਰਦੇ ਸਨ, ਉਹਨਾਂ ਨੂੰ ਖੇਡ ਦੀ ਭਾਵਨਾ ਨਾਲ ਹਾਕੀ ਖੇਡਣ ਲਈ ਪ੍ਰੇਰਨਾ, ਖੇਡ-ਪ੍ਰਬੰਧਕਾਂ ਦੇ ਬਣਾਏ ਹੋਏ ਨਿਯਮਾਂ ਅਨੁਸਾਰ ਰਹਿਣਾ, ਹੌਂਸਲਾ ਅਫ਼ਜ਼ਾਈ ਕਰਦਿਆਂ ਹੋਇਆਂ ਸਿੱਖੀ ਮਰਿਯਾਦਾ ਵਿੱਚ ਪਰਪੱਕ ਰਹਿਣ ਦੀ ਤਾੜਨਾ ਵੀ ਕਰ ਦੇਣਾ। ਸਤਿਗੁਰੂ ਜੀ ਦੇ ਉਹਨਾਂ ਸਰਬੱਤ ਦੇ ਭਲੇ ਵਾਲੇ ਪਵਿੱਤਰ ਉਪਦੇਸ਼ਾਂ ਨੂੰ ਇਸ ਕਿਤਾਬ ਦੇ ਪਹਿਲੇ ਪੰਨਿਆਂ 'ਤੇ ਛਾਪਣਾ ਬਹੁਤ ਹੀ ਸੁਹਣਾ ਤੇ ਸਲਾਹੁਣਯੋਗ ਉੱਦਮ ਹੈ। ਜਿੱਥੇ ਇਹ ਪਵਿੱਤਰ ਉਪਦੇਸ਼ ਖਿਡਾਰੀਆਂ ਲਈ ਉਸ ਸਮੇਂ ਇਕ ਰਹਿਨੁਮਾਈ ਸੀ, ਅੱਜ ਵੀ ਇਹ ਉਪਦੇਸ਼ ਮਨੁੱਖ-ਮਾਤਰ ਲਈ ਸੁਖਦਾਈ ਹਨ।

ਹਾਕੀ ਖੇਡਣਾ ਤੇ ਖਿਡਾਉਣਾ ਸਤਿਗੁਰੂ ਉਦੇ ਸਿੰਘ ਜੀ ਦਾ ਸ਼ੌਂਕ ਵੀ ਸੀ ਤੇ ਜਿੰਮੇਵਾਰੀ ਵੀ। ਨਾਮਧਾਰੀ ਜਗਤ ਜਾਣਦਾ ਹੈ ਕਿ ਕਿਵੇਂ ਸਤਿਗੁਰੂ ਉਦੇ ਸਿੰਘ ਜੀ ਨੇ ਹਾਕੀ ਟੀਮ ਨੂੰ ਉੱਚੇ ਮੁਕਾਮ 'ਤੇ ਪਹੁਚਾਣ ਵਾਸਤੇ ਟੀਮ ਲਈ ਭਾਰਤ ਦੇ ਬੇਹਤਰੀਨ ਹਾਕੀ ਕੋਚਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ, ਅਥਾਹ ਖਰਚਾ ਕੀਤਾ ਅਤੇ ਆਪਣਾ ਕੀਮਤੀ ਸਮਾਂ ਦਿੱਤਾ। ਏਨਾ ਹੀ ਨਹੀਂ, ਇਸ ਟੀਮ ਨੂੰ ਅੰਤਰ-ਰਾਸ਼ਟਰੀ ਪੱਧਰ ਦਾ ਬਨਾਉਣ ਵਾਸਤੇ ਟੀਮ ਨੂੰ ਭਾਰਤ ਵਿੱਚ ਦੂਰ-ਦੁਰਾਡੇ ਸ਼ਹਿਰਾਂ ਵਿੱਚ ਹੋ ਰਹੇ ਹਾਕੀ ਟੂਰਨਾਮੈਂਟਾਂ ਵਿੱਚ ਸ਼ਾਮਲ ਹੋਣ ਦੇ ਮੌਕੇ ਮੁਹੱਈਆ ਕਰਵਾਏ ਅਤੇ ਵਿਦੇਸ਼ਾਂ ਵਿਚ ਜਾ ਕੇ ਉੱਥੋਂ ਦੀਆਂ ਹਾਕੀ ਟੀਮਾਂ ਨਾਲ ਖੇਡਣ ਦੇ ਇੰਤਜਾਮ ਵੀ ਕੀਤੇ। ਖੇਡ ਪ੍ਰੇਮੀਆਂ ਦੇ ਮੂੰਹੋਂ ਅਕਸਰ ਇਹ ਸੁਨਣ ਨੂੰ ਮਿਲਿਆ ਕਰਦਾ ਸੀ ਕਿ ਭਾਰਤ ਨੇ ਹਾਕੀ ਵਿੱਚ ਜੇ ਕੋਈ ਸੋਨ-ਤਗਮਾ ਲੈਣਾ ਹੈ ਤਾਂ ਨਾਮਧਾਰੀਆਂ ਦੀ ਹਾਕੀ ਟੀਮ ਨੂੰ ਓਲੰਪਿਕ ਖੇਡਾਂ ਵਿੱਚ, ਭਾਰਤ ਵੱਲੋਂ ਸ਼ਾਮਲ ਹੋਣ ਲਈ ਭੇਜਿਆ ਜਾਵੇ। ਇਹੋ ਜਿਹੇ ਤੇ ਹੋਰ ਵੀ ਬਹੁਤ ਤਰ੍ਹਾਂ ਦੇ ਜਨਤਕ ਕੁਮੈਂਟ ਇਸ ਕਿਤਾਬ ਵਿੱਚ ਛਪੇ ਵੱਖ-ਵੱਖ ਲੇਖਾਂ 'ਚੋਂ ਪਾਠਕਾਂ ਨੂੰ ਪੜ੍ਹਨ ਨੂੰ ਮਿਲਣਗੇ।

ਪ੍ਰਸਿੱਧ ਨਾਮਧਾਰੀ ਵਿਦਵਾਨ ਸ. ਸੁਵਰਨ ਸਿੰਘ ਵਿਰਕ ਹੁਰਾਂ ਦਾ ਲੇਖ **'ਨਾਮਧਾਰੀ ਹਾਕੀ ਟੀਮ ਦਾ ਪਿਛੋਕੜ'** ਆਪਣੇ ਆਪ ਵਿੱਚ ਬੜਾ ਕੁਝ ਸਮੋਈ ਬੈਠਾ ਹੈ। ਮਨੁੱਖ ਦੀ ਸੋਚ ਵਿੱਚ ਕਿਵੇਂ ਖੇਡਾਂ ਪ੍ਰਤੀ ਸੋਚ ਪਲਮੀ ਉਸਦਾ ਵਿਕਾਸ ਸਿੱਖ ਸਤਿਗੁਰੂਆਂ ਵਲੋਂ ਖੇਡਾਂ ਪ੍ਰਤੀ ਲਗਾਓ, ਸਤਿਗੁਰੂ ਪ੍ਰਤਾਪ ਸਿੰਘ ਦੇ ਸ਼ੌਕਾਂ ਵਿਚ ਘੋੜ-

ਸਵਾਰੀ, ਪੋਲੋ, ਨੇਜ਼ੇ-ਬਾਜੀ, ਕਿੱਲਾ ਫੁੰਡਣ ਦਾ ਜਿਕਰ ਕਰਦਿਆਂ ਸੁਯੋਗ ਲੇਖਕ ਨੇ ਪ੍ਰਸਿੱਧ ਪਹਿਲਵਾਨ ਸ. ਫਤਹਿ ਸਿੰਘ ਵਲਟੋਹਾ, ਢੋਟੀਆਂ ਦੀ ਨਾਮਧਾਰੀ ਰੱਸਾ ਟੀਮ ਅਤੇ ਹੋਰ ਬਹੁਤ ਸਾਰੀ ਅਲਬੇਲੇ ਕਰਤੱਬੀ ਨਾਮਧਾਰੀਆਂ ਦਾ ਜ਼ਿਕਰ ਬਹੁਤ ਖੂਬੀ ਨਾਲ ਕੀਤਾ ਹੈ।

ਸੇਵਕ ਹਰਪਾਲ ਸਿੰਘ ਹੁਰਾਂ ਦੀ ਰਚਨਾ **'ਗੁਰਮਤਿ ਫਲਸਫਾ ਸਤਿਗੁਰੂ ਜਗਜੀਤ ਸਿੰਘ ਖੇਡਾਂ ਤੇ ਉਦੇਸ਼'** ਇਸ ਕਿਤਾਬ ਵਿੱਚ ਸੇਵਕ ਜੀ ਦੀ ਕਮਾਲ ਦੀ ਰਚਨਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸੇਵਕਾਂ ਵਿੱਚ ਸ਼ੁਮਾਰ, ਸੇਵਕ ਹਰਪਾਲ ਸਿੰਘ ਜੀ ਇਕ ਮੰਝੇ ਹੋਏ ਨਾਮਧਾਰੀ ਵਿਦਵਾਨ ਹਨ। ਸਤਿਗੁਰੂ ਜੀ ਦੀ ਨਿਕਟਤਾ ਵਿੱਚ ਵਿਚਰਦਿਆਂ ਉਹਨਾਂ ਬਹੁਤ ਕੁਝ ਅਜਿਹਾ ਵੀ ਗ੍ਰਹਿਣ ਕੀਤਾ ਜਿਸਨੂੰ ਆਮ ਨਾਮਧਾਰੀ ਮਾਣ ਨਹੀਂ ਸਕੇ। ਉਹਨਾਂ ਦਾ ਇਹ ਲੇਖ ਬਹੁਤ ਕੁਝ ਅਜਿਹਾ ਸਮੋਈ ਬੈਠਾ ਹੈ ਜਿਸਨੂੰ ਪੜ੍ਹਕੇ ਨਾਮਧਾਰੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿਰਦੇ ਦੀ ਹੋਰ ਵਿਸ਼ਾਲਤਾ ਨੂੰ ਤਾਂ ਮਾਣ ਸਕਣਗੇ ਹੀ ਗੁਰਬਾਣੀ ਅਨੁਸਾਰ 'ਸਤਿਗੁਰੂ' ਸ਼ਬਦ ਦੀ ਵਿਸ਼ਾਲ ਵਿਆਖਿਆ ਦੇ ਦਰਸ਼ਨ ਵੀ ਕਰਨਗੇ। ਟੂਕ ਮਾਤਰ ਵੰਨਗੀ ਵੇਖੋ- "ਸਤਿਗੁਰੂ ਜੀ ਨੇ ਖਿਡਾਰੀ ਬੱਚਿਆਂ ਨੂੰ ਸਮਝਾ ਕੇ ਰੱਖਣਾ ਕਿ ਜੇ ਵਿਰੋਧੀ ਖਿਡਾਰੀ ਹੱਥ ਚੁੱਕਣ, ਕੁਝ ਮਾੜੇ ਸ਼ਬਦ ਬੋਲਣ ਉਸਦੇ ਪ੍ਰਤੀਕਰਮ ਵਜੋਂ ਨਾ ਕਿਸੇ ਨੂੰ ਗਾਲ੍ਹ ਕੱਢਣੀ, ਨਾ ਹੀ ਕਿਸੇ 'ਤੇ ਹੱਥ ਚੁੱਕਣਾ। ਵਧੀਆ ਖੇਡ ਪ੍ਰਦਰਸ਼ਨ ਕਰਨਾ, 'ਖਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਹੈ'। ਮਲੇਰਕੋਟਲੇ ਇਕ ਮੈਚ ਦੌਰਾਨ ਕੱਦੋਂ-ਕਾਠੋਂ ਤਕੜੇ ਖਿਡਾਰੀਆਂ ਨੂੰ ਜਦੋਂ ਆਪਣੀ ਹਾਰ ਹੁੰਦੀ ਜਾਪੀ ਤਾਂ ਵਿਰੋਧੀ ਖਿਡਾਰੀਆਂ ਨੇ ਨਾਮਧਾਰੀ ਖਿਡਾਰੀਆਂ ਦੀਆਂ ਲੱਤਾਂ 'ਤੇ ਹਾਕੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਨਾਮਧਾਰੀ ਖਿਡਾਰੀ ਨਾ ਤਲਖੀ ਵਿੱਚ ਆਏ ਨਾ ਕੁਝ ਬੋਲੇ, ਸਗੋਂ ਵਧੀਆ ਖੇਡ ਦਾ ਪ੍ਰਦਰਸ਼ਨ ਕਰਦੇ ਰਹੇ। ਕੁਮੈਂਟਰੀ ਕਰਨ ਵਾਲਾ ਮੁਸਲਮਾਨ ਸੱਜਣ ਸੀ। ਉਸਨੇ ਮਾਈਕ ਵਿੱਚ ਕਿਹਾ, "ਓਏ! ਸੰਗ ਕਰੋ, ਤੁਹਾਡੇ ਜੁਆਕਾਂ ਵਰਗੇ ਨੇ, ਜਿੱਤ ਸਕਦੇ ਹੋ ਤਾਂ ਖੇਡ ਕੇ ਜਿੱਤੋ। ਜਿਨ੍ਹਾਂ ਨੂੰ ਤੁਸੀਂ ਹਾਕੀਆਂ ਨਾਲ ਡਰਾਉਣਾ ਚਾਹੁੰਦੇ ਹੋ, ਇਹ ਉਹ ਕੂਕੇ ਹਨ, ਜਿਨ੍ਹਾਂ ਨੂੰ ਅੰਗਰੇਜ਼ ਤੋਪਾਂ ਨਾਲ ਨੀ ਡਰਾ ਸਕੇ।"

ਇਕ ਹੋਰ ਜਿਕਰ ਹੈ "ਸਰਸੇ ਤੋਂ ਦਿੱਲੀ ਜਾਂਦਿਆਂ ਰੋਹਤਕ ਬਾਈਪਾਸ ਮੇਨ ਰੋਡ 'ਤੇ ਇਕ ਪਹਿਲਵਾਨੀ ਅਖਾੜਾ ਹੈ। 25-30 ਹਰਿਆਣਵੀ ਨੌਜਵਾਨ ਉਸ ਅਖਾੜੇ ਵਿੱਚ ਕਸਰਤ ਕਰਦੇ, ਘੁਲ਼ਦੇ ਤੇ ਜੋਰ ਕਰਦੇ। ਸ੍ਰੀ ਸਤਿਗੁਰੂ ਜੀ ਜਦੋਂ ਵੀ ਉੱਥੋਂ ਲੰਘਣਾ, ਰੁਕ ਕੇ ਨੌਜਵਾਨਾਂ ਨੂੰ ਮਿਲਣਾ, ਖੁਸ਼ੀਆਂ ਬਖ਼ਸ਼ਣੀਆਂ, ਕਦੇ ਘਿਓ ਦਾ ਪੀਪਾ, ਕਦੇ ਬਦਾਮਾਂ ਦਾ ਗੱਟਾ ਤੇ ਫਲਾਂ ਦਾ ਟੋਕਰਾ ਦੇ ਕੇ ਨਿਵਾਜਣਾ। ਕਈ ਵਾਰ ਇਲਾਕਾ ਜੀਵਨ ਨਗਰ ਵਿੱਚ ਕਿਸੇ ਸਿੱਖ ਵਲੋਂ ਲੰਗਰ ਹੋਣਾ ਤਾਂ ਜਲੇਬ ਜਾਂ ਬੂੰਦੀ ਦਾ ਟੋਕਰਾ ਭਰ ਕੇ ਆਪਣੀ ਕਾਰ ਦੀ ਡਿੱਗੀ ਵਿੱਚ ਰਖਾ ਇਹਨਾਂ ਨੌਜਵਾਨਾ ਵਾਸਤੇ ਲੈ

ਆਉਣਾ"। 'ਸਤਿਗੁਰੂ ਸਭਨਾ ਦਾ ਭਲਾ ਮਨਾਇਦਾ' ਤੁਕ ਦੀ ਹੀ ਵਿਆਖਿਆ ਹੈ। ਸੇਵਕ ਜੀ ਦੇ ਮਜ਼ਮੂਨ ਵਿੱਚ ਬਹੁਤ ਕੁਝ ਅਜਿਹਾ ਹੈ ਜਿਸ ਨੂੰ ਪਾਠਕ ਪਹਿਲੀ ਵਾਰ ਹੀ ਪੜ੍ਹਨਗੇ ਅਤੇ ਆਨੰਦਤ ਹੋਣਗੇ।

ਸਤਿਗੁਰੂ ਜੀ ਨੇ ਸਿੱਖੀ ਤੋਂ ਦੂਰ ਜਾ ਰਹੇ ਨੌਜਵਾਨਾਂ ਨੂੰ ਕਿਵੇਂ ਸੰਭਾਲਿਆ? ਉਸਦਾ ਇੱਕ ਜਿਕਰ ਕਮਾਲਦਾ ਹੈ "ਸਤਿਗੁਰੂ ਜੀ ਨੇ ਸਰਸੇ ਨੇੜੇ ਕੰਙਣਪੁਰ ਵਿੱਖੇ ਘਰਾਂ 'ਚ ਚਰਨ ਪਾਉਂਦਿਆਂ ਦਰਸ਼ਨ ਸਿੰਘ ਕੱਕੜਾਂ ਵਾਲੇ ਦੇ ਘਰ ਕਿਰਪਾ ਕੀਤੀ। ਸ. ਦਰਸ਼ਨ ਸਿੰਘ ਦੇ ਲੜਕੇ ਮੁਖਤਿਆਰ ਸਿੰਘ ਨੇ ਵੇਟ-ਲਿਫਟਿੰਗ ਅਤੇ ਮੁਕਾਬਲਿਆਂ ਵਿੱਚ ਜਿੱਤੇ ਤਗਮੇ ਸ੍ਰੀ ਸਤਿਗੁਰੂ ਜੀ ਨੂੰ ਵਿਖਾਉਂਦਿਆਂ ਆਪਣੀਆਂ ਪ੍ਰਾਪਤੀਆਂ ਦੱਸੀਆਂ। ਕੱਦ-ਕਾਠ ਤੇ ਜੁੱਸੇ ਤੋਂ ਮਜਬੂਤ ਇਹ ਨੌਜਵਾਨ ਸਰਕਸ ਵਿੱਚ ਵੀ ਕਈ ਸਟੰਟ ਕਰਦਾ ਸੀ। ਸ੍ਰੀ ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਉਸਦੀਆਂ ਪ੍ਰਾਪਤੀਆਂ ਬਾਰੇ ਸੁਣਿਆ। ਕੰਡ ਥਾਪੜੀ ਤੇ ਖੁਸ਼ੀਆਂ ਬਖ਼ਸ਼ਦਿਆਂ ਬੜੇ ਪਿਆਰ ਨਾਲ ਆਖਿਆ, "ਮੁਖਤਿਆਰ ਤੂੰ ਐਨਾ ਭਾਰ ਚੁੱਕ ਲੈਂਦਾ ਹੈਂ ਥੋੜਾ ਜਿਹਾ ਮੇਰਾ ਵੀ ਭਾਰ ਚੁੱਕ ਲੈ।"

"ਹੁਕਮ ਕਰੋ ਪਾਤਸ਼ਾਹ ਜੀ।"

ਬੜੇ ਪਿਆਰ ਨਾਲ ਦੋਵਾਂ ਹੱਥਾਂ ਨਾਲ ਗੱਲ੍ਹਾਂ ਪਲੋਸਦਿਆਂ ਬਚਨ ਕੀਤਾ, "ਐਹ ਦਾਹੜੀ ਦਾ ਥੋੜਾ ਜਿਹਾ ਭਾਰ ਮੇਰੇ ਲਈ ਵੀ ਚੁੱਕ ਲੈ।" ਸਤਿਗੁਰੂ ਜੀ ਦਾ ਅਮੋਘ ਬਚਨ ਆਪਣਾ ਕੰਮ ਕਰ ਗਿਆ ਸੀ।

ਭਜਨ ਸਿੰਘ ਦਾ ਲੇਖ **ਨਾਮਧਾਰੀ ਹਾਕੀ ਟੀਮ ਦੀ ਦਾਸਤਾਨ** ਸੱਚਮੁੱਚ ਨਾਮਧਾਰੀ ਹਾਕੀ ਦਾ ਪੂਰਨ ਇਤਿਹਾਸ ਹੀ ਹੈ। ਭਜਨ ਸਿੰਘ ਹੁਰਾਂ ਦਾ ਲੇਖ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਉਸਨੇ ਇਹ ਸਾਰਾ ਮੈਟਰ ਇਕੱਠਾ ਕਰਨ 'ਤੇ ਕਿੰਨੀ ਮਿਹਨਤ ਕੀਤੀ ਹੈ। ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਦੇ ਨਾਮ, ਥਾਮ, ਪ੍ਰਾਪਤੀਆਂ ਇਕੱਠਾ ਕਰਦਿਆਂ ਤੇ ਸ਼ਬਦੀ ਰੂਪ ਦੇਂਦਿਆਂ ਭਜਨ ਸਿੰਘ ਨੇ ਇਸ ਵਿਸ਼ੇ ਨੂੰ ਸੁਹਣਾ ਨਿਭਾਇਆ ਹੈ।

ਸਤਿਗੁਰੂ ਜੀ ਦੇ ਹੁਕਮ ਨਾਲ ਵੱਖ-ਵੱਖ ਸਮੇਂ ਕਈ ਸੁਯੋਗ ਪ੍ਰਬੰਧਕਾਂ ਨੇ ਹਾਕੀ ਟੀਮ ਦੇ ਮੈਨੇਜਰ ਦੀਆਂ ਸੇਵਾਵਾਂ ਨਿਭਾਈਆਂ। ਸ. ਗੁਰਮੁੱਖ ਸਿੰਘ ਰਹਿਬਰ ਵੀ ਇਸ ਨਾਮਧਾਰੀ ਹਾਕੀ ਟੀਮ ਦੇ ਪ੍ਰਬੰਧਕ ਰਹੇ ਹਨ। ਉਨ੍ਹਾਂ ਵਲੋਂ ਲਿਖਿਆ ਲੇਖ **ਸਿੱਖੀ ਸਰੂਪ ਦੀ ਸ਼ਾਨ : ਨਾਮਧਾਰੀ ਹਾਕੀ ਟੀਮ** ਆਪਣੇ ਆਪ ਵਿੱਚ ਬਹੁਤ ਕੁਝ ਸਮੋਈ ਬੈਠਾ ਹੈ। ਸਮੇਂ-ਸਮੇਂ ਹਾਕੀ ਖਿਡਾਰੀਆਂ ਲਈ ਕੀਤੇ ਸਤਿਗੁਰੂ ਜੀ ਦੇ ਹੁਕਮ, ਨਾਮਧਾਰੀ ਮਰਿਯਾਦਾ ਕਾਇਮ ਰੱਖਣ ਲਈ ਕੀਤੇ ਔਖੇ ਯਤਨ, ਵੱਖ-ਵੱਖ ਥਾਵਾਂ 'ਤੇ

ਹਾਕੀ ਟੀਮ ਵਲੋਂ ਖੇਡੇ ਗਏ ਮੈਚ ਅਤੇ ਦਰਸ਼ਕਾਂ ਦਾ ਉਤਸ਼ਾਹ, ਉਹਨਾਂ ਦੇ ਕੁਮੈਂਟ ਆਦਿ ਬੜਾ ਕੁਝ ਪਾਠਕਾਂ ਦੇ ਮਨ ਨੂੰ ਹੁਲਾਰਾ ਦੇਣ ਵਾਲਾ ਮਿਲੇਗਾ।

ਸ. ਜਸਵੀਰ ਸਿੰਘ ਸਰਾਂ (ਕਨੇਡਾ) ਦਾ **ਨਾਮਧਾਰੀ ਬਾਬਿਆਂ ਦੀ ਹਾਕੀ ਖੇਡ** (ਸਰੀ ਦਾ ਟੂਰਨਾਮੈਂਟ) ਨਾਮਧਾਰੀ ਹਾਕੀ ਟੀਮ ਦਾ ਕਨੇਡਾ ਦੀ ਧਰਤੀ 'ਤੇ ਸ਼ਾਨਦਾਰ ਪ੍ਰਦਰਸ਼ਨ ਦਾ ਬਹੁਤ ਹੀ ਮਨ-ਮੱਲਵਾਂ ਵਰਨਣ ਹੈ। ਸ. ਸਰਾਂ ਨੇ ਇਹਨਾਂ ਮੈਚਾਂ ਲਈ ਕੀਤੇ ਸੁਯਤਨਾਂ, ਨਾਮਧਾਰੀ ਹਾਕੀ ਟੀਮ ਦਾ ਪ੍ਰਦਰਸ਼ਨ ਅਤੇ ਇਹਨਾਂ ਮੈਚਾਂ ਦਾ ਬਹੁਤ ਹੀ ਰੌਚਕ ਦ੍ਰਿਸ਼-ਵਰਨਣ ਕੀਤਾ ਹੈ। ਪਾਠਕ ਇਸ ਰਚਨਾ ਦਾ ਇਵੇਂ ਅਨੰਦ ਮਾਨਣਗੇ ਜਿਵੇਂ ਉਹ ਆਪ ਇਹਨਾਂ ਮੈਚਾਂ ਨੂੰ ਸਾਹਵੇਂ ਵੇਖ ਰਹੇ ਹੋਣ। ਸ. ਸਰਾਂ ਵੱਲੋਂ ਇਹਨਾਂ ਮੈਚਾਂ ਦੇ ਪ੍ਰਦਰਸ਼ਨ ਤੇ ਦਰਸ਼ਕਾਂ ਦੇ ਵੱਡੇ ਇਕੱਠ ਅਤੇ ਉਹਨਾਂ ਦੇ ਉਤਸ਼ਾਹ ਦਾ ਬਹੁਤ ਹੀ ਸੁਹਣੇ ਤਰੀਕੇ ਨਾਲ ਵਰਨਣ ਕੀਤਾ ਹੈ। ਇਨਾਮ-ਵੰਡ ਸਮਾਰੋਹਾਂ ਤੇ ਅਹਿਮ ਸ਼ਖ਼ਸੀਅਤਾਂ ਦਾ ਆਉਣਾ ਅਤੇ ਨਾਮਧਾਰੀ ਟੀਮ ਦੀ ਸ਼ਲਾਘਾ ਕਰਨੀ ਉਹਨਾਂ ਦੀ ਖੇਡ ਸਪਿਰਟ ਅਤੇ ਸਿੱਖੀ ਸਰੂਪ ਲਈ ਸ਼ਾਬਾਸ਼ ਦੇਣੀ, ਹੌਂਸਲਾ-ਅਫਜ਼ਾਈ ਕਰਨੀ, ਇਹ ਸਭ ਪੜ੍ਹ ਕੇ ਪਾਠਕ ਦਾ ਮਨ ਗਦ-ਗਦ ਹੋ ਜਾਂਦਾ ਹੈ।

ਇੰਗਲੈਂਡ ਨਿਵਾਸੀ ਸ. ਸੁਰਜੀਤ ਸਿਘ ਜੀਤ ਹੁਰਾਂ ਦਾ ਤੱਦਵਕਤੀ ਲਿਖਿਆ ਮਜਮੂਨ **ਨਾਮਧਾਰੀ ਹਾਕੀ ਟੀਮ ਦਾ ਯੂਰਪੀਨ ਦੇਸ਼ਾਂ ਦਾ ਟੂਰ** ਉਹਨਾਂ ਸਮਿਆਂ ਦਾ ਲਿਖਿਆ ਹੋਇਆ ਹੈ, ਜਦੋਂ ਨਾਮਧਾਰੀ ਹਾਕੀ ਟੀਮ 1989 ਈ. ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਤੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਦੇ ਉੱਦਮ ਨਾਲ ਇੰਗਲੈਂਡ ਦੇ ਦੌਰੇ 'ਤੇ ਗਈ। ਸ. ਸੁਰਜੀਤ ਸਿੰਘ ਆਪਣੇ ਇਸ ਲੇਖ ਵਿਚ ਨਾਮਧਾਰੀ ਹਾਕੀ ਟੀਮ ਦੀਆਂ ਪ੍ਰਾਪਤੀਆਂ ਦਾ ਜਿਕਰ ਕਰਦਿਆਂ ਲਿਖਦੇ ਹਨ "ਜਦੋਂ ਭਾਰਤ ਦੀ ਹਾਕੀ ਟੀਮ ਅਧੋਗਤੀ ਵਿੱਚ ਜਾਣ ਲੱਗੀ ਤਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ 10, 12 ਸਾਲ ਦੀ ਉਮਰ ਦੇ 24-25 ਨਾਮਧਾਰੀ ਮੁੰਡਿਆਂ ਨੂੰ, ਜਾਤੀ ਤਵੱਜੋਂ ਤੇ ਸੁਚੱਜੀ ਅਗਵਾਈ ਦੇ ਕੇ ਆਧੁਨਿਕ ਤਰੀਕੇ ਨਾਲ ਹਾਕੀ ਦੀ ਟੀਮ ਵਾਸਤੇ ਤਿਆਰ ਕਰਨ ਲਈ ਹੁਕਮ ਕੀਤਾ। ਇਸ ਹੁਕਮ ਦੀ ਤਾਮੀਲ ਕਰਦੇ ਹੋਏ ਠਾਕੁਰ ਜੀ (ਵਰਤਮਾਨ ਸਤਿਗੁਰੂ ਜੀ) ਨੇ ਕਰੜੀ ਸਾਧਨਾ ਤੇ ਸਖ਼ਤ ਮਿਹਨਤ ਨਾਲ ਅਥਾਹ ਖਰਚ ਕਰਕੇ ਜਿਹੜੀ ਹਾਕੀ ਟੀਮ ਤਿਆਰ ਕੀਤੀ ਉਸੇ ਦੀ ਚਰਚਾ ਦੇਸ਼ ਵਿਦੇਸ਼ ਵਿੱਚ ਹੋਈ।" ਇਸ ਲੇਖ ਵਿਚ ਜਿੱਥੇ ਸ. ਸੁਰਜੀਤ ਸਿੰਘ ਜੀਤ ਨੇ ਨਾਮਧਾਰੀ ਹਾਕੀ ਟੀਮ ਦੀਆਂ ਦੇਸ਼ ਅੰਦਰ ਖੇਡੇ ਵੱਖ-ਵੱਖ ਮੈਚਾਂ ਦੀਆਂ ਪ੍ਰਾਪਤੀਆਂ ਦਾ ਜਿਕਰ ਕੀਤਾ ਹੈ, ਉਥੇ ਇੰਗਲੈਂਡ ਦੀ ਧਰਤੀ 'ਤੇ ਵੱਖ-ਵੱਖ ਥਾਵਾਂ 'ਤੇ ਖੇਡੇ ਛੇ ਵੱਖ-ਵੱਖ ਹਾਕੀ ਮੈਚਾਂ ਦਾ ਜਿਕਰ ਵੀ ਕੀਤਾ ਹੈ, ਜਿਨ੍ਹਾਂ ਵਿਚ ਨਾਮਧਾਰੀ ਹਾਕੀ ਟੀਮ ਨੇ ਬੇਹਤਰੀਨ ਜਿੱਤਾਂ ਪ੍ਰਾਪਤ ਕੀਤੀਆਂ।

ਇਸੇ ਕਿਤਾਬ ਵਿੱਚ ਛਪਿਆ ਸ. ਅਮਰਿੰਦਰ ਸਿੰਘ ਗਿੱਧਾ ਦਾ ਲੇਖ **'ਹਾਕੀ ਦੇ ਹੁਨਰ ਦੀ ਉਦਾਹਰਣ – ਨਾਮਧਾਰੀ ਹਾਕੀ ਅਕਾਦਮੀ'** ਵੀ ਸ. ਗਿੱਧਾ ਜੀ ਦੀ ਨਾਮਧਾਰੀ ਹਾਕੀ ਅਕਾਦਮੀ ਨਾਲ ਨਿੱਜੀ ਨੇੜਤਾ ਤੇ ਜਾਤੀ ਅਨੁਭਵਾਂ ਤੇ ਤਜੁਰਬਿਆਂ ਦੀ ਪਾਠਕਾਂ ਨਾਲ ਸਾਂਝ ਦਾ ਬਿਓਰਾ ਹੈ, ਜਿਸ ਵਿਚੋਂ ਪਾਠਕਾਂ ਨੂੰ ਬਹੁਤ ਕੁਝ ਨਵਾਂ ਮਿਲੇਗਾ।

ਇਸ ਕਿਤਾਬ ਦਾ ਸੰਪਾਦਨ ਕਰਦਿਆਂ ਕਵੀ ਪ੍ਰੀਤਮ ਸਿੰਘ ਜੀ ਦੀ ਰਚਨਾ "ਬੀਤੇ ਦੀਆਂ ਪੈੜਾਂ" ਦੇ ਵੀ ਹਵਾਲੇ ਦਿੱਤੇ ਗਏ ਹਨ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਹਨ ਪਰ ਉਹਨਾਂ ਦਾ ਨਾਮਧਾਰੀ ਹਾਕੀ ਟੀਮ ਦੇ ਵੱਖ-ਵੱਖ ਥਾਂਵਾਂ 'ਤੇ ਖੇਡੇ ਗਏ ਮੈਚਾਂ ਦਾ, ਲਿਖਿਆ ਅੱਖੀਂ ਡਿੱਠਾ ਹਾਲ ਅੱਜ ਵੀ ਪਾਠਕਾਂ ਨੂੰ ਦਹਾਕੇ ਪੁਰਾਣੇ ਦ੍ਰਿਸ਼ਾਂ ਨੂੰ ਅੱਖੀਆਂ ਸਾਹਵੇਂ ਵਰਤ ਰਹੇ ਹੋਣ ਦਾ ਅਹਿਸਾਸ ਕਰਵਾਉਂਦਾ ਹੈ।

ਹਾਕੀ ਦੇ ਮਾਹਰ ਮਹਾਂਰਥੀਆਂ, ਪ੍ਰਸਿੱਧ ਹਾਕੀ ਖਿਡਾਰੀਆਂ, ਹਾਕੀ ਕੋਚਾਂ ਅਤੇ ਖੇਡ-ਜਗਤ ਦੀਆਂ ਮਹਾਨ ਸ਼ਖ਼ਸੀਅਤਾਂ ਦੇ ਨਾਮਧਾਰੀ ਹਾਕੀ ਬਾਰੇ ਕੁਮੈਂਟ ਆਪਣੇ ਆਪ ਵਿੱਚ ਇਸ ਸੋਵੀਨੀਰ ਦਾ ਇਕ ਅਹਿਮ ਹਿੱਸਾ ਹੈ, ਜੋ ਇਕ ਗੁਲਦਸਤਾ ਵੀ ਹੈ, ਪੁਸ਼ਪਾਂਜ਼ਲੀ ਵੀ, ਹੌਂਸਲਾ-ਅਫ਼ਜ਼ਾਈ ਵੀ ਅਤੇ ਹਾਕੀ ਵਿੱਚ ਹੋਰ ਮੱਲਾਂ ਮਾਰਨ ਲਈ ਉਤਸ਼ਾਹ ਅਤੇ ਪ੍ਰੇਰਨਾ ਵੀ। ਮੈਂ ਇਹਨਾਂ ਸਤਰਾਂ ਰਾਹੀਂ ਨਾਮਧਾਰੀ ਹਾਕੀ ਟੀਮ ਨੂੰ ਉਹਨਾਂ ਦੇ ਇਸ ਸੁਹਣੇ ਉੱਦਮ ਲਈ ਮੁਬਾਰਕਬਾਦ ਦੇਂਦਾ ਹੋਇਆ ਆਸ ਰੱਖਦਾ ਹਾਂ ਕਿ ਭਵਿੱਖ ਵਿੱਚ ਵੀ ਉਹ ਆਪਣੇ ਸਮਾਜ ਦੀ ਸੇਵਾ ਲਈ ਤੱਤਪਰ ਰਹਿਣਗੇ।

ਉਪਦੇਸ਼ ਸਤਿਗੁਰੂ ਜਗਜੀਤ ਸਿੰਘ ਜੀ

ਪਰਮ ਸਤਿਕਾਰਯੋਗ ਸਾਧ ਸੰਗਤ ਜੀ ਇੱਕ ਵੇਰਾਂ ਸਭ ਮਨ ਬਿਰਤੀ ਇਕਾਗਰ ਕਰਨ ਲਈ ਤੇ ਰਸਨਾ ਪਵਿੱਤਰ ਕਰਨ ਲਈ ਆਖੋ- ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।

- ਤੁਸੀਂ ਹਾਕੀ ਦੀ ਟੀਮ ਬਾਰੇ ਸੁਣਿਆ ਜਾਂ ਵੇਖਿਆ ਵੀ ਹੈ ਕਿ ਉਹ ਕਛਹਿਰੇ ਤੇ ਪੱਗਾਂ ਨਾਲ ਖੇਡਦੇ ਹਨ। ਉਹ ਭਾਰਤ ਦੀ ਸੰਸਕਿਰਤੀ ਦਾ ਪ੍ਰਤੀਕ ਹਨ। ਉਹ ਦੱਸਦੇ ਹਨ ਕਿ ਸਾਡੀ ਭਾਰਤ ਦੀ ਐਹ ਵਰਦੀ ਹੈ, ਅਸੀਂ ਏਹਦੇ ਨਾਲ ਖੇਡ ਸਕਦੇ ਹਾਂ। ਉਹ ਸਵੇਰੇ ਉੱਠ ਕੇ ਨਿਤਨੇਮ ਕਰਦੇ ਹਨ, ਭਜਨ ਕਰਦੇ ਹਨ, ਬਾਣੀ ਪੜ੍ਹਦੇ ਹਨ। ਇੱਕ ਵੇਰਾਂ ਪਾਣੀਪਤ ਜਾਂ ਕਰਨਾਲ ਵਿੱਚ ਸਾਡੀ ਟੀਮ ਦਾ ਇੱਕ ਮੈਚ ਹੋਇਆ, ਕਿਸੇ ਟੀਮ ਨਾਲ, ਉਹ ਬੜੇ ਲੰਮੇ-ਲੰਮੇ ਸਨ, ਜਿਹੜੇ ਰੋਹਤਕ ਦੇ ਸਨ ਤੇ ਸਾਡੇ ਮੁੰਡੇ ਬੜੇ ਛੋਟੇ ਕੱਦ ਦੇ ਸਨ। ਉਮਰੋਂ ਵੀ ਛੋਟੇ ਸਨ ਤੇ ਇਹਨਾਂ ਨੇ ਉਹਨਾਂ ਨੂੰ ਜਿੱਤ ਲਿਆ ਤੇ ਉਹ ਫਿਰ ਆਖਣ ਐਹ ਜਿਹੜੇ ਗੜਵੇ ਹਨ, ਜਿਹੜਾ ਪਾਣੀ ਪਾਇਐ, ਏਦ੍ਹੇ ਵਿੱਚ ਮੰਤਰ ਐ, ਤਾਂ ਇਹ ਜਿੱਤਦੇ ਹਨ। ਉਹਨਾਂ ਦੇ ਮਨ ’ਤੇ ਇਸ ਤਰ੍ਹਾਂ ਦਾ ਅਸਰ ਹੋਇਆ। ਮੈਂ ਤੁਹਾਨੂੰ ਸਾਰਿਆਂ ਨੂੰ ਬਹੁਤ ਸਤਿਕਾਰ ਨਾਲ ਬੇਨਤੀ ਕਰਾਂਗਾ ਕਿ ਆਪਣੇ-ਆਪਣੇ ਧਰਮ ਵਿੱਚ ਰਹਿ ਕੇ ਪੂਰੀ ਤਰ੍ਹਾਂ ਦ੍ਰਿੜ ਵਿਸ਼ਵਾਸ ਨਾਲ ਤੁਰੋ ਤੇ ਸਭ ਧਰਮਾਂ ਦਾ ਆਦਰ ਕਰੋ, ਸਤਿਕਾਰ ਕਰੋ। ਸਾਰੇ ਧਰਮ ਜਿਹੜੇ ਨੇ ਉਹ ਸਤਿਗੁਰੂ ਦੇ ਨੇ, ਆਪਣੇ-ਆਪਣੇ ਅਕੀਦੇ ਨਾਲ ਜਿਸ ਤਰ੍ਹਾਂ ਕਿਸੇ ਨੇ ਆਪਣੇ ਗੁਰੂ ਤੋਂ ਨਾਮ ਪੁੱਛਿਐ, ਸਭ ਵਾਸਤੇ ਇੱਕ ਰੱਬ ਐ, ਵੇਲਾ ਅੰਮ੍ਰਿਤ ਵੇਲੇ ਦਾ ਸਾਰਿਆਂ ਵਾਸਤੇ ਸਾਂਝਾ ਹੈ।

- ਤੁਸਾਂ ਅਖ਼ਬਾਰਾਂ ਵਿੱਚ ਪੜ੍ਹਿਆ ਹੀ ਹੋਵੇਗਾ, ਤੁਹਾਡੇ ਹਾਕੀ ਵਾਲੇ ਮੁੰਡੇ ਨੇ ਜਿਹੜੇ ਏਥੇ ਹਾਕੀ ਦੀ ਟੀਮ ਵਿੱਚ। ਉਹਨਾਂ ਬਾਰੇ ਕੁਝ ਕੋਚ ਮੈਨੂੰ ਮਿਲੇ ਨੇ ਆ ਕੇ, ਉਨ੍ਹਾਂ ਨੇ ਆਖਿਆ ਪੰਜਾਬ ਵਿੱਚ Revolation ਲਿਆਤਾ ਇਹਨਾਂ ਮੁੰਡਿਆਂ ਨੇ, ਇਹਦੇ ਪਿੱਛੇ ਇੱਕ ਬਹੁਤ ਵੱਡਾ ਇਤਿਹਾਸ ਹੈ। 6 ਸਾਲ ਤੋਂ ਲੱਗੇ ਹਾਂ, ਮਾਪਿਆਂ ਕੋਲੋਂ ਮੁੰਡੇ ਲਏ ਨੇ। ਮੁੰਡਿਆਂ ਨੂੰ ਆਖਿਆ ਨਲਕੇ ਦਾ ਪਾਣੀ ਨਹੀਂ ਪੀਣਾ ਤੁਸੀਂ, ਸਵੇਰੇ ਉੱਠ ਕੇ ਇਸ਼ਨਾਨ ਕਰਨੈ, ਫਿਰ ਬਾਣੀ ਪੜ੍ਹਨੀ ਹੈ। ਜੇ ਤੁਸੀਂ ਦਾੜ੍ਹੀ, ਪੱਗਾਂ ਤੇ ਕਛਹਿਰੇ ਨਾ ਲੈ ਕੇ ਗਏ ਹਾਕੀ ਮੈਦਾਨ ’ਚ ਤਾਂ ਅਸਾਂ ਕੱਢ ਦੇਣਾ ਤੁਹਾਨੂੰ, ਸਾਨੂੰ ਕੋਈ ਲੋੜ ਨਹੀਂ ਹਾਕੀ ਦੀ।... ਇਹ ਬੱਚੇ ਰੋਜ਼ ਪੜ੍ਹਦੇ ਨੇ, ਇਹ ਆਸਾ ਦੀ ਵਾਰ ਲਾ ਸਕਦੇ ਹਨ, ਕੀਰਤਨ ਕਰ ਸਕਦੇ ਹਨ। ਇਹਨਾਂ ਕੋਲ ਗੜਵੀਆਂ ਨੇ, ਜਿਹੜੀ ਸਾਡੀ ਪੁਰਾਣੀ ਕਹਾਵਤ ਬਣੀ ਹੋਈ ਹੈ ਕਿ ਇੱਕ ਭੰਗੀ ਨੂੰ ਰਾਜ ਮਿਲ ਗਿਆ ਤੇ ਉਹਨੇ ਝਾੜੂ-ਟੋਕਰੇ ਦੀ ਨਿਸ਼ਾਨੀ ਆਪਣੇ ਨਾਲ ਰੱਖੀ ਕਿ ਮੈਂ ਆਪਣੀ ਯਾਦ ਨਾਲ ਰੱਖਾਂ। ਤੁਹਾਨੂੰ ਸਤਿਗੁਰੂ ਰਾਮ ਸਿੰਘ

ਨੇ ਇਹ ਗੜ੍ਹਵਾ ਡੋਰੀ ਦਿੱਤੇ, ਇਹ ਸਾਡੇ ਨਾਲ ਚਾਹੀਦੇ ਹਨ ਤਾਂ ਉਹ ਕਹਾਵਤ ਬਣੀ ਸੀ ਕਿ 'ਕੂਕੇ ਬੜੇ ਕਸੂਤੇ ਗੜਵਾ ਨ੍ਹੀਂ ਦਿੰਦੇ ਨਾਉਣ ਨੂੰ'। ਉਹ ਸਾਡੇ ਕੋਲ ਚਾਹੀਦੀ ਹੈ। ਇਹ ਬੜੀ ਜ਼ਰੂਰੀ ਗੱਲ ਹੈ।

ਸ. ਦਰਬਾਰਾ ਸਿੰਘ ਚੰਗੀ ਤਰ੍ਹਾਂ ਜਾਣਦੇ ਨੇ ਕਿ ਸੰਤ ਮੰਗਲ ਸਿੰਘ ਹੋਰੀਂ ਜਿਹੜੇ ਸਨ, ਸਾਡੇ ਅਰਸ਼ੀ ਫਰਿਸ਼ਤੇ। ਉਹ ਭਾਵੇਂ ਮਰਯਾਦਾ ਸੋਧ ਵੱਡੀ ਨਹੀਂ ਸਨ ਰੱਖਦੇ, ਪਰ ਇਹ ਜ਼ਰੂਰ ਸੀ, ਉਨ੍ਹਾਂ ਨੇ ਗੜ੍ਹਵਾ ਤੇ ਕਛਹਿਰਾ-ਪਰਨਾ ਕੋਲ ਰੱਖਣਾ। ਉਹਨਾਂ ਨੂੰ ਕੋਈ ਸੰਗ ਨਹੀਂ ਸੀ ਆਉਂਦੀ, ਵੱਡੇ ਤੋਂ ਵੱਡੇ ਸਮਾਗਮਾਂ ਵਿੱਚ ਜਾ ਕੇ ਵੀ। ਏਦੂੰ ਵੱਡਾ ਕੀ ਹੋ ਸਕਦੈ ਕਿ ਪੰਡਿਤ ਜਵਾਹਰ ਲਾਲ ਜੀ ਬੋਲ ਕੇ ਗਏ ਦਿੱਲੀ ਵਿੱਚ... ਸਾਰੇ ਲੋਕਾਂ ਨੂੰ ਸੰਤ ਮੰਗਲ ਸਿੰਘ ਹੁਰਾਂ ਨੇ ਪੰਡਿਤ ਨਹਿਰੂ ਤੋਂ ਪਿੱਛੋਂ ਬਿਠਾ ਦਿੱਤਾ, ਬੋਲ ਕੇ। ਏਨੀ ਵਧੀਆ ਉਹਨਾਂ ਦੀ ਜ਼ੁਬਾਨ ਵਿੱਚ ਤਾਕਤ ਸੀ। ਲੇਕਿਨ ਉਹ ਗੜਵਾ-ਡੋਰੀ ਆਪਣੀ ਨਿਸ਼ਾਨੀ ਨਾਲ ਰੱਖਦੇ ਸਨ।

ਜਿਹਦੇ ਵਾਸਤੇ ਜਿੱਥੋਂ ਗੱਲ ਸ਼ੁਰੂ ਹੋਈ। ਉਹਨਾਂ ਆਖਿਆ ਨਿੱਕਰਾਂ ਪਾਓ, ਜਿਹਦੇ ਥੱਲੇ ਕਛਹਿਰੇ ਨਾ ਦਿਸਣ। ਹੁਣ ਜਿਨ੍ਹਾਂ ਨੂੰ ਕਛਹਿਰੇ ਚੰਗੇ ਲੱਗਦੇ ਨੇ, ਉਨ੍ਹਾਂ ਨੂੰ ਨਿੱਕਰ ਚੁੱਭਦੀ ਹੈ...... ਫਿਰ ਅਸੀਂ ਸਾਰੇ ਬੱਚੇ ਵਾਪਸ ਸੱਦ ਲਏ ਤੇ ਟੀਮ ਸ਼ੁਰੂ ਕੀਤੀ। ਇਹ ਸਾਰੇ ਬੱਚੇ ਤਿਆਰ ਕੀਤੇ। ਤੁਸੀਂ ਸਾਰੇ ਮਦਦ ਦਿਉ, ਇਸ ਗੱਲ ਦੇ ਵਿੱਚ। ਅੱਗੋਂ ਨੂੰ ਵੀ ਇਹ ਪਨੀਰੀ ਤਿਆਰ ਹੁੰਦੀ ਰਹੇ ਤੇ ਇਹ ਬੱਚੇ ਮਰਿਯਾਦਾ ਵਿੱਚ ਅੱਗੇ ਤੋਂ ਹੋਰ ਵੀ ਪੱਕੇ ਹੋਣ ਤੇ ਆਪਣੀ ਖੇਡ ਨੂੰ ਮਰਿਯਾਦਾ ਦੇ ਰਾਹੀਂ ਦੇਸ-ਵਿਦੇਸ ਵਿੱਚ ਅੱਗੇ ਲੈ ਜਾਣ।

- ਸਾਧ ਸੰਗਤ ਅਰਦਾਸ ਕਰੇ ਸਤਿਗੁਰੂ ਕਿਰਪਾ ਕਰਨ ਸਾਰੇ ਬੱਚੇ... ਧਰਮ ਦੇ ਉੱਤੇ ਚੱਲਣ। ਅਸੀਂ ਇਹ ਜਿੰਨਾ ਕੁਝ ਕਰ ਰਹੇ ਹਾਂ, ਉਹ ਸਾਡੇ ਕੋਲੋਂ ਸਤਿਗੁਰੂ ਜੀ ਕਰਾ ਰਹੇ ਹਨ। ਸਾਡੇ ਕੋਲੋਂ ਕਿੰਨਾ ਕੁ ਹੋ ਸਕਦੈ? ਇਹ ਤੇ ਸਾਡੇ ਵੱਸ ਦੀ ਗੱਲ ਨਹੀਂ ਜੋ ਸਤਿਗੁਰੂ ਦੀ ਰਜ਼ਾ ਹੈ, ਜਿਹੜਾ ਕਰਨ ਦਾ ਉਪਰਾਲਾ ਸਤਿਗੁਰੂ ਦੀ ਕਿਰਪਾ ਨਾਲ ਅਸੀਂ ਕਰ ਰਹੇ ਹਾਂ ਉਹਦਾ ਮਤਲਬ ਸਿਰਫ਼ ਇਹ ਹੈ ਕਿ ਇਹ ਸਿੱਖੀ ਦਾ ਪ੍ਰਚਾਰ ਕਛਹਿਰਾ-ਪੱਗ ਜਦੋਂ ਦਿਸਦੈ, ਉਹਨਾਂ ਨੂੰ ਗੁਰੂ ਰਾਮ ਸਿੰਘ ਯਾਦ ਆਉਂਦੈ, ਉਹਨਾਂ ਦਾ ਭਲਾ ਹੁੰਦੈ। ਇਹ ਸਾਰਾ ਇਸ ਵਾਸਤੇ ਕਰ ਰਹੇ ਹਾਂ, ਜੇ ਇਹ ਨਾ ਰਿਹਾ (ਸਿੱਖੀ ਪਹਿਰਾਵਾ) ਤੇ ਫੇਰ ਟੀਮ ਦਾ ਕੀ ਫਾਇਦਾ? ਸਿਰਫ਼ ਇਹ ਹੈ ਕਿ ਸਾਡੇ ਕੋਲ ਸਿੱਖੀ ਹੈ। ਤੁਸੀਂ ਇਹ ਵੇਖਦੇ ਹੋ, ਬੜੇ ਹੀ ਸਿੱਖ ਮੁੰਡੇ ਖੇਡਦੇ ਨੇ, ਪਰ ਸਤਿਗੁਰਾਂ ਦੀ ਕਿਰਪਾ ਨਾਲ, ਕੋਈ ਵਾਹ ਨਹੀਂ ਏਸ ਜ਼ਮਾਨੇ ਦੇ ਵਿੱਚ, ਇਹ ਕਛਹਿਰੇ ਤੇ ਪੱਗਾਂ ਬੰਨ੍ਹ ਕੇ ਮੈਦਾਨ ਵਿਚ ਜਾਂਦੇ ਨੇ, ਇਹ ਇੱਕੋ ਹੀ ਟੀਮ ਹੈ, ਸਤਿਗੁਰਾਂ ਦੀ ਕਿਰਪਾ ਨਾਲ। ਅਰਦਾਸ ਕਰੋ ਸਤਿਗੁਰੂ ਕਿਰਪਾ ਕਰਨ, ਸਾਡੇ ਮਨ ਵਿਚ ਅਹੰਕਾਰ ਪ੍ਰਬੰਧਕਾਂ ਦੇ ਜਾਂ

ਖੇਡਣ ਵਾਲਿਆਂ ਦੇ ਬਿਲਕੁਲ ਨਾ ਆਵੇ ਕਿ ਸਾਡਾ ਕੀਤਾ ਇਸ ਤਰ੍ਹਾਂ ਹੁੰਦੈ "ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨਾ ਹੋਈ॥"........ ਸਤਿਗੁਰੂ ਕਿਰਪਾ ਕਰਨ ਤੇ ਸੱਟਾਂ ਨਾ ਲੱਗਣ ਕਿਸੇ ਨੂੰ ਵੀ, ਜਿੱਤਾਂ ਪ੍ਰਾਪਤ ਹੋਣ।

- ਤੁਸੀਂ ਇਹ ਦੱਸੋ ਕਿ ਸਾਡੇ ਸਿੱਖ ਮੁੰਡੇ ਪਟਿਆਲੇ ਜਾਣ ਹਾਕੀ ਵਾਸਤੇ ਟਰੇਨਿੰਗ ਲੈਣ ਲਈ। ਉਹ ਆਖਣ ਇੱਥੇ ਕਛਹਿਰਾ ਨਹੀਂ ਪਾ ਸਕਦੇ, ਨਿੱਕਰ ਪਾਓ ਤੇ ਉਹ ਸਿੱਖ ਹੀ ਉੱਥੇ ਬੈਠੇ ਸਲੈਕਟਰ ਹੋਣ ਜਾਂ ਸਾਰਾ ਕੁਝ ਹੋਣ। ਬੜੀ ਹੈਰਾਨੀ ਦੀ ਗੱਲ ਹੈ ਤੇ ਕੋਈ ਕਿਸੇ ਦਾ ਧਿਆਨ ਨਹੀਂ ਇਸ ਗੱਲ ਵੱਲ। ਫਿਰ ਮੈਂ ਆਪਣੀ ਸਾਰੀ ਹਾਕੀ ਦੀ ਟੀਮ ਤਿਆਰ ਕੀਤੀ ਆਪਣੇ ਕੋਲ ਰੱਖ ਕੇ ਕੋਚ ਰੱਖੇ, ਉਹਨਾਂ ਨਾਲ ਮਾਸਟਰ ਰੱਖੇ ਸਾਇੰਸ ਦੇ ਦੂਸਰੇ ਤੀਸਰੇ ਸਾਰੀ ਪੜ੍ਹਾਈ ਵੀ ਕਰਵਾਈ ਤੇ ਉਹਨਾਂ ਨੇ ਕਾਫ਼ੀ ਸਫ਼ਲਤਾ ਪ੍ਰਾਪਤ ਕੀਤੀ। ਇਸ ਕਰਕੇ ਅਸੀਂ ਸੋਚਿਆ ਕਿ ਆਪਣਾ ਕੋਚ ਬਣਾ ਲਈਏ। ਕੋਚ ਬਣਾਉਣ ਵਾਸਤੇ ਕੋਸ਼ਿਸ਼ ਕੀਤੀ ਤੇ ਕੋਚ ਲਈ ਉੱਥੇ ਫਿਰ ਉਹੀ ਅੜਿੱਕਾ ਕਿ ਇਹ ਨਿੱਕਰ ਪਾਵੇ, ਐਵੇਂ ਨਹੀਂ ਕੰਮ ਚੱਲ ਸਕਦਾ, ਫਿਰ ਸਰਦਾਰ ਬੂਟਾ ਸਿੰਘ ਹੁਰਾਂ ਨੂੰ ਅਰਜ਼-ਬੇਨਤੀ ਕੀਤੀ। ਸਤਿਗੁਰ ਇਹਨਾਂ ਦੇ ਮਨ 'ਤੇ ਵੱਸੇ। ਇਨ੍ਹਾਂ ਸਾਡੀ ਬਹੁਤ ਵੱਡੀ ਸਹਾਇਤਾ ਕੀਤੀ। ਇਨ੍ਹਾਂ ਨੇ ਆਖ ਕੇ, ਉੱਥੇ ਕਛਹਿਰੇ ਨਾਲ ਉਹਨੂੰ ਟਰੇਨਿੰਗ ਦੁਆ ਦਿੱਤੀ। ਇਹ ਜਿਨ੍ਹਾਂ ਨੂੰ ਪਤੈ ਇਸ ਗੱਲ ਦਾ ਕਿ ਰਾਗ ਦਾ ਆਹ ਸੁਰ ਲਾਇਐ, ਉਹਨੂੰ ਲੱਖ ਰੁਪਈਆ ਵੀ ਦੇ ਦਿਉ ਤਾਂ ਵੀ ਘੱਟ ਹੈ। ਜਦੋਂ ਵਕੀਲ ਨੂੰ ਆਖ ਦਿਓ, ਆਹ ਪੁਆਇੰਟ ਤੂੰ ਕਿੱਡਾ ਵਧੀਆ ਫੜ੍ਹਿਐ, ਉਹ ਵਕੀਲ ਨੂੰ ਹੀ ਪਤੈ ਬਈ ਉਹਨੂੰ ਕਿੰਨੀ ਖੁਸ਼ੀ ਹੁੰਦੀ। ਇਹ ਉਹਨਾਂ ਨੂੰ ਪਤੈ, ਕਛਹਿਰਿਆਂ ਵਾਲਿਆਂ ਨੂੰ, ਜਿਨ੍ਹਾਂ ਨੂੰ ਕਛਹਿਰੇ ਦੀ ਕਦਰ ਹੈ, ਇਸ ਗੱਲ ਦੀ ਕਿੰਨੀ ਖੁਸ਼ੀ ਵਾਲੀ ਗੱਲ ਹੈ।

- ਜਿੱਥੇ-ਜਿੱਥੇ ਵੀ ਨਾਮਧਾਰੀ ਬੈਠੇ ਨੇ, ਉਹਨਾਂ ਨੂੰ ਇਹ ਗੱਲ ਦ੍ਰਿੜਤਾ ਨਾਲ ਸੋਚ ਲੈਣੀ ਚਾਹੀਦੀ ਹੈ ਕਿ ਜਿੰਨੇ ਸਤਿਗੁਰਾਂ ਦੇ ਹੁਕਮ ਹਨ, ਅਸੀਂ ਉਨ੍ਹਾਂ 'ਚੋਂ ਜਿੰਨੇ ਛੱਡ ਦਿਆਂਗੇ, ਓਨਾ ਸਾਡਾ ਨੁਕਸਾਨ ਹੈ, ਜਿੰਨੇ ਅਸੀਂ ਮੰਨਾਂਗੇ ਓਨਾ ਸਾਡਾ ਫਾਇਦਾ ਹੈ। ਇਹ ਜਿਹੜੀ ਖੇਡ, ਹਾਕੀ ਸ਼ੁਰੂ ਕੀਤੀ ਐ, ਕਦੇ-ਕਦੇ ਸ. ਆਤਮਾ ਸਿੰਘ ਹੁਰੀਂ ਹਾਕੀ ਖੇਡਦੇ ਸਨ ਤੇ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਇਹ ਹੁਕਮ ਕਰਦੇ ਸਨ, ਇਹ ਸਾਡੇ ਦੇਸ਼ ਦੀ 'ਖਿੱਦੋ-ਖੂੰਡੀ' ਹੈ। ਅਸੀਂ ਤੇ ਇਸ ਕਰਕੇ ਇਸਨੂੰ ਵਧਾਇਐ, ਉਹਦੇ ਵਾਸਤੇ ਕੋਸ਼ਿਸ਼ ਕਰ ਰਹੇ ਹਾਂ। ਸੋਚਦੇ ਹਾਂ ਕਿ ਸਕੂਲ ਦੇ ਵਿੱਚ ਇੱਕ ਛੋਟੀ ਟੀਮ ਬੱਚਿਆਂ ਦੀ ਹਾਕੀ ਦੀ, ਫੁੱਟਬਾਲ ਦੀ ਸਭ ਤਰ੍ਹਾਂ ਦੀ ਤਿਆਰ ਹੋਵੇ। ਇਹਦੇ ਵਾਸਤੇ ਜੋ ਕੁਝ ਸਾਹਮਣੇ ਅੜਿੱਕੇ ਆਉਂਦੇ ਨੇ, ਮੈਨੂੰ ਇਸ ਤਰ੍ਹਾਂ ਲੱਗਦੈ ਜੇ ਮੈਂ ਗਲਤੀ ਨਾ ਕਰਦਾ ਹੋਵਾਂ ਤੇ ਸਾਡਾ ਆਪਸ ਵਿੱਚ ਮੇਲ ਘੱਟ ਹੈ। ਪੈਸਿਆਂ ਦੀ ਗੱਲ ਨਹੀਂ, ਪੈਸੇ ਤਾਂ ਕੋਲ ਆ ਸਕਦੇ ਨੇ, ਸਭ ਕੁਝ ਹੋ ਸਕਦੈ, ਥੋੜ੍ਹੇ ਪੈਸਿਆਂ ਨਾਲ ਵੀ ਕੰਮ ਚੱਲ ਸਕਦੈ, ਬਹੁਤੇ

ਪੈਸੇ ਵੀ ਆ ਸਕਦੇ ਹਨ, ਪਰ ਸਾਡਾ ਆਪਸ ਵਿੱਚ ਮੇਲ ਹੋਣਾ ਚਾਹੀਦੈ। ਜਿਹੜੇ ਇੱਕ ਨੇ ਜਿਹੜੀ ਗੱਲ ਕੀਤੀ ਏ ਉਸਨੂੰ ਕੱਟਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

– ਹਾਕੀ ਖੇਡਣ ਵਾਲੇ ਸਾਡੇ ਮੁੰਡੇ ਜਿਹੜੇ ਨੇ ਉਹ ਕਛਹਿਰੇ ਤੇ ਪੱਗਾਂ ਨਾਲ ਜਾ ਕੇ ਖੇਡਦੇ ਨੇ ਕਛਹਿਰੇ ਤੇ ਪੱਗਾਂ ਬਾਰੇ ਨਾ ਕਿਸੇ ਬਾਹਰਲੇ ਦੇਸ ਨੇ ਤੇ ਨਾ ਸਿੱਖਾਂ ਤੋਂ ਬਾਹਰਲੇ ਕਿਸੇ ਹੋਰ ਧਰਮ ਨੇ ਇਹ ਗੱਲ ਕਰ ਸਕਣੀ, ਜਿੰਨੀ ਸਿੱਖਾਂ ਨੇ ਕਰਨੀ ਏ। ਤੁਸੀਂ ਸਿੱਖਾਂ ਦੇ ਅਖ਼ਬਾਰ 'ਅਕਾਲੀ ਪਤ੍ਰਿਕਾ', 'ਅਜੀਤ' ਜਾਂ ਜਿਹੜੇ ਵੀ ਹੋਰ ਅਖ਼ਬਾਰ ਨੇ। ਤੁਸੀਂ ਵੇਖੋ, ਕਿਤੇ ਉਹਨਾਂ ਵਿੱਚ ਆਉਂਦੈ, ਇਸ ਤਰ੍ਹਾਂ ਦਾ ਜ਼ਿਕਰ ਕਿ ਇਨ੍ਹਾਂ ਨੇ ਏਡਾ ਵੱਡਾ ਕੰਮ ਕੀਤੈ? ਅੱਜ ਕੱਲ੍ਹ ਦੇ ਸਮੇਂ ਵਿੱਚ ਜਿਸ ਵੇਲੇ ਨਫ਼ਰਤ ਕੀਤੀ ਜਾਂਦੀ ਏ ਪੱਗ ਬੰਨ੍ਹ ਕੇ ਹਾਕੀ ਖੇਡਣ ਨੂੰ ਜਾਂ ਕਛਹਿਰਾ ਪਾ ਕੇ ਹਾਕੀ ਖੇਡਣ ਨੂੰ ਮਖੌਲ ਕੀਤਾ ਜਾਂਦੈ, ਉਸ ਸਮੇਂ 'ਚ ਸਤਿਗੁਰਾਂ ਦੀ ਕਿਰਪਾ ਨਾਲ ਇਹ ਬੱਚੇ ਹਾਕੀ ਖੇਡਦੇ ਨੇ, ਇੱਕ ਘੰਟਾ ਨਾਮ ਸਿਮਰਨ ਕਰਦੇ ਨੇ।

– ਸਾਧ ਸੰਗਤ ਕਿਰਪਾ ਕਰੇ ਇਨ੍ਹਾਂ ਬੱਚਿਆਂ 'ਤੇ, ਇਹ ਹੋਰ ਅੱਗੇ ਵਧਣ ਸਿੱਖੀ ਵਿੱਚ ਕਿਉਂਕਿ ਸਿੱਖੀ ਮੁੱਖ ਚੀਜ਼ ਐ ਹਾਕੀ ਦੂਜੇ ਨੰਬਰ 'ਤੇ ਹੈ। ਜੇ ਤੁਸੀਂ ਸਿੱਖੀ ਵਾਲਾ ਪਾਸਾ ਛੱਡ ਦਿੱਤਾ ਤਾਂ ਮੈਂ ਹਾਕੀ ਦੀ ਟੀਮ ਤੋੜ ਦੇਣੀ ਏ, ਹਾਕੀ ਦੀ ਮੈਨੂੰ ਕੋਈ ਲੋੜ ਨਹੀਂ ਪਰ ਸਤਿਗੁਰਾਂ ਕਿਰਪਾ ਕੀਤੀ ਏ ਤੁਹਾਡੇ 'ਤੇ ਤੁਸੀਂ ਜਿਸ ਤਰ੍ਹਾਂ ਵੀ ਥੋੜ੍ਹੇ-ਬਾਹਲੇ ਤੁਰਦੇ-ਤੁਰਦੇ ਹੌਲੀ-ਹੌਲੀ ਇੱਥੋਂ ਤੱਕ ਪਹੁੰਚੇ ਹੋ। ਪੰਡਿਤ ਜੀ ਇੱਕ ਕਬਿੱਤ ਸੁਣਾਉਂਦੇ ਹੁੰਦੇ ਨੇ, ਮੈਂ ਸਿਰਫ਼ ਉਹਦੀ ਅੱਧੀ ਤੁਕ ਸੁਣਾਵਾਂਗਾ, ਪਿਛਲਾ ਹਿੱਸਾ ਥੋੜ੍ਹਾ ਜਿਹਾ "ਏ ਰੱਖਣ ਪੈਸਿਆਂ ਵਾਲੀ ਜਮੀਰ ਤਿੰਨੇ।" ਕੌਣ-ਕੌਣ ਨੇ, ਤੁਸੀਂ ਪੰਡਿਤ ਜੀ ਨੂੰ ਪੁੱਛ ਲਿਉ। ਇਹ ਗੱਲ ਚੰਗੀ ਨਹੀਂ ਹੁੰਦੀ, ਪੈਸਿਆਂ ਵਾਲੀ ਜਮੀਰ ਰੱਖਣੀ। ਪੈਸਾ ਲੱਖਾਂ ਆ ਜਾਏ, ਭਾਵੇਂ ਦਸ ਹਜ਼ਾਰ ਆਵੇ, ਪੈਸਿਆਂ ਵਾਲੀ ਜਮੀਰ ਨਹੀਂ ਚਾਹੀਦੀ, ਪੈਸੇ ਦਾ ਆਧਾਰ ਨਹੀਂ ਚਾਹੀਦਾ। ਜਦੋਂ ਅਸੀਂ ਪੈਸੇ ਦੇ ਆਧਾਰ 'ਤੇ ਹੁੰਦੇ ਹਾਂ ਫਿਰ ਸਾਡਾ ਮਨ ਡਿਗਦੈ, ਆਪਸ 'ਚ ਲੜਦੇ ਪੁੱਤਰਾਂ ਨੂੰ ਪਿਉ ਮਾਰ ਦਿੰਦੇ ਨੇ, ਪਿਉਆਂ ਨੂੰ ਪੁੱਤਰ ਮਾਰ ਦਿੰਦੇ ਨੇ। ਇਹ ਕਾਹਦੇ ਵਾਸਤੇ ਮਾਰਦੇ ਨੇ ਉਹ ਇਹੋ ਹੀ ਗੱਲ ਹੈ ਕਿ 'ਫਰੀਦਾ ਜਾ ਲਬ ਤਾ ਨੇਹੁ ਕਿਆ' ਜੇ ਲਾਲਚ ਐ ਤਾਂ ਪਿਆਰ ਨਹੀਂ। ਸੋ ਇਸ ਵਾਸਤੇ ਇਹਨਾਂ (ਬੱਚਿਆਂ) ਨੂੰ ਵੀ ਧਿਆਨ ਰੱਖਣਾ ਚਾਹੀਦੈ ਕਿ ਇਹ ਨਾ ਧਿਆਨ ਵਿੱਚ ਰੱਖਣ ਕਿ ਅਸੀਂ ਪੈਸੇ ਲੈਣੇ ਨੇ ਜਾਂ ਆ ਕੁਝ ਕਰਨੈ, ਭਜਨ ਬਾਣੀ ਕਰਨ ਤਕੜੇ ਹੋ ਕੇ ਇਹਨਾਂ ਕੋਲ ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਇਹ ਤਾਕਤ ਆਵੇ ਕਿ ਮਾਲਾ ਇਨ੍ਹਾਂ ਦੇ ਗਲਾਂ 'ਚ ਹੋਣ, ਗੜ੍ਹਵੀਆਂ ਹੱਥਾਂ 'ਚ ਹੋਣ, ਜਿਸ ਤਰ੍ਹਾਂ ਨਿੱਕਿਆਂ ਹੁੰਦਿਆਂ ਕਰਦੇ ਸਨ, ਉਸੇ ਤਰ੍ਹਾਂ ਹੀ ਇਸ ਪਾਸੇ ਨੂੰ ਅਖਤਿਆਰ ਕਰਨ। ਇਹ ਆਸਾ ਦੀ ਵਾਰ ਲਾਉਣ ਦੇ ਯੋਗ ਹੈਗੇ ਸਨ, ਸ਼ਾਮ ਨੂੰ ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਣਾ, ਚਰਨ ਧੋ ਕੇ ਸੌਣਾ, ਉਹ ਸਾਰੀਆਂ ਚੀਜ਼ਾਂ ਮੇਰਾ ਖਿਆਲ ਹੈ, ਭੁੱਲ ਗਏ

ਹੋਣਗੇ। ਨਹੀਂ ਤੇ ਜਿਸ ਤਰ੍ਹਾਂ ਹੁਣ ਦੀ ਹਾਲਤ ਹੈ, ਇਸ ਤਰ੍ਹਾਂ ਰਹੇ ਤੇ ਸ਼ਾਇਦ ਬਿਲਕੁਲ ਭੁੱਲ ਜਾਣਗੇ। ਸੋ ਸਾਧ ਸੰਗਤ ਕਿਰਪਾ ਕਰੇ ਇਹਨਾਂ ਨੂੰ ਅਸੀਸ ਦੇਵੇ ਕਿ ਸਤਿਗੁਰੂ ਕਿਰਪਾ ਕਰਨ ਇਨ੍ਹਾਂ ਦੇ ਮਨ 'ਤੇ ਵਸਣ-

ਪੂਤਾ ਮਾਤਾ ਕੀ ਆਸੀਸ॥

ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥

- ਤੁਸਾਂ ਮੇਰੇ ਤੋਂ ਪਹਿਲਾਂ ਸੁਣਿਐ, ਅਸਲ ਵਿੱਚ ਹਾਕੀ ਖੇਡਣ ਵਾਲੇ ਤੇ ਖਿਡਾਉਣ ਵਾਲੇ ਵਧੀਆ ਦੱਸ ਸਕਦੇ ਨੇ ਕਿ ਕਿਸ-ਕਿਸ ਤਰ੍ਹਾਂ, ਕਿਹੜਾ-ਕਿਹੜਾ ਲੜਕਾ ਗੋਲ ਕਰਨ ਨੂੰ ਵਧਿਆ, ਕੀਹਨੇ ਅੱਗੋਂ ਡੱਕਿਆ, ਕਿਹੜਾ ਉਹਦੇ ਡੱਕਿਆਂ ਨਹੀਂ ਰਿਹਾ, ਕਿੰਨੇ ਫੀਲਡ ਗੋਲ ਹੋਏ, ਕਿੰਨੇ ਪੈਲੈਨਟੀ ਸਟ੍ਰੋਕਾਂ 'ਤੇ ਹੋਏ? ਇਹ ਤੁਸਾਂ ਵੇਖ ਲਿਐ ਕਿ ਇਹ ਸਾਡੀ ਉਸ ਟੀਮ ਨੇ ਜਿਹੜੀ ਸਿੱਖੀ ਸਰੂਪ ਦੇ ਵਿੱਚ ਜਾ ਕੇ, ਜਿੰਨਾ ਕੁ ਮੈਨੂੰ ਪਤੈ ਤੁਹਾਡੀ ਇਸ ਟੀਮ ਤੋਂ ਬਿਨਾਂ, ਸਿੱਖਾਂ ਦੇ ਜਿੰਨੇ ਬੱਚੇ ਖੇਡਦੇ ਨੇ ਸਿੱਖੀ ਸਰੂਪ 'ਚ ਕੋਈ ਨਹੀਂ ਖੇਡਦਾ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਹ ਕਛਹਿਰੇ ਪੱਗਾਂ ਨਾਲ ਇਹ ਖੇਡਦੇ ਹਨ। ਜਿਸ ਤਰ੍ਹਾਂ ਪਹਿਲੋਂ ਸ਼ੁਰੂ ਹੋਈ ਸੀ ਟੀਮ, ਜਿੰਨਾ ਚਿਰ ਬਚਪਨ ਸੀ, ਓਨਾ ਚਿਰ ਇਨ੍ਹਾਂ ਦਾ ਆਖੇ ਲੱਗਣ ਨੂੰ ਬਹੁਤ ਜੀਅ ਕਰਦਾ ਸੀ, ਇਸ਼ਨਾਨ ਕਰਦੇ ਸਨ, ਭਜਨ ਕਰਦੇ ਸਨ, ਨਿਤਨੇਮ ਕਰਦੇ ਸਨ, ਦੀਵਾਨ, ਆਸਾ ਦੀ ਵਾਰ , ਸ਼ਬਦ ਪੜ੍ਹਦੇ ਸਨ, ਕੀਰਤਨ ਕਰਦੇ ਸਨ ਤੇ ਆਸਣ ਪਊਏ ਗੜ੍ਹਵੇ ਮਾਲਾ ਰੱਖਦੇ ਸਨ, ਖੂਹ ਦਾ ਪਾਣੀ ਪੀਂਦੇ ਸਨ ਤੇ ਨਲਕੇ ਦਾ ਪਾਣੀ ਨਹੀਂ ਸੀ ਪੀਂਦੇ। ਮੈਨੂੰ ਇਉਂ ਜਾਪਦੈ ਕਿ ਉਦੋਂ ਸਾਨੂੰ ਜਿੱਤਾਂ ਬਹੁਤ ਜ਼ਿਆਦਾ ਮਿਲਦੀਆਂ ਸੀ, ਲੋਕੀਂ ਹੈਰਾਨ ਹੋ ਜਾਂਦੇ ਸਨ ਕਿ ਛੋਟੇ-ਛੋਟੇ ਬੱਚੇ ਕੀ ਕਰਦੇ ਹਨ। ਅਜੇ ਵੀ ਬੜੀ ਕਿਰਪਾ ਹੈ ਜਿਹੜੇ ਥੋੜ੍ਹੇ ਬਾਹਲੇ ਏਡੀ ਉਮਰ 'ਚ ਆ ਕੇ ਏਨਾ ਕੁ ਜਦੋਂ ਗੁਣ ਆ ਜਾਏ, ਫਿਰ ਆਖੇ ਲੱਗਣਾ ਕਾਫ਼ੀ ਔਖਾ ਹੋ ਜਾਂਦੈ ਆਦਮੀ ਨੂੰ, ਫਿਰ ਵੀ ਸਤਿਗੁਰਾਂ ਦੀ ਕਿਰਪਾ ਨਾਲ ਇਹ ਆਖੇ ਲੱਗਦੇ ਨੇ......

ਸੋ ਮੈਂ ਇਹ ਅਰਜ਼ ਬੇਨਤੀ ਕਰਾਂਗਾ ਕਿ ਸਾਧ ਸੰਗਤ ਅਰਦਾਸ ਕਰੇ, ਸਤਿਗੁਰੂ ਕਿਰਪਾ ਕਰਨ, ਇਨ੍ਹਾਂ ਦੇ ਮਨ ਵਿੱਚ ਕੋਈ ਆਕੜ ਨਾ ਆਵੇ ਕਿ ਅਸੀਂ ਇਹ ਟੂਰਨਾਮੈਂਟ ਜਿੱਤਿਐ। ਜੇ ਅਸੀਂ ਜਿੱਤਦੇ ਹੁੰਦੇ ਤੇ ਫੇਰ ਪਿਛਲੇ ਬਥੇਰੇ ਹਾਰੇ ਨੇ। ਸਤਿਗੁਰੂ ਕਿਰਪਾ ਕਰੇ ਹੁਣ ਇਹਨਾਂ ਇੰਦਰਾ ਗਾਂਧੀ ਟੂਰਨਾਮੈਂਟ ਜਿੱਤਿਐ। ਦੋ-ਤਿੰਨ-ਚਾਰ ਟੂਰਨਾਮੈਂਟ ਜਿੱਤੇ ਹੋਰ ਛੋਟੇ-ਛੋਟੇ, ਲਖਨਊ ਤੇ ਕਈ ਥਾਈਂ ਹੋਰ ਜਿੱਤੇ ਨੇ, ਪਰ ਜਿਹੜੇ ਮੇਜਰ ਟੂਰਨਾਮੈਂਟ ਹਨ, ਇਨ੍ਹਾਂ 'ਚੋਂ ਇਹ ਜਿੱਤਿਐ। ਇਹ ਥੋੜ੍ਹੇ ਜਿਹੇ ਜਿੱਤੇ ਨੇ ਤੇ ਇਹ ਕਿਰਪਾ ਹੋਵੇ ਕਿ ਹਮੇਸ਼ਾਂ ਅਸੀਂ ਜਿੱਤਦੇ ਰਹੀਏ। ਇਹ ਸਾਨੂੰ ਯਾਦ ਰਹੇ ਕਿ

ਜਦੋਂ ਅਸਾਂ ਐਸ ਸੰਸਾਰ ਤੋਂ ਚਲੇ ਜਾਣੈ ਅਸੀਂ ਇਸ ਤਰ੍ਹਾਂ ਹੀ ਇਹ (ਜੀਵਨ ਰੂਪੀ) ਟੂਰਨਾਮੈਂਟ ਜਿੱਤ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਰ ਹੋਈਏ।

- ਆਪਣੇ ਹਾਕੀ ਵਾਲੇ ਬੱਚੇ ਬਹੁਤ ਛੋਟੇ-ਛੋਟੇ ਸਨ। ਮੇਰਾ ਖਿਆਲ ਹੈ, ਵੱਧ ਤੋਂ ਵੱਧ 15-16 ਸਾਲ ਦੀ ਉਮਰ ਦੇ ਹੋਣਗੇ ਤੇ ਜਦੋਂ ਉਹਨਾਂ ਨੇ ਹਾਕੀ ਵਿੱਚ ਬਹੁਤ ਨਾਮਣਾ ਖੱਟਿਆ। ਉਹਨਾਂ ਦਿਨਾਂ ਵਿੱਚ ਉਹ ਸੋਧ ਰੱਖਦੇ ਸਨ, ਨਿਤਨੇਮ ਕਰਦੇ ਸਨ, ਕੀਰਤਨ ਕਰਦੇ ਸਨ। ਉਸ ਨਾਲ ਉਹਨਾਂ ਦੀ ਧਾਂਕ ਸਾਰੀ ਦੁਨੀਆਂ ਦੇ ਉੱਤੇ ਪੈ ਗਈ ਕਿ ਛੋਟੇ-ਛੋਟੇ ਬੱਚੇ ਕਿੰਨਾ ਵਧੀਆ ਖੇਡਦੇ ਹਨ। ਇੱਕ ਵਾਰ ਮੈਨੂੰ ਸਾਲ ਨਹੀਂ ਯਾਦ ਹੋਣਾ। ਉਹਦੀ ਵੀਡੀਓ ਵੀ ਹੋਈ ਏ, ਗੁਰਮੀਤ ਮੈਮੋਰੀਅਲ ਇੱਕ ਟੂਰਨਾਮੈਂਟ ਚੰਡੀਗੜ੍ਹ 'ਚ ਹੁੰਦੈ। ਉਹਦੇ ਵਿੱਚ ਆਪਣੇ ਬੱਚੇ ਗਏ ਤੇ ਜਿਹੜੇ ਮੈਚ ਵੇਖਣ ਗਏ ਸਨ, ਕਹਿੰਦੇ ਸਨ, ਵੇਖ ਕੇ ਆਉਨੇ ਆਂ ਕਿ ਸਾਡੇ ਮੁੰਡੇ ਕਿੰਨਿਆਂ ਗੋਲਾਂ 'ਤੇ ਹਾਰਦੇ ਨੇ। ਉੱਥੇ ਪੰਜਾਬ ਪੁਲਿਸ ਵਰਗੀਆਂ ਵੱਡੀਆਂ-ਵੱਡੀਆਂ ਟੀਮਾਂ ਸਨ। ਪੰਜਾਬ ਪੁਲਿਸ ਨਾਲ ਜਦੋਂ ਉਹਨਾਂ ਦੀ ਖੇਡ ਹੋਈ ਤੇ ਉਹਦੇ 'ਚ ਸੁਰਜੀਤ ਸਿੰਘ ਵਰਗੇ ਵੱਡੇ-ਵੱਡੇ ਖਿਡਾਰੀ ਸਨ, ਉਹਨਾਂ ਨੇ ਦਿੱਲੀ ਜਾਣਾ ਸੀ ਇੱਕ ਕੈਂਪ 'ਤੇ ਪਰ ਉਹ ਵਾਪਸ ਆ ਗਏ ਕਿ ਨਾਮਧਾਰੀ ਮੁੰਡਿਆਂ ਨੇ ਖੇਡਣ ਆਉਣੈ ਤੇ ਉਹਨਾਂ ਨਾਲ ਖੇਡਣੈ ਜਾ ਕੇ। ਉਹ ਵੀਡੀਓ ਹੋਈ ਏ। ਇਹ ਬੱਚੇ ਸਨ, ਜਿਸ ਤਰ੍ਹਾਂ ਉਹਨਾਂ ਦੇ ਪੁੱਤਰ-ਪੋਤਰੇ ਹੁੰਦੇ ਨੇ। ਇਹਨਾਂ ਨੇ ਬੜੀ ਧਾਂਕ ਮਚਾ ਦਿੱਤੀ, ਬਹੁਤ ਵਧੀਆ ਖੇਡ ਖੇਡੀ, ਇੱਕ ਗੋਲ 'ਤੇ ਹਾਰੇ ਸਨ। ਹੰਸਪਾਲ ਜੀ ਉੱਥੇ ਗਏ ਤੇ ਉਹਨਾਂ ਨੂੰ ਉੱਥੋਂ ਦੇ ਪ੍ਰਬੰਧਕਾਂ ਤੇ ਸਰਕਾਰੀ ਅਫ਼ਸਰਾਂ ਨੇ ਆਖਿਆ- "ਇੱਥੇ ਚੰਡੀਗੜ੍ਹ 'ਚ ਲੋਕਾਂ ਨੂੰ ਹਾਕੀ ਦੀ ਖੇਡ ਵੇਖਣ ਦਾ ਬਹੁਤਾ ਸ਼ੌਕ ਨਹੀਂ, ਇਹਨਾਂ ਨੂੰ ਤੁਹਾਡੇ ਮੁੰਡਿਆਂ ਨੂੰ ਵੇਖਣ ਦਾ ਸ਼ੌਕ ਹੈ ਤਾਂ ਆਏ ਨੇ। ਪਰਸੋਂ ਥੋੜ੍ਹੇ ਆਏ ਸੀ, ਕੱਲ੍ਹ ਫਿਰ ਜਿਆਦਾ ਆਏ, ਅੱਜ ਪਿਛਲੇ ਦਿਨਾਂ ਨਾਲੋਂ ਜਿਆਦਾ ਆਏ ਨੇ। ਤੁਹਾਡੇ ਮੁੰਡੇ ਜਿਹੜੀ ਖੇਡ ਖੇਡਦੇ ਨੇ, ਉਹ ਖੇਡ ਵੇਖਣ ਨੂੰ ਆਏ ਨੇ।" ਪਰ ਇਹ ਗੱਲ ਬਹੁਤ ਚੇਤਾ ਰੱਖਣ ਵਾਲੀ ਏ, ਇਹ ਮੁੰਡੇ ਜਿਹੜਾ ਭਜਨ ਬਾਣੀ ਕਰਦੇ ਨੇ, ਇਹ ਉਹਦੀ ਤਾਕਤ ਹੈ।

- ਇਹਦੇ ਪਿੱਛੇ ਵੀ ਇਤਿਹਾਸ ਹੈ (ਹਾਕੀ ਵਾਲੇ) ਬੱਚਿਆਂ ਨੂੰ ਉਹਨਾਂ ਦੇ ਮਾਤਾ ਪਿਤਾ ਤੋਂ ਕਿਵੇਂ ਲਿਆਂਦਾ, ਬੱਚਿਆਂ ਦਾ ਜੀਅ ਕਿਵੇਂ ਲਾਇਆ? ਨਾਲ ਇਕ ਚਲਦਾ ਫਿਰਦਾ ਸਕੂਲ ਐ ਉਹਦਾ ਸਾਰਾ ਖਰਚਾ ਕਿਵੇਂ ਹੁੰਦੈ... ਬੱਚੇ ਸਾਨੂੰ ਅਗਾਂਹ ਵਾਸਤੇ ਹੋਰ ਵੀ ਚਾਹੀਦੇ ਨੇ। ਇਹਨਾਂ ਬੱਚਿਆਂ ਨੇ ਵੱਡਿਆਂ ਹੋ ਜਾਣੈ, ਇਸ ਉਮਰ ਦੇ ਬੱਚੇ ਹੋਰ ਚਾਹੀਦੇ ਹਨ ਅਗਾਂਹ ਵਾਸਤੇ, ਤੇ ਉਹ ਚਾਹੀਦੇ ਜੋ ਸਾਡੀ ਮਰਜ਼ੀ ਦੇ ਹੋਣ। ਸਾਡੀ ਮਰਜ਼ੀ ਮੁਤਾਬਿਕ ਉਹ ਕਛਹਿਰੇ ਪਾਉਣ, ਸਾਡੀ ਮਰਜ਼ੀ ਮੁਤਾਬਿਕ ਉਹ ਇਸ਼ਨਾਨ ਕਰਨ, ਸਾਡੀ ਮਰਜ਼ੀ ਮੁਤਾਬਿਕ ਉਹ ਮਾਲਾ ਗਲਾਂ ਵਿੱਚ ਪਾ ਕੇ ਫਿਰਨ, ਉਹਨਾਂ ਨੂੰ ਸੰਗ ਨਾ ਆਵੇ, ਫਿਰ ਉਹ ਸਾਡੀ ਮਰਜ਼ੀ ਮੁਤਾਬਿਕ ਸ਼ਾਮ ਨੂੰ ਦੀਵਾਨ

ਲਾਉਣ ਜਿਸ ਤਰ੍ਹਾਂ ਇਹ ਬੱਚੇ ਲਾਉਂਦੇ ਨੇ। ਇਹ ਸਿੱਖੀ ਜੇ ਨਾਲ ਨਾ ਹੋਵੇਗੀ ਤਾਂ ਸਾਡੀ ਹਾਕੀ ਦਾ ਕੋਈ ਫਾਇਦਾ ਨਹੀਂ, ਹਾਕੀ ਤੇ ਬੜੀ ਦੁਨੀਆਂ ਖੇਡਦੀ ਫਿਰਦੀ ਹੈ। ਜੇ ਸਾਡੇ ਹਿੰਦੁਸਤਾਨ ਦੀ, ਪੰਜਾਬ ਦੀ ਸੱਭਿਅਤਾ ਹੀ ਨਾ ਰਹੀ ਤਾਂ ਕੀ ਫਾਇਦਾ। ਮੈਂ ਅਰਜ਼ ਕਰਾਂਗਾ, ਇਹਨਾਂ ਨੂੰ (ਬੱਚਿਆਂ ਨੂੰ) ਬਲ ਦਿਆ ਕਰੋ, ਇਹ ਨਾ ਆਖਿਆ ਕਰੋ ਕਿ ਤੂੰ ਦੱਸ ਏਥੇ ਕੀ ਕਰੀ ਜਾਨੈਂ, ਫਲਾਣੇ ਮੁੰਡੇ ਨੂੰ ਖਰਾਦ ਦਾ ਕੰਮ ਮਿਲ ਗਿਐ, ਫਲਾਣਾ ਦੁਬਈ ਚਲਾ ਗਿਐ, ਉਹ ਇੰਨੇ ਪੈਸੇ ਕਮਾਉਂਦੈ, ਇਹੋ ਜਿਹੀ ਸਿੱਖਿਆ ਕਦੇ ਨਾ ਬੱਚਿਆਂ ਨੂੰ ਦਿਆ ਕਰੋ। ਮੈਂ ਸਿਰਫ਼ ਉਹਾਨੂੰ ਏਨੀ ਅਰਜ਼ ਕਰਨੀ ਸੀ।

– ਜਿਸ ਵੇਲੇ ਆਦਮੀ ਨੂੰ ਥੋੜ੍ਹੀ ਜਿਹੀ ਪ੍ਰਾਪਤੀ ਹੋਣ ਲੱਗਦੀ ਹੈ, ਫਿਰ ਚੋਰ, ਡਾਕੂ ਤੇ ਹੋਰ ਬੜਾ ਕੁਝ ਉਹਦੇ ਦੁਆਲੇ ਆਣ ਹੁੰਦੈ। ਸਾਨੂੰ ਪਤੈ ਸਾਡੇ ਮੁੰਡੇ ਹਾਕੀ ਖੇਡਦੇ ਸਨ ਤੇ ਉਹ ਜਰਾ ਕੁਝ ਸਾਲ ਵਿੱਚੋਂ ਕਮਜ਼ੋਰ ਹੋ ਗਏ, ਪੁੱਛਦਾ ਹੀ ਕੋਈ ਨਹੀਂ ਸੀ, ਉਹਨਾਂ ਨੂੰ। ਉਹ ਜਾ-ਜਾ ਕੇ ਤਰਲੇ ਕਰਦੇ ਸਨ ਤਾਂ ਵੀ ਉਹਨਾਂ ਨੂੰ ਕੋਈ ਨੌਕਰ ਨਹੀਂ ਸੀ ਰੱਖਦਾ। ਹੁਣ ਉਹਨਾਂ ਨੂੰ ਸਾਲ ਦੋ ਸਾਲ ਤੋਂ ਚੰਗੀ ਟ੍ਰੇਨਿੰਗ ਮਿਲੀ ਹੈ ਤੇ ਹੁਣ ਕਦੇ ਪਤਾ ਲੱਗਦੈ, ਪੰਜਾਬ ਪੁਲਿਸ ਵਾਲਿਆਂ ਦਾ ਸੁਨੇਹਾ ਆ ਗਿਐ ਕਿ ਓਥੇ ਮੁੰਡੇ ਲਿਆਓ, ਕਦੇ ਕਿਸੇ ਦਾ ਸੁਨੇਹਾ ਆ ਜਾਂਦੈ, ਕਦੇ ਕਿਸੇ ਦਾ। ਮੁੰਡਿਆਂ ਨੂੰ ਕਈ ਲਾਲਚ ਦੇਂਦੇ ਨੇ ਕਿ ਤੈਨੂੰ ਆਹ ਕੁਝ ਕਰਦੇ ਹਾਂ ਤੂੰ ਆ ਜਾ ਸਾਡੇ ਕੋਲ। ਕਮਜ਼ੋਰ ਡਿਗ ਜਾਂਦੇ ਨੇ... ਉਹਨਾਂ ਦੀ ਚੋਰੀ ਹੁੰਦੀ ਹੈ, ਉਹਨਾਂ ਨੂੰ ਡਾਕੇ ਵੱਜਦੇ ਨੇ। ਫਿਰ ਏਥੋਂ ਵੀ ਬਚਨ ਦੀ ਲੋੜ ਹੈ।

– ਭਾਰਤ ਨੇ ਇਹ ਲੀਹ ਅਪਣਾਈ ਹੈ ਕਿ ਇਸ ਉੱਤੇ ਰਾਜ ਕਰਨ ਵਾਲੇ ਵਿਅਕਤੀ ਵੋਟਾਂ ਨਾਲ ਚੁਣੇ ਜਾਣ। ਚੋਣਾਂ ਉੱਤੇ ਕਰੋੜਾਂ ਰੁਪਏ ਖਰਚ ਹੁੰਦੇ ਹਨ। ਇਸ ਧਨ ਦਾ ਜੇ ਚੌਥਾ ਹਿੱਸਾ ਵੀ ਖਿਡਾਰੀਆਂ ਅਤੇ ਖੇਡਾਂ ਉੱਤੇ ਕਰ ਦੇਈਏ ਤਾਂ ਅਸੀਂ ਛੇਤੀ ਹੀ ਮੂਹਰਲੀ ਕਤਾਰ ਵਿੱਚ ਆ ਸਕਦੇ ਹਾਂ। ਹੋ ਇਹ ਰਿਹਾ ਹੈ ਕਿ ਖੇਡਾਂ ਵਿੱਚ ਰਾਜਨੀਤੀ ਆ ਵੜੀ ਹੈ। ਜਿਸ ਪਾਰਟੀ, ਗਰੁੱਪ ਜਾਂ ਧੜੇ ਦੇ ਲੋਕ ਮਨਿਸਟਰੀਆਂ ਵਿੱਚ ਆਏ ਉਸੇ ਦੇ ਯੋਗ ਅਯੋਗ ਖਿਡਾਰੀ, ਕੌਮੀ ਕੌਮਾਂਤਰੀ ਟੀਮਾਂ ਵਿੱਚ ਚੁਣੇ ਗਏ। ਇਹ ਦੁਰਭਾਗ ਹੈ। ਲੋੜ ਇਸ ਗੱਲ ਦੀ ਹੈ ਕਿ ਭਾਵੇਂ ਕਿਸੇ ਵੀ ਧੜੇ ਜਾਂ ਧਰਮ ਦੇ ਜਵਾਨ ਵਧੀਆ ਖੇਡਦੇ ਹਨ, ਬਾਹਰਲੇ ਦੇਸ਼ਾਂ ਵਿੱਚ ਭੇਜੀਆਂ ਜਾਣ ਵਾਲੀਆਂ ਖਿਡਾਰੀ ਟੀਮਾਂ ਵਿੱਚ ਉਹੋ ਲਏ ਜਾਣ। ਇਹਨਾਂ ਦੀ ਖਾਧ-ਖੁਰਾਕ ਵੱਲ ਵਧੇਰੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸਾਡੇ ਦੇਸ਼ ਦੀ ਇਕ ਗੱਲ ਹੋਰ ਚੰਗੀ ਹੈ। ਹਿੰਸਾ ਰਹਿਤ ਖੁਰਾਕ ਖਾ ਕੇ ਵਧੀਆ ਮੱਲਾਂ ਮਾਰੀਆ ਜਾ ਸਕਦੀਆਂ ਹਨ।

– ਹੁਣ ਹਾਕੀ ਵਾਲੇ ਬੱਚੇ ਆਏ ਨੇ, ਇਹ ਆਪਣੇ ਕਛਹਿਰਿਆਂ ਤੇ ਪੱਗਾਂ ਨਾਲ ਖੇਡਦੇ ਹਨ ਤੇ ਇਹਨਾਂ ਦਾ ਨਾਂ ਬੜਾ ਹੈ। ਇੱਕ ਵੇਰਾਂ ਹਰਿਆਣੇ ਵਿੱਚ ਬੱਚੇ ਗਏ,

ਤੇ ਉੱਥੇ ਸਾਡੇ ਬੱਚੇ ਜ਼ਰਾ ਕੁ ਕੱਦੋਂ ਛੋਟੇ ਸੀ, ਤੇ ਦੂਸਰੇ ਵੱਡੇ ਸਨ। ਇਹਨਾਂ ਬੱਚਿਆਂ ਨੇ ਉਹਨਾਂ ਨੂੰ ਜਿੱਤ ਲਿਆ। ਜਿੱਤਿਆ ਜਿਸ ਵੇਲੇ, ਉਸ ਵੇਲੇ ਗੜਵੇ, ਆਸਣ, ਪਊਏ, ਮਾਲਾ ਹੁੰਦੇ ਸਨ, ਇਹਨਾਂ ਕੋਲ। ਉਹ ਆਖਣ ਇਹਨਾਂ ਦੇ ਜਿਹੜੇ ਗੜਵੇ ਨੇ, ਉਨ੍ਹਾਂ ਦੇ ਵਿੱਚ ਜਿਹੜਾ ਪਾਣੀ ਹੈ, ਉਹ ਮੰਤਰ ਕਰਕੇ ਪਾਇਆ, ਤਾਂ ਕਰਕੇ ਇਹ ਜਿੱਤਦੇ ਹਨ। ਹੈ ਇਹੋ ਗੱਲ, ਜਿਹੜੇ ਸਤਿਗੁਰੂ ਦਾ ਹੁਕਮ ਮੰਨਦੇ ਨੇ, ਉਹਦੇ ਮੁਕਾਬਲੇ ਦੂਸਰਾ ਨਹੀਂ ਆ ਸਕਦਾ, ਜੇ ਹੁਕਮ ਮੰਨਿਆ ਜਾਵੇ- 'ਹੁਕਮਿ ਮੰਨਿਐ ਹੋਵੈ ਪਰਵਾਣੁ' ਪਹਿਲੋਂ ਹੁਕਮ ਮੰਨਿਆ ਜਾਵੇ, ਫਿਰ ਉਸਦੀ ਪ੍ਰਵਾਨਗੀ ਹੋਵੇ।

ਇਹ ਨਹੀਂ ਕਿ ਮੈਨੂੰ ਜੋ ਸਤਿਗੁਰਾਂ ਨੇ ਵਿਸ਼ੇਸ਼ ਤੌਰ 'ਤੇ ਆਖਣੈ ਮੈਂ ਉਹੀ ਕਰਨੈ, ਜਿਹੜਾ ਉਹਨਾਂ ਨੂੰ ਚੰਗਾ ਲੱਗਦੈ, ਉਹ ਆਪਣੇ ਆਪ ਹੀ ਕੀਤਾ ਜਾਵੇ।

ਅਸੀਂ ਉਸ ਗੱਲ 'ਚ ਸੋਭਾ ਪਾਉਂਦੇ ਹਾਂ, ਜਿਸ ਤਰ੍ਹਾਂ ਸਾਡੇ ਸਤਿਗੁਰੂ ਨੂੰ ਅਸੀਂ ਚੰਗੇ ਲੱਗੀਏ। ਉਹ (ਬੱਚੇ) ਇਨ੍ਹਾਂ ਕਛਹਿਰਿਆਂ-ਪੱਗਾਂ ਨਾਲ ਦੇਸਾਂ ਪ੍ਰਦੇਸਾਂ ਵਿੱਚ ਜਾ ਕੇ, ਜਿਨ੍ਹਾਂ ਨੇ ਵੇਖਿਐ, ਜਿਨ੍ਹਾਂ ਨੂੰ ਇਹ ਪਤਾ ਲੱਗਾ, ਇਹ ਸਤਿਗੁਰੂ ਰਾਮ ਸਿੰਘ ਦੇ, ਸਤਿਗੁਰੂ ਪ੍ਰਤਾਪ ਸਿੰਘ ਦੇ ਸਿੱਖ ਹਨ, ਜਿਨ੍ਹਾਂ ਦੇ ਮਨ 'ਚ ਇਹ ਗੱਲ ਆਈ ਹੈ, ਉਨ੍ਹਾਂ ਦਾ ਵੀ ਭਲਾ ਹੁੰਦੈ। ਸਾਡੇ ਏਥੇ ਪੰਜਾਬ ਵਿੱਚ ਬਹੁਤ ਵੱਡੀਆਂ-ਵੱਡੀਆਂ ਸਿੱਖ ਸੰਸਥਾਵਾਂ ਹਨ, ਪਰ ਅਜੇ ਤੱਕ ਕਿਸੇ ਨੇ ਕਛਹਿਰਿਆਂ-ਪੱਗਾਂ ਵੱਲ ਧਿਆਨ ਨਹੀਂ ਕੀਤਾ।...

- ਤੁਸੀਂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਇਹ ਹਾਕੀ ਦੀ ਟੀਮ, ਜਿਨ੍ਹਾਂ ਦੀ ਤੁਸਾਂ ਜਿੱਤ ਵੇਖੀ ਹੈ, ਜਿਸ ਤਰ੍ਹਾਂ ਹਾਕੀ ਵਾਲਿਆਂ ਦੀ ਦਸ਼ਾ ਸਿੰਧ ਬੈਂਕ ਤੋਂ ਹਾਰ ਕੇ ਹੋਈ ਤੇ ਜਾਪਦਾ ਸੀ ਸੈਮੀਫਾਈਨਲ 'ਚ ਨਹੀਂ ਪਹੁੰਚਦੇ, ਉਹ ਦਸ਼ਾ ਮਨ ਦੀ ਇੱਕ ਹੋਰ ਸੀ। ਜਦੋਂ ਸਿੰਧ ਬੈਂਕ ਨੌਰਥ ਰੇਲਵੇ ਕੋਲੋਂ ਹਾਰ ਗਿਆ ਫੇਰ ਇਨ੍ਹਾਂ ਦੇ ਮਨ ਦੀ ਦਸ਼ਾ ਹੋਰ ਹੋ ਗਈ, ਨੇੜੇ ਹੋ ਗਏ ਪਰ ਉਤਸੁਕਤਾ ਜਿਆਦਾ ਵਧ ਗਈ ਕਿ ਹੁਣ ਨੇੜੇ ਹੋ ਗਏ ਹਾਂ ਜਿੱਤ ਜਾਈਏ। ਕੱਲ੍ਹ ਜਿਹੜੇ ਟੀ. ਵੀ. ਵੇਖਦੇ ਹੋਣਗੇ, ਮੈਂ ਤੇ ਨਹੀਂ ਵੇਖਿਆ, ਉਹਨਾਂ ਦੇ ਮਨ ਦੀ ਦਸ਼ਾ ਉਸ ਵੇਲੇ, ਜਿਨ੍ਹਾਂ ਦਾ ਜਿੰਨਾ ਲਗਾਅ ਹੈ, ਉਹਨਾਂ ਨੂੰ ਹੀ ਪਤੈ ਕਿ ਕਿਸ ਤਰ੍ਹਾਂ ਦੀ ਉਹਨਾਂ ਦੇ ਮਨ ਦੀ ਦਸ਼ਾ ਸੀ। ਸਤਿਗੁਰਾਂ ਨੇ ਕਿਰਪਾ ਕੀਤੀ ਟੀਮ ਦੀ ਜਿੱਤ ਹੋਈ। ਸਤਿਗੁਰੂ ਸੱਚੇ ਪਾਤਸ਼ਾਹ ਕਿਰਪਾ ਕਰਨ, ਸਾਧ ਸੰਗਤ ਅਰਦਾਸ ਕਰੇ ਕਿ ਇਹਨਾਂ ਬੱਚਿਆਂ ਦੇ ਮਨ ਨਾਮਧਾਰੀ ਬਣਨ, ਖਿਡਾਰੀ ਮਨ ਨਾ ਬਣਨ, ਖਿਡਾਰੀ ਬਣ ਕੇ ਫਿਰ ਕੀ ਹੁੰਦੈ ਕਿ ਉਹ ਟੀਮ ਚੰਗੀ ਏ, ਉਹਦੇ 'ਚ ਮੈਂ ਚਲਾ ਜਾਵਾਂ, ਮੈਨੂੰ ਉੱਥੇ DSP ਬਣਾ ਲੈਣਗੇ, ਮੇਰੀ ਨੌਕਰੀ ਲੱਗ ਜਾਏਗੀ। ਮੈਨੂੰ ਬੜੀ ਚੰਗੀ ਤਰਾਂ ਯਾਦ ਏ, ਸੰਤ ਮੰਗਲ ਸਿੰਘ ਹੁਰੀਂ ਅਰਸ਼ੀ ਫਰਿਸ਼ਤੇ ਹੁੰਦੇ ਸਨ ਸਾਡੇ ਪ੍ਰਚਾਰਕ, ਬੜੀ ਸਤਿਗੁਰਾਂ ਦੀ ਕਿਰਪਾ ਸੀ। ਗੁਰੂ ਹਰੀ ਸਿੰਘ ਜੀ ਦਾ ਉਨ੍ਹਾਂ ਨੂੰ ਵਰ ਸੀ। ਉਹਨਾਂ ਦੇ ਸਾਹਮਣੇ ਕੋਈ ਬੋਲ ਨਹੀਂ ਸੀ ਸਕਦਾ। ਉਹ ਆਂਹਦੇ

ਸਨ ਠਾਕਰ ਸ਼ਮਸ਼ੇਰ ਸਿੰਘ ਹੁਰੀਂ, ਮਹਾਰਾਜ ਨਿਹਾਲ ਸਿੰਘ ਹੁਰਾਂ ਦੇ ਵੱਡੇ ਸਾਹਿਬਜ਼ਾਦੇ, ਜਿਹੜੇ ਸਨ। ਉਹਨਾਂ ਦਾ ਨਾਂ ਲੈ ਕੇ ਉਹਨਾਂ ਨੇ ਆਖਣਾ- "ਸ਼ਮਸ਼ੇਰ ਨੇ ਪੜ੍ਹ ਕੇ ਕੀ ਕੀਤੈ? ਉੱਥੇ ਜਾ ਕੇ ਨੌਕਰੀ ਲੱਗਾ ਏ, ਬਹਿ ਗਏ ਨੇ! ਨਾਮਧਾਰੀ ਪੰਥ ਦਾ ਕੀ ਕੀਤੈ?" ਇਹ ਉਹਨਾਂ ਦੇ ਸ਼ਬਦ ਨੇ, ਉਹ ਬੱਚਿਆਂ ਵਾਂਗੂੰ ਉਹਨਾਂ ਨੂੰ ਆਖ ਲੈਂਦੇ ਸਨ, ਮੇਰਾ ਸਿਰਫ਼ ਕਹਿਣ ਤੋਂ ਮਤਲਬ ਏ ਕਿ ਕੁਛ ਵੀ ਬਣ ਜਾਏ ਆਦਮੀ, ਆਪਣੇ ਪੈਰਾਂ 'ਤੇ ਨਾ ਖਲੋਤਾ ਹੋਵੇ ਤਾਂ ਉਹਦਾ ਕੱਖ ਫਾਇਦਾ ਨਹੀਂ। ਜੇ ਸਾਧ ਸੰਗਤ ਵਿੱਚ ਆਉਣ ਜਾਣ ਹੀ ਮੁੱਕ ਜਾਵੇ, ਭਾਵੇਂ ਉਹ ਰਾਗੀ ਬਣ ਜਾਣ, ਭਾਵੇਂ ਪ੍ਰਚਾਰਕ ਬਣ ਜਾਣ, ਭਾਵੇਂ ਉਹ ਕੋਈ ਕਿਸੇ ਹੁਨਰ ਨੂੰ ਲੈ ਕੇ ਬਾਹਰ ਚਲੇ ਜਾਣ, ਉਹਨਾਂ ਦਾ ਸਾਡੇ ਨਾਲ ਸੰਪਰਕ ਹੀ ਨਾ ਰਹੇ, ਉਹਨਾਂ ਦਾ ਕੀ ਫਾਇਦੈ ਇਸ ਗੱਲ ਦਾ। ਸੋ ਸਾਧ ਸੰਗਤ ਅਰਦਾਸ ਕਰੇ, ਸਤਿਗੁਰੂ ਕਿਰਪਾ ਕਰਨ, ਇਹਨਾਂ ਦੇ ਮਨ ਨਾਮਧਾਰੀ ਬਣੇ ਰਹਿਣ। ਮੈਂ ਇਹਨਾਂ ਨੂੰ ਬੜੀ ਵੇਰਾਂ ਆਖਿਐ ਕਿ ਇਹ ਟੀਮ ਓਨਾ ਚਿਰ ਐ, ਜਿੰਨਾ ਚਿਰ ਤੁਸੀਂ ਨਾਮਧਾਰੀ ਹੋ। ਜੇ ਨਾਮਧਾਰੀ ਨਹੀਂ ਤਾਂ ਟੀਮ ਤੋੜ ਦਿਆਂਗੇ। ਸੋਧ ਮਰਿਯਾਦਾ 'ਤੇ ਹੌਲੀ-ਹੌਲੀ ਜਿਉਂ-ਜਿਉਂ ਇਹ ਜਵਾਨ ਹੋਏ ਨੇ, ਇਨ੍ਹਾਂ ਕੋਲੋਂ ਖਿਸਕ ਗਈ ਏ, ਪਰ ਘੱਟੋ-ਘੱਟ ਚਲੋ ਕਛਹਿਰੇ ਤੇ ਪੱਗਾਂ ਨੇ। ਇੱਕ ਆਮ ਰਿਵਾਜ ਐ ਕਿ ਉੱਥੇ ਬਾਲਟੀਆਂ ਰੱਖੀਆਂ ਹੁੰਦੀਆਂ ਨੇ, ਉਨ੍ਹਾਂ 'ਚੋਂ ਸਾਰੇ ਮੁੰਡੇ ਭਰ-ਭਰ ਕੇ ਪਾਣੀ ਪੀਂਦੇ ਨੇ। ਮੈਨੂੰ ਨਹੀਂ ਪਤਾ ਇਹ ਇਸ ਤਰ੍ਹਾਂ ਕਰਦੇ ਨੇ ਕਿ ਨਹੀਂ, ਜੇ ਇਸ ਤਰ੍ਹਾਂ ਕਰਦੇ ਹੋਣ ਤੇ ਨਹੀਂ ਕਰਨਾ ਚਾਹੀਦਾ, ਇਹ ਰਿਵਾਜ ਹੈ। ਇੱਕ ਸਾਡਾ ਮੁੰਡਾ ਜੋਗਾ ਸਿੰਘ ਹੈ, ਉਹ ਮੈਰਾਥਨ ਦੌੜ ਜਿਹੜੀ ਹੈ, ਉਹ 40 ਕਿਲੋਮੀਟਰ ਜਾਂ 25 ਮੀਲ ਦੀ ਹੁੰਦੀ ਐ, ਉਹ ਦੌੜਦਾ ਸੀ। ਦੌੜਦਿਆਂ ਦੌੜਦਿਆਂ ਬਹੁਤ ਸਾਰੇ ਮੁੰਡੇ ਜਿਹੜੇ ਏਨੀ ਲੰਮੀ ਦੌੜ ਦੌੜਦੇ ਨੇ, ਉਹਨਾਂ ਦੇ ਰਾਹ 'ਚ ਲੋਕ ਗਲਾਸ ਲੈ ਕੇ ਪਾਣੀ ਦੇ ਖਲੋਤੇ ਹੁੰਦੇ ਨੇ, ਉਹ ਪਾਣੀ ਪੀ ਕੇ ਅਗਾਂਹ ਲੰਘ ਜਾਂਦੇ ਨੇ। ਉਹ ਸੋਧੀ ਮੁੰਡਾ ਸੀ, ਉਹ ਨਹੀਂ ਸੀ ਇਹ ਕੰਮ ਕਰਦਾ। ਮੈਂ ਉਹਨੂੰ ਪੁੱਛਿਆ- "ਤੂੰ ਸੋਧੀ ਏਂ, ਤੂੰ ਪਾਣੀ ਕਿਸ ਤਰ੍ਹਾਂ ਪੀਨੈਂ।" ਆਂਹਦਾ- "ਪੀਂਦਾ ਹੀ ਨਹੀਂ, ਏਡੀ ਲੋੜ ਈ ਨਹੀਂ ਪੈਂਦੀ, ਫੈਸ਼ਨ ਹੀ ਬਣਿਆ ਏ ਪਾਣੀ ਪੀਣ ਵਾਲਿਆਂ ਦਾ।" ਇਹ ਵੀ ਸੁਣ ਲੈਣ ਚੰਗੀ ਤਰ੍ਹਾਂ ਸਾਧ ਸੰਗਤ ਅਰਦਾਸ ਕਰੇ ਸਤਿਗੁਰੂ ਕਿਰਪਾ ਕਰਨ ਇਹਨਾਂ ਦੇ ਮੂੰਹ ਬਾਹਰ ਨੂੰ ਹੁੰਦੇ ਜਾਂਦੇ ਨੇ। ਕਈ ਬਾਹਰ ਨੂੰ ਜਿਹੜੇ ਹਲ ਜੁੱਪੇ ਹੁੰਦੇ ਨੇ ਜਾਂ ਖੂਹ ਜੁੱਪੇ ਹੁੰਦੇ ਨੇ, ਉਹ ਜੇ ਅਰਲੀ ਲੱਗ ਜਾਣ ਤਾਂ ਬਾਹਰਲੇ ਬੰਨੇ ਇੱਕ ਓਧਰ ਨੂੰ ਖਿੱਚਦੈ, ਇੱਕ ਓਧਰ ਨੂੰ ਖਿੱਚਦੈ। ਅਗਾਂਹ ਨੂੰ ਖਿੱਚਣ ਵਾਲਾ ਜ਼ੋਰ ਮੁੱਕ ਜਾਂਦੈ। ਸੋ ਇਹ ਬਹੁਤ ਜ਼ਰੂਰੀ ਗੱਲ ਹੈ, ਟੀਮ ਖੇਡੇ ਵਧੀਆ-ਵਧੀਆ, ਜਿੱਤਾਂ ਜਿੱਤੇ। ਸਭ ਤੋਂ ਵੱਡੀ ਜਿੱਤ ਤਾਂ ਸਿੱਖਪੁਣੇ ਦੀ ਏ। ਸਤਿਗੁਰ ਕਿਰਪਾ ਕਰਨ ਉਹ ਜਿੱਤ ਸਾਨੂੰ ਮਿਲੇ। ਮੈਂ ਇਹੀ ਅਰਜ਼ ਕਰਕੇ ਆਗਿਆ ਲਵਾਂਗਾ।

ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਬਹੁਪੱਖੀ ਸਖਸ਼ੀਅਤ ਸਨ। ਅਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਉਹਨਾਂ ਨੇ ਜ਼ਿੰਦਗੀ ਦੇ ਕਿਹੜੇ ਕਿਹੜੇ ਪੱਖ 'ਤੇ ਕਿਰਪਾ ਕੀਤੀ। ਨਾਮ ਸਿਮਰਨ, ਗੁਰਬਾਣੀ ਤਾਂ ਹੈ ਹੀ, ਪਰ ਉਸ ਤੋਂ ਅੱਗੇ ਚੱਲਦਿਆਂ ਹੋਇਆਂ ਹਰ ਤਰ੍ਹਾਂ ਦੀ ਕਲਾ ਦੀ ਕਦਰ ਕੀਤੀ, ਕਲਾ ਨੂੰ ਪ੍ਰੋਤਸਾਹਿਤ ਕੀਤਾ, ਹਰ ਇੱਕ ਲੇਖਕ ਦੀ ਕਦਰ ਕੀਤੀ, ਹਰ ਇੱਕ ਸੰਗੀਤਕਾਰ ਨੂੰ ਬਹੁਤ ਪਿਆਰ ਦਿੱਤਾ।

ਮੈਂ ਅੱਜ ਗੱਲ ਕਰਨਾ ਚਾਹਵਾਂਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਖੇਡ ਤੇ ਖਿਡਾਰੀਆਂ ਨੂੰ ਕਿਸ ਤਰ੍ਹਾਂ ਪਿਆਰ ਕੀਤਾ, ਕਿਸ ਤਰ੍ਹਾਂ ਉਨ੍ਹਾਂ ਦੀ ਕਦਰ ਕੀਤੀ? ਉਹਨਾਂ ਖੇਡ ਦੇ ਰਾਹੀਂ ਵੀ ਸਿੱਖੀ ਦਾ ਪ੍ਰਚਾਰ ਕੀਤਾ। ਮੈਂ ਖ਼ਾਸ ਕਰਕੇ ਗੱਲ ਕਰਨਾ ਚਾਹਾਂਗਾ ਹਾਕੀ ਦੀ। ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹਾਕੀ ਦੀ ਟੀਮ ਬਣੀ ਤੇ ਹਾਕੀ ਦੀ ਟੀਮ ਨੂੰ ਸੱਚੇ ਪਾਤਸ਼ਾਹ ਨੇ ਆਪਣੇ ਮੁੱਖ ਮੰਤਵ ਸਿੱਖੀ ਦੇ ਪ੍ਰਚਾਰ ਲਈ ਵਰਤਿਆ। ਪਹਿਲਾਂ ਪਹਿਲ ਹਾਕੀ ਥੋੜ੍ਹੀ ਬਹੁਤ ਸ੍ਰੀ ਸਤਿਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਵਿੱਚ ਖੇਡੀ ਜਾਂਦੀ ਸੀ। ਜਿੱਥੇ ਬਿਨਾਂ ਕਿਸੇ ਕੋਚ ਤੋਂ ਜਿਸ ਤਰ੍ਹਾਂ ਪਿੰਡਾਂ ਵਿੱਚ ਮੁੰਡੇ ਖੇਡਦੇ ਹੁੰਦੇ ਨੇ, ਉਸ ਢੰਗ ਨਾਲ ਹੀ ਖੇਡੀ ਜਾਂਦੀ ਸੀ। ਸਤਿਗੁਰੂ ਜੀ ਯਤਨ ਕੀਤਾ, ਸਾਰਿਆਂ ਤੋਂ ਪਹਿਲਾਂ ਸਾਡੇ ਕੋਲ ਕੋਚ ਸ. ਪਾਲ ਸਿੰਘ ਜੀ ਆਏ, ਇਹ ਗੱਲ ਸ਼ਾਇਦ 1974-75 ਦੀ ਹੋਵੇਗੀ, ਉਦੋਂ ਮੈਂ ਵੀ ਹਾਕੀ ਖੇਡਦਾ ਹੁੰਦਾ ਸੀ ਅਤੇ ਇਲਾਕਾ ਜੀਵਨ ਨਗਰ ਦੇ ਕੁਝ ਹੋਰ ਮੁੰਡੇ ਖੇਡਦੇ ਹੁੰਦੇ ਸੀ। ਸ. ਪਾਲ ਸਿੰਘ ਜੀ ਸਾਡੇ ਕੋਲ ਕਰੀਬ ਇੱਕ ਸਾਲ ਰਹੇ।

ਇਸ ਤੋਂ ਬਾਅਦ ਬੜੀ ਚੰਗੀ ਤਰ੍ਹਾਂ ਹਾਕੀ ਸ਼ੁਰੂ ਕੀਤੀ ਗਈ 1977 ਦੇ ਕਰੀਬ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਨੌਜਵਾਨ ਬੱਚਿਆਂ ਨੂੰ ਇਕੱਠੇ ਕੀਤਾ ਗਿਆ, ਇਲਾਕਾ ਜੀਵਨ ਨਗਰ ਵਿੱਚ ਸੱਚੇ ਪਾਤਸ਼ਾਹ ਆਪ ਕਿਰਪਾ ਕੀਤੀ ਬੱਚਿਆਂ ਦੇ ਮਾਪਿਆਂ ਨੂੰ ਕਿਹਾ ਕਿ "ਬੱਚੇ ਸਾਨੂੰ ਦਿਉ, ਅਸੀਂ ਸਿੱਖੀ-ਸਰੂਪ ਵਿੱਚ ਰੱਖ ਕੇ ਇਨ੍ਹਾਂ ਨੂੰ ਹਾਕੀ ਖਿਡਾਉਣੀ ਏ।" ਮਾਪਿਆਂ ਨੇ ਵੀ ਸਾਥ ਦਿੱਤਾ। ਸ਼ੁਰੂ ਵਿੱਚ ਮੈਨੂੰ ਯਾਦ ਏ, ਜੀਵਨ ਨਗਰ ਇੱਕ ਕੋਚ ਸ. ਮੋਹਨਜੀਤ ਸਿੰਘ ਜੀ ਨੇ ਹਾਕੀ ਖਿਡਾਉਣੀ ਸ਼ੁਰੂ ਕੀਤੀ। ਉਸ ਤੋਂ ਬਾਅਦ ਹੋਰ ਕਈ ਕੋਚ ਸਾਹਿਬਾਨ ਆਉਂਦੇ ਰਹੇ।

ਇਹ ਟੀਮ 1978 ਦੇ ਕਰੀਬ ਸ੍ਰੀ ਭੈਣੀ ਸਾਹਿਬ ਆ ਗਈ। 1980 ਦੇ ਕਰੀਬ ਸਭ ਤੋਂ ਪਹਿਲਾਂ ਇਹ ਟੀਮ ਜਿਨ੍ਹਾਂ ਦੇ ਮੈਂਬਰ ਗੁਰਨਾਮ ਸਿੰਘ, ਦੀਦਾਰ ਸਿੰਘ, ਗੁਰਚਰਨ ਸਿੰਘ (ਦੋਵੇਂ), ਗੁਰਦੀਪ ਸਿੰਘ ਆਦਿ ਇਹ ਹੁਣ ਆਪੋ ਆਪਣੀ ਜਗ੍ਹਾ ਸਾਰੇ ਸੈਟਲ ਨੇ, ਉਹ ਸਾਰਿਆਂ ਤੋਂ ਪਹਿਲੀ ਟੀਮ ਸੀ। ਉਸ ਤੋਂ ਬਾਅਦ 1980 ਦੇ ਵਿੱਚ

ਇਸ ਟੀਮ ਨੇ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਜਿੱਤਿਆ। ਫਿਰ ਇਸ ਟੀਮ ਨੇ ਬਹੁਤ ਸਾਰੇ ਟੂਰਨਾਮੈਂਟ ਜਿੱਤੇ। ਉਹਨਾਂ ਦਿਨਾਂ ਵਿਚ ਵੇਖਣ ਵਾਲਿਆਂ ਵਾਸਤੇ ਸਿੱਖੀ ਪਹਿਰਾਵੇ ਕਰਕੇ ਇਹ ਟੀਮ ਇੱਕ ਖ਼ਾਸ ਅਟਰੈਕਸ਼ਨ ਬਣ ਗਈ ਸੀ, ਕਿਉਂਕਿ ਜਿਸ ਤਰ੍ਹਾਂ ਦੀ ਇਹਨਾਂ ਨੇ ਹਾਕੀ ਖੇਡੀ, ਉਸ ਟਾਈਮ ਐਸੀ ਹਾਕੀ ਦੇਖਣ ਨੂੰ ਨਹੀਂ ਸੀ ਮਿਲਦੀ। ਖਾਸ ਕਰਕੇ ਲੋਕ ਇਸ ਲਈ ਵੀ ਦੇਖਣ ਆਉਂਦੇ ਸੀ, ਇੱਕ ਇਹੋ ਟੀਮ ਸੀ ਜੋ ਪੂਰੇ ਸਿੱਖੀ-ਸਰੂਪ (ਪੱਗਾਂ ਤੇ ਕਛਹਿਰਿਆਂ ਦੀ ਧਾਰਨੀ) ਵਿੱਚ ਖੇਡਦੀ ਸੀ। ਖੇਡ ਦੇ ਮੈਦਾਨ ਵਿੱਚ ਸਭ ਤੋਂ ਪਹਿਲਾਂ ਇਹ ਟੀਮ ਕਛਹਿਰਾ ਲੈ ਕੇ ਗਈ ਸਭ ਤੋਂ ਪਹਿਲਾਂ ਇਹ ਟੀਮ ਗੁਰਮੁਖੀ ਦਸਤਾਰ ਲੈ ਕੇ ਗਈ। ਇਹ ਸਾਰੇ ਮੁੰਡੇ ਪੂਰੀ ਤਰ੍ਹਾਂ ਆਪਣੇ ਕੇਸ ਦਾੜ੍ਹੀ ਰੱਖਦੇ ਸੀ। ਇਹ ਚੀਜ਼ ਦੇਖਣ ਵਾਲਿਆਂ ਵਾਸਤੇ ਇੱਕ ਵੱਖਰੀ ਸੀ। ਸਿੱਖੀ ਵਿੱਚ ਰਹਿ ਕੇ ਜਿਸ ਤਰ੍ਹਾਂ ਦੀ ਇਹਨਾਂ ਨੇ ਹਾਕੀ ਖੇਡੀ, ਉਸ ਜੋਸ਼ ਭਰੀ ਖੇਡ ਨੂੰ ਲੋਕ ਬੜਾ ਪਸੰਦ ਕਰਦੇ ਸਨ। ਇਨ੍ਹਾਂ ਨੇ ਭਾਰਤ ਦੇ Major Tournament ਜਿੱਤੇ। ਜਦੋਂ ਨਾਮਧਾਰੀ ਟੀਮ ਚੰਗੀਆਂ-2 ਟੀਮਾਂ ਨਾਲ ਮੈਚ ਖੇਡਦੀ ਸੀ, ਓਦੋਂ ਤਾਂ ਦਰਸ਼ਕਾਂ ਦਾ ਹੜ੍ਹ ਆ ਜਾਂਦਾ।

ਭਾਰਤ ਤੋਂ ਬਾਹਰ ਪਹਿਲਾਂ 1989 ਵਿੱਚ ਫਿਰ 1992 ਵਿੱਚ, ਦੋ ਵਾਰ ਯੂਰਪ ਦੇ ਦੌਰੇ ਵੀ ਕੀਤੇ। ਜੀਹਦੇ ਵਿੱਚ ਪਹਿਲੀ ਵਾਰੀ ਇੰਗਲੈਂਡ ਤੇ ਸਪੇਨ ਅਤੇ ਦੂਜੀ ਵਾਰੀ ਇੰਗਲੈਂਡ, ਹਾਲੈਂਡ ਤੇ ਬੈਲਜ਼ੀਅਮ ਗਏ। ਉੱਥੇ ਵੀ ਬਹੁਤ ਮੈਚ ਖੇਡੇ ਤੇ ਜਿੱਤੇ। ਉੱਥੇ ਭਾਰਤੀਆਂ ਤੋਂ ਬਿਨਾਂ ਜਿਹੜੇ ਇੰਗਲਿਸ਼ ਲੋਕ ਸਨ ਜਾਂ ਜਿਹੜੇ ਡੱਚ ਸਨ ਉਹਨਾਂ ਨੇ ਵੀ ਇਹਨਾਂ ਦੀ ਹਾਕੀ ਦੇਖਦਿਆਂ, ਇਨ੍ਹਾਂ ਦੀ ਖੇਡ ਨੂੰ ਬਹੁਤ ਜਿਆਦਾ ਸਲਾਹਿਆ। ਇੰਗਲੈਂਡ ਕੁਝ ਮੈਚਾਂ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਨੇ ਆਪ ਵੀ ਦਰਸ਼ਨ ਦਿੱਤੇ ਤੇ ਖੁਸ਼ੀਆਂ ਦਿੱਤੀਆਂ।

ਇਸ ਟੀਮ ਦੇ ਰਿਟਾਇਰ ਹੋਣ ਤੋਂ ਬਾਅਦ ਹਾਕੀ ਦਾ ਪ੍ਰਵਾਹ ਚੱਲਦਾ ਰਿਹਾ, ਫਿਰ ਇੱਕ ਹੋਰ ਟੀਮ ਬਣੀ ਤੇ ਉਸ ਤੋਂ ਬਾਅਦ ਫਿਰ ਜਿਹੜੀ ਤੀਜੀ ਟੀਮ ਬਣੀ, ਜਿਹਦੇ ਵਿੱਚ ਅਨਮੋਲਕ ਸਿੰਘ, ਸ਼ੇਰ ਸਿੰਘ, ਗੁਰਵਿੰਦਰ ਸਿੰਘ, ਅਜਮੇਰ ਸਿੰਘ ਖੇਡਦੇ ਰਹੇ, ਇਸ ਟੀਮ ਨੇ ਵੀ ਬਹੁਤ ਮੈਚ ਜਿੱਤੇ। ਇਸ ਟੀਮ ਨੇ ਬਹੁਤ ਸਾਰੇ ਟੂਰਨਾਮੈਂਟਾਂ ਵਿਚ ਖ਼ਾਸ ਕਰਕੇ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ, ਇੰਦਰਾ ਗਾਂਧੀ ਮੈਮੋਰੀਅਲ ਟੂਰਨਾਮੈਂਟ, ਮਹਾਰਾਜਾ ਰਣਜੀਤ ਸਿੰਘ ਟੂਰਨਾਮੈਂਟ, ਲਾਲ ਬਹਾਦਰ ਸ਼ਾਸ਼ਤਰੀ ਟੂਰਨਾਮੈਂਟ, ਖੇਡੇ ਤੇ ਜਿੱਤੇ। ਇਸ ਟੀਮ ਨੂੰ ਮੌਕਾ ਮਿਲਿਐ ਇਹਨਾਂ ਨੇ United States of Amrerica ਵੀ Visit ਕੀਤਾ। ਉੱਥੇ ਇੱਕ ਚੰਗਾ ਟੂਰਨਾਮੈਂਟ ਹੁੰਦਾ ਏ Cal Cup ਦੇ ਨਾਂ 'ਤੇ, ਉਹ ਵੀ ਇਹਨਾਂ ਦੋ ਵਾਰੀ ਜਿੱਤਿਆ। ਇਸ ਟੀਮ ਤੋਂ ਬਾਅਦ ਇੱਕ ਜੇ ਮੈਂ ਕਹਿ ਲਵਾਂ ਕਿ ਟੀਮ ਨੰਬਰ 4 ਤੇ 5 ਵੀ ਬਣੀਆਂ ਅਤੇ ਉਹਨਾਂ ਵਿੱਚੋਂ ਵੀ ਬਹੁਤ ਚੰਗੇ ਖਿਡਾਰੀ ਨਿਕਲੇ। ਇਨ੍ਹਾਂ ਨੌਜਵਨਾਂ ਵਿੱਚੋਂ ਸ਼ਾਇਦ ਜੇ ਮੈਂ ਕਹਿ

ਲਵਾਂ ਕਿਸੇ ਨਾ ਕਿਸੇ ਲੈਵਲ ਤੇ 8-10 ਜਾਣਿਆਂ ਨੇ ਇੰਡੀਆ ਨੂੰ Represent ਕੀਤਾ। ਭਾਰਤ ਵੱਲੋਂ ਖੇਡੇ, ਉਲੰਪਿਕ ਖੇਡੇ, ਵਿਸ਼ਵ ਕੱਪ ਖੇਡੇ, ਏਸ਼ੀਅਨ ਗੇਮਜ਼ ਖੇਡੇ, ਅਲੱਗ-ਅਲੱਗ ਟੂਰਨਾਮੈਂਟਾਂ ਵਿੱਚ ਉਨ੍ਹਾਂ ਨੇ ਭਾਗ ਲਿਆ। ਬੜੇ ਮਾਣ ਦੀ ਗੱਲ ਏ, ਬੜਾ ਚੰਗਾ ਲੱਗਦਾ ਏ, ਉਹਨਾਂ ਵਿੱਚੋਂ ਕੁਝ ਬੱਚਿਆਂ ਨੇ ਸਿੱਧੀ ਦਸਤਾਰ ਬੰਨ੍ਹ ਕੇ ਭਾਰਤ ਨੂੰ Represent ਕੀਤਾ। ਭਾਰਤ ਵੱਲੋਂ ਖੇਡੇ। ਸਭ ਤੋਂ ਵੱਡੀ ਗੱਲ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲਈਆਂ। ਇਹ ਚੀਜ਼ ਦਿਖਾਈ ਕਿ ਇਹ ਸਿੱਖੀ ਵਿੱਚ ਰਹਿ ਕੇ ਆਪਣੇ ਅਸੂਲਾਂ ’ਤੇ ਚਲਦਿਆਂ ਹੋਇਆਂ ਵੀ ਇਹ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸਾਡਾ ਬੜੀਆਂ ਛੋਟੀਆਂ-ਛੋਟੀਆਂ ਗੱਲਾਂ ’ਤੇ ਦੁਨੀਆਂ ਵੱਲ ਦੇਖ ਕੇ ਆਪਣਾ ਵਿਸ਼ਵਾਸ ਗਿਰ ਜਾਂਦਾ ਹੈ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਹਾਲੇ ਵੀ ਮੈਂ ਇਹ ਕਹਿਣਾ ਚਾਹਵਾਂਗਾ ਕਿ ਸਾਰੇ ਇੱਕੋ ਜਿਹੇ ਨਹੀਂ ਹੁੰਦੇ। ਪਰ ਉਹਨਾਂ ਦੀ ਕਿਰਪਾ ਨਾਲ ਕੁਝ ਖਿਡਾਰੀਆਂ ਨੇ ਆਪਣੇ ਵੱਲੋਂ ਪੂਰੀ ਤਰ੍ਹਾਂ ਸਿੱਖੀ ਵਿੱਚ ਰਹਿੰਦਿਆਂ ਹੋਇਆਂ, ਇਹ ਮੱਲਾਂ ਮਾਰੀਆਂ। ਇਸ ਤਰ੍ਹਾਂ ਭਾਰਤ ਨੂੰ Represent ਕੀਤਾ। ਇਹਨਾਂ ਪੁਰਾਣੇ ਖਿਡਾਰੀਆਂ ਵਿੱਚੋਂ ਬਹੁਤ ਸਾਰੇ ਅੱਜ ਆਪੋ-ਆਪਣੇ ਕੰਮਾਂ ਵਿੱਚ ਬੜੀ ਚੰਗੀ ਤਰ੍ਹਾਂ ਸੈਟਲ ਹੋ ਚੁੱਕੇ ਹਨ। ਬਹੁਤ ਸਾਰੇ ਲੜਕੇ ਅਮਰੀਕਾ, ਕੈਨੇਡਾ ਆਦਿ ਬਾਹਰਲੇ ਦੇਸ਼ਾਂ ਵਿੱਚ ਵੀ ਨੇ। ਖੁਸ਼ੀ ਦੀ ਗੱਲ ਇਹ ਹੈ ਕਿ ਅੱਜ ਵੀ ਬੜੀ ਚੰਗੀ ਤਰ੍ਹਾਂ ਸਿੱਖੀ ਨਾਲ ਜੁੜੇ ਨੇ, ਸਿੱਖੀ ਦੀ ਸੇਵਾ ਕਰਦੇ ਨੇ, ਸਿੱਖ ਹੋਣ ਦਾ, ਮਾਣ ਮਹਿਸੂਸ ਕਰਦੇ ਨੇ, ਇਹ ਕਿਰਪਾ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਹੈ। ਜਿਹੜੀ ਅਖੀਰ ਤੇ ਵੀ ਟੀਮ ਖੇਡੀ ਤੇ ਇਸ ਤੋਂ ਪਹਿਲਾਂ ਵੀ ਜਿਹੜੀ ਟੀਮ ਖੇਡੀ ਉਹਦੇ ਵਿੱਚੋਂ ਵੀ ਜਿਨ੍ਹਾਂ ਵਿੱਚ ਹਰਪ੍ਰੀਤ ਨਾਗਰਾ, ਮਾਲਕ ਸਿੰਘ, ਗੁਰਮੇਲ ਸਿੰਘ ਅਦਿ ਸਨ, ਉਹਨਾਂ ਇੰਡੀਆ ਦੀ ਹਾਕੀ ਲੀਗ ਵੀ ਖੇਡੀ ਤੇ ਨੈਸ਼ਨਲ ਟੀਮ ਵਲੋਂ ਵੀ ਕਈਆਂ ਨੇ ਜੂਨੀਅਰ ਵਿੱਚ, ਕਈਆਂ ਨੇ ਸੀਨੀਅਰ ਵਿੱਚ ਭਾਗ ਲਿਆ।

ਕੁਝ ਹਾਲਾਤਾਂ ਕਰਕੇ ਹੁਣ ਟੀਮ ਓਨੀ ਜ਼ੋਰ ਨਾਲ ਨਹੀਂ ਚੱਲ ਰਹੀ, ਉਹਦਾ ਮੁੱਖ ਕਾਰਨ ਇਹ ਹੈ ਕਿ ਭਾਰਤ ਵਿੱਚ ਵਾਪਰ ਰਹੇ ਹਾਕੀ ਦੇ ਜੋ ਹਾਲਾਤ ਨੇ, ਉਹ ਓਨੇ ਅਨੁਕੂਲ ਨਹੀਂ, ਟੂਰਨਾਮੈਂਟ ਹੋਣੇ ਘੱਟ ਹੋ ਗਏ ਹਨ। ਇਸ ਕਰਕੇ ਹਾਲਾਤ ਉਸ ਤਰ੍ਹਾਂ ਦੇ ਨਹੀਂ ਰਹੇ ਕਿ ਅਸੀਂ ਉਨੇ ਜ਼ੋਰ ਨਾਲ ਹਾਕੀ ਚਲਾ ਸਕੀਏ। ਪਰ ਹੁਣ ਵੀ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਜੀਵਨ ਨਗਰ ਵਿੱਚ ਵੀ ਹਾਕੀ ਖੇਡੀ ਜਾ ਰਹੀ ਹੈ ਤੇ ਸ੍ਰੀ ਭੈਣੀ ਸਾਹਿਬ ਵਿੱਚ ਵੀ ਹਾਕੀ ਚੱਲ ਰਹੀ ਹੈ। ਦੋਨੋਂ ਜਗ੍ਹਾ ਐਸਟਰੋਟਰਫ ਲੱਗੇ ਹੋਏ ਹਨ। ਬੜੀ ਖੁਸ਼ੀ ਦੀ ਗੱਲ ਹੈ ਕਿ ਜਿਹੜੇ ਪੁਰਾਣੇ Players ਖੇਡੇ ਨੇ, ਅੱਜ ਅਸੀਂ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਇੱਕ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਏ, ਹਾਕੀ ਵਾਲੇ ਪੁਰਾਣੇ ਖਿਡਾਰੀ ਬੜੀ ਖੁਸ਼ੀ ਨਾਲ ਉਸ ਅਕੈਡਮੀ ਵਿੱਚ ਜਿੰਨੀ ਵੀ ਹੋ ਸਕਦੈ,

ਆਪ ਆ ਕੇ ਵੀ ਸੇਵਾ ਕਰਦੇ ਨੇ ਤੇ ਹੋਰ ਵੀ ਹਰ ਤਰ੍ਹਾਂ ਦੀ ਸੇਵਾ ਕਰਾਉਂਦੇ ਨੇ, ਜੇ ਕੋਈ ਕੋਚਿੰਗ ਕਰਨੀ ਹੋਵੇ ਤਾਂ ਵੀ ਕਰਵਾਉਂਦੇ ਨੇ। ਫੁੱਟਬਾਲ ਅਕੈਡਮੀ ਵਾਸਤੇ ਉਹ ਪੈਸੇ ਵੀ ਦਿੰਦੇ ਨੇ, ਜੇ ਅਸੀਂ ਕੋਈ ਕੰਮ ਕਰਨਾ ਹੋਵੇ ਤਾਂ ਅੱਗੇ ਹੋ ਕੇ ਬੜੇ ਉਤਸ਼ਾਹ ਨਾਲ ਕਰਦੇ ਹਨ।

ਅਗਲੇ ਸਾਲ ਦਾ ਹੋਲਾ ਵੀ ਨਾਮਧਾਰੀ ਹਾਕੀ ਟੀਮ ਕਰਵਾ ਰਹੀ ਏ। ਇਹ ਸੱਚੇ ਪਾਤਸ਼ਾਹ ਜੀ ਨੇ ਕਿਰਪਾ ਕੀਤੀ, ਜਿਸ ਤਰ੍ਹਾਂ ਹਾਕੀ ਟੀਮ ਨੂੰ ਵਰੋਸਾਇਆ, ਉਸੇ ਤਰ੍ਹਾਂ ਬੈਡਮਿੰਟਨ ਵਾਲੇ ਬੱਚਿਆਂ 'ਤੇ ਵੀ ਸੱਚੇ ਪਾਤਸ਼ਾਹ ਜੀ ਨੇ ਬਹੁਤ ਕਿਰਪਾ ਕੀਤੀ, ਉਹ ਵੀ ਬੜਾ ਚੰਗਾ ਖੇਡੇ। ਬੈਡਮਿੰਟਨ ਦੀ ਅਕੈਡਮੀ ਵੀ ਉਨ੍ਹਾਂ ਦੀ ਕਿਰਪਾ ਨਾਲ ਚੱਲ ਰਹੀ ਏ, ਹੁਣ।

ਇਹ ਜਿਹੜੀ ਹੁਣ ਅਸੀਂ ਫੁੱਟਬਾਲ ਦੀ ਅਕੈਡਮੀ ਸ਼ੁਰੂ ਕੀਤੀ ਏ। ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਇਹ ਬੱਚੇ ਸਭ ਤੋਂ ਪਹਿਲਾਂ ਸਿੱਖ ਰਹਿਣ। ਸਿੱਖੀ ਵਿੱਚ ਰਹਿੰਦਿਆਂ ਹੋਇਆਂ, ਜਿਸ ਤਰ੍ਹਾਂ ਹਾਕੀ ਟੀਮ ਨੇ ਨਾਮ ਰੌਸ਼ਨ ਕੀਤਾ ਹੈ, ਉਸ ਤਰ੍ਹਾਂ ਹੀ, ਉਸ ਤੋਂ ਵੀ ਜਿਆਦਾ ਇਹ ਬੱਚੇ ਸਿੱਖੀ ਦਾ, ਨਾਮਧਾਰੀਆਂ ਦਾ, ਦੇਸ ਦਾ ਨਾਮ ਰੌਸ਼ਨ ਕਰ ਸਕਣ। ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਲੈ ਸਕਣ। ਸਿੱਖੀ ਵਿੱਚ ਰਹਿੰਦੇ ਹੋਏ ਇਹ ਬਹੁਤ ਜਿੱਤਾਂ ਪ੍ਰਾਪਤ ਕਰ ਸਕਣ।

ਨਾਮਧਾਰੀ ਹਾਕੀ ਟੀਮ ਦਾ ਪਿਛੋਕੜ

-ਸੁਵਰਨ ਸਿੰਘ ਵਿਰਕ

ਮਨੁੱਖ ਦੇ ਬੌਧਿਕ ਅਤੇ ਆਤਮਿਕ ਵਿਕਾਸ ਤੋਂ ਪਹਿਲਾਂ, ਉਸ ਦਾ ਸਰੀਰਕ ਵਿਕਾਸ ਬਹੁਤ ਜ਼ਰੂਰੀ ਹੁੰਦਾ ਹੈ। ਸਵੱਛ ਤਨ ਵਿੱਚ ਹੀ ਨਰੋਏ ਮਨ ਦਾ ਵਾਸ ਹੁੰਦਾ ਹੈ। ਨਰੋਇਆ ਮਨ ਹੀ ਆਲੇ-ਦੁਆਲੇ, ਭਾਈਚਾਰੇ ਅਤੇ ਸਮਾਜ ਲਈ ਲਾਭਕਾਰੀ ਹੋ ਕੇ, ਸਾਰੀ ਉਮਰ ਕਲਿਆਣਕਾਰੀ ਸੋਚਾਂ ਨਾਲ ਸ੍ਰਿਸ਼ਟੀ ਦੇ ਸੁਹਜ ਵਿੱਚ ਵਾਧਾ ਕਰਦਾ ਹੈ। ਇਸ ਦੇ ਉਲਟ ਕੁੰਠਿਤ ਮਨ ਦੀ ਅਵਸਥਾ, ਹਾਂਡੀ ਉੱਬਲੇਗੀ ਤਾਂ ਆਪਣੇ ਕੰਢੇ ਸਾੜੇਗੀ ਵਾਲੀ ਹੋ ਕੇ, ਧਰਤੀ ਦੇ ਕੁਹਜ ਵਿੱਚ ਹੀ ਵਾਧਾ ਕਰੇਗੀ। ਮਨੁੱਖ ਦਾ ਸਰੀਰ ਲਗਾਤਾਰ ਗਤੀਸ਼ੀਲ ਅਵਸਥਾ ਵਿੱਚ ਰਹਿੰਦਾ ਹੈ। ਇਸ ਦੇ ਵਿੱਚ ਵਿਰੋਧੀ ਕਿਰਿਆਵਾਂ ਚੱਲਦੀਆਂ ਰਹਿੰਦੀਆਂ ਹਨ, ਜੋ ਇਸ ਦੀ ਗਤੀ ਦਾ ਸੋਮਾ ਹਨ। ਗਤੀਸ਼ੀਲ ਹੋਣ ਕਾਰਨ ਹੀ ਅਸੀਂ ਸਰੀਰ ਨੂੰ ਬਾਲ, ਜੁਆਨੀ, ਬਿਰਧ ਅਵਸਥਾ ਵਿੱਚ ਵਟਦਿਆਂ ਵੇਖਦੇ ਹਾਂ। ਸਰੀਰਕ ਵਿਗਿਆਨ ਦੇ ਮਾਹਰਾਂ ਨੇ ਇਸ ਲਈ ਸਰੀਰ ਨੂੰ ਹਰ ਅਵਸਥਾ ਵਿੱਚ ਗਤੀਸ਼ੀਲ ਰੱਖਣ ਲਈ, ਪੈਦਲ ਚੱਲਣ, ਤੇਜ਼ ਦੌੜਨ, ਕਸਰਤ ਦੇ ਭਿੰਨ-ਭਿੰਨ ਢੰਗ ਬਣਾਏ ਹਨ। ਬਚਪਨ ਤੋਂ ਹੀ ਹਰ ਕਿਸੇ ਨੂੰ ਇਸ ਪਾਸੇ ਤੋਰਨ ਲਈ ਖੇਡਾਂ ਦੀਆਂ ਕਈ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਹਨ। ਬਚਪਨ ਵਿੱਚ ਖੇਡਾਂ ਜਿੱਥੇ ਸਰੀਰ ਨੂੰ ਚੁਸਤੀ-ਫੁਰਤੀ ਪ੍ਰਦਾਨ ਕਰਦੀਆਂ ਹਨ, ਉੱਥੇ ਇਹ ਬਾਲ ਮਨ ਵਿੱਚ ਖੁਸ਼ੀਆਂ, ਖੇੜਿਆਂ ਦਾ ਸੰਚਾਰ ਵੀ ਕਰਦੀਆਂ ਹਨ। ਖੇਡਾਂ ਵਿੱਚ ਰੁੱਝਿਆ ਬੱਚਾ, ਸਮੂਹਿਕਤਾ ਦੀ ਭਾਵਨਾ ਨਾਲ ਓਤ-ਪੋਤ ਹੋ ਕੇ, ਸਮਾਜਿਕ ਸੰਸਕਾਰ ਗ੍ਰਹਿਣ ਕਰਨ ਦਾ ਰਾਹ ਵੀ ਫੜਦਾ ਹੈ। ਜਿਵੇਂ-ਜਿਵੇਂ ਉਸ ਵਿੱਚ ਖੇਡ-ਭਾਵਨਾ ਵਿਕਸਿਤ ਹੁੰਦੀ ਹੈ, ਉਹ ਸਾੜਾ, ਕੀਨਾ, ਈਰਖਾ, ਬੁਗਜ਼, ਹਉਮੈ ਹੰਕਾਰ ਅਤੇ ਮੇਰ-ਤੇਰ ਦੀ ਭਾਵਨਾ ਤਿਆਗ ਕੇ ਪਰਸਪਰ ਸਹਿਹੋਂਦ, ਮੇਲ-ਜੋਲ, ਮੁਆਫ਼ ਕਰਨ, ਪਰਉਪਕਾਰ, ਮੁਸੀਬਤ ਗ੍ਰਸਤ ਲੋਕਾਂ ਦੀ ਇਮਦਾਦ ਜਿਹੇ ਗੁਣ ਗ੍ਰਹਿਣ ਕਰਦਾ ਹੈ।

ਖੇਡਾਂ ਪੰਜਾਬੀ ਸੱਭਿਆਚਾਰ ਦਾ ਦੁਨੀਆਂ ਦੇ ਹਰ ਸੱਭਿਆਚਾਰ ਜਿਉਂ ਅਭਿੰਨ ਅੰਗ ਹਨ। ਮਜ਼ਬੂਤ ਦਿਲ ਗੁਰਦੇ ਵਾਲੇ ਹੋਣਾ ਅਤੇ ਸਹਿਣਸ਼ੀਲ ਹੋ ਕੇ, ਹਰ ਆਫ਼ਤ, ਹਰ ਔਕੜ ਦਾ ਦਲੇਰੀ ਨਾਲ ਦਮ ਰੱਖ ਕੇ, ਟਾਕਰਾ ਕਰਨ ਦਾ ਸੁਭਾਉ, ਪੰਜਾਬੀਆਂ ਨੂੰ ਆਪਣੇ ਖੇਡ ਵਿਰਸੇ ਵਿੱਚੋਂ ਮਿਲਿਆ ਹੈ। ਸਾਡੇ ਮਹਾਨ ਆਦਰਸ਼, ਸਤਿਗੁਰੂ ਸਾਹਿਬਾਨ, ਆਪਣੇ ਬਚਪਨ ਵਿੱਚ ਸਰੀਰਕ ਅਤੇ ਮਾਨਸਿਕ ਖੇਡਾਂ ਵਿੱਚ ਹਿੱਸਾ ਵੀ ਲੈਂਦੇ ਸਨ ਅਤੇ ਸਮੇਂ-ਸਮੇਂ ਇਹਨਾਂ ਖੇਡਾਂ ਦਾ ਸੰਗਤ ਵਿੱਚ ਪਰਚਾਰ-ਪਰਸਾਰ ਕਰਨ ਲਈ, ਵੱਖ-ਵੱਖ ਖੇਡ ਮੁਕਾਬਲੇ ਵੀ ਕਰਵਾਇਆ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਦਾ ਪਸ਼ੂ ਚਾਰਦੇ ਸਮੇਂ, ਹਾਣੀਆਂ ਨਾਲ ਖੇਡ ਵਿੱਚ ਮਸਤ ਹੋਣ ਦਾ ਜ਼ਿਕਰ ਸੁਣਿਆ ਜਾਂਦਾ ਹੈ। ਉਹ ਦਿਮਾਗੀ ਖੇਡਾਂ, ਦੇਵ ਨਾਗਰੀ ਅਤੇ ਅਰਬੀ ਲਿੱਪੀ ਵਿੱਚ ਅੜਾਉਣੀਆਂ

ਲਿਖ ਕੇ, ਉਹ ਪੱਟੀ ਪਾਂਧੇ ਤੇ ਮੁੱਲਾਂ ਨੂੰ ਵਿਖਾ ਕੇ, ਚਕਿਤ ਕਰਕੇ, ਆਪਣੇ ਬੁੱਧ ਬਲ ਦਾ ਸਬੂਤ ਦਿੰਦੇ ਸਨ। ਗੁਰੂ ਅੰਗਦ ਸਾਹਿਬ ਜੀ ਨੇ ਖਡੂਰ ਸਾਹਿਬ ਵਿਖੇ ਇੱਕ ਮੱਲ ਅਖਾੜਾ ਰਚ ਕੇ, ਗੁਰੂ ਪਿਆਰਿਆਂ ਨੂੰ ਕੁਸ਼ਤੀ ਦੇ ਦਾਅ ਪੇਚ ਸਿੱਖਣ ਲਈ ਪ੍ਰੇਰਿਆ ਸੀ। ਗੁਰੂ ਅਮਰਦਾਸ ਜੀ ਨੇ ਸਿੱਖ ਸੰਗਤਾਂ ਨੂੰ ਸਲਾਨਾ ਹੋਲੇ ਦੇ ਅਵਸਰ 'ਤੇ ਇਕੱਠਾ ਕਰਨਾ ਸ਼ੁਰੂ ਕੀਤਾ, ਜਿੱਥੇ ਉਹਨਾਂ ਨੂੰ ਨਾਮ ਬਾਣੀ ਅਤੇ ਗੁਰ ਉਪਦੇਸ਼ ਦੀ ਆਤਮਿਕ ਖੁਰਾਕ ਦੇ ਨਾਲ-ਨਾਲ ਸਰੀਰਕ ਸਾਂਭ ਸੰਭਾਲ ਦੇ ਗੁਰ ਦਰਸਾਉਣ ਵਾਲੀਆਂ ਖੇਡਾਂ ਅਤੇ ਹੋਰ ਕਰਤਬ ਵੀ ਵੇਖਣ ਨੂੰ ਮਿਲਦੇ। ਗੁਰੂ ਅਰਜਨ ਦੇਵ ਜੀ ਆਪਣੀ ਸਿਰੀ ਰਾਗ ਵਿੱਚ ਉਚਾਰੀ ਬਾਣੀ ਵਿੱਚ, ਮੱਲ ਅਖਾੜੇ ਦਾ ਸਜੀਵ ਚਿਤਰਣ ਇਸ ਤਰ੍ਹਾਂ ਕਰਦੇ ਹਨ, ਜਿੱਥੋਂ ਪਤਾ ਲੱਗਦਾ ਹੈ ਕਿ ਇਸ ਪਰੰਪਰਾ ਦੀਆਂ ਜੜ੍ਹਾਂ, ਗੁਰ ਸੰਗਤ ਵਿੱਚ ਕਿੱਥੋਂ ਤੱਕ ਜਾ ਚੁੱਕੀਆਂ ਸਨ-

ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥

ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ॥

ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ॥

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਆਪਣੇ ਬਾਲ ਸਖਾ, ਪੈਂਦੇ ਖਾਨ ਨਾਲ ਕਈ ਵੇਰ ਕੁਸ਼ਤੀ ਦਾ ਜ਼ਿਕਰ, ਸਿੱਖ ਸਾਹਿਤ ਵਿੱਚ ਮਿਲਦਾ ਹੈ। ਉਹਨਾਂ ਨੇ ਜਾਬਰ ਕੇਂਦਰੀ ਅਤੇ ਸੂਬਾਈ ਹਕੂਮਤਾਂ ਨਾਲ ਟੱਕਰ ਲੈਣ ਲਈ, ਸਿੱਖ ਜੁਆਨਾਂ ਨੂੰ ਸੈਨਿਕ ਸਿਖਲਾਈ ਦਿੱਤੀ। ਉਹਨਾਂ ਨੂੰ ਸ਼ਸ਼ਤ੍ਰਬੱਧ ਕੀਤਾ। ਘੋੜ ਸਵਾਰੀ, ਨੇਜ਼ਾਬਾਜ਼ੀ, ਤਲਵਾਰ ਜ਼ਨੀ ਅਤੇ ਹਰ ਤਰ੍ਹਾਂ ਦੀ ਸ਼ਸ਼ਤਰ ਵਿੱਦਿਆ ਦੇਣ ਲਈ ਜੰਗੀ ਖੇਡਾਂ ਵੀ ਕਰਵਾਈਆਂ। ਪਹਿਲੇ ਗੁਰੂ ਸਾਹਿਬਾਨ ਦੀਆਂ ਇਹਨਾਂ ਸਰਗਰਮੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਰ ਵਿਸਥਾਰਿਆ ਗਿਆ। ਉਹ ਸੁੰਦਰ ਘੋੜਿਆਂ, ਫੁਰਤੀਲੇ ਜੁਆਨਾਂ ਅਤੇ ਚੰਗੇ ਸ਼ਸ਼ਤਰਾਂ ਨੂੰ ਹਮੇਸ਼ਾਂ ਸੰਗਤ ਦਾ ਹਿੱਸਾ ਬਣਾ ਕੇ, ਉਸ ਦੀ ਸਰੀਰਕ ਸਮਰੱਥਾ ਵਧਾਉਣ ਲਈ ਅਨੇਕ ਤਰ੍ਹਾਂ ਦੀਆਂ ਖੇਡਾਂ, ਸਰੀਰਕ ਕਤਰਬ ਕਰਵਾਉਂਦੇ। ਆਪ ਜੀ ਨੇ ਅਨੰਦਪੁਰ ਸਾਹਿਬ ਵਿੱਚ ਹੋਲੇ ਮਹੱਲੇ ਦੇ ਪੁਰਬ ਨੂੰ ਨਵਾਂ ਰੂਪ ਦੇ ਕੇ, ਇਸ ਵਿੱਚ ਮਾਰਸ਼ਲ ਕਲਾ ਦਾ ਪਰਚਾਰ-ਪਰਸਾਰ ਵੱਡੀ ਪੱਧਰ 'ਤੇ ਕੀਤਾ। ਆਪਣੀ ਸੰਗਤ ਨੂੰ ਸ਼ਸ਼ਤਰਬੱਧ ਕਰਕੇ ਸੈਨਾ ਦਾ ਰੂਪ ਦਿੱਤਾ। ਗਤਕੇਬਾਜ਼ੀ, ਘੋੜ-ਦੌੜ, ਨਿਸ਼ਾਨੇ ਫੁੰਡਣ, ਕੁਸ਼ਤੀਆਂ ਦੇ ਦੰਗਲ, ਵੱਡੀ ਪੱਧਰ 'ਤੇ ਕਰਵਾਕੇ ਜੇਤੂਆਂ ਨੂੰ ਇਨਾਮ ਬਖਸ਼ਦੇ ਸਨ। ਆਪ ਜੀ ਦੇ ਹਜ਼ੂਰੀ ਕਵੀਆਂ ਵਿੱਚੋਂ ਕੁਝ ਕਵੀਆਂ ਦੇ ਪਹਿਲਵਾਨੀ ਕਰਨ ਦੇ ਸ਼ੌਕ ਦਾ ਵੀ ਜ਼ਿਕਰ, ਪੁਰਾਤਨ ਗ੍ਰੰਥਾਂ ਵਿੱਚ ਮਿਲਦਾ ਹੈ।

ਸ. ਨਾਹਰ ਸਿੰਘ ਹੋਰਾਂ ਦੇ ਲਿਖਣ ਮੁਤਾਬਿਕ, ਨਾਮਧਾਰੀ ਸੰਤ ਖਾਲਸੇ ਦੇ ਬਾਨੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ, "9 ਸਾਲ ਦੀ ਉਮਰ ਵਿੱਚ ਘਰ ਦੇ ਕੰਮਾਂ ਨੂੰ ਹੱਥ ਪਾਵਣ ਲੱਗ ਪਏ। ਪਿੰਡ ਦੇ ਵਾਗੀ ਮੁੰਡਿਆਂ ਨਾਲ ਗਊਆਂ ਛੱਡ ਕੇ ਲੈ ਜਾਂਦੇ, ਅਤੇ ਛੇੜਾਂ ਨਾਲ ਬਾਹਰਲੀ ਖੁੱਲ੍ਹੀ ਹਵਾ ਵਿੱਚ ਡੰਗਰ ਚਾਰਦੇ। ਕੌਡੀ ਬਾਡੀ, ਘੁਲਣਾ, ਅੱਡੀ ਛੜੱਪਾ, ਬਾਂਦਰ ਕਿੱਲਾ, ਅੜਾਂਗੀ ਟੱਪਣੀ ਆਦਿ ਵਾਗੀ ਮੁੰਡਿਆਂ ਦੀਆਂ ਖੇਡਾਂ ਵਿੱਚ ਪੂਰਾ ਹਿੱਸਾ ਲੈਂਦੇ।" ਇਸ ਤੋਂ ਇਲਾਵਾ ਆਪ ਜੀ ਤੇਜ਼ ਚੱਲਣ, ਉੱਚੀ ਤੇ ਲੰਮੀ ਛਾਲ, ਘੋੜ ਸਵਾਰੀ, ਠਾਠਾਂ ਮਾਰਦੇ ਦਰਿਆ ਨੂੰ ਤਰ ਕੇ ਸਿੱਧਾ ਪਾਰ ਜਾਣਾ ਅਤੇ ਹੋਰ ਬਹੁਤ ਸਾਰੇ ਜੰਗੀ ਕਰਤਬਾਂ, ਚੱਕਰ ਚਲਾਉਣ ਵਿੱਚ ਵੀ ਮਾਹਿਰ ਸਨ। ਛਟੀ ਦੀ ਅੜੇਸ ਨਾਲ, ਖੋਟੀ ਨੀਅਤ ਧਾਰ ਕੇ ਰੁੜਕੇ ਪਿੰਡ ਵਿੱਚ ਭੇਟਾ ਲਈ ਆਏ ਪਤਾਸਿਆਂ ਦੇ ਥਾਲ ਨੂੰ, ਦੀਵਾਨ ਅਸਥਾਨ ਤੋਂ ਬਾਹਰ ਵਗਾਹ ਮਾਰਨਾ ਵੀ ਆਪ ਜੀ ਦਾ ਇੱਕ ਐਸਾ ਹੀ ਵਚਿੱਤਰ ਕਰਤਬ ਸੀ। ਆਪ ਜੀ ਦੇ ਛੋਟੇ ਭਰਾਤਾ ਮਹਾਰਾਜ ਬੁੱਧ ਸਿੰਘ ਜੀ (ਬਾਅਦ ਵਿੱਚ ਸ੍ਰੀ ਗੁਰੂ ਹਰੀ ਸਿੰਘ ਜੀ ਦੇ ਤੌਰ 'ਤੇ ਵਖਿਆਤ ਹੋਏ) ਵੀ ਇਤਨੇ ਬਲਸ਼ਾਲੀ ਸਨ ਕਿ ਪੰਜ-ਪੰਜ ਵਿਅਕਤੀਆਂ ਜਿਤਨਾ ਕੰਮ, ਇਕੱਲੇ ਕਰ ਲੈਂਦੇ ਸਨ। ਉਹ ਪਿਤਾ ਪੁਰਖੀ, ਲੋਹਾਰਾ-ਤਰਖਾਣਾ ਅਤੇ ਖੇਤੀ ਦੇ ਸਖ਼ਤ ਮਿਹਨਤ ਵਾਲੇ ਕੰਮ, ਕਰਨ ਲੱਗਿਆਂ ਉੱਡੇ ਫਿਰਦੇ ਸਨ। ਉਹ ਸਤਿਗੁਰੂ ਜੀ ਦੇ ਦੁਕਾਨਦਾਰੀ ਦੇ ਕੰਮ ਲਈ, ਗੱਡਾ ਲੱਦਣ ਲਿਆਉਣ ਵਿੱਚ ਵੀ ਤਕੜੇ ਸਨ। ਮਾਲ ਅਸਬਾਬ ਲਈ ਆਉਂਦਿਆਂ ਰਸਤੇ ਵਿੱਚ ਚੋਰ ਧਾੜਵੀ ਵੀ ਮਿਲ ਜਾਂਦੇ। ਅਜਿਹੇ ਸਮੇਂ ਆਪ ਜੀ ਦਾ ਡਾਂਗ ਬਹਾਦੁਰ ਵਾਲਾ ਰੂਪ ਕੰਮ ਆਉਂਦਾ ਸੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਪਨ ਤਾਂ ਪੁਲੀਸ ਚੌਂਕੀ ਦੀ ਨਿਗਰਾਨੀ ਹੇਠ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿੱਚ ਬਤੀਤ ਹੋਇਆ। ਆਪ ਜੀ ਦੇ ਨਾਲ ਖੇਡਣ ਵਾਲੇ ਪਿੰਡ ਦੇ ਪੰਡਿਤਾਂ ਦੇ ਮੁੰਡੇ ਹਰਦੇਵ ਸਿੰਘ (ਬਖਸ਼ੀ) ਹੋਰਾਂ ਨੂੰ ਕਈ ਵੇਰ ਪੁਲੀਸ ਦੇ ਸਿਪਾਹੀ ਨਾਲ ਨਾ ਜਾਣ ਦਿੰਦੇ। ਇਸ ਤੇ ਆਪ ਜੀ ਪੁਲੀਸ ਨਾਲ ਹੱਥੋ ਪਾਈ ਕਰਕੇ ਵੀ ਆਪਣੇ ਸਾਥੀ ਖਿਡਾਰੀ ਨੂੰ ਪਿੰਡ ਵਿੱਚੋਂ, ਗੁਰਦੁਆਰੇ ਦੇ ਅੰਦਰ ਲੈ ਜਾਣ ਵਿੱਚ ਸਫ਼ਲ ਹੁੰਦੇ ਸਨ। ਬਾਲ ਅਵਸਥਾ ਤੋਂ ਜੁਆਨੀ ਚੜ੍ਹਦੇ ਸਮੇਂ, ਆਪ ਖਿੱਦੋ ਖੂੰਡੀ, ਦੇਸੀ ਖੇਡ ਦੇ ਸ਼ੌਕੀਨ ਸਨ। ਡੇਰੇ ਵਿੱਚ ਰਹਿਣ ਵਾਲੇ ਕੁਝ ਸਿੱਖਾਂ ਦੇ ਬੱਚੇ ਅਤੇ ਪਿੰਡ ਭੈਣੀ ਸਾਹਿਬ ਦੇ ਕਿਸਾਨ ਅਤੇ ਦਸਤਕਾਰ ਪਰਿਵਾਰਾਂ ਦੇ ਬੱਚੇ ਰਲ ਮਿਲ ਕੇ ਦੋ ਟੀਮਾਂ ਬਣ ਜਾਂਦੀਆਂ। ਇੱਕ ਟੀਮ ਦੀ ਅਗਵਾਈ, ਬਾਲਕ ਸਤਿਗੁਰੂ ਜੀ ਅਤੇ ਦੂਸਰੀ ਦੀ ਮਹਾਰਾਜ ਨਿਹਾਲ ਸਿੰਘ ਜੀ ਕਰਿਆ ਕਰਦੇ ਸਨ। ਰਤਾ ਹੋਰ ਵਡੇਰੇ ਹੋਏ ਤਾਂ ਖਿੱਦੋ ਖੂੰਡੀ ਦੇ ਨਾਲ-ਨਾਲ ਕਉਡੀ ਖੇਡਣੀ ਵੀ ਸ਼ੁਰੂ ਕਰ ਦਿੱਤੀ। ਗੁਰਗੱਦੀ 'ਤੇ ਬਿਰਾਜਮਾਨ ਹੋਣ ਬਾਅਦ ਜਦੋਂ ਚਾਲੀਹੇ ਜਾਂ ਜਪ ਪ੍ਰਯੋਗ ਲਈ ਡੇਰਾ, ਸਰਹਿੰਦ ਨਹਿਰ 'ਤੇ ਕੁਝ ਮਹੀਨਿਆਂ ਲਈ ਲੈ ਜਾਂਦੇ ਤਾਂ ਉੱਥੇ ਅਖਾੜਾ ਗੋਡਿਆ ਜਾਂਦਾ ਸੀ। ਮਾਘਾ ਸਿੰਘ

ਆਲੋਂਡੀਆ, ਗੁਰਬਖਸ਼ ਸਿੰਘ ਚੱਕ ਵਾਲਾ, ਸ੍ਰ. ਸੰਪੂਰਨ ਸਿੰਘ ਇਰਾਕ (ਰਾਖ) ਵਾਲੇ ਦਾ ਪੁੱਤਰ ਜੰਗ ਸਿੰਘ, ਕਿਹਰ ਸਿੰਘ ਰਾਖ ਵਾਲਾ, ਹਜ਼ੂਰੀ ਸੇਵਕ ਭਾਈ ਵਜ਼ੀਰ ਸਿੰਘ ਜੀ, ਲਾਲ ਸਿੰਘ ਬੱਲੂਆਣਾ ਆਦਿ ਨਾਲ ਅਖਾੜੇ ਵਿੱਚ ਜ਼ੋਰ ਕਰਿਆ ਕਰਦੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ, ਆਪਣੇ ਸਰੀਰ ਨੂੰ ਅਨੇਕ ਕਰਤਬ ਕਰਕੇ ਸਾਧਿਆ ਕਰਦੇ ਸੀ। "ਖੂਹ ਦੀ ਮਾਹਲ ਭਰੀ ਤਿੰਨ ਸੇਰੀ ਟਿੰਡ ਸੱਤ ਵੀਹਾਂ ਦੀ, ਪਾਣੀ ਵਿੱਚੋਂ ਬਾਹਰ ਕੱਢ ਧਰਨੀ ਤੇ ਖੂਹ ਦੇ ਸੱਤ ਗੇੜੇ ਲਿਆਉਣੇ ਭਰੀ ਮਾਹਲ ਦੇ ਇਕੱਲਿਆਂ। ਦੂਜੇ ਪਾਸੇ ਕਈ ਸਾਥੀ ਲਾ ਕੇ ਇਕੱਲਿਆਂ ਰੱਸਾ ਖਿੱਚਣਾ। ਇੱਟ ਭਾਰੀ ਤੋਂ ਭਾਰੀ ਚੁਬਾਰੇ ਤੋਂ ਉੱਪਰ ਵਗਾਹ ਦੇਣੀ। ਘੋੜੀ ਉੱਚੀ ਤੋਂ ਉੱਚੀ 'ਤੇ ਕੰਨ ਫੜ੍ਹ, ਆਪਣੇ ਲੱਕ ਨੂੰ ਫੜ੍ਹ, ਉੱਛਲ ਕੇ ਉੱਪਰ ਜਾ ਪੈਣਾ। ਊਠ ਨੱਸੇ ਜਾਂਦੇ ਉੱਚੇ ਦੀ, ਨੱਸ ਕੇ, ਪੂਛ ਫੜ ਕੇ, ਖੁੱਚ 'ਤੇ ਪੈਰ ਧਰ ਉੱਪਰ ਜਾ ਬੈਠਣਾ। ਤਿੱਖੀ (ਸਰਹਿੰਦ) ਨਹਿਰ ਵਗਦੀ ਵਿੱਚੋਂ ਸੇਧ ਰੱਖ ਸਿੱਧਾ ਜਾਣਾ। ਸਿਰ 'ਤੇ ਭਾਰ ਰੱਖ, ਲੱਕ ਤੋਂ ਉਪਰਲਾ ਹਿੱਸਾ ਜਲ ਤੋਂ ਉੱਚਾ, ਸੁੱਕਾ ਰੱਖਣਾ। ਹਾਣੀਆਂ ਨਾਲ ਦੌੜਨਾ ਅਤੇ ਵਕਤ ਵੀ ਸਭ ਤੋਂ ਘੱਟ ਲੈਣਾ। ਅਖਾੜੇ ਵਿੱਚ ਵਾਰੀ-ਵਾਰੀ ਕਈ ਸਰੀਰਾਂ ਨਾਲ ਇਕੱਲਿਆਂ ਹੀ ਬਿਨਾਂ ਥੱਕਿਆਂ ਜ਼ੋਰ ਕਰਵਾ ਦੇਣਾ।

ਇੱਕ ਸਮੇਂ ਭੂਤਰਿਆ ਹੋਇਆ ਮਾਰਨ ਵਾਲਾ ਬਲਦ, ਸਤਿਗੁਰੂ ਜੀ ਨੂੰ ਇਕੱਲਿਆਂ ਜਾਂਦਿਆਂ ਨੂੰ ਸਿੱਧਾ ਹੋ ਗਿਆ। ਆਪ ਜੀ ਪਾਸ ਸਿਰਫ਼ ਦੋ ਹੱਥ ਲੰਮਾ, ਰਤਾ ਮੋਟਾ ਸੋਟਾ ਸੀ। ਬੈਲ ਨੂੰ ਡਰਾ ਕੇ ਭਜਾਉਣਾ ਚਾਹਿਆ ਪਰ ਜਦੋਂ ਉੱਪਰ ਆ ਚੜ੍ਹਿਆ ਤਾਂ ਜੱਫਾ ਭਰ ਕੇ ਪੁੱਠਾ ਸੁੱਟਿਆ ਤੇ ਉੱਠਦਾ ਹੀ ਭੱਜ ਗਿਆ। ਕਿੰਨਾ ਹੀ ਮਾਰਖੋਰਾ ਸੰਢਾ ਹੋਵੇ, ਜਬਾੜੇ ਤੋਂ ਫੜ ਕੇ ਇੱਕੋ ਥਾਂ ਖਲ੍ਹਾਰ ਦਿੰਦੇ ਸਨ। ਅੜਬ ਤੋਂ ਅੜਬ ਅਣਸਿਧਾਏ ਘੋੜੇ ਦੇ ਉੱਪਰ ਚੜ੍ਹ ਕੇ, ਉਸਨੂੰ ਹੌਲੀ-ਹੌਲੀ ਰਾਹੇ ਪਾ ਲੈਂਦੇ। ਕਈ ਵੇਰ ਆਪਣੀ ਮੌਜ ਵਿੱਚ ਹਲ ਵਾਹੁੰਦੇ ਸਿੰਘਾਂ ਤੋਂ ਜੰਘੀ ਫੜ੍ਹ ਲੈਣੀ ਅਤੇ ਛੋਹਲੇ ਕਦਮੀਂ ਸੁੰਦਰ ਰਾਹਲ ਮੱਲ ਕੇ, ਹਲ ਵਾਹੁਣ ਦੀ ਜਾਚ ਦੱਸਣੀ। ਭੈਣੀ ਸਾਹਿਬ ਦੇ ਟੋਏ ਟਿੱਬੇ ਪੱਧਰ ਕਰਨ ਦਾ ਕੰਮ, ਹੱਥੀਂ ਕਹੀ ਫੜ ਕੇ ਕਰਦੇ ਸਨ।

ਸਤਿਗੁਰੂ ਜੀ ਮੰਨੇ ਹੋਏ ਘੋੜ ਅਸਵਾਰ ਵੀ ਸਨ। ਆਪ ਜੀ ਅਨੇਕ ਵੇਰ, ਲੰਮੀਆਂ ਵਾਟਾਂ ਸਮੇਂ ਅੰਮ੍ਰਿਤ ਵੇਲੇ ਸਫ਼ਰ ਕਰਦੇ, ਘੋੜਿਆਂ ਉੱਪਰ ਹੀ ਆਸਾ ਦੀ ਵਾਰ ਵੀ ਲਾ ਲਿਆ ਕਰਦੇ ਸਨ। ਜਦੋਂ ਆਪ ਜੀ ਪੱਛਮੀ ਪੰਜਾਬ ਦੇ ਬਾਰ ਦੇ ਇਲਾਕਿਆਂ ਦਾ ਦੌਰਾ ਕਰਿਆ ਕਰਦੇ ਸਨ ਤਾਂ ਅਨੇਕ ਜਾਂਗਲੀ ਮੁਸਲਮਾਨ, ਆਪ ਦੇ ਦਰਸ਼ਨਾਂ ਲਈ ਇਹ ਕਹਿੰਦਿਆਂ ਆਇਆ ਕਰਦੇ ਸਨ ਕਿ ਅਸਾਂ ਘੋੜੇ ਤੇ ਚੜ੍ਹੇ "ਪੀਰ ਮਹਾਰਾਜ" ਜੀ ਦੇ ਦਰਸ਼ਨ ਕਰਨੇ ਹਨ। ਇਸ ਸਮੇਂ ਉਹ ਲੋਕ ਬੇਨਤੀ ਕਰਕੇ ਆਪ ਜੀ ਨੂੰ ਨੇਜੇਬਾਜ਼ੀ ਕਰਦਿਆਂ ਅਤੇ ਕਿੱਲਾ ਢੂੰਡਦਿਆਂ ਤੱਕ ਕੇ ਵੀ ਬਾਗੋ ਬਾਗ ਹੋਇਆ

ਕਰਦੇ ਸਨ। ਬਹੁਤ ਸਾਰੇ ਉਸ ਸਮੇਂ ਦੇ ਉੱਘੇ ਨਿਹੰਗ ਸਿੰਘ ਵੀ ਸਤਿਗੁਰੂ ਜੀ ਪਾਸ ਗਤਕੇ, ਘੋੜ ਸੁਆਰੀ ਅਤੇ ਨੇਜੇ ਬਾਜ਼ੀ ਦੀਆਂ ਵਚਿੱਤਰ ਖੇਡਾਂ ਦਾ ਅਨੰਦ ਮਾਨਣ ਲਈ ਆਇਆ ਕਰਦੇ ਸਨ।

ਕਈ ਵੇਰ ਨਹਿਰ ਵਾਲੇ ਡੇਰੇ ਤੋਂ ਅੱਧੀ ਰਾਤ ਪੈਦਲ 7-8 ਕਿਲੋਮੀਟਰ ਪੰਧ ਮਾਰ ਕੇ ਭੈਣੀ ਸਾਹਿਬ ਦੇ ਤਬੇਲੇ ਵਿੱਚੋਂ ਘੋੜਾ ਜਾਂ ਘੋੜੀ ਖੋਲ੍ਹ ਕੇ ਲੈ ਜਾਣਾ ਅਤੇ ਸਵੇਰੇ ਪਹਿਰੂਆਂ ਨੂੰ ਪੁੱਛਣਾ ਕਿ ਕਿਹੋ ਜਿਹੀ ਰਾਖੀ ਕਰਦੇ ਹੋ? ਸੰਨ 1947 ਤੋਂ ਪਹਿਲਾਂ ਜਦੋਂ ਰਾਵੀ ਦਰਿਆ ਦੀ ਢਾਹ ਲੱਗਣ ਕਾਰਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਅਸਥਾਨ, ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਦਰਿਆ ਬੁਰਦ ਹੋਣ ਦਾ ਖ਼ਤਰਾ ਭਾਸਿਆ ਤਾਂ ਸਿੱਖ ਸੰਗਤਾਂ ਨੇ ਇਸ ਸਮੇਂ ਗੁਰਦੁਆਰੇ ਵਾਲੇ ਪਾਸੇ ਬੰਨ੍ਹ ਮਾਰ ਕੇ, ਦਰਿਆ ਦਾ ਵਹਿਣ ਦੂਜੇ ਪਾਸੇ ਮੋੜਨ ਲਈ, ਕਾਰ ਸੇਵਾ ਆਰੰਭੀ ਸੀ। ਇਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਵਿਸ਼ੇਸ਼ ਕਰਕੇ ਦੜਪ ਦੀ ਨਾਮਧਾਰੀ ਸੰਗਤ ਸਮੇਤ ਇਸ ਸੇਵਾ ਵਿੱਚ ਭਾਗ ਲਿਆ। ਆਪ ਜਿਸ ਫੁਰਤੀ ਨਾਲ ਮਿੱਟੀ ਦੇ ਭਰੇ ਟੋਕਰੇ ਚੁੱਕ-ਚੁੱਕ ਕੇ ਸੁੱਟਦੇ ਰਹੇ, ਵੇਖਣ ਵਾਲੇ ਦੰਗ ਹੋ ਜਾਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਲੋਕ ਅਕਸਰ ਇਹ ਚਰਚਾ ਕਰਿਆ ਕਰਦੇ ਸਨ ਕਿ ਆਪ ਸੁੰਦਰ, ਸੁਡੌਲ, ਸਿਹਤਮੰਦ, ਹਿੰਮਤੀ, ਫੁਰਤੀਲੇ ਨਵਯੁਵਕਾਂ ਨੂੰ ਆਪਣੀ ਵਿਸ਼ੇਸ਼ ਕਿਰਪਾ ਦਾ ਪਾਤਰ ਬਣਾਇਆ ਕਰਦੇ ਸਨ। ਉਹ ਆਪਣੇ ਪੰਥ ਦੀ ਆਤਮਿਕ ਅਤੇ ਸਰੀਰਕ ਉੱਨਤੀ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਹੋਰਾਂ ਦੀ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਵਿਖੇ ਮੁੱਢਲੀ ਸਿੱਖਿਆ, 70-75 ਪੰਜਾਬ ਭਰ 'ਚੋਂ ਆਏ ਹੋਰ ਵਿਦਿਆਰਥੀਆਂ ਨਾਲ, ਸੰਪੂਰਨ ਹੋਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਹ ਦੋਵੇਂ ਸਾਹਿਬਜ਼ਾਦੇ, ਬੇਅੰਤ ਜੀ ਅਤੇ ਵੱਲਭ (ਜਾਂ ਬੱਲ੍ਹੋ) ਜੀ, ਉਸ ਵਕਤ ਦੀਆਂ ਪ੍ਰਚਲਿਤ ਖੇਡਾਂ ਲੁਕਣਮੀਟੀ, ਖਿੱਦੋ ਖੂੰਡੀ, ਕਬੱਡੀ, ਗਤਕਾ, ਰੱਸਾ ਖਿੱਚਣਾ, ਰੱਸਾ ਟੱਪਣਾ, ਉੱਚੀ ਅਤੇ ਲੰਮੀ ਛਾਲ, ਡੰਡ ਬੈਠਕਾਂ ਕੱਢਣੀਆਂ, ਦੌੜ ਲਾਉਣੀ, ਤੈਰਾਕੀ, ਚੱਕਰ ਚਲਾਉਣਾ ਅਤੇ ਘੁਮਾਉਣਾ, ਗੋਲਾ ਸੁੱਟਣਾ, ਘੋੜ ਸਵਾਰੀ, ਸਾਈਕਲ ਰੇਸ, ਪੀਂਘ ਝੂਟਣੀ, ਪੋਲੋ ਖੇਡਣੀ, ਫੁੱਟਬਾਲ, ਗੀਟੇ ਖੇਡਣੇ ਆਦਿ ਵਿੱਚ ਹਿੱਸਾ ਲੈਂਦੇ ਸਨ। ਬੇਅੰਤ ਜੀ ਬਹੁਤ ਵਧੀਆ ਘੋੜ ਸਵਾਰ ਸਨ ਅਤੇ ਕਈ ਅੱਥਰੇ ਘੋੜਿਆਂ 'ਤੇ ਸਵਾਰੀ ਕਰ ਚੁੱਕੇ ਸਨ। ਉਹ ਅਖਾੜਾ ਗੋਡਦੇ ਅਤੇ ਹੋਰਨਾਂ ਸਾਥੀਆਂ ਨਾਲ ਜ਼ੋਰ ਕਰਦੇ, ਕੁਸ਼ਤੀ ਘੁਲਦੇ ਸਨ। ਨੀਲੋਂ ਨਹਿਰ ਵਿੱਚ ਆਪ ਅਨੇਕ ਭਾਂਤ ਦੀਆਂ ਤਾਰੀਆਂ ਲਾਉਂਦੇ ਅਤੇ ਪਾਣੀ ਦੀਆਂ ਖੇਡਾਂ, ਹੇਠੋਂ ਮਿੱਟੀ ਲਿਆਉਣੀ, ਲੰਮੀ ਟੁੱਭੀ ਮਾਰਨ ਵਿੱਚ ਵੀ ਮਾਹਰ ਸਨ। ਉਹ ਆਪਣੇ ਬਸਤਰ ਆਪ ਧੋਂਦੇ, ਲੰਗਰ ਦੇ ਬਰਤਨ ਸਾਫ਼ ਕਰਦੇ, ਲੰਗਰ ਬਣਾਉਂਦੇ, ਗਊਆਂ ਲਈ ਪੱਠੇ ਵੱਢਦੇ, ਗਊਆਂ ਚੋਂਦੇ, ਖੂਹ ਵਿੱਚੋਂ ਜਲ ਕੱਢਦੇ

ਸਿਰ ਮੂੰਹ ਕੱਜ ਕੇ, ਸਿੰਘਾਂ ਦਾ ਤੜਕੇ ਇਸ਼ਨਾਨ ਕਰਵਾਇਆ ਕਰਦੇ ਸਨ। ਇਸ ਤਰ੍ਹਾਂ ਦੀਆਂ ਸਰੀਰਕ ਕਿਰਿਆਵਾਂ ਅਤੇ ਖੇਡਾਂ ਦੁਆਰਾ ਹੀ ਆਪ ਨੇ ਤਨ ਮਨ ਨੂੰ ਸਾਧ ਕੇ, ਅਲਪ ਅਹਾਰ ਸੁਲਪ ਸੀ ਨਿੰਦ੍ਰਾ, ਮੁਤਾਬਿਕ ਸਰੀਰ ਨੂੰ ਢਾਲ ਕੇ, ਲੰਮੀਆਂ ਸਮਾਧੀਆਂ ਅਤੇ ਬੈਠਕਾਂ ਦੇ ਸਮਰੱਥ ਬਣਾਇਆ ਸੀ।

ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਲਟੋਹਾ (ਲਾਹੌਰ ਹੁਣ ਅੰਮ੍ਰਿਤਸਰ) ਦਾ ਬਾਬਾ ਫਤੇਹ ਸਿੰਘ ਭੀਮ ਬਲੀ ਪਹਿਲਵਾਨ ਹੋਇਆ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ, ਨਾਮਧਾਰੀ ਸਿੰਘ ਸਜਣ ਵਾਲੇ, ਬਾਬਾ ਫਤੇਹ ਸਿੰਘ ਵਲਟੋਹਾ ਆਪਣੇ ਜਿਊਂਦਿਆਂ ਹੀ ਦੰਦ ਕਥਾਵਾਂ ਦੇ ਪਾਤਰ ਬਣ ਗਏ ਸਨ। ਜਿਹਾ ਕਿ ਖੂਹਾਂ ’ਤੇ ਚੱਲਣ ਵਾਲੇ ਹਰਟ ਦਾ ਸਾਮਾਨ ਪਾਣੀ ਦੀਆਂ ਭਾਰੀਆਂ ਟਿੰਡਾਂ ਮਾਹਲ ਆਦਿ ਚੁੱਕ ਲੈਂਦੇ ਸਨ। ਬਾਹਾਂ ਵਿੱਚੋਂ ਦੀ ਲੰਘਾ ਕੇ ਖਰਾਸ ਦੇ ਪੁੜਾਂ ਨੂੰ ਮੁੰਗਲੀਆਂ ਵਾਂਗ ਫੇਰ ਲੈਂਦੇ ਸਨ। ਇੱਕ ਵੇਰ ਲਾਹੌਰ ਗਏ ਤਾਂ ਇਤਿਹਾਸਕ ਭੰਗੀਆਂ ਵਾਲੀ ਤੋਪ, ਜਿਸ ਦੇ ਦਹਾਨੇ ਵਿੱਚੋਂ ਆਦਮੀ ਲੰਘ ਜਾਂਦਾ ਸੀ, ਉਸ ਨੂੰ ਚੁੱਕ ਲਿਆ ਸੀ। ਰੁਸਤਮੇ-ਹਿੰਦ ਕਿੱਕਰ ਸਿੰਘ ਜਿਹੇ ਪਹਿਲਵਾਨ ਆਪ ਦਾ ਸਿੱਕਾ ਮੰਨਦੇ ਸਨ। ਸੌਂਚੀ ਜੋ ਪੁਰਾਣੇ ਪੰਜਾਬ ਦੀ ਮਸ਼ਹੂਰ ਖੇਡ ਸੀ, ਉਸ ਵਿੱਚ ਫਤੇਹ ਸਿੰਘ ਪਹਿਲੇ ਮਿੰਟ ਵਿੱਚ ਹੀ ਵਿਰੋਧੀ ਨੂੰ ਪਛਾੜ ਦਿੰਦਾ ਸੀ। ਉਸ ਵੇਲੇ ਦੇ ਮਸ਼ਹੂਰ ਭਲਵਾਨ ਗੁਲਾਮ ਦੇ ਅਖਾੜੇ ਵਿੱਚ, ਬਾਬਾ ਇੱਕ ਰੇਲ ਪਟੜੀ ਦਾ ਟੋਟਾ ਚੁੱਕ ਕੇ ਅੱਪੜ ਗਿਆ। ਉਸਦੇ ਵਿਚਾਲੇ ਪੈਰ ਮਾਰ ਕੇ ਦੋਹਾਂ ਸਿਰਿਆਂ ਤੋਂ ਫੜਕੇ, ਪਟੜੀ ਕੁੱਬੀ ਕਰ ਦਿੱਤੀ ਅਤੇ ਕਹਿੰਦਾ ਹੁਣ ਸਿੱਧੀ ਕਰੋ। ਉਹਨਾਂ ਵੇਖ ਚਾਖ ਕੇ ਕਿਹਾ- ਬਾਬਾ ਤੈਥੋਂ ਬਿਨਾਂ ਕਿਸੇ ਤੋਂ ਨਹੀਂ ਹੋਣੀ। ਪਟੜੀ ਦੇ ਦੋਹਾਂ ਸਿਰਿਆਂ ’ਤੇ ਹੱਥ ਰੱਖ ਕੇ ਪੰਜ ਸੱਤ ਡੰਡ ਕੱਢੇ, ਪੱਟੜੀ ਸਿੱਧੀ ਹੋ ਗਈ। ਸੰਨ 1867 ਈ. ਵਿੱਚ ਉਸਦੇ ਪਿੰਡ ਸਤਿਗੁਰੂ ਰਾਮ ਸਿੰਘ ਜੀ ਨੇ ਚਰਨ ਪਾਏ ਸਨ। ਜਿੱਥੇ ਸਤਿਗੁਰੂ ਜੀ ਬੈਠੇ ਸਨ, ਉੱਥੇ ਬਾਬਾ ਜੀ ਨੇ ਇੱਕ ਸਫੈਦ ਨਿਸ਼ਾਨ ਝੁਲਾ ਦਿੱਤਾ ਸੀ ਜੋ 1915 ਈ. ਵਿੱਚ ਬਾਬਾ ਜੀ ਦੇ ਦੇਹਾਂਤ ਤੱਕ ਝੂਲਦਾ ਰਿਹਾ। ਗੁਰੂ ਹਰੀ ਸਿੰਘ ਜੀ ਦੇ ਇੱਕ ਬਚਨ ਕਰਨ ’ਤੇ, ਰਹਿੰਦੀ ਉਮਰ ਤੱਕ ਉਹ ਆਪਣੀ ਸਿੰਘਣੀ ਮਾਨ ਕੌਰ ਨੂੰ, ਮੋਢਿਆਂ ’ਤੇ ਚੁੱਕ ਕੇ ਹੀ ਸੰਗਤ ਦੇ ਦਰਸ਼ਨ ਕਰਾਇਆ ਕਰਦੇ ਸਨ। ਬੀਬੀ ਨੇ ਗੁਰੂ ਹਰੀ ਸਿੰਘ ਜੀ ਨੂੰ ਸ਼ਕਾਇਤ ਲਾਈ ਸੀ ਕਿ ਤੁਹਾਡਾ ਪਹਿਲਵਾਨ ਮੈਨੂੰ ਤੰਗ ਕਰਦਾ ਹੈ। ਬਾਕੀ ਉਮਰ ਵਿੱਚ ਬੀਬੀ ਨੂੰ ਹਰ ਤਰ੍ਹਾਂ ਅਦਬ ਸਤਿਕਾਰ ਦੇ ਕੇ, ਗੁਰੂ ਜੀ ਦਾ ਬਚਨ ਪਾਲਿਆ। ਬਾਬਾ ਫਤੇਹ ਸਿੰਘ ਹੋਰਾਂ ਦਾ ਅਖਾੜਿਆਂ ਵਿੱਚ ਇਸ ਕਦਰ ਸਿੱਕਾ ਚੱਲਿਆ ਕਿ ਉਸ ਸਮੇਂ ਹਰ ਪਹਿਲਵਾਨ, ਆਪਣੇ ਇਸ਼ਟ ਦੇਵ ਵਜੋਂ, ਬਾਬਾ ਫਤੇਹ ਸਿੰਘ ਜੀ ਦਾ ਨਾਮ ਅਖਾੜੇ ਵਿੱਚ ਵੜਦਿਆਂ ਹੀ ਲਿਆ ਕਰਦਾ ਸੀ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਜਦੋਂ ਨਹਿਰ ਵਾਲਾ ਕੂਕਿਆਂ ਦਾ ਡੇਰਾ, ਅਜੇ ਅਬਾਦ ਹੋਣ ਜਾ ਹੀ ਰਿਹਾ ਸੀ ਤਾਂ ਉਸ ਸਮੇਂ ਠੇਠਰਕੇ (ਗੁਰਦਾਸਪੁਰ) ਦੇ ਭਾਈ ਮੱਲ ਸਿੰਘ ਦੇ ਸਰੀਰਕ ਬਲ ਦੀ ਧਾਂਕ ਵੀ ਆਲੇ-ਦੁਆਲੇ ਦੇ ਪਿੰਡਾਂ ਵਿੱਚ ਪੈ ਚੁੱਕੀ ਸੀ। ਮੱਲ ਸਿੰਘ ਹੋਰਾਂ ਮਾਰ ਖੋਰੇ ਝੋਟੇ, ਡੇਰੇ ਦੀ ਜੂਹ ਵਿੱਚ ਧੱਕੇ ਨਾਲ ਘਾਹ ਵੱਢਣ ਵਾਲੀਆਂ ਵੀਹ ਬਾਈ ਲੜਕੀਆਂ, ਪੂੰਨੀਆਂ ਦੇ ਗੱਭਰੂ ਮੁੰਡੇ ਅਤੇ ਰੋਹਣਿਆਂ ਦੇ ਗੁੱਜਰਾਂ ਨੂੰ, ਡੇਰੇ ਦਾ ਉਜਾੜਾ ਕਰਨ ਤੋਂ ਰੋਕ ਕੇ, ਇਕੱਲਿਆਂ ਹੀ ਮੋਰਚਾ ਫਤਹਿ ਕੀਤਾ ਸੀ। ਘਾਹ ਖੋਤਣ ਲਈ ਜਿਹੜੇ ਸਿੰਘ ਗੁਰੂ ਹਰੀ ਸਿੰਘ ਜੀ ਨੇ ਇੱਥੇ ਭੇਜੇ ਸਨ, ਉਹਨਾਂ ਦਾ ਲਾਂਗਰੀ ਨਿਹਾਲ ਸਿਘ ਸੀ। ਇਹ ਘਣੀਏਕੇ (ਗੁਰਦਾਸਪੁਰ) ਦੇ ਸਨ। ਪੂੰਨੀਆਂ, ਜੋ ਗੁਆਂਢੀ ਪਿੰਡ ਸੀ, ਉੱਥੋਂ ਦਾ ਪਹਿਲਵਾਨ, ਮਸਤਾਨ ਸਿੰਘ ਤੇ ਉਸ ਦਾ ਭਰਾ ਚੰਗੇ ਘੁਲਦੇ ਸਨ। ਇੱਕ ਦਿਨ ਦੋਹਾਂ ਨੇ ਬਾਬਾ ਜੀ ਨੂੰ ਵੰਗਾਰਿਆ ਕਿ ਸਾਡੇ ਵਿੱਚੋਂ ਜੀਹਦੇ ਨਾਲ ਮਰਜ਼ੀ ਘੁਲ ਲੈ। ਇਹ ਦੋਵੇਂ ਗੱਭਰੂ, ਨਿਹਾਲ ਸਿੰਘ ਬਿਰਧ ਸੀ। ਬਾਬੇ ਨੇ ਕਿਹਾ ਕਿ ਇੱਕ ਨਾਲ ਕੀ ਘੁਲਾਂਗਾ, ਦੋਵੇਂ ਇਕੱਠੇ ਹੀ ਆ ਜਾਉ! ਬਾਬੇ ਹੋਰਾਂ ਨੇ ਦੋਹਾਂ ਭਰਾਵਾਂ ਨੂੰ ਹੀ ਘਰਕਾ ਕੱਢਿਆ। ਸਤਿਗੁਰੂ ਰਾਮ ਸਿੰਘ ਜੀ ਅਤੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਬਾਬਾ ਉੱਤਮ ਸਿੰਘ ਰਾਇਸਰੀਆ ਵੀ ਅਥਾਹ ਸਰੀਰਕ ਬਲ ਕਰਕੇ ਜਾਣਿਆ ਜਾਂਦਾ ਸੀ। ਹੋਰ ਵੀ ਅਨੇਕ ਗੁਰੂ ਪਿਆਰੇ ਐਸੇ ਸਨ, ਜੋ ਦੋ-ਦੋ ਬੋਰੀਆਂ ਕਣਕ ਦੀਆਂ ਭਰੀਆਂ, ਬਗਲਾਂ ਵਿੱਚ ਲੈ ਕੇ, ਕੋਠੇ ਦੀਆਂ ਪਉੜੀਆਂ ਚੜ੍ਹ ਜਾਇਆ ਕਰਦੇ ਸਨ। "ਜੁੱਲੀ ਚੁੱਕ" ਵਸਾਖਾ ਸਿੰਘ, ਇੱਕ ਲੱਤ ਬੰਨ੍ਹ ਕੇ, ਇੱਕ ਲੱਤ ਨਾਲ ਹੀ ਇੱਕ ਮੀਲ ਭੱਜ ਲੈਂਦਾ ਸੀ।

ਖੇਡ ਜਗਤ ਵਿੱਚ ਬਾਬਾ ਫਤੇਹ ਸਿੰਘ ਵਲਟੋਹੀਆ ਤੋਂ ਬਾਅਦ ਨਾਮਧਾਰੀਆਂ ਦੇ ਪਿੰਡ ਢੋਟੀਆਂ (ਤਰਨਤਾਰਨ ਲਾਗੇ ਦੇ ਅਤੇ ਇੱਥੋਂ ਲਾਇਲਪੁਰ ਵਿੱਚ ਢੋਟੀਆਂ-ਖਿਹਾਲਾ ਨਾਂ ਦੇ 54 ਚੱਕ ਪਿੰਡ ਵਿੱਚ ਗਏ) ਦੀ ਰੱਸਾ ਟੀਮ ਵੀ ਵਿਸ਼ਵ ਵਖਿਆਤ ਹੋਈ ਹੈ। ਗੁਰੂ ਹਰੀ ਸਿੰਘ ਜੀ ਦੀ ਆਯੂ ਦੇ ਆਖਰੀ ਦਹਾਕੇ ਭਾਵ 1895-96 ਈ. ਵਿੱਚ ਜਦੋਂ ਕੁ ਜਿਹੇ ਇਹ ਸਾਂਦਲ ਬਾਰ ਆਬਾਦ ਹੋਈ ਸੀ, ਗੁਰੂ ਹਰੀ ਸਿੰਘ ਜੀ ਦੇ ਇੱਕ ਦੌਰੇ ਸਮੇਂ, ਪਿੰਡ ਢੋਟੀਆਂ (ਲਾਇਲਪੁਰ) ਵਿੱਚ ਨਾਮਧਾਰੀ ਸਿੱਖੀ ਦਾ ਮੁੱਢ ਬੱਝਿਆ ਸੀ। ਗੁਰੂ ਹਰੀ ਸਿੰਘ ਜੀ ਨਾਲ ਸਾਹਿਬਜ਼ਾਦਾ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਦੌਰਿਆਂ ਸਮੇਂ ਸਾਹਿਬਜ਼ਾਜ਼ਾ ਬੇਅੰਤ ਜੀ, ਇਸ ਨਗਰ ਦੇ ਹਾਣੀਆਂ ਨਾਲ ਕਈ-ਕਈ ਦਿਨ ਖੇਡਿਆ ਕਰਦੇ ਸਨ। ਇਸ ਲਈ ਦੋ ਸਤਿਗੁਰੂ ਸਾਹਿਬਾਨ ਦੇ ਬਾਲਕ ਰੂਪ ਵਿੱਚ ਦਰਸ਼ਨ ਕਰਨ ਅਤੇ ਆਪਣੀ ਮਿੱਟੀ ਵਿੱਚ ਉਨ੍ਹਾਂ ਦੀ ਬਾਲ ਲੀਲ੍ਹਾ ਵੇਖਣ ਵਾਲਾ ਇਹ ਪਿੰਡ, ਵੱਡਭਾਗਾ ਸੀ। ਇਸ ਪਿੰਡ ਦੇ ਨਾਮਧਾਰੀ ਸਿੰਘਾਂ ਜਿਸ ਵਿੱਚ ਯੁਵਕ ਅਤੇ ਪਕਰੌੜ ਆਯੂ ਵਾਲੇ ਸਿੰਘ ਵੀ ਸਨ, ਦੀ ਰੱਸਾ ਟੀਮ, ਬਹੁਤ ਮਸ਼ਹੂਰ ਸੀ। ਲਾਲਾ ਸਿੰਘ ਇਸ ਟੀਮ ਦੇ ਕਪਤਾਨ ਸਨ ਅਤੇ ਹੋਰ ਮੈਂਬਰ ਸਨ-

ਪਾਲ ਸਿੰਘ, ਨਰਾਇਣ ਸਿੰਘ ਮਧਰੂ, ਨਰਾਇਣ ਸਿੰਘ ਲੰਮੂ, ਸਾਧੂ ਸਿੰਘ, ਭੋਲਾ ਸਿੰਘ, ਊਧਮ ਸਿੰਘ, ਫੌਜਾ ਸਿੰਘ, ਬਿਸ਼ਨ ਸਿੰਘ, ਵਧਾਵਾ ਸਿੰਘ, ਮੱਲ ਸਿੰਘ, ਗੁਰਦਿੱਤ ਸਿੰਘ ਅਤੇ ਭਗਤ ਸਿੰਘ ਖਿਹਾਲੇ ਵਾਲੇ ਪਾਸਿਉਂ ਇਸ ਟੀਮ ਦੇ ਨਾਲ ਰਹਿਣ ਅਤੇ ਸੇਵਾ ਸੰਭਾਲ ਕਰਨ ਵਾਲੇ ਸਨ, ਮੰਗਲ ਸਿੰਘ, ਬਾਬਾ ਗੰਡਾ ਸਿੰਘ, ਦੇਵਾ ਸਿੰਘ ਅਤੇ ਉਸਦਾ ਛੋਟਾ ਭਾਈ, ਪਾਲ ਸਿੰਘ ਅਤੇ ਢੋਟੀਆਂ ਵਾਲੇ ਪਾਸਿਉਂ ਸਨ, ਤਾਰਾ ਸਿੰਘ (ਬੱਗੀ ਮੁੱਛ-ਸੋਧੀ), ਦੂਜਾ ਤਾਰਾ ਸਿੰਘ ਵੀ ਸੋਧੀ ਸੀ, ਲਾਭ ਸਿੰਘ ਤੇ ਦੋ ਇਸਦੇ ਛੋਟੇ ਭਾਈ, ਪਰਤਾਪ ਸਿੰਘ, ਅਰਜਨ ਸਿੰਘ, ਮਹੰਤ ਕਿਸ਼ਨ ਦਾਸ, ਆਸਾ ਸਿੰਘ ਅਤੇ ਕਬੀਰ ਨਾਮ ਦਾ ਇੱਕ ਸਿੱਖ।

ਢੋਟੀਆਂ ਦੀ ਇਸ ਰੱਸਾ ਟੀਮ ਨੇ ਪਹਿਲਾ ਮੈਚ, ਲਾਇਲਪੁਰ ਸ਼ਹਿਰ ਵਿੱਚ ਡਿਪਟੀ ਕਮਿਸ਼ਨਰ ਮੋਰ ਦੀ ਰੈਫਰਸ਼ਿੱਪ ਵਿੱਚ, ਮੁੰਡਾ ਪਿੰਡ (ਇਹ ਵੀ ਮਾਝੇ ਵਿੱਚ ਢੋਟੀਆਂ ਦੇ ਨੇੜੇ ਦਾ ਪਿੰਡ ਸੀ) ਦੀ ਟੀਮ ਨੂੰ ਹਰਾ ਕੇ ਜਿੱਤਿਆ। ਡੀ. ਸੀ. ਮੋਰ ਇਹਨਾਂ ਦੀ ਇਸ ਜਿੱਤ ’ਤੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਫਿਰ ਇਸ ਟੀਮ ਨੂੰ ਪਹਿਲਾਂ ਲਾਇਲਪੁਰ ਜ਼ਿਲ੍ਹਾ ਅਤੇ ਫਿਰ ਹੋਰ ਜ਼ਿਲ੍ਹਿਆਂ ਵਿੱਚ ਭੇਜਣਾ ਸ਼ੁਰੂ ਕੀਤੀ। ਰਸਾਲਾ 14 ਨੰਬਰ ਸਿੱਖ ਦੇ 50 ਫੌਜੀ ਜੁਆਨਾਂ ਨਾਲ ਢੋਟੀਆਂ ਟੀਮ ਦੇ 12 ਜੁਆਨਾਂ ਨੇ ਹੀ ਜਦੋਂ ਰੱਸਾ ਖਿੱਚ ਲਿਆ ਤਾਂ ਇਹਨਾਂ ਦਾ ਡੰਕਾ ਚਹੁੰਆਂ ਕੂੰਟਾਂ ਵਿੱਚ ਵੱਜਣ ਲੱਗਾ। ਫੌਜੀ ਟੀਮ ਦਾ ਅਫਸਰ ਢੋਟੀਆਂ, ਇਹ ਵੇਖਣ ਆਇਆ ਕਿ ਇਹ ਕੀ ਖਾਂਦੇ ਹਨ। ਉਸਨੂੰ ਅਹਿਸਾਸ ਹੋਇਆ ਕਿ ਸ਼ੁੱਧ ਸ਼ਾਕਾਹਾਰੀ ਭੋਜਨ ਵਾਲੇ, ਮਾਸਾਹਾਰੀਆਂ ਤੋਂ ਕਿਤੇ ਜ਼ਿਆਦਾ ਤਕੜੇ ਹਨ। ਇਹਨਾਂ ਦੀ ਟੀਮ ਦੀ ਸ਼ਕਤੀ ਵੇਖ ਕੇ ਇੱਕ ਵੇਰ ਮਹਾਰਾਜਾ ਹੀਰਾ ਸਿੰਘ ਨਾਭਾ ਨੇ ਇਹਨਾਂ ਨੂੰ ਆਪਣੀ ਨੌਕਰੀ ਵਿੱਚ ਲੈਣ ਦੀ ਪੇਸ਼ਕਸ਼ ਕੀਤੀ ਜੁ ਇਹ ਕਹਿ ਕੇ ਠੁਕਰਾ ਦਿੱਤੀ ਕਿ ਰਾਜਾ ਤੈਥੋਂ ਵੱਡਾ ਗੁਰੂ ਰਾਮ ਸਿੰਘ ਦਾ ਦਰਬਾਰ ਹੈ, ਜਿਸਦੀ ਨੌਕਰੀ ਕਰ ਰਹੇ ਹਾਂ।

ਜਦੋਂ ਇੰਗਲੈਂਡ ਦਾ ਬਾਦਸ਼ਾਹ ਜਾਰਜ ਪੰਚਮ ਤਖਤ ਨਸ਼ੀਨ ਹੋਇਆ ਤਾਂ ਉਸਦੀ ਤਾਜਪੋਸ਼ੀ ਦਾ ਜਸ਼ਨ ਮਨਾਉਣ ਲਈ, 1911 ਈ. ਵਿੱਚ ਦਿੱਲੀ ਵਿਖੇ ਇੱਕ ਵੱਡਾ ਦਰਬਾਰ ਹੋਇਆ ਸੀ। ਇੰਗਲੈਂਡ ਦਾ ਉਹ ਪਹਿਲਾ ਅਤੇ ਆਖਰੀ ਬਾਦਸ਼ਾਹ ਸੀ, ਜਿਸ ਨੇ ਆਪਣੇ ਰਾਜ ਸਮੇਂ ਹਿੰਦੁਸਤਾਨ ਦਾ ਦੌਰਾ ਕੀਤਾ ਸੀ। ਇਸ ਲਈ ਹਿੰਦ ਸਰਕਾਰ ਵੱਲੋਂ ਇਹ ਦਿੱਲੀ ਦਰਬਾਰ, ਬੜੀ ਸ਼ਾਨੋ ਸ਼ੌਕਤ ਨਾਲ ਸਜਾਇਆ ਗਿਆ। ਦੇਸ਼ ਦੇ ਸਾਰੇ ਰਾਜੇ ਰਜਵਾੜੇ, ਧਾਰਮਿਕ ਹਸਤੀਆਂ ਅਤੇ ਹੋਰ ਵੱਖ-ਵੱਖ ਖੇਤਰਾਂ ਦੇ ਪ੍ਰਸਿੱਧ ਵਿਅਕਤੀਆਂ ਨੇ ਹਿੱਸਾ ਲਿਆ। ਮਹਾਰਾਜਾ ਹੀਰਾ ਸਿੰਘ ਨਾਭੇ ਵਾਲੇ ਦੇ ਸੱਦੇ ਤੇ, ਢੋਟੀਆਂ ਦੇ ਨਾਮਧਾਰੀਆਂ ਦੀ ਰੱਸਾ ਟੀਮ ਵੀ ਗਈ। ਇਸ ਟੀਮ ਨੇ ਆਪਣਾ ਰੱਸਾ ਜਦੋਂ ਮੈਦਾਨ ਵਿੱਚ ਸੁੱਟਿਆ ਤਾਂ ਪਹਿਲਾਂ ਤਾਂ ਇਸ ਨੂੰ ਤੱਕ ਕੇ ਸ਼ਿਵ ਜੀ ਦੇ ਧਨੁਖ ਜਿਉਂ ਕਿਸੇ ਨੂੰ ਚੁੱਕਣ ਦੀ ਹਿੰਮਤ ਨਾ ਪਈ। ਅਖੀਰ ਰੋਹਤਕ ਜ਼ਿਲ੍ਹੇ ਦੇ ਚੌਧਰੀਆਂ ਦੀ

ਟੀਮ, ਮੈਦਾਨ ਵਿੱਚ ਨਿੱਤਰੀ। ਪਰ ਖੇਡ ਸ਼ੁਰੂ ਹੁੰਦਿਆਂ ਹੀ ਚੌਧਰੀ ਬੁੜ੍ਹਕਦੇ ਹੋਏ ਢੋਟੀਆਂ ਵਾਲਿਆਂ ਵੱਲ ਖਿੱਚੀਂਦੇ ਆਏ। ਇਸ ਸਮੇਂ ਪ੍ਰਮਾਣ ਪੱਤਰ ਦੇ ਕੇ ਮੰਨ ਲਿਆ ਗਿਆ ਕਿ ਦੇਸ਼ ਵਿੱਚ ਕੋਈ ਟੀਮ ਇਹਨਾਂ ਦੇ ਜੋੜ ਦੀ ਨਹੀਂ।

ਨਾਮਧਾਰੀਆਂ ਦੀ ਖੇਡਾਂ ਵਿੱਚ ਇਸ ਦਿਲਚਸਪੀ ਨੂੰ ਵੇਖਦੇ ਹੋਏ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਗੁਰੂ ਕਾਲ ਵਿੱਚ, ਪਿਤਾ ਪੁਰਖੀ ਇਹਨਾਂ ਗੁਣਾਂ ਨੂੰ, ਸਮੇਂ ਅਨੁਕੂਲ ਪ੍ਰਸਿਥਤੀਆਂ ਵਿੱਚ ਹੋਰ ਵਿਕਸਤ ਕਰਨ ਲਈ, ਸੰਨ 1976 ਈ. ਵਿੱਚ ਭੈਣੀ ਸਾਹਿਬ ਵਿਖੇ ਨਾਮਧਾਰੀ ਇਲੈਵਨ ਦਾ ਆਰੰਭ ਕੀਤਾ। ਪਹਿਲਾਂ-ਪਹਿਲਾਂ ਇੱਥੇ ਖੇਡ ਗਰਾਊਂਡ ਨਾ ਹੋਣ ਕਾਰਨ ਬੱਚੇ ਕਟਾਣੀ ਕਲਾਂ ਖੇਡਣ ਜਾਂਦੇ। ਫਿਰ ਹਾਕੀ ਅਕਾਡਮੀ ਬਣਾ ਕੇ ਇੱਕੋ ਛੱਤ ਹੇਠ, ਉਹਨਾਂ ਦੀ ਪੜ੍ਹਾਈ, ਕੋਚਿੰਗ, ਲੰਗਰ, ਰਿਹਾਇਸ਼ ਸਾਰਾ ਪ੍ਰਬੰਧ ਕਰ ਦਿੱਤਾ। ਬੜੇ-ਬੜੇ ਗੁਣੀ ਸੱਜਣ ਹਾਕੀ ਟੀਮ ਦੇ ਕੋਚ ਅਤੇ ਪ੍ਰਬੰਧ ਲਈ ਮੈਨੇਜਰ ਲਾਏ। ਸਤਿਗੁਰੂ ਜੀ ਨੇ ਇਲਾਕਾ ਜੀਵਨ ਨਗਰ ਅਤੇ ਹੋਰ ਥਾਵਾਂ ਤੋਂ ਇੱਥੇ ਬੱਚੇ ਲਿਆ ਕੇ, ਉਹਨਾਂ ਦੀ ਹਰ ਤਰ੍ਹਾਂ ਸੇਵਾ ਸੰਭਾਲ, ਦੇਖ ਭਾਲ ਕੀਤੀ। ਖੇਡਾਂ ਦੇ ਨਾਲ-ਨਾਲ ਗੁਰਸਿੱਖੀ ਜੀਵਨ-ਜਾਚ ਵਿੱਚ ਵੀ ਪਰਪੱਕ ਕੀਤਾ। ਸੰਨ 1982 ਈ. ਤੋਂ ਨਾਮਧਾਰੀ ਹਾਕੀ ਟੀਮ ਦਾ ਮੱਲਾਂ ਮਾਰਨ ਦਾ ਸਫ਼ਰ ਅੱਗੇ ਤੋਂ ਹੋਰ ਅਗੇਰਾ ਵਧਦਾ ਗਿਆ। ਜਦੋਂ ਸਤਿਗੁਰੂ ਜੀ ਨੂੰ ਮਹਿਸੂਸ ਹੋਇਆ ਕਿ ਹਾਕੀ ਖਿਡਾਰੀਆਂ ਨਾਲ ਜਿਹੋ ਜਿਹਾ ਸਲੂਕ ਉਹ ਚਾਹੁੰਦੇ ਹਨ, ਹੋਰ ਕੋਈ ਨਹੀਂ ਦੇ ਰਿਹਾ ਤਾਂ ਇਸ ਦੀ ਵਾਗਡੋਰ, ਸ੍ਰੀ ਉਦੇ ਸਿੰਘ (ਵਰਤਮਾਨ ਸਤਿਗੁਰੂ ਜੀ) ਨੂੰ ਸਉਂਪ ਦਿੱਤੀ ਅਤੇ ਫਿਰ ਇਹ ਸਫ਼ਰ, ਅਨੇਕ ਇਤਿਹਾਸਕ ਮੈਚ ਜਿੱਤਣ ਦਾ, ਭਾਰਤੀ ਹਾਕੀ ਟੀਮ ਵਿੱਚ ਸ਼ਾਮਲ ਹੋ ਕੇ ਤਿੰਨ-ਤਿੰਨ ਉਲੰਪੀਅਨ ਬਣਨ ਦਾ ਅਤੇ ਓੜਕ ਭਾਰਤੀ ਹਾਕੀ ਟੀਮ ਦੀ ਕਪਤਾਨੀ ਸੰਭਾਲਣ ਤੱਕ ਪੁੱਜਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ 1923 ਈ. ਵਿੱਚ 54 ਚੱਕ, ਢੋਟੀਆਂ (ਲਾਇਲਪੁਰ-ਪਾਕਿਸਤਾਨ) ਵਿਖੇ ਹੋਲਾ-ਮਹੱਲਾ ਭਾਰਤ ਪ੍ਰਸਿੱਧ ਰੱਸਾ ਟੀਮ ਦੇ ਖਿਡਾਰੀਆਂ ਵਲੋਂ ਸੇਵਾ ਦੁਆਰਾ ਕਰਵਾਇਆ ਗਿਆ ਸੀ, ਆਪਣੇ ਮਿਹਰਬਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਥਮ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ 2021 ਈ. ਦੇ ਹੋਲੇ-ਮਹੱਲੇ ਦੀ ਸੇਵਾ, ਨਾਮਧਾਰੀ ਹਾਕੀ ਟੀਮ ਦੇ ਹੁਣ ਤੱਕ ਰਹਿ ਚੁੱਕੇ ਮੈਂਬਰਾਂ ਵੱਲੋਂ, ਮਿਲ ਕੇ ਕੀਤੀ ਜਾ ਰਹੀ ਹੈ। ਸ਼ਾਇਦ ਇਸ ਤਰ੍ਹਾਂ ਹੀ ਇਤਿਹਾਸ ਆਪਣੇ ਆਪ ਨੂੰ ਦੁਹਰਾਇਆ ਕਰਦਾ ਹੈ। ਚੰਗੇ ਖਿਡਾਰੀ ਹੀ ਜੀਵਨ ਦੀ ਸਫਲਤਾ ਅਤੇ ਸਾਰਥਿਕਤਾ ਦੇ ਟੀਚਿਆਂ ਨੂੰ ਛੋਂਹਦੇ ਹਨ।

ਗੁਰਮਤਿ ਫਲਸਫਾ
ਸਤਿਗੁਰੂ ਜਗਜੀਤ ਸਿੰਘ ਜੀ
ਖੇਡਾਂ ਅਤੇ ਉਦੇਸ਼

-ਹਰਪਾਲ ਸਿੰਘ ਸੇਵਕ

ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਅਧਿਆਤਮਕ ਰਹਿਨੁਮਾ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਮਾਰਗ ਦਰਸ਼ਕ ਅਤੇ ਪ੍ਰੇਰਣਾ ਸਰੋਤ ਸਨ। ਸਤਿਗੁਰੂ ਗੁਣਾਂ ਦਾ ਸਾਗਰ ਹੁੰਦਾ ਹੈ, ਉਸਦੇ ਗੁਣਾਂ ਦਾ ਪਾਰਾਵਾਰ ਪਾ ਸਕਣਾ ਮਨੁੱਖੀ ਬੁੱਧੀ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ, ਜਿਵੇਂ ਵਰਖਾ ਦੀਆਂ ਬੂੰਦਾਂ ਅਤੇ ਸਾਗਰ ਦੀਆਂ ਲਹਿਰਾਂ ਨੂੰ ਕੋਈ ਗਿਣ ਤੇ ਨਹੀਂ ਸਕਦਾ ਪਰ ਉਨ੍ਹਾਂ ਦਾ ਅਨੰਦ ਮਾਣਿਆ ਜਾ ਸਕਦਾ ਹੈ। ਸਤਿਗੁਰੂ ਜੀ ਦੇ ਜੀਵਨ ਸਾਗਰ ਦੇ ਅਨੇਕਾਂ ਪਹਿਲੂਆਂ ਚੋਂ ਕੇਵਲ ਕੁਝ ਕੁ ਬੂੰਦਾਂ, ਖੇਡਾਂ ਪ੍ਰਤੀ ਆਪ ਜੀ ਦੇ ਦ੍ਰਿਸ਼ਟੀਕੋਣ ਬਾਰੇ ਸੰਖੇਪ ਜਿਹੀ ਵਿਆਖਿਆ ਕਰਨ ਦਾ ਯਤਨ ਹੈ, ਇਸ ਛੋਟੇ ਜਿਹੇ ਲੇਖ ਵਿੱਚ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਛਾਂਟਵਾਂ ਸਰੀਰ, ਮਜ਼ਬੂਤ ਜੁੱਸਾ, ਫੁਰਤੀਲੀ ਚਾਲ ਅਤੇ ਮੁੱਖ ਮੰਡਲ ਤੇ ਸਦਾ ਬਹਾਰ ਮੁਸਕਾਨ, ਗੁਲਾਬ ਦੀ ਸੁਗੰਧੀ ਵਾਂਗ ਚੁਫੇਰੇ ਨੂੰ ਖੇੜਾ ਬਖਸ਼ਦੀ, ਪ੍ਰੇਮ-ਪਰੁੱਚੇ ਬੋਲ ਹਰ ਕਿਸੇ ਨੂੰ ਕੀਲ ਲੈਂਦੇ, ਅਪਣੱਤ ਦਾ ਅਹਿਸਾਸ ਕਰਵਾਉਂਦੇ। ਇੱਕ ਵਾਰ ਵੀ ਜੋ ਆਪ ਜੀ ਦੇ ਸੰਪਰਕ ਵਿੱਚ ਆਇਆ, ਉਹ ਆਪ ਜੀ ਦੇ ਪ੍ਰੇਮ-ਪਾਸ਼ ਵਿੱਚ ਬੱਝ ਗਿਆ, ਸਦਾ ਵਾਸਤੇ ਆਪ ਜੀ ਦਾ ਹੋ ਗਿਆ। ਸੇਵਾ-ਸਿਮਰਨ, ਸਾਦਗੀ, ਸਰਲਤਾ ਅਤੇ ਸਵੱਛਤਾ ਆਪ ਜੀ ਦਾ ਸਹਿਜ ਸੁਭਾਅ ਸੀ। ਖੇਡ ਦੀ ਭਾਵਨਾ ਨਾਲ ਖੇਡੀ ਗਈ ਖੇਡ ਦੇ ਵਧੀਆ ਪ੍ਰਦਰਸ਼ਨ ਵਾਂਗ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮੁੱਚਾ ਜੀਵਨ ਹੀ ਗੁਰਮਤਿ ਫਲਸਫੇ ਦੀ ਵਿਆਖਿਆ ਅਤੇ ਗੁਰਸਿੱਖੀ ਜੀਵਨ ਦੀਆਂ ਅਮਿੱਟ-ਪੈੜਾਂ ਹਨ।

ਗੁਰਮਤਿ ਜੀਵਨ ਸ਼ੈਲੀ ਮਨੁੱਖ ਤੋਂ ਪੂਰਨ ਮਨੁੱਖ ਬਣਨ ਦਾ ਸਿਧਾਂਤ ਹੈ। ਇਸ ਲਈ ਖੇਡਾਂ ਜੋ ਕਿ ਮਨੁੱਖੀ ਸ਼ਖ਼ਸੀਅਤ ਦਾ ਅਨਿੱਖੜਵਾਂ ਅੰਗ ਹਨ, ਸਿੱਖੀ-ਸੱਭਿਆਚਾਰ ਵਿੱਚ ਵੀ ਖੇਡਾਂ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਮਨ ਅਤੇ ਸਰੀਰ ਕਰਕੇ ਤੰਦਰੁਸਤ ਅਤੇ ਬਲਵਾਨ ਹੋਣਾ ਸਫਲ ਜੀਵਨ ਦੀ ਮੁੱਢਲੀ ਲੋੜ ਹੈ। ਮਾਨਸਿਕ ਸ਼ਾਂਤੀ, ਸਰੀਰਕ ਤੰਦਰੁਸਤੀ ਅਤੇ ਖੁਸ਼ੀਆਂ ਖੇੜਿਆਂ ਦਾ ਮੂਲ ਸਰੋਤ ਹਨ ਖੇਡਾਂ। ਵੱਡੇ ਉਦੇਸ਼ਾਂ ਲਈ ਸਾਂਝੇ ਯਤਨਾਂ ਦੀ ਪ੍ਰੇਰਣਾ ਅਤੇ ਟੀਮ-ਵਰਕ ਦੀ ਭਾਵਨਾ ਵੀ ਸਾਨੂੰ ਖੇਡ ਦੇ ਮੈਦਾਨ ਚੋਂ ਹੀ ਮਿਲਦੀ ਹੈ।

ਗੁਰਮਤਿ ਸਿਧਾਂਤ ਘਰ-ਪਰਵਾਰ ਛੱਡ ਕੇ ਜੰਗਲਾਂ ਬੇਲਿਆਂ ਵਿੱਚ ਜਾ ਕੇ ਮੁਕਤੀ ਪ੍ਰਾਪਤ ਕਰਨ ਦਾ ਮਾਰਗ ਨਹੀਂ ਸਗੋਂ ਗ੍ਰਹਿਸਤ ਜੀਵਨ ਵਿੱਚ ਰਹਿੰਦਿਆਂ ਘਰ-ਪਰਵਾਰ, ਸਮਾਜ ਅਤੇ ਦੇਸ਼ ਕੌਮ ਲਈ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਪ੍ਰਭੂ ਪ੍ਰਾਪਤੀ ਦਾ ਸਹਿਜ ਮਾਰਗ ਹੈ। ਪੂਰੇ ਸਤਿਗੁਰੂ ਨੂੰ ਮਿਲ ਕੇ 'ਗੁਰ ਮਿਲਿ ਚਜੁ ਆਚਾਰੁ ਸਿਖੁ' ਜੀਵਨ ਜੀਊਣ ਦਾ ਚੱਜ ਸਿੱਖ ਕੇ ਜੀਵਨ ਦੀ ਖੇਡ ਨੂੰ ਜਿੱਤਣਾ ਹੀ ਗੁਰਮਤਿ ਹੈ। ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਦਾ ਰਾਗ ਗੂਜਰੀ ਵਿੱਚ ਵਾਕ ਹੈ-

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨੇ ਜਿੱਥੇ ਵਿਦਿਆ ਦਾ ਪ੍ਰਚਾਰ-ਪ੍ਰਸਾਰ ਕੀਤਾ, ਉੱਥੇ ਚੰਗੀ ਸਿਹਤ ਵਾਸਤੇ ਮਲ ਅਖਾੜੇ ਸ਼ੁਰੂ ਕੀਤੇ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਭਗਤੀ ਨਾਲ ਸ਼ਕਤੀ ਦਾ ਸੁਮੇਲ ਕਰਕੇ ਯੁੱਧ ਕਲਾ ਵਿੱਚ ਸਿੱਖਾਂ ਨੂੰ ਪ੍ਰਬੀਨ ਕੀਤਾ। ਕਲਗੀਧਰ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਹੋਲੀ ਦੇ ਤਿਉਹਾਰ ਨੂੰ ਹੋਲੇ ਮਹੱਲੇ ਦਾ ਰੂਪ ਦੇ ਕੇ ਮਹੱਲਾ ਖੇਡਣਾ, ਹਮਲਾ ਕਰਨਾ ਸਿਖਾਇਆ ਅਤੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੂੰ ਸਿੰਘ ਸਰੂਪ ਬਖਸ਼ਿਆ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸਖਤੀਆਂ ਅਤੇ ਬੰਦਿਸ਼ਾਂ ਦੇ ਦੌਰ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਖਤੀਆਂ ਕੁਝ ਘਟੀਆਂ ਤਾਂ ਆਪ ਨੇ ਸਿੱਖੀ-ਸੱਭਿਆਚਾਰ ਨੂੰ ਹਰ ਪਹਿਲੂ ਤੋਂ ਪੁਨਰ ਸਥਾਪਿਤ ਕਰਨ ਲਈ ਅਨੇਕਾਂ ਸਫਲ ਯਤਨ ਕੀਤੇ। ਆਪ ਜੀ ਨੇ ਜਿੱਥੇ ਨਾਮ-ਬਾਣੀ ਦੇ ਮਹਾਨ ਯੱਗ ਕਰਵਾਏ, ਉੱਥੇ ਆਪ ਸਿੱਖਾਂ ਨੂੰ ਚੰਗੀ ਖੁਰਾਕ ਖਾਣ, ਕਸਰਤ ਕਰਨ ਅਤੇ ਸਿਹਤ ਸੰਭਾਲਣ ਲਈ ਉਚੇਚੀ ਪ੍ਰੇਰਣਾ ਦੇਂਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਘੁਲਦੇ, ਗਤਕਾ ਖੇਡਦੇ, ਘੋੜ ਸਵਾਰੀ, ਨੇਜ਼ਾਬਾਜੀ, ਕਿੱਲਾ ਢੁੰਡਣਾ, ਤੈਰਾਕੀ ਆਦਿ ਵਿੱਚ ਆਪ ਨੂੰ ਮੁਹਾਰਤ ਹਾਸਲ ਸੀ।

ਆਪ ਜੀ ਨੂੰ ਘੋੜੇ ਪਾਲਣ ਦਾ ਬਹੁਤ ਸ਼ੌਂਕ ਸੀ, ਘੋੜ ਦੌੜਾਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ। ਘੋੜ ਦੌੜਾਂ ਵਿੱਚ ਭਾਗ ਲੈਣ ਦਾ ਵੀ ਆਪ ਜੀ ਦਾ ਉਦੇਸ਼ ਦੇਸ਼ ਵਾਸੀਆਂ ਨੂੰ ਆਪਣੀ ਸਮਰੱਥਾ, ਸਵੈਮਾਨ ਅਤੇ ਬੀਰਤਾ ਦਾ, ਜਿੱਤ ਦਾ ਅਹਿਸਾਸ ਕਰਵਾਉਣਾ ਹੁੰਦਾ ਸੀ। ਜਦੋਂ ਆਪ ਜੀ ਨੇ ਅੰਗਰੇਜ਼ਾਂ ਵਲੋਂ ਨਿਕੰਮਾ ਕਰਾਰ ਦਿੱਤਾ ਘੋੜਾ ਖਰੀਦਿਆ, ਉਸਦਾ ਇਲਾਜ ਕੀਤਾ, ਠੀਕ ਕਰਕੇ, ਚੰਗੀ ਸੇਵਾ ਸੰਭਾਲ ਅਤੇ ਵਧੀਆ ਟਰੇਨਿੰਗ ਦਿੱਤੀ, ਉਸਦਾ ਨਾਮ ਰੱਖਿਆ 'ਜੈ ਭਾਰਤ' ਅਗਲੇ ਵਰ੍ਹੇ ਉਸੇ ਘੋੜੇ ਨੇ ਜਦੋਂ ਅੰਗਰੇਜ਼ ਵਾਇਸਰਾਇ ਦੀ ਮੇਮ ਦੀ ਘੋੜੀ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਤਾਂ ਸਭ ਦੀ ਹੈਰਤ ਗੁੰਮ ਹੋ ਗਈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 'ਜੈ ਭਾਰਤ' ਵਰਗੇ ਘੋੜਿਆਂ

ਦੀ ਜਿੱਤ ਭਾਰਤੀਆਂ ਚੋਂ ਹੀਣ ਭਾਵਨਾ ਖਤਮ ਕਰਕੇ ਗੋਰਿਆਂ ਨਾਲੋਂ ਬੁੱਧੀਮਾਨ ਤੇ ਬਲਵਾਨ ਹੋਣ ਦਾ ਅਹਿਸਾਸ ਕਰਵਾਉਂਦੀ। ਉਹਨਾਂ ਨੂੰ ਮਹਿਸੂਸ ਹੁੰਦਾ ਕਿ ਹੁਣ ਅਸੀਂ ਅਜ਼ਾਦੀ ਦੀ ਜੰਗ ਵੀ ਜਿੱਤ ਲਵਾਂਗੇ। ਇਹ ਸਮਾਂ ਸੀ ਜਦੋਂ ਵੀਹਵੀਂ ਸਦੀ ਦੇ ਦੂਸਰੇ, ਤੀਸਰੇ, ਚੌਥੇ ਅਤੇ ਪੰਜਵੇਂ ਦਹਾਕੇ ਵਿੱਚ ਭਾਰਤ ਵਿੱਚ ਆਜ਼ਾਦੀ ਸੰਘਰਸ਼ ਜ਼ੋਰਾਂ ਤੇ ਸੀ। ਅਜੇਹੇ ਸੰਘਰਸ਼ ਮਈ ਦੌਰ ਸਮੇਂ ਸਾਹਿਬਜ਼ਾਦਾ ਬੇਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਦਾ ਪ੍ਰਕਾਸ਼ ਹੋਇਆ, ਬਚਪਨ ਬੀਤਿਆ ਅਤੇ ਜਵਾਨ ਹੋਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੀ ਛਤਰ-ਛਾਇਆ ਹੇਠ ਜਿੱਥੇ ਸਾਹਿਬਜ਼ਾਦਾ ਬੇਅੰਤ ਜੀ ਨੂੰ ਨਾਮ ਬਾਣੀ, ਸੇਵਾ ਸਿਮਰਨ ਅਤੇ ਰਹਿਤ ਮਰਯਾਦਾ ਦੀ ਗੁੜ੍ਹਤੀ ਮਿਲੀ, ਓਥੇ ਸਰੀਰਕ ਕਸਰਤ, ਖੇਡਾਂ, ਘੋੜ ਸਵਾਰੀ ਦਾ ਸ਼ੌਕ ਵੀ ਆਪ ਜੀ ਨੂੰ ਵਿਰਸੇ ਵਿੱਚ ਹੀ ਮਿਲਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਤੋਂ ਹੀ ਬਰਤਾਨਵੀ ਸਾਮਰਾਜ ਨਾਲ ਨਾ-ਮਿਲਵਰਤਨ ਅਤੇ ਸਰਕਾਰੀ ਅਦਾਰਿਆਂ ਦਾ ਬਾਈਕਾਟ ਹੋਣ ਕਰਕੇ ਸਰਕਾਰੀ ਸਕੂਲਾਂ ਵਿੱਚ ਨਾਮਧਾਰੀ ਨਹੀਂ ਸਨ ਜਾਂਦੇ। ਇਸ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1927-28 ਈ. ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਪੁਰਾਤਨ ਗੁਰੂਕੁਲ ਵਰਗਾ, ਗੁਰਮਤਿ ਵਿਦਿਆਲਾ ਸ਼ੁਰੂ ਕੀਤਾ। ਆਪ ਜੀ ਦੇ ਦੋਵਾਂ ਸਾਹਿਬਜ਼ਾਦਿਆਂ ਨਾਲ 70-80 ਹੋਰ ਵਿਦਿਆਰਥੀ ਵੀ ਇੱਥੇ ਵਿਦਿਆ ਗ੍ਰਹਿਣ ਕਰਦੇ ਸਨ। ਇਸ ਵਿਦਿਆਲੇ ਵਿੱਚ ਜਿੱਥੇ ਬਹੁ-ਭਾਸ਼ਾਈ ਗਿਆਨ, ਕਿੱਤਾ-ਮੁਖੀ ਸਿੱਖਿਆ, ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਸੀ, ਉੱਥੇ ਖੇਡਣਾ, ਘੁਲਣਾ, ਗਤਕਾ, ਤੈਰਾਕੀ ਅਤੇ ਘੋੜ ਸਵਾਰੀ ਦੀ ਸਿਖਲਾਈ ਵੀ ਦਿੱਤੀ ਜਾਂਦੀ ਸੀ।

ਸਾਹਿਬਜ਼ਾਦਾ ਬੇਅੰਤ ਜੀ ਘੁਲਦਿਆਂ ਤਾਕਤ ਨਾਲੋਂ ਫੁਰਤੀ ਅਤੇ ਦਾਅ ਵੱਧ ਵਰਤਦੇ। ਸਰਹਿੰਦ ਨਹਿਰ ਦੇ ਚੜ੍ਹਦੇ ਪਾਣੀਆਂ ਨਾਲ ਜ਼ੋਰ ਅਜ਼ਮਾਈ ਕਰਦੇ, ਸਿੱਧੇ ਨਹਿਰ ਪਾਰ ਕਰ ਜਾਂਦੇ, ਅੰਬਾਂ ਦੇ ਉੱਚੇ ਟਾਹਣਿਆਂ ਤੋਂ ਛਾਲਾਂ ਮਾਰਦੇ। ਆਪ ਜੀ ਦੇ ਘੋੜ ਸਵਾਰੀ ਦੇ ਉਸਤਾਦ ਸ. ਭਗਤ ਸਿੰਘ ਸਨ, ਆਪ ਜੀ ਪੋਲੋ ਵੀ ਖੇਡਦੇ।ਉਸਤਾਦ ਨੱਥਾ ਸਿੰਘ ਜੀ ਆਪ ਜੀ ਦੇ ਗਤਕੇ ਦੇ ਉਸਤਾਦ ਸਨ। ਚੱਕਰ ਤਾਂ ਆਪਜੀ 75 ਸਾਲ ਦੀ ਅਵਸਥਾ ਤੱਕ ਵੀ ਨੌਜੁਆਨਾਂ ਨਾਲੋਂ ਵਧੀਆ ਘੁਮਾ ਲੈਂਦੇ ਸਨ। ਸ੍ਰੀ ਸਤਿਗੁਰੂ ਜੀ ਆਪ ਬਚਨ ਕਰਿਆ ਕਰਦੇ ਸਨ ਕਿ "ਅਖਾੜੇ ਵਿੱਚ ਕਸਰਤ ਕਰਦਿਆਂ ਇੱਕ ਹਜ਼ਾਰ ਸਪਾਟੇ ਦੀਆਂ ਬੈਠਕਾਂ (ਇੱਕ ਡੰਡ ਅਤੇ ਇਕ ਬੈਠਕ) ਮਾਰਦੇ ਸਾਂ। ਸਾਡੀ ਖੁਰਾਕ ਸੀ ਬਦਾਮਾਂ ਦੀਆਂ 200 ਗਿਰੀਆਂ ਭਿਉਂ ਕੇ, ਛਿੱਲ ਕੇ, ਰਗੜ ਕੇ ਚਾਰ ਕਿਲੋ ਦੁੱਧ ਵਿੱਚ ਮਿਲਾ ਕੇ ਮੈਂ ਤੇ ਮਹਾਰਾਜ ਬੀਰ ਸਿੰਘ ਜੀ (ਦੋਵੇਂ ਭਰਾ) ਪੀਂਦੇ ਸਾਂ। ਫੁੱਟਬਾਲ ਵਿੱਚ ਮੈਂ ਫੁਲਬੈਕ ਖੇਡਿਆ ਕਰਦਾ ਸਾਂ। ਕਈ ਵੇਰ ਗਵਾਂਢੀ ਪਿੰਡਾਂ ਵਾਲੇ ਆਪਣੀ ਟੀਮ ਵਲੋਂ ਖੇਡਣ ਲਈ ਮੈਨੂੰ ਲੈ ਜਾਇਆ ਕਰਦੇ ਸਨ।"

ਸ੍ਰੀ ਸਤਿਗੁਰੂ ਜੀ ਇਹ ਵੀ ਬਚਨ ਕਰਿਆ ਕਰਦੇ ਸਨ ਕਿ "ਉਸ ਵੇਲੇ ਜਾਪਦਾ ਸੀ ਕਿ ਘੁਲਦਿਆਂ, ਡੰਡ ਮਾਰਿਦਆਂ ਤੇ ਸਾਹ ਚੜ੍ਹੇ, ਭੱਜਦਿਆਂ ਕੀ ਸਾਹ ਚੜ੍ਹਣਾ ਹੋਇਆ? ਪੰਜ ਮਿੰਟ ਵਿੱਚ ਇੱਕ ਮੀਲ ਦੀ ਔਸਤ ਸਪੀਡ ਨਾਲ ਮੈਂ ਤੇ ਨਕਈ ਦੌੜਦੇ ਸਾਂ। ਕਈ ਵੇਰ ਭੱਜਦਿਆਂ ਹੀ ਨਹਿਰ ਤੇ ਡੇਰੇ (ਭੈਣੀ ਸਾਹਿਬੋਂ 10 ਕੁ ਕਿਲੋਮੀਟਰ) ਤੇ ਜਾਣਾ, ਉੱਥੇ ਨਹਿਰ ਵਿੱਚ ਤੈਰਨਾ ਅਤੇ ਭੱਜਦਿਆਂ ਹੀ ਵਾਪਸ ਭੈਣੀ ਸਾਹਿਬ ਆ ਜਾਣਾ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਬਾਲ-ਸਖਾ ਸੀ -ਕੁੰਨਣ ਸਿੰਘ ਨਕਈ। ਪਤਲਾ, ਫੁਰਤੀਲਾ ਸਰੀਰ, ਲੰਬੀ ਛਾਲ ਮਾਰਨ ਵਿੱਚ ਸਭ ਤੋਂ ਅੱਵਲ। ਆਪ ਜੀ ਨੇ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਅਵਾਰਾ ਕੁੱਤੇ, ਘੋੜਿਆਂ ਨੂੰ ਤੰਗ ਕਰਿਆ ਕਰਨ। ਇੱਕ ਵੇਰ ਮੈਂ ਤੇ ਨਕਈ ਨੇ ਰੇਤ ਦੇ ਟਿੱਬਿਆਂ ਵਿੱਚ ਕੁੱਤੇ ਭਜਾਏ, ਏਨੇ ਭਜਾਏ ਕਿ ਉਹ ਹਫ ਕੇ ਡਿੱਗ ਪਏ। ਨਕਈ ਨੇ ਕਿਹਾ, "ਕੁੱਟੀਏ ਏਨ੍ਹਾਂ ਨੂੰ?" ਮੈਂ ਕਿਹਾ, "ਡਿੱਗਿਆਂ ਨੂੰ ਕੀ ਕੁੱਟਣਾ ਹੋਇਆ। ਸਾਹ ਲੈ ਲੈਣ, ਫੇਰ ਭਜਾਵਾਂਗੇ।" ਅਸਾਂ ਉਨ੍ਹਾਂ ਕੁੱਤਿਆਂ ਨੂੰ ਤਿੰਨ ਚਾਰ ਵਾਰ ਸਾਹ ਦਵਾ-ਦਵਾ ਕੇ ਫੇਰ ਭਜਾਇਆ, ਚੰਗੇ ਘਰਕਾਏ। ਉਹ ਫੇਰ ਨਹੀਂ ਕਦੇ ਸਾਡੇ ਘੋੜਿਆਂ ਵੱਲ ਆਏ।

ਦੁਸ਼ਮਣ ਨੂੰ ਖਤਮ ਕਰਨ ਦੀ ਸੋਚ ਉਨ੍ਹਾਂ ਦੀ ਹੁੰਦੀ ਹੈ, ਜਿਨ੍ਹਾਂ ਨੂੰ ਆਪਣੀ ਸਮਰੱਥਾ ਤੇ ਭਰੋਸਾ ਨਹੀਂ ਹੁੰਦਾ। ਜਿਨ੍ਹਾਂ ਨੂੰ ਆਪਣੇ ਬਾਹੂਬਲ ਤੇ ਆਤਮ ਵਿਸ਼ਵਾਸ ਹੋਵੇ, ਉਹ ਵਿਰੋਧੀ ਨੂੰ ਇਸ ਲਈ ਜਾਣ ਦੇਂਦੇ ਹਨ ਕਿ ਸੱਜਣਾ ਜਦੋਂ ਮਰਜ਼ੀ ਫੇਰ ਮੈਦਾਨ ਵਿੱਚ ਆ ਜਾਵੀਂ, ਤੇਰੇ ਨਾਲ ਫੇਰ ਦੋ ਹੱਥ ਕਰ ਲਵਾਂਗੇ।

ਇੱਕ ਵੇਰ ਰੇਲ ਵਿੱਚ ਸਫਰ ਕਰਦਿਆਂ ਇੱਕ ਦਰਸ਼ਨੀ ਜੁਆਨ ਨਾਲ ਸ੍ਰੀ ਸਤਿਗੁਰੁ ਜਗਜੀਤ ਸਿੰਘ ਜੀ ਦੀ ਮਾਸਾਹਾਰ ਅਤੇ ਸ਼ਾਕਾਹਾਰ ਬਾਰੇ ਬਹਿਸ ਹੋ ਗਈ। ਆਪੋ ਆਪਣੇ ਪੱਖ ਵਿੱਚ ਦਲੀਲਬਾਜ਼ੀ ਹੁੰਦੀ ਰਹੀ। ਦੂਸਰੇ ਸੱਜਣ ਨੇ ਕੁਝ ਸਖਤ ਸ਼ਬਦਾਂ 'ਚ ਦਲੀਲ ਦਿੱਤੀ, "ਜਿਵੇਂ ਘਾਹ ਖਾਣ ਵਾਲੇ ਜਾਨਵਰ, ਮਾਸਾਹਾਰੀਆਂ ਦਾ ਮੁਕਾਬਲਾ ਨਹੀਂ ਕਰ ਸਕਦੇ, ਇਸੇ ਤਰ੍ਹਾਂ ਮਾਸ ਖਾਣ ਵਾਲੇ ਮਨੁੱਖ ਹੀ ਸੂਰਬੀਰ ਤੇ ਬਲਵਾਨ ਹੁੰਦੇ ਹਨ। ਸਾਗ ਤੇ ਗਾਜਰਾਂ ਮੂਲੀਆਂ ਖਾਣ ਵਾਲੇ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ।" ਉਸ ਨੌਜੁਆਨ ਨੂੰ ਸ਼ਾਇਦ ਆਪਣੇ ਗੱਦਰ ਜਿਹੇ ਸਰੀਰ ਤੇ ਬਹੁਤ ਮਾਣ ਸੀ। ਸ੍ਰੀ ਸਤਿਗੁਰੂ ਜੀ ਨੇ ਗੱਲ ਮੁਕਾਉਣ ਲਈ ਕਿਹਾ, "ਤੁਸੀਂ ਮਾਸ ਖਾਂਦੇ ਹੋ ਤੇ ਮੈਂ ਸ਼ਾਕਾਹਾਰੀ ਹਾਂ। ਆਪਾਂ ਹੀ ਫੈਸਲਾ ਕਰ ਲੈਂਦੇ ਹਾਂ। ਅਗਲੇ ਸਟੇਸ਼ਨ ਤੇ ਗੱਡੀ ਰੁਕੇਗੀ ਤਾਂ ਗੱਡੀ ਤੋਂ ਬਾਹਰ ਹੋ ਕੇ ਸਟੇਸ਼ਨ ਤੇ ਆਪਾਂ ਦਸਤ ਪੰਜਾ ਲੈ ਲਵਾਂਗੇ। ਦੋ-ਚਾਰ ਮਿੰਟਾਂ ਵਿੱਚ ਹੀ ਫੈਸਲਾ ਹੋ ਜਾਵੇਗਾ ਕਿ ਸ਼ਾਕਾਹਾਰੀ ਤਗੜੇ ਹੁੰਦੇ ਹਨ ਕਿ ਮਾਸਾਹਾਰੀ।" ਸ੍ਰੀ ਸਤਿਗੁਰੂ ਜੀ ਬਚਨ ਕਰਦੇ ਸਨ ਕਿ ਉਦੋਂ ਘੁਲਦੇ ਸਾਂ, ਮੈਨੂੰ

ਵਿਸ਼ਵਾਸ ਸੀ ਕਿ ਇਸ ਜੁਆਨ ਨੂੰ ਤਾਂ ਮੈਂ ਦੋ ਮਿੰਟਾਂ 'ਚ ਹੀ ਗੋਡੇ ਹੇਠ ਕਰ ਲੈਣਾ ਹੈ। ਫੇਰ ਨਹੀਂ ਸਾਰਾ ਰਾਹ ਉਹ ਬਹਿਸਿਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਹੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸ਼ਾਹ-ਸਵਾਰ ਸਨ। ਇੱਕ ਵੇਰ ਅੱਥਰੇ ਊਠ ਨੂੰ ਕਾਬੂ ਕਰਨ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਨੇ ਘੋੜਾ ਦੌੜਾ ਕੇ ਊਠ ਨਾਲ ਰਲਾ ਕੇ, ਘੋੜੇ ਤੋਂ ਛਾਲ ਮਾਰ ਕੇ, ਊਠ ਕਾਬੂ ਕਰ ਲਿਆ ਸੀ। ਏਸੇ ਤਰ੍ਹਾਂ ਦੀ ਇੱਕ ਘਟਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਦੀ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਘੋੜਾ ਭਜਾਇਆ, ਉਸਦੀ ਲਗਾਮ ਟੁੱਟ ਗਈ। ਆਪ ਜੀ ਨੇ ਪੂਰੀ ਸਪੀਡ ਤੇ ਜਾਂਦੇ ਘੋੜੇ ਨੂੰ ਉਸਦੇ ਕੰਨ ਫੜ ਕੇ, ਰੋਕ ਲਿਆ ਅਤੇ ਕਾਬੂ 'ਚ ਕਰ ਲਿਆ।

ਸੰਗੀਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹ ਦੀ ਖੁਰਾਕ ਸੀ। ਖੇਡਾਂ ਅਤੇ ਕਸਰਤ ਵੀ ਨਾਮ ਬਾਣੀ ਦੇ ਅਖੰਡ ਨੇਮ ਵਾਂਗ ਹੀ ਨਿੱਤਕ੍ਰਮ ਦਾ ਹਿੱਸਾ ਸੀ। ਜੇ ਆਪ ਜੀ ਨਾਮ ਸਿਮਰਨ ਜਪ ਪ੍ਰਯੋਗ ਸਮੇਂ ਅੱਧੀ ਰਾਤੋਂ ਉੱਠ ਸਣਕੇਸੀਂ ਇਸ਼ਨਾਨ ਕਰਕੇ ਇੱਕ ਵਜੇ ਨਾਮ ਸਿਮਰਨ ਲਈ ਬੈਠ ਜਾਂਦੇ, ਢਾਈ-ਤਿੰਨ ਘੰਟੇ ਇੱਕ ਚੌਂਕੜੇ ਨਾਮ ਦਾ ਜਾਪ ਕਰਕੇ ਫੇਰ ਅੱਧੇ-ਪੌਣੇ ਘੰਟੇ ਲਈ ਜ਼ੋਰ ਦੀ ਕਸਰਤ, ਡੰਡ-ਬੈਠਕਾਂ ਆਦਿ ਮਾਰ ਕੇ ਫੇਰ ਦੋ ਘੰਟੇ ਆਸਾ ਦੀ ਵਾਰ ਵਿੱਚ ਦਰਸ਼ਨ ਦੇਂਦੇ। ਆਸਾ ਦੀ ਵਾਰ ਵਿੱਚ ਆਪ ਦਿਲਰੁਬਾ ਲੈ ਕੇ ਰਾਗੀ ਜਥੇ ਨਾਲ ਕੀਰਤਨ ਕਰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਆਪ ਜੀ ਬਚਨ ਕਰਿਆ ਕਰਦੇ ਸਨ ਕਿ "ਜੇ ਦੌਰੇ ਦੇ ਰੁਝੇਵੇਂ ਵਿੱਚ ਕਸਰਤ ਕਰਨ ਨੂੰ ਸਮਾਂ ਨਾ ਮਿਲਣਾ ਤਾਂ ਆਪ ਜੀ ਨੇ ਕਿਸੇ ਘਰ ਚਰਨ ਪਾਉਣ ਸਮੇਂ ਸਾਰਿਆਂ ਨੂੰ ਬਾਹਰ ਕੱਢ , ਡੰਡ ਬੈਠਕਾਂ ਮਾਰ ਲੈਣੀਆਂ, ਕਸਰਤ ਦਾ ਨੇਮ ਨਹੀਂ ਸਨ ਖੁੰਝਾਉਂਦੇ।"

ਇੱਕ ਵੇਰ 1990 ਈ. ਵਿੱਚ ਅੱਸੂ ਦੇ ਮੇਲੇ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੰਗਾਨਗਰ ਜ਼ਿਲ੍ਹੇ ਦਾ ਦੌਰਾ ਕੀਤਾ, ਹਫ਼ਤੇ ਭਰ ਦਾ ਦੌਰਾ ਸੀ। ਇਲਾਕੇ ਵਿੱਚ ਵੱਖੋ ਵੱਖ ਜਗ੍ਹਾ ਆਸਾ ਦੀ ਵਾਰ ਅਤੇ ਸ਼ਾਮ ਦੇ ਦੀਵਾਨ ਹੁੰਦੇ, ਘਰਾਂ 'ਚ ਚਰਨ ਪਾਉਂਦੇ। ਦੌਰੇ ਦੇ ਆਖਰੀ ਦਿਨ ਪਿੰਡ 4 ਜੇ.ਜੇ. ਆਸਾ ਦੀ ਵਾਰ ਤੋਂ ਬਾਅਦ ਸੰਗਤ ਨੂੰ ਲੰਗਰ ਵਰਤਾ ਕੇ, ਸਿੱਖਾਂ ਸੇਵਕਾਂ ਸਹਿਤ ਰਵਾਨਾ ਹੋਏ। ਪਿੰਡਾਂ ਵਿੱਚ ਚਰਨ ਪਾਉਂਦੇ ਦੁਪਹਿਰੇ 17 ਓ ਨਗਰ ਵਿਖੇ ਪ੍ਰਸ਼ਾਦਾ ਛਕਿਆ। ਸ਼ਾਮ ਤੱਕ ਇਲਾਕਾ ਜੀਵਨ ਨਗਰ 'ਚ ਦਰਸ਼ਨ ਦੇ ਕੇ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾਏ। ਸਰਦੀਆਂ ਦੇ ਦਿਨ ਸਨ, ਛੇ ਕੁ ਵਜੇ ਹੀ ਹਨੇਰਾ ਹੋ ਜਾਂਦਾ ਸੀ। ਰਾਤ ਸਾਢੇ ਕੁ ਨੌਂ ਵਜੇ ਸ੍ਰੀ ਭੈਣੀ ਸਾਹਿਬ ਪਹੁੰਚੇ। ਸ੍ਰੀ ਸਤਿਗੁਰੂ ਜੀ ਨੇ ਰਸਤੇ ਚੋਂ ਬੈਡਮਿੰਟਨ ਦੇ ਖਿਡਾਰੀਆਂ ਨੂੰ ਬੈਡਮਿੰਟਨ ਕੋਰਟ ਵਿੱਚ ਪ੍ਰਤਾਪ ਮੰਦਰ ਵਿਖੇ ਪੁੱਜਣ ਦਾ ਹੁਕਮ ਕਰ ਦਿੱਤਾ। ਗੱਡੀਆਂ ਸਿੱਧੀਆਂ

ਬੈਡਮਿੰਟਨ ਕੋਡ ਵਿੱਚ ਪੁੱਜ ਗਈਆਂ। ਇੱਕ ਸੀ. ਆਰ. ਪੀ. ਦਾ ਸਕਿਓਰਟੀ ਗਾਰਡ ਆਖਣ ਲੱਗਾ, "ਕੈਸੇ ਹੈਂ ਯੇ ਬਾਬਾ ਜੀ, ਕਬੀ ਥਕਤੇ ਹੀ ਨਹੀਂ। ਮੈਨੇਂ ਸੋਚਾ ਥਾ ਕਿ ਆਜ ਸੁਬਹ ਕੇ ਸਫਰ ਮੇਂ ਹੈ ਆਜ ਤੋਂ ਜ਼ਰੂਰ ਥਕ ਗਏ ਹੋਂਗੇ।" ਪਰ ਸ੍ਰੀ ਸਤਿਗੁਰੂ ਜੀ ਅਤਿ ਦੇ ਰੁਝੇਵਿਆਂ ਵਿੱਚ ਵੀ ਨਿਤਨੇਮ, ਕੰਮ, ਆਰਾਮ ਅਤੇ ਕਸਤਰ ਦਾ ਸੰਤੁਲਨ ਬਣਾ ਕੇ ਰੱਖਦੇ ਸਨ।

ਮਹਾਂਪੁਰਸ਼ਾਂ ਦਾ ਜੀਵਨ ਹੀ ਲੋਕਾਈ ਲਈ ਪ੍ਰੇਰਣਾ-ਸ੍ਰੋਤ ਹੁੰਦਾ ਹੈ, ਜੋ ਚੁਫੇਰੇ ਦੀ ਕਾਇਆ ਪਲਟ ਦੇਂਦਾ ਹੈ। ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੁੱਚੇ ਨਾਮਧਾਰੀ ਪੰਥ ਦੀ ਕਾਇਆ ਕਲਪ ਕਰ ਦਿੱਤੀ। ਆਪ ਜੀ ਨੇ 1959 ਈ. ਵਿੱਚ ਪਿਤਾ-ਸਤਿਗੁਰੂ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਦਿਆਂ ਹੀ ਸਭ ਤੋਂ ਪਹਿਲਾਂ ਵਕਤੀ ਉਲਝਣਾਂ ਨੂੰ ਸੁਲਝਾਇਆ। ਦੇਸ਼ ਦੀ ਵੰਡ ਉਪਰੰਤ ਨਵੇਂ ਆਬਾਦ ਹੋਏ ਇਲਾਕਾ ਜੀਵਨ ਨਗਰ (ਨਾਮਧਾਰੀ ਸਿੱਖਾਂ ਦੀ ਇੱਕ ਕਿਸਮ ਦੀ ਰਿਆਸਤ) ਦਾ ਕਾਇਆ ਕਲਪ ਕਰਨ ਲਈ ਕਰੀਬ ਡੇਢ ਦਹਾਕਾ ਦਿਨ ਰਾਤ ਇੱਕ ਕਰ ਦਿੱਤਾ। ਇਸਦੇ ਨਾਲ ਹੀ ਨਾਮਧਾਰੀ ਨੌਜੁਆਨਾਂ ਦੇ ਭਵਿੱਖ ਨੂੰ ਤਰਤੀਬਨ ਅਤੇ ਤਰਾਸ਼ਣ ਲਈ 1965 ਈ. ਵਿੱਚ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ। ਹਰ ਵਰ੍ਹੇ ਗਰਮੀਆਂ ਦੀਆਂ ਛੁੱਟੀਆਂ ਸਮੇਂ ਹਫਤੇ ਭਰ ਦੇ ਵਿਦਿਅਕ ਸੰਮੇਲਨ ਸਮੇਂ ਜਿੱਥੇ ਨੌਜੁਆਨਾਂ ਨੂੰ ਨਾਮ ਬਾਣੀ ਦਾ ਜਾਪ ਕਰਵਾਇਆ ਜਾਂਦਾ, ਰਹਿਤ ਦੀ ਸਿਖਲਾਈ ਦਿੱਤੀ ਜਾਂਦੀ। ਆਪਣੇ ਗੌਰਵਮਈ ਵਿਰਸੇ ਅਤੇ ਇਤਿਹਾਸ ਦੀ ਜਾਣਕਾਰੀ ਦਿੱਤੀ ਜਾਂਦੀ, ਓਥੇ ਸ੍ਰੀ ਸਤਿਗੁਰੂ ਜੀ ਆਪ ਨੌਜੁਆਨਾਂ ਨਾਲ ਵਾਲੀਬਾਲ, ਫੁੱਟਬਾਲ ਆਦਿ ਖੇਡਾਂ ਖੇਡਦੇ। ਖੇਡ ਮੁਕਾਬਲੇ ਵੀ ਕਰਵਾਏ ਜਾਂਦੇ।

ਇੱਕ ਵੇਰ ਅਜੇਹਾ ਸਮਾਂ ਆਇਆ 90ਵਿਆਂ 'ਚ ਥਾਈਲੈਂਡ ਦੇ ਬਹੁਤ ਸਾਰੇ ਨਾਮਧਾਰੀ ਨੌਜੁਆਨ ਸਿੱਖੀ ਤੋਂ ਮੁੱਖ ਮੋੜ ਬੈਠੇ। ਪਤਿਤ ਹੋ ਗਏ, ਕਈ ਮਾਸ-ਸ਼ਰਾਬ ਵੀ ਖਾਣ ਪੀਣ ਲੱਗ ਪਏ। ਇੱਕ ਨੌਜੁਆਨ ਪ੍ਰੇਮ ਸਿੰਘ ਸਚਦੇਵ ਨੇ ਅਰਜ਼ ਕੀਤੀ, 'ਗਰੀਬ ਨਿਵਾਜ ਜੀ! ਏਥੋਂ ਦੀ ਨਾਮਧਾਰੀਆਂ ਦੇ ਨਵੀਂ ਪੀੜ੍ਹੀ 'ਚੋਂ ਬਹੁਤ ਬੱਚੇ ਕੁਰਾਹੇ ਪੈ ਗਏ ਹਨ ਆਪ ਜੀ ਕਿਰਪਾ ਕਰੋ, ਜਿਵੇਂ ਦੇ ਵੀ ਹਨ, ਏਨ੍ਹਾਂ ਨੂੰ ਨਿਵਾਜੋ, ਸਿੱਧੇ ਰਾਹੇ ਪਾਓ।' ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੌਜੁਆਨਾਂ ਨਾਲ ਖੇਡਾਂ ਦੁਆਰਾ ਰਾਬਤਾ ਕਾਇਮ ਕੀਤਾ। ਉਹਨਾਂ ਨਾਲ ਬੈਡਮਿੰਟਨ ਖੇਡਣੀ, ਸਮੁੰਦਰ ਦੇ ਕੰਢੇ ਜਾ ਉਨ੍ਹਾਂ ਨਾਲ ਫੁੱਟਬਾਲ, ਵਾਲੀਬਾਲ ਆਦਿ ਖੇਡਣਾ, ਕਦੇ ਉਨ੍ਹਾਂ ਨਾਲ ਬੈਠ ਕੇ ਬਚਨ ਬਿਲਾਸ ਕਰਦਿਆਂ ਗੁਰ ਇਤਿਹਾਸ ਦੀਆਂ ਸਾਖੀਆਂ ਸੁਣਾਉਣੀਆਂ। ਕੁਝ ਕੁ ਸਮੇਂ 'ਚ ਪਤਾ ਹੀ ਨਹੀਂ ਲੱਗਿਆ ਕਿ ਕਦੋਂ ਉਨ੍ਹਾਂ ਦੀਆਂ ਮਾੜੀਆਂ ਆਦਤਾਂ ਛੁੱਟ ਗਈਆਂ, ਸਿੱਖੀ ਸਰੂਪ ਅਤੇ ਰਹਿਤ ਮਰਯਾਦਾ ਦੇ ਧਾਰਨੀ ਬਣ ਗਏ। ਅੰਮ੍ਰਿਤ ਵੇਲੇ ਉੱਠਣਾ ਅਤੇ ਨਾਮ ਬਾਣੀ ਦੇ ਨਿਤਨੇਮੀ ਬਣ ਗਏ ਅਤੇ ਉਨ੍ਹਾਂ ਚੋਂ ਕਈ ਕੀਰਤਨ ਵੀ ਕਰਨ ਲੱਗ ਗਏ। ਸ੍ਰੀ ਸਤਿਗੁਰੂ ਜੀ ਦੇ

ਪ੍ਰੇਮ-ਪਾਸ਼ ਵਿੱਚ ਅਜਿਹੇ ਬੱਝ ਗਏ ਕਿ ਛੁੱਟੀਆਂ ਵਿੱਚ ਸੌ-ਸੌ ਨੌਜੁਆਨ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਪਾਸ ਆ ਕੇ ਰਹਿਣ ਨੂੰ ਆਪਣੇ ਧੰਨ ਭਾਗ ਸਮਝਦੇ।

ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਨਾਮ ਬਾਣੀ ਅਤੇ ਬਾਣੇ ਦੇ ਧਾਰਨੀ ਬਣਾਉਣ ਲਈ ਮਾਧਿਅਮ ਬਣਾਇਆ ਸੰਗੀਤ ਅਤੇ ਖੇਡਾਂ ਨੂੰ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਸੰਗੀਤ ਦੀਆਂ ਸਟੇਜਾਂ ਤੇ ਅਤੇ ਖੇਡ ਦੇ ਮੈਦਾਨ ਵਿੱਚ ਸਿੱਖੀ ਸਰੂਪ ਨੂੰ ਪ੍ਰਚਾਉਣ ਅਤੇ ਮਾਣਯੋਗ ਥਾਂ ਦਿਵਾਉਣ ਦਾ ਸਿਹਰਾ ਕੇਵਲ ਤੇ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ।

ਸੰਨ 1975 ਤੋਂ ਬਾਅਦ ਹੀ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਸੰਗੀਤ ਅਤੇ ਖੇਡਾਂ ਵਿੱਚ ਮੁਹਾਰਤ ਹਾਸਲ ਕਰਨ ਲਈ ਉਚੇਚੇ ਯਤਨ ਅਰੰਭੇ। ਆਪ ਜੀ ਦੀ ਇੱਛਾ ਸੀ ਕਿ ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸੇ ਦੀ ਨਿਆਰੀ ਪਛਾਣ ਕਛਹਿਰੇ ਅਤੇ ਗੁਰਮੁਖੀ ਦਸਤਾਰ ਨੂੰ ਖੇਡ ਦੇ ਮੈਦਾਨ ਵਿੱਚ ਪ੍ਰਚਾਇਆ ਜਾਵੇ। ਖੇਡਾਂ ਵਿੱਚੋਂ ਸਭ ਤੋਂ ਪਹਿਲੋਂ ਆਪ ਜੀ ਨੇ ਹਾਕੀ ਦੀ ਖੇਡ ਨੂੰ ਚੁਣਿਆ ਭਾਵੇਂ ਬਾਅਦ ਵਿੱਚ ਜਿਮਨਾਸਟਿਕ, ਐਥਲੈਟਿਕਸ ਅਤੇ ਬੈਡਮਿੰਟਨ ਆਦਿ ਦੇ ਕੋਚ ਵੀ ਰੱਖ ਕੇ ਟਰੇਨਿੰਗ ਸ਼ੁਰੂ ਕਰਵਾਈ ਗਈ। ਹਾਕੀ ਬਾਰੇ ਆਪ ਜੀ ਬਚਨ ਕਰਿਆ ਕਰਦੇ ਸਨ ਕਿ ਸਾਡੇ ਪੰਜਾਬ ਦੀ ਖੇਡ ਖਿੱਦੋ-ਖੂੰਡੀ ਦਾ ਸੁਧਰਿਆ ਰੂਪ ਹੈ ਹਾਕੀ।

ਆਰੰਭ ਵਿੱਚ ਸ੍ਰੀ ਸਤਿਗੁਰੂ ਜੀ ਨੇ ਕੁਝ ਨਾਮਧਾਰੀ ਖਿਡਾਰੀ, ਹਾਕੀ ਦੀ ਟਰੇਨਿੰਗ ਵਾਸਤੇ ਪਟਿਆਲੇ ਸਰਕਾਰੀ ਸਪੋਰਟਸ ਟਰੇਨਿੰਗ ਸੈਂਟਰ 'ਚ ਭੇਜੇ। ਉੱਥੇ ਉਨ੍ਹਾਂ ਨੂੰ ਆਖਿਆ ਗਿਆ ਕਿ ਤੁਸੀਂ ਏਥੇ ਕਛਹਿਰੇ ਪਾ ਕੇ ਨਹੀਂ ਖੇਡ ਸਕਦੇ। ਉਸੇ ਪੰਜਾਬ ਵਿੱਚ ਜਿੱਥੇ ਸਿੱਖੀ ਨੂੰ ਖਤਰਾ ਦੱਸ ਕੇ ਪ੍ਰਦਰਸ਼ਨ ਹੁੰਦੇ ਹਨ। ਸਿੱਖ ਹੋਣ ਦੀ ਪ੍ਰਮਾਣਿਕਤਾ ਦੇ ਸਰਟੀਫਿਕੇਟ ਅਤੇ ਸਿੱਖ ਨਾ ਹੋਣ ਦੇ ਫਤਵੇ ਜਾਰੀ ਕੀਤੇ ਜਾਂਦੇ ਹਨ, ਉੱਥੇ ਹੀ ਸਿੱਖ ਅਧਿਕਾਰੀਆਂ ਨੇ ਕਿਹਾ ਕਿ ਤੁਸੀਂ ਏਥੇ ਕਛਹਿਰੇ ਪਾ ਕੇ ਨਹੀਂ ਖੇਡ ਸਕਦੇ। ਪਰ ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ ਪਹਿਲੋਂ ਸਿੱਖੀ ਸੀ ਤੇ ਫੇਰ ਹਾਕੀ। ਆਪ ਜੀ ਨੇ ਪਟਿਆਲਿਓਂ ਨਾਮਧਾਰੀ ਖਿਡਾਰੀ ਵਾਪਸ ਬੁਲਾ ਲਏ। ਪੂਰੀ ਹਾਕੀ ਟੀਮ ਆਪਣੀ ਬਣਾਉਣ ਵਾਸਤੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ (ਸ੍ਰੀ ਜੀਵਨ ਨਗਰ) ਦੇ ਛੋਟੇ ਬੱਚਿਆਂ ਦੀ ਸਲੈਕਸ਼ਨ ਸ਼ੁਰੂ ਕੀਤੀ ਅਤੇ ਵਿਧੀਵਤ ਟਰੇਨਿੰਗ ਸ਼ੁਰੂ ਕੀਤੀ ਗਈ। ਇਸ ਟੀਮ ਦੇ ਖਿਡਾਰੀਆਂ ਦੇ ਰਹਿਣ-ਸਹਿਣ, ਖਾਣ-ਪੀਣ, ਪੜ੍ਹਾਈ ਦਾ ਅਤੇ ਹਾਕੀ ਸਿਖਲਾਈ ਦਾ ਪ੍ਰਬੰਧ ਕੀਤਾ ਗਿਆ। ਗੁਰੂ-ਕੁਲ ਵਰਗੇ ਹਾਕੀ ਖਿਡਾਰੀਆਂ ਦੇ ਇਸ ਕੈਂਪ ਵਿੱਚ ਬੱਚਿਆਂ ਨੂੰ ਖੇਡ ਸਿਖਲਾਈ ਦੇ ਨਾਲ ਨਾਲ ਅੰਮ੍ਰਿਤ ਵੇਲੇ ਉੱਠਣਾ, ਸਣੇਕੇਸੀ ਇਸ਼ਨਾਨ ਕਰਕੇ ਆਸਾ ਦੀ ਵਾਰ 'ਚ ਜਾਣਾ, ਨਾਮ ਸਿਮਰਨ, ਗੁਰਬਾਣੀ

ਕੰਠ ਕਰਨ ਅਤੇ ਕੀਰਤਨ ਕਰਨਾ ਵੀ ਸਿਖਾਇਆ ਜਾਂਦਾ। ਉਹਨਾਂ ਦਿਨਾਂ ਵਿੱਚ ਨਾਮਧਾਰੀ ਸਲਾਨਾ ਮੇਲਿਆਂ ਵਿੱਚ ਗੁਰਬਾਣੀ ਸ਼ੁੱਧ ਉਚਾਰਨ ਦੇ ਪਾਠ ਮੁਕਾਬਲਿਆਂ ਵਿੱਚ ਕਈ ਵੇਰ ਹਾਕੀ ਖਿਡਾਰੀਆਂ ਨੇ ਵੀ ਇਨਾਮ ਜਿੱਤੇ। ਇਹ ਖਿਡਾਰੀ ਪੂਰਨ ਸ਼ਾਕਾਹਾਰੀ, ਹਰ ਤਰ੍ਹਾਂ ਦੇ ਨਸ਼ਿਆਂ ਤੋਂ ਮੁਕਤ, ਏਥੋਂ ਤੱਕ ਕਿ ਚਾਹ, ਕਾਫੀ ਅਤੇ ਕੋਲਡ ਡਰਿੰਕਸ, ਕੋਕ, ਪੈਪਸੀ ਆਦਿ ਵੀ ਨਹੀਂ ਸਨ ਪੀਂਦੇ, ਨਾ ਬਾਜ਼ਾਰ ਦਾ ਕੁਝ ਖਾਂਦੇ ਸਨ। ਇਨ੍ਹਾਂ ਵਾਸਤੇ ਨਾਮਧਾਰੀ ਰਹਿਤ ਮਰਯਾਦਾ ਦਾ ਲੰਗਰ ਤਿਆਰ ਹੁੰਦਾ। ਅਰਦਾਸ ਕਰਕੇ ਖੇਡ ਅਰੰਭ ਕਰਦੇ, ਪਾਣੀ ਵੀ ਆਪਣੇ ਗੜਵਿਆਂ ਦਾ ਹੀ ਪੀਂਦੇ। ਇਹ ਗੱਲ ਕਿਸੇ ਕਰਾਮਾਤ ਤੋਂ ਘੱਟ ਨਹੀਂ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੇਵਲ ਦੋ ਪਿੰਡਾਂ ਦੇ ਮੁੰਡੇ ਲੈ ਕੇ 1976-77 ਈ. ਵਿਚ ਅਰੰਭ ਕੀਤੀ ਹਾਕੀ ਟੀਮ 1982 ਤੱਕ ਭਾਰਤ ਦੀਆਂ ਸਿਖਰ ਦੀਆਂ ਹਾਕੀ ਟੀਮਾਂ ਦੇ ਮੁਕਾਬਲੇ ਦੀ ਨਾਮਧਾਰੀ ਹਾਕੀ ਟੀਮ ਤਿਆਰ ਕਰ ਦਿੱਤੀ। ਜਿਸ ਖੇਡ ਦੇ ਮੈਦਾਨ ਵਿੱਚ ਕਛਹਿਰੇ ਅਤੇ ਦਸਤਾਰ ਸਮੇਤ ਟਰੇਨਿੰਗ ਦੇਣੋਂ ਇਨਕਾਰ ਕੀਤਾ ਗਿਆ ਸੀ, ਨਾਮਧਾਰੀ ਹਾਕੀ ਟੀਮ ਨੇ ਉਸੇ ਖੇਡ ਦੇ ਮੈਦਾਨ ਵਿੱਚ ਕਛਹਿਰੇ ਅਤੇ ਦਸਤਾਰ ਸਮੇਤ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਦੇ ਸਾਬਤ ਸੂਰਤ ਸਿੱਖੀ ਸਰੂਪ ਦੀ ਸ਼ਾਨ ਅਤੇ ਪਛਾਣ ਨੂੰ ਬੁਲੰਦੀਆਂ ਤੇ ਪੁਚਾਇਆ।

ਨਾਮਧਾਰੀ ਹਾਕੀ ਟੀਮ ਨੇ ਆਪਣੇ ਖੇਡ ਕੈਰੀਅਰ ਦੇ ਆਰੰਭ ਤੋਂ ਹੀ ਆਪਣੇ ਵਿਲੱਖਣ ਖੇਡ ਪ੍ਰਦਰਸ਼ਨ ਅਤੇ ਪ੍ਰਾਪਤੀਆਂ ਸਦਕਾ ਅਨੇਕਾਂ ਕੀਰਤੀਮਾਨ ਸਥਾਪਿਤ ਕੀਤੇ। ਸੰਨ 1979 ਵਿੱਚ ਜਲੰਧਰ ਵਿਖੇ ਹੋਏ ਆਲ ਇੰਡੀਆ ਸਕੂਲ ਨੈਸ਼ਨਲ ਗੇਮਜ਼ ਵਿੱਚ ਹਰਿਆਣੇ ਵਲੋਂ ਖੇਡ ਰਹੀ ਨਾਮਧਾਰੀ ਹਾਕੀ ਟੀਮ ਨੇ ਪੂਰੇ ਟੂਰਨਾਮੈਂਟ ਵਿੱਚ 32 ਗੋਲ ਕੀਤੇ ਅਤੇ ਆਪਣੇ ਸਿਰ ਇੱਕ ਵੀ ਗੋਲ ਨਾ ਹੋਣ ਦਿੱਤਾ। ਏਸੇ ਟੀਮ ਨੇ ਜਦੋਂ 1982 ਈ. ਵਿੱਚ ਪਹਿਲੀ ਵੇਰ ਓਪਨ ਨੈਸ਼ਨਲ ਹਾਕੀ ਟੂਰਨਾਮੈਂਟ ਵਿੱਚ ਐਂਟਰੀ ਕੀਤੀ ਤਾਂ ਸਾਰੇ ਹੀ ਨਾਮਧਾਰੀ ਖਿਡਾਰੀ ਅਜੇ ਵੀਹ ਸਾਲ ਤੋਂ ਘੱਟ ਉਮਰ ਦੇ ਲਵੇ ਜਿਹੇ ਮੁੰਡੇ ਸਨ। ਗੁਰਮੀਤ ਹਾਕੀ ਟੂਰਨਾਮੈਂਟ ਵਿੱਚ ਖੇਡਦਿਆਂ ਇਹ ਟੀਮ ਸੈਮੀ-ਫਾਈਨਲ ਵਿੱਚ ਪੁੱਜ ਗਈ। ਨਾਮਧਾਰੀ ਟੀਮ ਦੇ ਖੇਡ ਪ੍ਰਦਰਸ਼ਨ ਨੇ ਦਰਸ਼ਕਾਂ ਦੀ ਤਾਂ ਵਾਹ ਵਾਹ ਲੁੱਟੀ ਹੀ। ਸੈਮੀ-ਫਾਈਨਲ ਮੈਚ ਪੰਜਾਬ ਪੁਲਿਸ ਨਾਲ ਸੀ। ਪੰਜਾਬ ਪੁਲਿਸ ਦੇ ਉਲੰਪੀਅਨ ਸੁਰਜੀਤ ਸਿੰਘ ਵਰਗੇ ਚੋਟੀ ਦੇ ਖਿਡਾਰੀ ਜੋ ਏਸ਼ੀਆਡ ਵਾਸਤੇ ਅਭਿਆਸ ਕਰਨ ਦਿੱਲੀ ਗਏ ਹੋਏ ਸਨ, ਉਨ੍ਹਾਂ ਉਚੇਚੇ ਤੌਰ ’ਤੇ ਰਾਤੋ-ਰਾਤ ਵਾਪਸ ਚੰਡੀਗੜ੍ਹ ਬੁਲਾ ਲਏ ਕਿ ਕੂਕਿਆਂ ਦੀ ਜਵਾਕਾਂ ਜਿਹਾਂ ਦੀ ਟੀਮ ਨਾਲ ਮੈਚ ਹੈ, ਜੇ ਇਨ੍ਹਾਂ ਤੋਂ ਹਾਰ ਗਏ ਤਾਂ ਬੇਇੱਜ਼ਤੀ ਬਹੁਤ ਹੋਵੇਗੀ। ਪੰਜਾਬ ਪੁਲਿਸ 1-0 ਤੇ ਜਿੱਤ ਤਾਂ ਗਈ ਪਰ ਮੈਚ ਖਤਮ ਹੋਣ ਤੇ ਸ. ਸੁਰਜੀਤ ਸਿੰਘ ਨੇ ਨਾਮਧਾਰੀ ਟੀਮ ਦੇ ਪ੍ਰਬੰਧਕਾਂ ਨੂੰ ਵਧੀਆ ਖੇਡ

ਪ੍ਰਦਰਸ਼ਨ ਦੀ ਵਧਾਈ ਦੇਂਦਿਆ ਕਿਹਾ, 'ਬੇਸ਼ੱਕ ਅਸੀਂ ਜਿੱਤ ਗਏ ਹਾਂ, ਪਰ ਅਸੀਂ ਮਸਾਂ ਟਾਈਮ ਪੂਰਾ ਕੀਤਾ ਹੈ।'

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਜ਼ਾ ਸੀ ਕਿ ਸਾਡੇ ਖਿਡਾਰੀ ਸਿੱਖੀ ਸਰੂਪ ਅਤੇ ਰਹਿਤ ਮਰਯਾਦਾ ਦੇ ਨਾਲ ਨਾਲ ਉੱਚੇ-ਸੁੱਚੇ ਕਿਰਦਾਰ ਦੇ ਵੀ ਪਾਬੰਦ ਹੋਣ। ਇਹ ਖੇਡ ਨੂੰ ਖੇਡ ਦੀ ਭਾਵਨਾ ਨਾਲ ਖੇਡਣ। ਖੇਡ ਅਨੁਸ਼ਾਸਨ ਅਤੇ ਵਧੀਆ ਪ੍ਰਦਰਸ਼ਨ ਨੂੰ ਪਹਿਲ ਦੇਣ, ਜਿੱਤ ਹਾਰ ਦੂਸਰੇ ਨੰਬਰ ਤੇ ਹੋਵੇ।

ਸੰਨ 1982-83 ਦੀਆਂ ਕੁਝ ਘਟਨਾਵਾਂ ਹਨ, ਜਦੋਂ ਟੀਮ ਦੇ ਕੋਚ ਸਨ ਸ. ਗੁਰਦਿਆਲ ਸਿੰਘ ਅਤੇ ਮੈਨੇਜਰ ਸਨ ਸ. ਗੁਰਮੁਖ ਸਿੰਘ ਰਹਿਬਰ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਪ੍ਰਬੰਧਕਾਂ ਨੂੰ ਉਚੇਚਾ ਹੁਕਮ ਕੀਤਾ ਕਿ ਬੱਚਿਆਂ ਨੂੰ ਸਮਝਾ ਕੇ ਰੱਖਣਾ, ਜੇ ਵਿਰੋਧੀ ਖਿਡਾਰੀ ਹੱਥ ਚੁੱਕਣ, ਕੁਝ ਮਾੜੇ ਸ਼ਬਦ ਬੋਲਣ ਤਾਂ ਵੀ ਉਸਦੇ ਪ੍ਰਤੀਕਰਮ ਵਜੋਂ ਨਾ ਕਿਸੇ ਨੂੰ ਗਾਲ੍ਹ ਕੱਢਣੀ ਅਤੇ ਨਾ ਹੀ ਕਿਸੇ ਤੇ ਹੱਥ ਚੁੱਕਣਾ। ਵਧੀਆ ਖੇਡ ਪ੍ਰਦਰਸ਼ਨ ਕਰਨਾ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ-'ਖਿਮਾ ਧੀਰਜ ਵਾਲਿਆਂ ਦੇ ਗੁਰੂ ਅੰਗ ਸੰਗ ਹੈ।' ਏਸੇ ਤਰ੍ਹਾਂ ਹੋਇਆ- ਇੱਕ ਵੇਰ ਮਲੇਰਕੋਟਲੇ ਇੱਕ ਮੈਚ ਦੌਰਾਨ ਕੱਦੋਂ ਕਾਠੋਂ ਤਗੜੇ ਖਿਡਾਰੀਆਂ ਦੀ ਟੀਮ ਨੂੰ ਜਦੋਂ ਹਾਰ ਹੁੰਦੀ ਜਾਪੀ ਤਾਂ ਵਿਰੋਧੀ ਖਿਡਾਰੀਆਂ ਨੇ ਨਾਮਧਾਰੀ ਖਿਡਾਰੀਆਂ ਦੇ ਲੱਤਾਂ ਤੇ ਹਾਕੀਆਂ ਮਾਰੀਆਂ। ਨਾਮਧਾਰੀ ਖਿਡਾਰੀ ਤਲਖੀ 'ਚ ਨਾ ਆਏ, ਸਗੋਂ ਵਧੀਆ ਖੇਡ ਪ੍ਰਦਰਸ਼ਨ ਕਰਦੇ ਰਹੇ। ਕੁਮੈਂਟਰੀ ਕਰਨ ਵਾਲਾ ਇਕ ਮੁਸਲਮਾਨ ਸੱਜਣ ਸੀ। ਉਸਨੇ ਮਾਈਕ ਵਿੱਚ ਕਿਹਾ, "ਓਇ ਸੰਗ ਕਰੋ, ਤੁਹਾਡੇ ਜਵਾਕਾਂ ਵਰਗੇ ਨੇ, ਜਿੱਤ ਸੱਕਦੇ ਹੋ ਤਾਂ ਖੇਡ ਕੇ ਜਿੱਤੋ। ਜਿਨ੍ਹਾਂ ਨੂੰ ਤੁਸੀਂ ਹਾਕੀਆਂ ਨਾਲ ਡਰਾਉਣਾ ਚਾਹੁੰਦੇ ਹੋ, ਇਹ ਉਹ ਕੂਕੇ ਹਨ, ਜਿਨ੍ਹਾਂ ਨੂੰ ਅੰਗਰੇਜ਼ ਤੋਪਾਂ ਨਾਲ ਨਾ ਡਰਾ ਸਕੇ ।"

ਇਸੇ ਤਰ੍ਹਾਂ ਇੱਕ ਵਾਰ 1982 ਨੈਸ਼ਨਲ ਚੈਂਪੀਅਨਸ਼ਿੱਪ ਜਬਲਪੁਰ ਵਿਖੇ ਖੇਡਦਿਆਂ ਫਾਈਨਲ ਮੈਚ ਪੰਜਾਬ ਦੇ ਹਾਕਸ ਕਲੱਬ ਨਾਲ ਸੀ। ਮੈਚ ਖਤਮ ਹੋਣ 'ਚ 15 ਕੁ ਮਿੰਟ ਬਾਕੀ ਸਨ ਕਿ ਵਿਰੋਧੀ ਟੀਮ ਦੇ ਖਿਡਾਰੀ ਨੇ ਨਾਮਧਾਰੀ ਖਿਡਾਰੀ ਗੁਰਨਾਮ ਸਿੰਘ ਗਾਮੀ ਦੇ ਲੱਤ ਤੇ ਹਾਕੀ ਮਾਰੀ। ਫੇਰ ਗੁਰਦੀਪ ਬਾਈ ਦੇ ਅਤੇ ਗੁਰਮੇਜ ਮੋਲ੍ਹੀ ਦੇ ਤਾਂ ਸਿਰ 'ਚ ਹਾਕੀ ਮਾਰੀ। ਕੋਚ ਗੁਰਦਿਆਲ ਸਿੰਘ ਦੇ ਇਸ਼ਾਰੇ ਤੇ ਨਾਮਧਾਰੀ ਖਿਡਾਰੀ ਸ਼ਾਂਤ ਰਹੇ। ਲੋਕ ਰੌਲਾ ਪਾਉਂਦੇ ਗਰਾਊਂਡ ਵਿੱਚ ਆ ਗਏ ਕਿ ਹਾਕਸ ਕਲੱਬ ਦੇ ਖਿਡਾਰੀਆਂ ਨੇ ਜਾਣ ਬੁੱਝ ਕੇ ਸੱਟਾਂ ਮਾਰੀਆਂ ਹਨ। ਟੂਰਨਾਮੈਂਟ ਦੇ ਸੰਚਾਲਕਾਂ ਨੇ ਨਾਮਧਾਰੀ ਟੀਮ ਨੂੰ ਜੇਤੂ ਕਰਾਰ ਦੇ ਦਿੱਤਾ। 10 ਮਿੰਟ ਅਜੇ ਬਾਕੀ ਰਹਿੰਦੇ ਸਨ-ਕੋਚ ਗੁਰਦਿਆਲ ਸਿੰਘ ਨੇ ਕਿਹਾ- ਕੋਈ ਗੱਲ ਨਹੀਂ, ਜੇ ਸਾਡੇ ਮੁੰਡਿਆਂ ਦੇ ਸੱਟਾਂ ਲੱਗ ਗਈਆਂ ਹਨ। ਅਸੀਂ ਖੇਡਣ ਆਏ ਹਾਂ, ਲੜਨ ਨਹੀਂ ਆਏ। ਸਾਡੀ

ਟੀਮ ਖੇਡੇਗੀ ਅਤੇ ਖੇਡ ਕੇ ਮੈਚ ਜਿੱਤੇਗੀ। ਮੈਚ ਬਾਕੀ ਰਹਿੰਦੇ 10 ਮਿੰਟ ਵੀ ਹੋਇਆ ਅਤੇ ਨਾਮਧਾਰੀ ਟੀਮ ਹਾਕਸ ਕਲੱਬ ਤੋਂ 1-0 ਨਾਲ ਜੇਤੂ ਰਹੀ।

ਜਦ ਸ੍ਰੀ ਭੈਣੀ ਸਾਹਿਬ ਵਾਪਸ ਆਏ ਤਾਂ ਸਤਿਗੁਰੂ ਜੀ ਨੇ ਖਿਡਾਰੀਆਂ ਨੂੰ ਖੁਸ਼ੀਆਂ ਬਖਸ਼ੀਆਂ ਅਤੇ ਬਚਨ ਕੀਤਾ ਕਿ ਅਸੀਂ ਉਸ ਗੁਰੂ ਦੇ ਸਿੱਖ ਹਾਂ ਜਿਨ੍ਹਾਂ ਨੇ ਪਹਾੜੀ ਹਿੰਦੂ ਰਾਜਿਆਂ ਅਤੇ ਮੁਗਲਾਂ ਨਾਲ ਯੁੱਧ ਕਰਦਿਆਂ ਵੀ ਆਪ ਉੱਚਾ ਸੁੱਚਾ ਕਿਰਦਾਰ ਕਾਇਮ ਰੱਖਿਆ, ਧਰਮ ਯੁੱਧ ਦੇ ਅਸੂਲਾਂ ਤੇ ਕਾਇਮ ਰਹੇ।। ਉਹ ਸਿੱਖ ਸਰਨ ਪਏ ਦੇ ਅਤੇ ਨਿਹੱਥੇ ਤੇ ਵਾਰ ਨਹੀਂ ਸਨ ਕਰਦੇ। ਦੁਸ਼ਮਣ ਦੀਆਂ ਔਰਤਾਂ ਨਾਲ ਵੀ ਧੀਆਂ ਭੈਣਾਂ ਵਾਲਾ ਵਰਤਾ ਕਰਦੇ ਸਨ। ਇਸੇ ਲਈ ਦੁਸ਼ਮਣ ਵੀ ਸਿੱਖਾਂ ਦੇ ਉੱਚੇ ਸੁੱਚੇ ਆਚਰਣ ਅਤੇ ਕਿਰਦਾਰ ਦੀ ਸਿਫਤ ਕਰਦੇ ਸਨ। ਅੰਗਰੇਜ਼ ਹਾਕਮਾਂ ਨੇ ਵੀ ਨਾਮਧਾਰੀ ਸਿੱਖਾਂ ਦੇ ਗੁਣਾਂ ਨੂੰ ਸਲਾਹਿਆ। ਇਸ ਲਈ ਸ਼ਾਬਾਸ਼ ਤੁਹਾਡੇ, ਸਾਡਾ ਕਿਰਦਾਰ ਖਾਲਸੇ ਵਰਗਾ ਹੀ ਉੱਚਾ-ਸੁੱਚਾ ਹੋਣਾ ਚਾਹੀਦਾ ਹੈ।

ਨਾਮਧਾਰੀ ਹਾਕੀ ਟੀਮ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਪੁਚਾਉਣ ਲਈ ਸ੍ਰੀ ਸਤਿਗੁਰੂ ਜੀ ਨੇ ਟੀਮ ਦੀ ਕਮਾਂਡ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਸੌਂਪੀ। ਆਪ ਨੇ ਉਚੇਚਾ ਸਮਾਂ, ਖਰਚ ਅਤੇ ਖੇਚਲ ਕਰਕੇ ਟੀਮ ਦਾ ਵਰਲਡ ਟੂਰ ਲਵਾਇਆ। ਯੂਰਪ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿੱਚ ਨਾਮਧਾਰੀ ਹਾਕੀ ਟੀਮ ਨੇ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਸਿੱਖੀ ਸਰੂਪ ਵਿੱਚ ਖੇਡ ਕੇ ਖਾਲਸਈ ਸਵੈਮਾਨ ਨੂੰ ਚਾਰ ਚੰਨ ਲਾਏ।

ਉਹਨਾਂ ਦਿਨਾਂ ਵਿਚ ਸ੍ਰੀ ਸਤਿਗੁਰੂ ਜੀ ਨੇ ਹਾਕੀ ਤੋਂ ਬਿਨਾਂ ਜਿਮਨਾਸਟਿਕ, ਐਥਲੈਟਿਕਸ ਅਤੇ ਬੈਡਮਿੰਟਨ ਦੇ ਵੀ ਕੋਚ ਰੱਖ ਕੇ ਨਾਮਧਾਰੀ ਖਿਡਾਰੀਆਂ ਨੂੰ ਟਰੇਨਿੰਗ ਦਵਾਉਣੀ ਸ਼ੁਰੂ ਕੀਤੀ। ਸ੍ਰੀ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ, "ਫੁੱਟਬਾਲ ਬਾਈ ਫੋਰਸ, ਹਾਕੀ ਬਾਈ ਚਲਾਕੀ ਅਤੇ ਕ੍ਰਿਕਟ ਬਾਈ ਲੱਕ।" ਆਪ ਜੀ ਪਹਿਲੋਂ ਫੁੱਟਬਾਲ ਫੇਰ ਵਾਲੀਬਾਲ ਅਤੇ ਦੇਹ ਕਰਕੇ ਉਮਰ ਦੇ ਅੱਠਵੇਂ ਦਹਾਕੇ 'ਚ ਬੈਡਮਿੰਟਨ ਖੇਡਿਆ ਕਰਦੇ ਸਨ। ਇਸ ਸਮੇਂ ਆਪ ਜੀ ਨਾਲ ਖੇਡਣ ਵਾਲਿਆਂ ਵਿੱਚ ਕੋਈ ਵੀ ਆਪ ਜੀ ਦਾ ਹਾਣੀ ਨਹੀਂ ਸੀ ਹੋਇਆ ਕਰਦਾ, ਸਾਰੇ ਨੌਜੁਆਨ ਹੀ ਹੁੰਦੇ ਸਨ।

ਸ੍ਰੀ ਸਤਿਗੁਰੂ ਜੀ ਵਿਦਿਅਕ ਸੰਮੇਲਨ ਸਮੇਂ ਅਕਸਰ ਬਚਨ ਕਰਿਆ ਕਰਦੇ ਸਨ ਕਿ ਤੁਸੀਂ ਵਕੀਲ ਬਣੋ, ਜੱਜ ਬਣੋ, ਇੰਜੀਨੀਅਰ ਬਣੋ, ਨੇਤਾ ਬਣੋ, ਕੁਝ ਵੀ ਬਣੋ ਪਰ ਸਭ ਤੋਂ ਪਹਿਲੋਂ 'ਸਿੱਖ ਬਣੋ।' ਆਪ ਜੀ ਨੌਜੁਆਨਾਂ ਨੂੰ ਬੜੇ ਪ੍ਰੇਮ ਨਾਲ ਸਿੱਖੀ ਸਰੂਪ ਦੇ ਧਾਰਣੀ ਬਣਨ ਲਈ ਪ੍ਰੇਰਦੇ। ਇੱਕ ਵੇਰ ਸਰਸੇ ਨੇੜੇ ਕੰਙਣਪੁਰ ਵਿਖੇ ਘਰਾਂ 'ਚ ਚਰਨ ਪਾਉਂਦਿਆਂ ਸ. ਦਰਸ਼ਨ ਸਿੰਘ ਕੱਕੜਾਂ ਵਾਲੇ ਦੇ ਘਰ ਕਿਰਪਾ ਕੀਤੀ। ਸ.

ਦਰਸ਼ਨ ਸਿੰਘ ਦੇ ਲੜਕੇ ਮੁਖਤਿਆਰ ਸਿੰਘ ਨੇ ਵੇਟ ਲਿਫਟਿੰਗ ਮੁਕਾਬਲਿਆਂ ਵਿੱਚ ਜਿੱਤੇ ਤਮਗੇ ਸ੍ਰੀ ਸਤਿਗੁਰੂ ਜੀ ਨੂੰ ਵਿਖਾਉਂਦਿਆਂ ਆਪਣੀਆਂ ਪ੍ਰਾਪਤੀਆਂ ਦੱਸੀਆਂ। ਕੱਦੋਂ ਕਾਠੋਂ ਤਗੜਾ ਅਤੇ ਮਜ਼ਬੂਤ ਜੁੱਸੇ ਵਾਲਾ ਇਹ ਨੌਜੁਆਨ ਸਰਕਸ ਵਿੱਚ ਵੀ ਕਈ ਸਟੰਟ ਕਰਦਾ ਸੀ। ਆਪਣੇ ਸਰੀਰ ਤੇ ਫੱਟਾ ਰੱਖ ਕੇ ਉੱਪਰੋਂ ਹਾਥੀ ਲੰਘਾਉਣਾ। ਇੱਕ ਹੱਥ ਵਿੱਚ ਸਟੀਲ ਦੀ ਥਾਲੀ ਫੜ੍ਹ ਕੇ ਦੂਜਾ ਹੱਥ ਮਾਰ ਕੇ ਥਾਲੀ ਪਾੜ ਦੇਣੀ ਆਦਿ। ਸ੍ਰੀ ਸਤਿਗੁਰੂ ਜੀ ਨੇ ਬੜੇ ਪ੍ਰੇਮ ਨਾਲ ਸਾਰੀਆਂ ਪ੍ਰਾਪਤੀ ਬਾਰੇ ਸੁਣਿਆ। ਕੰਡ ਥਾਪੜੀ ਅਤੇ ਖੁਸ਼ੀਆਂ ਬਖਸ਼ੀਆਂ। ਫੇਰ ਬੜੇ ਪ੍ਰੇਮ ਨਾਲ ਹੌਲੀ ਜਹੀ ਬਚਨ ਕੀਤਾ, "ਮੁਖਤਿਆਰ ਤੂੰ ਐਨਾ ਭਾਰ ਚੁੱਕ ਲੈਂਦਾ ਹੈਂ, ਥੋੜ੍ਹਾ ਜਿਹਾ ਮੇਰਾ ਵੀ ਭਾਰ ਚੁੱਕ ਲੈ।

'ਹੁਕਮ ਕਰੋ ਪਾਤਸ਼ਾਹ ਜੀ, ਕੀ ਹੁਕਮ ਹੈ?'

ਗੱਲ੍ਹਾਂ ਅਤੇ ਠੋਡੀ ਤੇ ਪ੍ਰੇਮ ਨਾਲ ਹੱਥ ਫੇਰ ਬਚਨ ਕੀਤਾ, "ਐਹ ਦਾੜ੍ਹੀ ਦਾ ਥੋੜ੍ਹਾ ਜਿਹਾ ਭਾਰ ਹੈ, ਇਹ ਵੀ ਚੁੱਕ ਲਿਆ ਕਰ।"

ਮੁਖਤਿਆਰ ਸਿੰਘ ਨੇ ਸੀਸ ਝੁਕਾ 'ਸਤਿ ਬਚਨ' ਕੀਤਾ ਅਤੇ ਫੇਰ ਨਹੀਂ ਕਦੇ ਰੋਮਾਂ ਦੀ ਬੇਅਦਬੀ ਕੀਤੀ। ਅੱਜ-ਕੱਲ੍ਹ ਮੁਖਤਿਆਰ ਸਿੰਘ ਖੁੱਲ੍ਹੇ ਦਾੜ੍ਹੇ ਵਾਲਾ ਦਰਸ਼ਨੀ ਸਿੱਖ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੇਵਲ ਨਾਮਧਾਰੀ ਨੌਜਵਾਨਾਂ ਨੂੰ ਹੀ ਨਹੀਂ ਸਨ ਨਿਵਾਜਦੇ, ਸਗੋਂ ਕੋਈ ਵੀ ਕਿਸੇ ਜਾਤ, ਧਰਮ ਜਾਂ ਦੇਸ਼ ਦਾ ਹੋਵੇ, ਕਿਸੇ ਵੀ ਖੇਤਰ ਵਿੱਚ ਕੁਝ ਕਰ ਸਕਣ ਲਈ ਯੋਗਤਾ ਰੱਖਦਾ, ਯਤਨਸ਼ੀਲ ਹੁੰਦਾ ਤਾਂ ਆਪ ਉਸ ਨੂੰ ਉਤਸ਼ਾਹਿਤ ਕਰਦੇ। ਜਿਸ ਤਰ੍ਹਾਂ ਦੇ ਵੀ ਸਹਿਯੋਗ ਦੀ ਲੋੜ ਹੁੰਦੀ, ਮਦਦ ਕਰਦੇ। ਸਰਸੇ ਤੋਂ ਦਿੱਲੀ ਜਾਂਦਿਆਂ ਰੋਹਤਕ ਬਾਈਪਾਸ ਮੇਨ ਰੋਡ ਤੇ ਇੱਕ ਪਹਿਲਵਾਨੀ ਅਖਾੜਾ ਹੈ। 25-30 ਹਰਿਆਣਵੀ ਨੌਜਵਾਨ ਉੱਥੇ ਕਸਰਤ ਕਰਦੇ ਅਤੇ ਘੁਲਦੇ ਸਨ। ਸ੍ਰੀ ਸਤਿਗੁਰੂ ਜੀ ਨੇ ਜਦੋਂ ਵੀ ਉੱਥੋਂ ਲੰਘਣਾ, ਰੁਕ ਕੇ ਨੌਜਵਾਨਾਂ ਨੂੰ ਮਿਲਣਾ, ਖੁਸ਼ੀਆਂ ਬਖਸ਼ਣੀਆਂ, ਕਦੇ ਘਿਉ ਦਾ ਪੀਪਾ, ਕਦੇ ਬਦਾਮਾਂ ਦਾ ਗੱਟਾ, ਕਦੇ ਕਦੇ ਫਲਾਂ ਦੇ ਟੋਕਰੇ ਅਤੇ ਕਈ ਵਾਰ ਜੇ ਇਲਾਕਾ ਜੀਵਨ ਨਗਰ ਵਿੱਚ ਕਿਸੇ ਸਿੱਖ ਵਲੋਂ ਲੰਗਰ ਹੋਣਾ ਤਾਂ ਜਲੇਬ ਜਾਂ ਬੂੰਦੀ ਦਾ ਟੋਕਰਾ ਭਰ ਕੇ ਇਨ੍ਹਾਂ ਨੌਜਵਾਨਾਂ ਵਾਸਤੇ ਲੈ ਆਉਣਾ। ਸ੍ਰੀ ਸਤਿਗੁਰੂ ਜੀ ਦੇ ਪ੍ਰੇਮ ਕਲਾਵੇ ਵਿੱਚ ਹਰ ਜਾਤ, ਕੌਮ ਤੇ ਨਸਲ ਦੇ ਵਿਅਕਤੀ, ਬਿਨਾਂ ਕਿਸੇ ਭੇਦ ਭਾਵ ਦੇ ਸਮਾ ਜਾਂਦੇ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੌਜੁਆਨਾਂ ਨੂੰ ਹਰ ਪੱਖੋਂ ਸਮਰੱਥ ਬਣਾਉਣਾ ਚਾਹੁੰਦੇ ਸਨ। ਆਪ ਜੀ ਦਾ ਦ੍ਰਿਸ਼ਟੀਕੋਣ ਇੱਕ ਪੂਰਨ ਮਨੁੱਖ ਅਤੇ ਆਦਰਸ਼ ਸਮਾਜ ਸਿਰਜਣਾ ਸੀ। ਸੇਠ ਤਰਲੋਕ ਸਿੰਘ ਜੀ ਦੇ ਲੜਕੇ ਸ਼ੇਰ ਸਿੰਘ ਚਾਵਲਾ ਨੂੰ ਇੱਕ

ਕਿਰਪਾ ਪੱਤਰ ਵਿੱਚ ਸ੍ਰੀ ਸਤਿਗੁਰੂ ਜੀ ਅੰਮ੍ਰਿਤ ਵੇਲੇ ਉੱਠਣ, ਸਣਕੇਸੀ ਇਸ਼ਨਾਨ ਕਰਕੇ ਨਾਮ ਸਿਮਰਨ ਕਰਨ, ਬਾਣੀ ਕੰਠ ਕਰਨ, ਕਸਰਤ ਕਰਨ, ਸਿਤਾਰ ਵਾਦਨ ਦਾ ਰਿਆਜ਼ ਕਰਨ, ਧਿਆਨ ਨਾਲ ਪੜ੍ਹਾਈ ਕਰਨ ਅਤੇ ਕੰਮ-ਵਿਹਾਰ ਵੱਲ ਵੀ ਵਕਤ ਦੇਣ ਲਈ ਤਾਕੀਦ ਕਰਦੇ ਹਨ। ਆਪ ਜੀ ਨੌਜੁਆਨਾਂ ਨੂੰ ਨਾਮ ਬਾਣੀ ਅਤੇ ਗੁਰਮਤਿ ਦੀ ਪ੍ਰੇਰਣਾ ਦੇ ਨਾਲ ਸਿਹਤ ਸੰਭਾਲਣ ਲਈ ਵੀ ਜ਼ਰੂਰ ਪ੍ਰੇਰਦੇ। ਜੇ ਕਿਸੇ ਨੌਜੁਆਨ ਦਾ ਪੇਟ ਥੋੜ੍ਹਾ ਜਿਹਾ ਵੀ ਵਧਿਆ ਹੋਣਾ ਤਾਂ ਪੇਟ ਤੇ ਹੱਥ ਲਾ ਕੇ ਆਖਣਾ ਦੌੜਿਆ ਕਰ, ਡੰਡ ਮਾਰਿਆ ਕਰ, ਪੇਟ, ਛਾਤੀ ਤੋਂ ਪਿਛਾਂਹ ਹੋਣਾ ਚਾਹੀਦਾ ਹੈ।

ਗੁਰਮਤਿ ਫਲਸਫੇ ਦਾ ਮੂਲ ਮੰਤਰ-ਵਿਵੇਕ ਬੁੱਧੀ, ਕਰਤ ਵਿਦਿਆ, ਅਜਿੱਤ ਇਰਾਦੇ ਅਤੇ 'ਨਿਸਚੈ ਕਰ ਅਪਨੀ ਜੀਤ ਕਰੋਂ' ਦਾ ਦ੍ਰਿੜ ਸੰਕਲਪ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਦ੍ਰਿੜਾਇਆ। ਆਪ ਜੀ ਦੇ ਉਚੇਚੇ ਯਤਨਾਂ ਅਤੇ ਕਿਰਪਾ ਦ੍ਰਿਸ਼ਟੀ ਸਦਕਾ ਨਾਮਧਾਰੀ ਸਪੋਰਟਸ ਅਕੈਡਮੀ ਸ੍ਰੀ ਭੈਣੀ ਸਾਹਿਬ ਨੇ ਉਲੰਪੀਅਨ ਪੈਦਾ ਕੀਤੇ ਹਨ। ਖੇਡ ਦੇ ਮੈਦਾਨ ਵਿੱਚ ਸਿੱਖੀ ਸਰੂਪ ਨੂੰ ਬੁਲੰਦੀਆਂ ਤੇ ਪੁਚਾਇਆ। ਆਪ ਜੀ ਦੇ ਪਗ-ਚਿੰਨ੍ਹਾਂ ਤੇ ਚੱਲਦਿਆਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ 100 ਤੋਂ ਵੱਧ ਬੱਚੇ ਇਕੱਠੇ ਕਰਕੇ ਫੁੱਟਬਾਲ ਦੀ ਟੀਮ ਤਿਆਰ ਕਰਨੀ ਸ਼ੁਰੂ ਕੀਤੀ ਹੈ।

ਜਿਸ ਧਰਮ ਮਾਰਗ ਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਚਾਲਕ ਸਨ, ਮਾਰਗ ਦਰਸ਼ਕ ਸਨ ਉਹ ਹੈ-'ਦੁਨੀਆਂਦਾਰੀ ਅਤੇ ਰੂਹਾਨੀਅਤ ਦਾ ਅਨੂਠਾ ਸੁਮੇਲ ਸਿੱਖੀ-ਸੱਭਿਆਚਾਰ। ਗੁਰਮਤਿ ਅਨੁਸਾਰ ਸਾਰੀਆਂ ਖੇਡਾਂ ਤੋਂ ਔਖੀ ਖੇਡ ਹੈ 'ਮਨ ਨੂੰ ਜਿੱਤਣ ਦੀ ਖੇਡ' ਜਿਸ ਬਾਰੇ ਰਾਗ ਗਉੜੀ ਵਿੱਚ ਨੌਵੇਂ ਮਹੱਲੇ ਦਾ ਸ਼ਬਦ ਹੈ :

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ਰਹਾਉ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥

ਇਹ ਕਠਿਨ ਖੇਡ ਉਸੇ ਸਮਰੱਥ ਗੁਰੂ ਦੀ ਕਿਰਪਾ ਨਾਲ ਹੀ ਜਿੱਤੀ ਜਾ ਸਕਦੀ ਹੈ, ਜਿਸ ਬਾਰੇ ਗੁਰਵਾਕ ਹੈ-

ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥

ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥

ਇਨ੍ਹਾਂ ਤਾਰੀਫਾਂ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਨਾਮ ਜਪਵਾ ਕੇ, ਗੁਰਬਾਣੀ ਅਨੁਸਾਰ ਜੀਵਨ ਜੀਉਣ ਦੀ ਪ੍ਰੇਰਣਾ ਦੇਂਦੇ ਅਤੇ ਬਚਨ ਕਰਿਆ ਕਰਦੇ ਸਨ ਕਿ ਉਸ ਖੇਡ ਦਾ ਵੀ ਅਭਿਆਸ ਕਰਿਆ ਕਰੋ, ਜੋ ਹਰੀ ਨੂੰ, ਭਗਵਾਨ ਨੂੰ ਪਿਆਰੀ ਹੈ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਸ਼ਿਆਂ ਵਿਕਾਰਾਂ ਨੂੰ ਜਿੱਤਣ ਦੀ ਖੇਡ-

ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ॥

ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥

ਨਾਮਧਾਰੀ ਹਾਕੀ ਟੀਮ ਦਾ ਯੂਰਪੀਨ ਦੇਸ਼ਾਂ ਦਾ ਟੂਰ

-ਸੁਰਜੀਤ ਸਿੰਘ ਜੀਤ

(1989 ਈ. ਦਾ ਲਿਖਿਆ ਲੇਖ)

ਭਾਰਤ ਦੇ ਖੇਡ ਜਗਤ ਵਿੱਚ ਸਭ ਤੋਂ ਵੱਧ ਪ੍ਰਤਿਸ਼ਠਾ ਵਾਲੀ ਖੇਡ 'ਹਾਕੀ' ਰਹੀ ਹੈ। ਇਸ ਖੇਡ ਨੇ ਹੀ ਭਾਰਤ ਦਾ ਨਾਮ ਸੰਸਾਰ ਦੇ ਖੇਡ-ਖੇਤਰ ਵਿੱਚ ਰੌਸ਼ਨ ਕੀਤਾ। ਹਾਕੀ ਵਿੱਚ ਲਗਾਤਾਰ ਇਨਾਮ ਜਿੱਤਣ ਸਦਕਾ ਬਹੁਤੇ ਮੁਲਕਾਂ ਵਿੱਚ ਭਾਰਤ ਨੂੰ 'ਹਾਕੀ ਦਾ ਦੇਸ਼' ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਜਿੱਥੇ ਕਿਸੇ ਸਮੇਂ ਜਲੰਧਰ ਜ਼ਿਲ੍ਹੇ ਦਾ ਸੰਸਾਰਪੁਰ ਪਿੰਡ ਹਾਕੀ ਦੀ ਖੇਡ ਲਈ 'ਨਰਸਰੀ' ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਨਾਮਧਾਰੀ ਪੰਥ ਦੇ ਦੋਨੋਂ ਕੇਂਦਰ- ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਅਜਿਹੀਆਂ ਨਰਸਰੀਆਂ ਦੇ ਨਾਮ ਨਾਲ ਵੀ ਮਸ਼ਹੂਰ ਹਨ।

1978 ਤੋਂ ਹੀ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਆਪਣਾ ਕੀਮਤੀ ਸਮਾਂ ਦੇ ਕੇ ਭਾਰਤ ਵਿਚਲੇ ਸਾਰੇ ਮਸ਼ਹੂਰ ਟੂਰਨਾਮੈਂਟਾਂ ਦੀ ਜੇਤੂ ਟੀਮ ਦੇ ਸੁੰਦਰ ਪੌਦੇ 'ਨਾਮਧਾਰੀ ਹਾਕੀ ਨਰਸਰੀ' ਵਿੱਚ ਬੀਜ ਕੇ ਫੁੱਲ ਤੇ ਫਲ ਦੇ ਰਹੇ ਬੂਟੇ ਤਿਆਰ ਕੀਤੇ ਅਤੇ ਤਿਆਰ ਕਰ ਰਹੇ ਹਨ। ਇਹ ਸਿਰਫ਼ ਨਾਮਧਾਰੀ ਪੰਥ ਨੂੰ ਹੀ ਨਹੀਂ, ਸਗੋਂ ਸਿੱਖ ਜਗਤ ਨੂੰ ਅਤੇ ਖੇਡ ਜਗਤ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਮੋਲਕ ਦਾਤ ਹੈ। ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਠਾਕਰ ਉਦੇ ਸਿੰਘ ਜੀ ਨੂੰ ਪ੍ਰੇਰਤ ਕਰਕੇ ਹਾਕੀ ਦੀ ਜੂਨੀਅਰ ਟੀਮ ਜੋ ਅੱਜਕਲ੍ਹ ਸੀਨੀਅਰ ਟੀਮ ਦੇ ਤੌਰ 'ਤੇ ਖੇਡ ਰਹੀ ਹੈ, ਨੂੰ ਤਿਆਰ ਕੀਤਾ। ਇਸ ਟੀਮ ਨੇ ਦੇਸ਼ ਦੇ ਹਰੇਕ ਹਾਕੀ ਟੂਰਨਾਮੈਂਟ ਵਿੱਚ ਨਾਮਣਾ ਖੱਟਿਆ ਹੈ (ਪਤਾ ਲੱਗਾ ਹੈ ਕਿ ਅੱਗੋਂ ਹੋਰ ਜੂਨੀਅਰ ਟੀਮ ਸ੍ਰੀ ਭੈਣੀ ਸਾਹਿਬ ਟ੍ਰੇਨਿੰਗ ਲੈ ਰਹੀ ਹੈ)। ਇਹ ਸਾਰੀਆਂ ਪ੍ਰਾਪਤੀਆਂ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਰਹਿਮਤ ਅਤੇ ਸੁਚੱਜੇ ਮਿਹਨਤੀ ਕੋਚ ਸ. ਬਲਦੇਵ ਸਿੰਘ ਜੀ ਦੀ ਬੱਚਿਆਂ ਨੂੰ ਪਿਆਰ ਨਾਲ ਕਰਵਾਈ ਜਾਂਦੀ ਮਿਹਨਤ ਦਾ ਨਤੀਜਾ ਹੈ। ਇਸ ਹਾਕੀ ਟੀਮ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਖੇਡ ਜਗਤ ਦੇ ਅਸੂਲਾਂ ਦੇ ਨਾਲ-ਨਾਲ ਦੇਸ਼ ਵਿੱਚ ਵੀ ਅਤੇ ਵਿਦੇਸ਼ਾਂ ਵਿੱਚ ਵੀ ਆਪਣੇ ਪੂਰਨ ਗੁਰਸਿੱਖੀ ਪਹਿਰਾਵੇ ਵਿੱਚ ਆਪਣੀਆਂ ਯੋਗਤਾਵਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਪ੍ਰਦਰਸ਼ਨ ਦੇ ਨਾਲ-ਨਾਲ ਪੂਰਨ ਗੁਰਸਿੱਖੀ ਮਰਯਾਦਾ ਦੀ ਜੀਵਨ-ਜਾਚ ਵੀ ਇਨ੍ਹਾਂ ਖਿਡਾਰੀਆਂ ਦੀ ਵਡਿਆਈ ਹੈ। ਇਸ ਟੀਮ ਦੇ ਕੁਝ ਖਿਡਾਰੀਆਂ ਨੂੰ ਭਾਰਤੀ ਓਲੰਪਿਕ ਹਾਕੀ ਦੀ ਟੀਮ ਲਈ ਚੁਣਿਆ ਗਿਆ ਸੀ, ਪ੍ਰੰਤੂ ਇਨ੍ਹਾਂ ਗੁਰਸਿੱਖਾਂ ਨੇ ਆਪਣਾ ਸਿੱਖੀ-ਸਰੂਪ ਬਦਲ ਕੇ ਖੇਡਣ ਤੋਂ ਇਨਕਾਰ ਕਰ ਦਿੱਤਾ

ਸੀ। ਭਾਰਤੀ ਟੀਮ ਦੇ ਸਲੈਕਸ਼ਨ ਬੋਰਡ ਦੇ ਤੰਗ ਨਜ਼ਰੀਏ ਕਰਕੇ ਇਹ ਖਿਡਾਰੀ ਭਾਰਤੀ ਹਾਕੀ ਟੀਮ ਵਿੱਚ ਆਪਣੇ ਕਰਤੱਵ ਨਹੀਂ ਦਿਖਾ ਸਕੇ, ਸ਼ਾਇਦ ਇਸੇ ਕਰਕੇ ਭਾਰਤੀ ਟੀਮ ਬੁਰੀ ਤਰ੍ਹਾਂ ਹਾਰ ਗਈ ਸੀ।

ਅੱਜ ਇਸ ਨਾਮਧਾਰੀ ਹਾਕੀ ਟੀਮ ਨੇ ਦੇਸ਼ ਵਿੱਚ ਹਰ ਟੂਰਨਾਮੈਂਟ ਵਿੱਚ ਪਹਿਲਾ ਦਰਜਾ ਚੈਂਪੀਅਨਸ਼ਿਪ ਤੇ ਟਰਾਫੀਆਂ ਆਦਿ ਲੈ ਕੇ ਹਾਕੀ ਦੀ ਖੇਡ ਵਿੱਚ ਕਾਫ਼ੀ ਜਾਨ ਪਾਈ ਹੈ। ਇਸ ਸੰਦਰਭ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਮਤ ਤੇ ਬਖਸ਼ਿਸ਼ ਅਤੇ ਜਾਤੀ ਤੌਰ ’ਤੇ ਗੌਰ ਕਰਕੇ ਕੀਤੀ ਕਠਨ ਮਿਹਨਤ ਦਾ ਜਿਤਨਾ ਵੀ ਗੁਣ ਗਾਇਨ ਕੀਤਾ ਜਾਵੇ, ਥੋੜ੍ਹਾ ਹੈ। ਅੱਜ ਕਲ੍ਹ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਅਸ਼ੀਰਵਾਦ ਨਾਲ ਇਹ ਟੀਮ ਯੂਰਪੀਨ ਦੇਸ਼ਾਂ ਦੇ ਦੌਰੇ ’ਤੇ ਆਈ ਹੋਈ ਹੈ। ਇਸ ਸਾਰੇ ਟੂਰ ਦਾ ਪ੍ਰਬੰਧ ਨਾਮਧਾਰੀ ਸੰਗਤ ਯੂ. ਕੇ. ਅਤੇ ਨਿਊਹੈਮ ਹਾਕੀ ਕਲੱਬ ਦੇ ਖ਼ਾਸ ਕਾਰਕੁੰਨ ਸ. ਹਰਬੰਸ ਸਿੰਘ ਜਬਾਲ ਜੀ ਅਤੇ ਸ. ਮਹਿੰਦਰ ਸਿੰਘ ਚੀਮਾ ਜੀ ਨੇ ਬੜੀ ਲਗਨ, ਉਤਸ਼ਾਹ ਤੇ ਨਿਸ਼ਕਾਮ ਕੁਰਬਾਨੀ ਨਾਲ ਕੀਤਾ ਹੈ। ਉਪਰੋਕਤ ਦੋਨੋਂ ਹਸਤੀਆਂ ਦੀ ਮਿਹਨਤ, ਦ੍ਰਿੜ੍ਹਤਾ ਤੇ ਹਾਕੀ ਦੀ ਖੇਡ ਪ੍ਰਤੀ ਪਿਆਰ ਠਾਠਾਂ ਮਾਰਦਾ ਨਾਮਧਾਰੀ ਹਾਕੀ ਦੀ ਟੀਮ ਦੀਆਂ ਪ੍ਰਾਪਤੀਆਂ ਬਾਰੇ ਸੁਣ ਕੇ ਉਮਡ ਪਿਆ। ਸ਼੍ਰੀ ਚੀਮਾ ਜੀ ਨੇ ਭਾਰਤ ਜਾ ਕੇ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਚਰਨਾਂ ਵਿੱਚ ਹਾਕੀ ਦੀ ਟੀਮ ਦੇ ਯੂਰਪੀਨ ਟੂਰ ਵਾਸਤੇ ਅਰਜ਼ ਕੀਤੀ, ਜਿਸ ਸਦਕਾ ਅੱਜ ਕਲ੍ਹ ਇਹ ਟੀਮ ਇਸ ਦੌਰੇ ’ਤੇ ਆਈ ਹੋਈ ਹੈ।

ਇੰਗਲੈਂਡ ਵਿਚ ਅੱਜ ਤੱਕ ਖੇਡੇ ਗਏ ਸਾਰੇ ਮੈਚਾਂ ਵਿੱਚ ਇਹ ਟੀਮ ਸ਼ਾਨਦਾਰ ਸਕੋਰਾਂ ਨਾਲ ਵਿਜੇਤਾ ਰਹੀ ਹੈ। ਆਸ ਹੈ ਕਿ ਅਗਲੀਆਂ ਖੇਡਾਂ ਵਿੱਚ ਵੀ ਇਸੇ ਤਰ੍ਹਾਂ ਸ਼ਾਨਦਾਰ ਜਿੱਤਾਂ ਪ੍ਰਾਪਤ ਕਰਦੀ ਰਹੇਗੀ। ਇਹ ਟੀਮ ਆਪਣੇ ਪੂਰਨ ਗੁਰਸਿੱਖੀ ਪਹਿਰਾਵੇ ਅਤੇ ਗੁਰਮੁਖੀ ਜੀਵਨ ਵਿੱਚ ਰਹਿ ਕੇ ਜਿੱਥੇ ਹਾਕੀ ਦੀ ਖੇਡ ਦਾ ਗੌਰਵ ਵਧਾ ਰਹੀ ਹੈ, ਓਥੇ ਸਿੱਖ ਪੰਥ ਤੇ ਭਾਰਤ ਦੇਸ਼ ਦਾ ਨਾਮ ਵੀ ਖੇਡ ਜਗਤ ਵਿੱਚ ਰੌਸ਼ਨ ਕਰ ਰਹੀ ਹੈ। ਨਾਮਧਾਰੀ ਸਿੱਖ-ਸਿੱਖਾਂ ਵਿੱਚੋਂ ਪ੍ਰਗਤੀਸ਼ੀਲ ਗਰੁੱਪ ਹੈ ਜਿਹੜਾ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਪ੍ਰਥਮ ਜੁਝਾਰੂਆਂ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਇਹ ਸ਼ਾਕਾਹਾਰੀ ਹਨ ਅਤੇ ਕਿਸੇ ਵੀ ਨਸ਼ੀਲੀ ਚੀਜ਼ ਦਾ ਸੇਵਨ ਨਹੀਂ ਕਰਦੇ। ਸਾਦਾ ਜੀਵਨ, ਉੱਚੀ ਸੋਚ, ਸਰਬੱਤ ਦੇ ਭਲੇ ਲਈ ਸੱਚੇ ਖਿਡਾਰੀਆਂ ਵਾਲੀ ਸਪਿਰਟ ਨਾਲ ਜੀਵਨ ਜੀਉਣਾ ਚਾਹੁੰਦੇ ਹਨ ਅਤੇ ਇਸ ਦਾ ਪ੍ਰਚਾਰ ਕਰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖ਼ੁਦ ਤਵੱਜੋਂ ਦੇ ਕੇ ਭਾਰਤ ਦੀ ਹਾਕੀ ਖੇਡ ਨੂੰ ਅਤੇ ਸ਼ਾਸਤਰੀ ਸੰਗੀਤ ਨੂੰ ਪ੍ਰਚਾਰਨ ਅਤੇ ਅੱਗੇ ਵਧਾਉਣ ਹਿਤ ਤਾਣ ਲਾ ਰਹੇ ਹਨ। ਸ੍ਰੀ ਹਜ਼ੂਰ ਜੀ ਦੀ ਕਿਰਪਾ ਸਦਕਾ ਹੀ ਨਾਮਧਾਰੀ ਹਾਕੀ ਟੀਮ ਹੋਂਦ ਵਿੱਚ ਆਈ। ਜਦੋਂ ਭਾਰਤੀ ਹਾਕੀ ਟੀਮ ਅਧੋਗਤੀ ਵਿੱਚ ਜਾਣ ਲੱਗੀ ਤਦ ਸ੍ਰੀ ਸਤਿਗੁਰੂ ਜੀ ਨੇ ਠਾਕੁਰ ਉਦੇ ਸਿੰਘ ਜੀ ਨੂੰ 10-

12 ਸਾਲ ਦੀ ਉਮਰ ਦੇ 24-25 ਮੁੰਡੇ ਸਖ਼ਤ ਮਿਹਨਤ, ਜਾਤੀ ਤਵੱਜੋਂ ਅਤੇ ਸੁਚੱਜੀ ਟ੍ਰੇਨਿੰਗ ਨਾਲ ਹਾਕੀ ਦੀ ਟੀਮ ਤਿਆਰ ਕਰਨ ਦਾ ਹੁਕਮ ਕੀਤਾ। ਇਸ ਹੁਕਮ ਦੀ ਤਾਮੀਲ ਕਰਦੇ ਹੋਏ ਠਾਕੁਰ ਜੀ ਨੇ ਕਰੜੀ ਸਾਧਨਾ ਨਾਲ ਜਿਹੜੀ ਟੀਮ ਤਿਆਰ ਕੀਤੀ ਅੱਜ ਉਸੇ ਟੀਮ ਦੀਆਂ ਪ੍ਰਾਪਤੀਆਂ ਦੀ ਚਰਚਾ ਹਰ ਜਗ੍ਹਾ ਹੋ ਰਹੀ ਹੈ।

ਇਸ ਟੀਮ ਦੀਆਂ ਕੁਝ ਕੁ ਪ੍ਰਾਪਤੀਆਂ ਦਾ ਜ਼ਿਕਰ ਹੇਠ ਦਿੱਤਾ ਗਿਆ ਹੈ-

1. ਨਾਮਧਾਰੀ ਹਾਕੀ ਟੀਮ 1978 ਵਿੱਚ ਤਿਆਰ ਹੋਈ ਅਤੇ ਇਸ ਟੀਮ ਨੇ ਦੋ ਸਾਲਾਂ ਬਾਅਦ ਹੀ 1980 ਵਿੱਚ ਦਿੱਲੀ ਵਿਖੇ ਜੂਨੀਅਰ ਨਹਿਰੂ ਆਲ ਇੰਡੀਆ ਹਾਕੀ ਟੂਰਨਾਮੈਂਟ ਜਿੱਤ ਲਿਆ।
2. ਲਗਾਤਾਰ ਤਿੰਨ ਸਾਲ ਹਰਿਆਣਾ ਰਾਜ ਸਕੂਲ ਹਾਕੀ ਚੈਂਪੀਅਨਸ਼ਿਪ ਆਪਣੇ ਪਾਸ ਰੱਖ ਕੇ ਰਿਕਾਰਡ ਤੋੜ ਦਿੱਤਾ। 1979-80-81 ਤਿੰਨੇ ਸਾਲ ਇਹੋ ਟੀਮ ਚੈਂਪੀਅਨ ਰਹੀ।
3. ਹਰਿਆਣਾ ਰਾਜ ਵੱਲੋਂ ਇਸ ਟੀਮ ਨੇ ਜੂਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ, ਜੋ ਕਿ ਜਬਲਪੁਰ (ਐਮ. ਪੀ.) ਵਿਖੇ 1983 ਵਿੱਚ ਹੋਇਆ ਸੀ, ਇਸ ਵਿੱਚ ਇਹ ਟੀਮ ਰਨਰਅੱਪ ਰਹੀ।
4. ਹਰਿਆਣਾ ਰਾਜ ਦੇ ਸਟੇਟ ਸਪੋਰਟਸ ਫੈਸਟੀਵਲ 1985 ਵਿੱਚ ਇਹ ਟੀਮ ਅੱਵਲ ਨੰਬਰ ਦੀ ਜੇਤੂ ਰਹੀ।
5. 1987 ਵਿੱਚ ਰਾਏਪੁਰ (ਐਮ. ਪੀ.) ਵਿਖੇ ਹੋਏ ਆਲ ਇੰਡੀਆ ਹਾਕੀ ਟੂਰਨਾਮੈਂਟ ਵਿੱਚ ਨਾਮਧਾਰੀ ਹਾਕੀ ਟੀਮ ਵਿਜੇਤਾ ਰਹੀ।
6. ਇਟਾਵਾ (ਯੂ. ਪੀ.) ਵਿੱਚ ਹੋਏ 1987 ਦੇ ਆਲ ਇੰਡੀਆ ਹਾਕੀ ਟੂਰਨਾਮੈਂਟ ਵਿੱਚ ਈ. ਐਮ. ਈ. ਜਲੰਧਰ ਦੀ ਟੀਮ ਨੂੰ ਫਾਈਨਲ ਵਿੱਚ ਹਰਾ ਕੇ ਨਾਮਧਾਰੀ ਹਾਕੀ ਟੀਮ ਜੇਤੂ ਰਹੀ।
7. ਡਾ. ਐਸ. ਐਲ. ਮਲਹੋਤਰਾ ਆਲ ਇੰਡੀਆ ਹਾਕੀ ਟੂਰਨਾਮੈਂਟ (1987) ਮੰਡੀ (ਹਿਮਾਚਲ ਪ੍ਰਦੇਸ਼) ਵਿਖੇ ਸਟੇਟ ਬੈਂਕ ਆਫ ਇੰਡੀਆ ਨਵੀਂ ਦਿੱਲੀ ਨੂੰ ਫਾਈਨਲ ਵਿੱਚ ਸ਼ਿਕਸਤ ਦੇ ਕੇ ਵਿਜੇਤਾ ਰਹੀ।
8. ਆਲ ਇੰਡੀਆ ਸੰਜੇ ਗਾਂਧੀ ਮੈਮੋਰੀਅਲ ਹਾਕੀ ਟੂਰਨਾਮੈਂਟ 1988 ਦਿੱਲੀ ਵਿਖੇ ਅੱਵਲ ਨੰਬਰ ਦੀ ਜਿੱਤ ਨਾਮਧਾਰੀ ਹਾਕੀ ਟੀਮ ਨੇ ਪ੍ਰਾਪਤ ਕੀਤੀ।
9. 1988 ਦੀ ਡਾ. ਐਸ. ਐਲ. ਆਲ ਇੰਡੀਆ ਹਾਕੀ ਟੂਰਨਾਮੈਂਟ ਮੰਡੀ (ਹਿਮਾਚਲ ਪ੍ਰਦੇਸ਼) ਦੀ ਟਰਾਫੀ ਵੀ ਨਾਮਧਾਰੀ ਹਾਕੀ ਟੀਮ ਨੇ ਹੀ ਜਿੱਤੀ ਸੀ।
10. ਹਰਿਆਣਾ ਰਾਜ ਹਾਕੀ ਟੂਰਨਾਮੈਂਟ ਚੈਂਪੀਅਨਸ਼ਿਪ 1988 ਦੀ ਵੀ ਨਾਮਧਾਰੀ ਹਾਕੀ ਟੀਮ ਨੇ ਜਿੱਤੀ ਸੀ।

11. 1988 ਵਿੱਚ ਵੀ ਨਾਮਧਾਰੀ ਹਾਕੀ ਟੀਮ ਨੇ ਹਰਿਆਣਾ ਰਾਜ ਸਪੋਰਟਸ ਅੰਬਾਲਾ ਵਿਖੇ ਹਾਕੀ ਚੈਂਪੀਅਨਸ਼ਿੱਪ ਜਿੱਤ ਲਈ।
12. 1989 ਗੋਰਖਪੁਰ (ਯੂ. ਪੀ.) ਵਿਖੇ ਹੋਏ ਯੰਗ ਸਪੋਰਟਿੰਗ ਚੈਲੰਜ ਕੱਪ ਹਾਕੀ ਟੂਰਨਾਮੈਂਟ ਨਾਮਧਾਰੀ ਹਾਕੀ ਟੀਮ ਨੇ ਜਿੱਤਿਆ।
13. ਆਲ ਇੰਡੀਆ ਲਾਲ ਬਹਾਦਰ ਸ਼ਾਸ਼ਤਰੀ ਟੂਰਨਾਮੈਂਟ ਗੁਣਾ (ਐਮ. ਪੀ.) ਵਿੱਚ ਇਹ ਟੀਮ ਜੇਤੂ ਰਹੀ।
14. ਆਲ ਇੰਡੀਆ ਗੋਲਡ ਕੱਪ ਹਾਕੀ ਟੂਰਨਾਮੈਂਟ ਜੰਮੂ ਵਿਖੇ ਹੋਏ ਸਰਦੀਆਂ ਦੇ ਟੂਰਨਾਮੈਂਟ ਵਿੱਚ ਇਹ ਟੀਮ ਰਨਰਅੱਪ ਰਹੀ।
15. ਆਲ ਇੰਡੀਆ ਗੋਲਡ ਕੱਪ ਹਾਕੀ ਟੂਰਨਾਮੈਂਟ ਬੰਬਈ (ਗਰਮੀਆਂ 1989) ਵਿੱਚ ਰਨਰਅੱਪ ਰਹੀ।
16. 1984 ਵਿੱਚ ਨਾਮਧਾਰੀ ਹਾਕੀ ਟੀਮ ਨੇ ਥਾਈਲੈਂਡ ਦੇਸ਼ ਦਾ ਪਹਿਲਾ ਵਿਦੇਸ਼ੀ ਟੂਰ ਕੀਤਾ, ਜਿਸ ਵਿੱਚ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ।
17. 1985 ਵਿੱਚ ਈਸਟ ਅਫਰੀਕਾ ਹਾਕੀ ਕਲੱਬ ਅਤੇ ਤਨਜ਼ਾਨੀਆਂ ਪ੍ਰੈਜ਼ੀਡੈਂਟ ਇਲੈਵਨ ਅਤੇ ਸਿੱਖ ਸੈਂਟਰ ਹਾਕੀ ਕਲੱਬ ਨਾਲ ਦਾਰਾਸਲਾਮ ਅਤੇ ਮੌਸ਼ੀ ਵਿਖੇ ਮੈਚ ਖੇਡ ਕੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਅਤੇ ਜੇਤੂ ਰਹੇ।
18. ਹਰਿਆਣਾ ਰਾਜ ਦੀ ਚੈਂਪੀਅਨਸ਼ਿਪ ਅਤੇ ਹਰਿਆਣਾ ਰਾਜ ਵੱਲੋਂ ਨੈਸ਼ਨਲ ਟੂਰਨਾਮੈਂਟਾਂ ਵਿੱਚ ਹਿੱਸਾ ਲੈ ਕੇ ਨਾਮਧਾਰੀ ਹਾਕੀ ਟੀਮ ਨੇ ਹਾਕੀ ਦੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਹੀ ਨਹੀਂ ਕੀਤਾ, ਸਗੋਂ ਖਿਡਾਰੀ ਰਾਜ ਦੀ ਟੀਮ ਲਈ ਨਰਸਰੀ ਅਤੇ ਕੇਂਦਰੀ ਧੁਰਾ ਹਨ ਜਿਹੜੇ ਹਰ ਸਾਲ ਨੈਸ਼ਨਲ ਚੈਂਪੀਅਨਸ਼ਿਪ ਲਈ ਖਿਡਾਰੀ ਤਿਆਰ ਕਰਦੇ ਹਨ ਤੇ ਜਿੱਤਾਂ ਪ੍ਰਾਪਤ ਕਰਦੇ ਹਨ।

ਇਹ ਟੀਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਵਿੱਤਰ ਛਤਰ ਛਾਇਆ ਹੇਠ ਤਰੱਕੀ ਕਰ ਰਹੀ ਹੈ। ਸ੍ਰੀ ਸਤਿਗੁਰੂ ਜੀ ਵੀ ਖੁੱਲ੍ਹੇ ਦਿਲ ਨਾਲ ਹਰ ਸਾਲ 5 ਲੱਖ ਤੋਂ ਵੀ ਵੱਧ ਮਾਇਆ ਬੱਚਿਆਂ 'ਤੇ ਖਰਚ ਰਹੇ ਹਨ। ਇਸ ਤੋਂ ਇਲਾਵਾ ਇਸੇ ਤਰ੍ਹਾਂ ਹੀ ਇੱਕ ਟੀਮ ਸ੍ਰੀ ਭੈਣੀ ਸਾਹਿਬ ਤੋਂ ਕੋਚ ਸ. ਰਛਪਾਲ ਸਿੰਘ ਭੰਗੂ ਦੀ ਸੁਚੱਜੀ ਟਰੇਨਿੰਗ ਹੇਠ ਤਿਆਰ ਕਰਨੀ ਸ਼ੁਰੂ ਕੀਤੀ ਹੋਈ ਹੈ, ਜਿਸ ਦੀਆਂ ਪੰਜਾਬ ਰਾਜ ਦੇ ਹਾਕੀ ਟੂਰਨਾਮੈਂਟਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਦਾ ਜ਼ਿਕਰ 'ਸਤਿਜੁਗ' ਸਪਤਾਹਿਕ ਅਖ਼ਬਾਰ ਵਿੱਚ ਆਇਆ ਹੈ। ਅੱਜ ਕਲ੍ਹ ਨਾਮਧਾਰੀ ਹਾਕੀ ਟੀਮ ਸ੍ਰੀ ਠਾਕੁਰ ਉਦੇ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਦੇਸ਼ ਅਤੇ ਵਿਦੇਸ਼ਾਂ ਵਿੱਚ ਜਿੱਤਾਂ ਹਾਸਲ ਕਰ ਰਹੀ ਹੈ। ਸ੍ਰੀ ਠਾਕੁਰ ਜੀ ਦੀ ਰਹਿਨੁਮਾਈ ਹੇਠ ਨਵੀਆਂ ਸਕੀਮਾਂ ਨਾਲ ਜੂਨੀਅਰ ਤੇ ਸਬ ਜੂਨੀਅਰ ਟੀਮਾਂ ਲਈ ਮੁੰਡੇ ਤਿਆਰ ਕੀਤੇ ਜਾ ਰਹੇ ਹਨ। ਠਾਕੁਰ ਜੀ ਬਹੁਤ ਹੀ ਮਿਹਨਤੀ, ਬੜੇ ਹੱਸਮੁਖ, ਅਤੇ ਸੁੰਦਰ ਸੀਰਤ ਦੇ ਮਾਲਕ ਹਨ, ਜਿਨ੍ਹਾਂ ਦੀ ਸੁਚੱਜੀ ਬੋਲਚਾਲ ਨਾਲ

ਖਿਡਾਰੀ ਬੱਝੇ ਹੋਏ, ਕਠਨ ਮਿਹਨਤ ਨਾਲ ਹਰ ਮੈਚ ਵਿੱਚ ਜਿੱਤ ਪ੍ਰਾਪਤ ਕਰਨ ਲਈ ਤਤਪਰ ਰਹਿੰਦੇ ਹਨ ਅਤੇ ਜਿੱਤਾਂ ਪ੍ਰਾਪਤ ਵੀ ਕਰ ਰਹੇ ਹਨ। ਸ੍ਰੀ ਠਾਕੁਰ ਜੀ ਦੀ ਤਮੰਨਾ ਹੈ ਕਿ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਨਾਮਧਾਰੀ ਹਾਕੀ ਟੀਮ ਨੂੰ ਵਿਸ਼ਵ ਹਾਕੀ ਖੇਡ ਜਗਤ ਵਿੱਚ ਯੋਗ ਸਥਾਨ ਦਵਾਇਆ ਜਾਵੇ। ਨਾਮਧਾਰੀ ਸੰਗਤ ਯੂ. ਕੇ. ਦੀ ਵੀ ਇਹੋ ਤਮੰਨਾ ਹੈ ਕਿ ਇਹ ਟੀਮ ਇਸੇ ਤਰ੍ਹਾਂ ਹੀ ਸ਼ਾਨਦਾਰ ਜਿੱਤਾਂ ਪ੍ਰਾਪਤ ਕਰਕੇ ਵਿਸ਼ਵ ਵਿੱਚ ਆਪਣਾ ਅਤੇ ਪੰਥ ਦਾ ਨਾਮ ਰੌਸ਼ਨ ਕਰੇ। ਅਸੀਂ ਇਨ੍ਹਾਂ ਸ਼ੁਭ ਕਾਮਨਾਵਾਂ ਨਾਲ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਟੀਮ ਨੂੰ ਹਰ ਮੈਦਾਨ ਫਤਹਿ ਮਿਲੇ।

ਇੰਗਲੈਂਡ ਵਿੱਚ ਟੀਮ ਦੀਆਂ ਸ਼ਾਨਦਾਰ ਪ੍ਰਾਪਤੀਆਂ–

1. ਪਹਿਲਾ ਮੈਚ 18 ਜੂਨ 1989 ਨੂੰ ਨਿਊਹੈਮ ਕੰਬਾਈਨਡ ਇਲੈਵਨ ਨਾਲ ਖੇਡਿਆ, ਜਿਸ ਵਿੱਚ ਨਾਮਧਾਰੀ ਹਾਕੀ ਟੀਮ 2-1 ਨਾਲ ਜੇਤੂ ਰਹੀ। (ਸਫ਼ਰ ਦੀ ਥਕਾਵਟ ਤੇ ਟਰਫ ਤੇ ਦੇਸੀ ਜੁੱਤੀਆਂ ਦੀ ਸਮੱਸਿਆ ਦੇ ਬਾਵਜੂਦ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ)
2. ਦੂਸਰਾ ਮੈਚ 19 ਜੂਨ ਨੂੰ ਮਿਡਲਸੈਕਸ ਕੋਂਟੀ ਟੀਮ ਜੋ ਕਿ ਇੰਗਲੈਂਡ ਕੋਂਟੀ ਚੈਂਪੀਅਨਸਿਪ ਜੇਤੂ ਹੈ, ਨੂੰ 3-2 ਨਾਲ ਹਰਾ ਕੇ ਨਾਮਧਾਰੀ ਹਾਕੀ ਟੀਮ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ।
3. ਤੀਸਰਾ ਮੈਚ 21 ਜੂਨ ਨੂੰ ਨਿਊਹੈਮ ਮੇਅਰ ਇਲੈਵਨ ਨਾਲ ਹੋਇਆ। ਜਿਸ ਵਿੱਚ ਟੀਮ ਨੇ 6-1 ਨਾਲ ਜਿੱਤ ਪ੍ਰਾਪਤ ਕੀਤੀ। ਸ਼ਾਮ ਨੂੰ ਨਿਊਹੈਮ ਮੇਅਰ ਵੱਲੋਂ ਸ਼ਾਨਦਾਰ ਡਿਨਰ ਦਿੱਤਾ ਗਿਆ ਅਤੇ ਟਰਾਫੀ ਦਿੱਤੀ ਗਈ।
4. ਚੌਥਾ ਮੈਚ 23 ਜੂਨ ਨੂੰ ਸਾਊਥ ਆਫ ਇੰਗਲੈਂਡ ਦੀ ਟੀਮ ਨਾਲ ਖੇਡਿਆ ਗਿਆ, ਜੋ 3-2 ਗੋਲਾਂ ਨਾਲ ਜਿੱਤਿਆ ਗਿਆ।
5. ਪੰਜਵਾਂ ਮੈਚ 24 ਜੂਨ ਨੂੰ ਇੰਡੀਅਨ ਜਿਮਖਾਨਾ ਨਾਲ ਖੇਡਿਆ ਗਿਆ, ਜੋ 1-0 ਨਾਲ ਜਿੱਤਿਆ। ਇਸ ਮੈਚ ਸਮੇਂ ਨਾਮਧਾਰੀ ਹਾਕੀ ਟੀਮ ਨੇ ਕਈ ਗੋਲਾਂ ਦੇ ਮੌਕੇ ਹੱਥੋਂ ਗਵਾਏ।
6. ਛੇਵਾਂ ਮੈਚ 28 ਜੂਨ ਨੂੰ ਸਰਬੀਟਨ ਹਾਕੀ ਕਲੱਬ ਨਾਲ ਹੋਇਆ, ਜਿਸ ਵਿੱਚ ਨਾਮਧਾਰੀ ਹਾਕੀ ਟੀਮ ਨੇ 3-1 ਨਾਲ ਜਿੱਤ ਪ੍ਰਾਪਤ ਕੀਤੀ।

29 ਜੂਨ ਤੋਂ 6 ਜੁਲਾਈ ਤੱਕ ਨਾਮਧਾਰੀ ਹਾਕੀ ਟੀਮ ਸਪੇਨ (ਦੇਸ਼) ਦੇ ਟੂਰ ’ਤੇ ਜਾ ਰਹੀ ਹੈ, ਜਿੱਥੇ ਕੁਝ ਮੈਚ ਖੇਡ ਕੇ ਫਿਰ ਇੰਗਲੈਂਡ ਵਾਪਸ ਆ ਕੇ ਚਾਰ ਮੈਚ ਅਤੇ ਇੱਕ ਟੂਰਨਾਮੈਂਟ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੌ ਸਾਲਾ ਸ਼ਤਾਬਦੀ ਟੂਰਨਾਮੈਂਟ) ਵਿੱਚ ਹਿੱਸਾ ਲੈ ਕੇ ਭਾਰਤ ਵਾਪਸ ਪਰਤੇਗੀ।

ਨਾਮਧਾਰੀ ਹਾਕੀ ਟੀਮ ਦੀ ਦਾਸਤਾਨ

–ਭਜਨ ਸਿੰਘ

ਹਾਕੀ ਭਾਰਤ ਦੀ ਰਾਸ਼ਟਰੀ ਖੇਡ ਹੈ। ਭਾਰਤ ਵਿੱਚ ਇਹ ਤਕਰੀਬਨ ਡੇਢ ਸੌ ਸਾਲ ਤੋਂ ਖੇਡੀ ਜਾ ਰਹੀ ਹੈ। ਲੰਮਾ ਸਮਾਂ ਇਹ ਖੇਡ ਭਾਰਤ ਦੇ ਪਿੰਡਾਂ-ਕਸਬਿਆਂ ਦੀਆਂ ਗਲੀਆਂ-ਮੁਹੱਲਿਆਂ ਵਿੱਚ 'ਖਿੱਦੋ-ਖੂੰਡੀ' ਦੇ ਨਾਂ ਨਾਲ ਜਾਣੀ ਜਾਂਦੀ ਰਹੀ। ਇੱਕ ਅੰਦਾਜ਼ਾ ਇਹ ਵੀ ਲਾਇਆ ਜਾਂਦਾ ਹੈ ਕਿ 'ਹਾਕੀ' ਦੇ ਪੁਰਾਤਨ ਨਾਂ 'ਖਿੱਦੋ-ਖੂੰਡੀ' ਵਾਲੀ ਇਹ ਖੇਡ ਚਾਰ ਹਜ਼ਾਰ ਸਾਲ ਪਹਿਲਾਂ ਮਿਸਰ ਤੋਂ ਸ਼ੁਰੂ ਹੋਈ। ਇਹ ਗੱਲ ਕਿੱਥੋਂ ਤੱਕ ਠੀਕ ਹੈ, ਪਤਾ ਨਹੀਂ। ਪਰ ਇਹ ਅੰਦਾਜਾ ਸਹਿਜੇ ਹੀ ਲੱਗ ਜਾਂਦਾ ਹੈ ਕਿ ਇਹ ਖੇਡ ਵਿਸ਼ਵ ਦੀਆਂ ਪੁਰਾਣੀਆਂ ਖੇਡਾਂ ਵਿੱਚੋਂ ਇੱਕ ਹੈ। ਬਿਨਾਂ ਸ਼ੱਕ ਇਹ ਕਿਸੇ ਅਮੀਰ ਅਤੇ ਵਿਕਸਿਤ ਸੱਭਿਅਤਾ ਦੀ ਖੇਡ ਸੀ। ਅਠਾਰ੍ਹਵੀਂ ਸਦੀ ਦੇ ਅਖੀਰ ਜਾਂ ਉਨ੍ਹੀਵੀਂ ਸਦੀ ਦੇ ਮੁੱਢ ਵਿੱਚ ਇਸ ਖੇਡ ਦਾ ਨਾਮ ਵਿਸ਼ਵ ਵਿੱਚ 'ਹਾਕੀ' (Hockey) ਪ੍ਰਚਲਿਤ ਹੋਣਾ ਸ਼ੁਰੂ ਹੋਇਆ। ਉਨ੍ਹੀਵੀਂ ਸਦੀ ਦੇ ਅੱਧ ਤੋਂ ਮਗਰੋਂ ਭਾਰਤ ਸਮੇਤ ਵਿਸ਼ਵ ਦੇ ਵੱਖ-ਵੱਖ ਵਿਕਸਤ ਮੁਲਕਾਂ ਨੇ ਇਸ ਖੇਡ ਵਿੱਚ ਖ਼ਾਸ ਦਿਲਚਸਪੀ ਲਈ ਅਤੇ ਇਸਦੇ ਵਿਕਾਸ ਲਈ ਖ਼ਾਸ ਯਤਨ ਕੀਤੇ।

ਹਾਕੀ ਦਾ ਪਹਿਲਾ ਅੰਤਰ-ਰਾਸ਼ਟਰੀ ਮੈਚ ਵੇਲਜ਼ (ਇੰਗਲੈਂਡ) ਅਤੇ ਆਇਰਲੈਂਡ ਦੀਆਂ ਟੀਮਾਂ ਦਰਮਿਆਨ 25 ਜੂਨ 1895 ਈ. ਵਿੱਚ ਖੇਡਿਆ ਗਿਆ ਸੀ। 1908 ਈ. ਵਿੱਚ ਹਾਕੀ ਨੂੰ ਲੰਡਨ ਓਲੰਪਿਕ ਖੇਡਾਂ ਵਿੱਚ ਸ਼ਾਮਿਲ ਕੀਤਾ ਗਿਆ। ਭਾਰਤ ਵਿੱਚ 1883 ਈ. ਵਿੱਚ ਕਲਕੱਤੇ ਪਹਿਲਾ ਹਾਕੀ ਕਲੱਬ ਬਣਾਇਆ ਗਿਆ। ਉਸ ਤੋਂ ਬਾਅਦ 1908 ਵਿੱਚ 'ਬੰਗਾਲ ਹਾਕੀ ਐਸੋਸੀਏਸ਼ਨ' ਹੋਂਦ ਵਿੱਚ ਆਈ ਤੇ ਫਿਰ ਸਮੇਂ-ਸਮੇਂ ਨਾਲ 1920 ਵਿੱਚ 'ਸਿੰਧ ਹਾਕੀ ਐਸੋਸੀਏਸ਼ਨ', 1924 ਵਿੱਚ 'ਦਿੱਲੀ ਹਾਕੀ ਐਸੋਸੀਏਸ਼ਨ', 1925 ਵਿੱਚ 'ਪੰਜਾਬ ਹਾਕੀ ਐਸੋਸੀਏਸ਼ਨ', 1919 ਵਿੱਚ 'ਆਰਮੀ ਸਪੋਰਟਸ ਕੰਟਰੋਲ ਬੋਰਡ' ਹੋਂਦ ਵਿੱਚ ਆਇਆ। ਇਨ੍ਹਾਂ ਨੇ 1927 ਵਿੱਚ ਬਣੀ 'ਭਾਰਤੀ ਹਾਕੀ ਫੈਡਰੇਸ਼ਨ' ਦੀ ਸਥਾਪਨਾ ਵਿੱਚ ਅਹਿਮ ਯੋਗਦਾਨ ਪਾਇਆ।

ਭਾਰਤ ਨੇ 1928 ਦੇ ਐਮਸਟਰਡਮ (ਹਾਲੈਂਡ) ਓਲੰਪਿਕ ਵਿੱਚ ਪਹਿਲੀ ਵਾਰ ਹਿੱਸਾ ਲਿਆ ਤੇ ਗੋਲਡ ਮੈਡਲ ਹਾਸਲ ਕੀਤਾ। ਫਿਰ ਭਾਰਤ ਨੇ ਲਗਾਤਾਰ 1932, 1936, 1948, 1952 ਤੇ 1956 ਤੱਕ 6 ਗੋਲਡ ਮੈਡਲ ਜਿੱਤੇ। 1960 ਦੀਆਂ ਰੋਮ ਓਲੰਪਿਕ ਖੇਡਾਂ ਦੌਰਾਨ ਭਾਰਤ ਨੂੰ ਕਾਂਸੀ ਤਗਮੇ ਨਾਲ ਹੀ ਸਬਰ ਕਰਨਾ ਪਿਆ। 1964 ਵਿੱਚ ਟੋਕੀਓ ਓਲੰਪਿਕ ਦੌਰਾਨ ਭਾਰਤ ਨੇ ਫਿਰ ਗੋਲਡ ਮੈਡਲ ਪ੍ਰਾਪਤ ਕੀਤਾ।

1968, 1972 ਵਿੱਚ ਤੀਸਰਾ ਸਥਾਨ, 1976 ਵਿੱਚ ਸੱਤਵਾਂ, 1980 ਵਿਚ ਫਿਰ ਪਹਿਲਾ ਸਥਾਨ ਹਾਸਿਲ ਕੀਤਾ। ਉਸ ਸਮੇਂ ਭਾਰਤੀ ਹਾਕੀ ਖਿਡਾਰੀਆਂ ਨੇ ਆਪਣੀ ਖੇਡ ਦਾ ਸਿੱਕਾ ਸਾਰੀ ਦੁਨੀਆਂ ਨੂੰ ਮਨਵਾ ਦਿੱਤਾ। ਅੱਜ ਤੱਕ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਗੋਲਡ ਮੈਡਲ ਜਿੱਤਣ ਵਾਲੀ ਟੀਮ ਹੈ।

ਹਾਕੀ ਵਿਸ਼ਵ ਕੱਪ ਦੀ ਸ਼ੁਰੂਆਤ 1971 ਈ. ਵਿੱਚ ਹੋਈ। ਪਹਿਲਾ ਵਿਸ਼ਵ ਕੱਪ ਬਾਰਸੀਲੋਨਾ (ਸਪੇਨ) ਵਿੱਚ ਹੋਇਆ। ਉਸ ਵਿੱਚ ਭਾਰਤ ਤੀਸਰੇ ਸਥਾਨ ’ਤੇ ਰਿਹਾ। ਉਸ ਤੋਂ ਅਗਲਾ ਵਿਸ਼ਵ ਕੱਪ 1973 ਈ. ਵਿੱਚ ਐਮਸਟਰਡਮ (ਹਾਲੈਂਡ) ਵਿਖੇ ਹੋਇਆ, ਜਿਸ ਵਿੱਚ ਭਾਰਤ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਤੀਸਰਾ ਵਿਸ਼ਵ ਕੱਪ 1975 ਈ. ਵਿੱਚ ਮਲੇਸ਼ੀਆ ਵਿਖੇ ਹੋਇਆ, ਇਸ ਵਿਸ਼ਵ ਕੱਪ ਦੌਰਾਨ ਭਾਰਤ ਨੇ ਆਪਣੀ ਖੇਡ ਦਾ ਚੰਗਾ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਿਲ ਕੀਤਾ। ਇਸ ਵਿਸ਼ਵ ਕੱਪ ਵਿੱਚ ਖੇਡ ਰਹੀ ਭਾਰਤੀ ਟੀਮ ਦੀ ਕਪਤਾਨੀ ਪ੍ਰਸਿੱਧ ਖਿਡਾਰੀ ਅਜੀਤਪਾਲ ਸਿੰਘ ਨੇ ਕੀਤੀ ਸੀ। ਸੱਤਰਵਿਆਂ ਤੇ ਅੱਸੀਵਿਆਂ ਤੱਕ ਭਾਰਤੀ ਹਾਕੀ ਟੀਮ ਦੀ ਵਿਸ਼ਵ ਪੱਧਰ ’ਤੇ ਧਾਂਕ ਸੀ, ਪਰ ਉਸ ਤੋਂ ਮਗਰੋਂ ਭਾਰਤੀ ਹਾਕੀ ਟੀਮ ਦੀਆਂ ਪ੍ਰਾਪਤੀਆਂ ਵਿੱਚ ਕੁਝ ਗਿਰਾਵਟ ਆ ਗਈ। ਏਸ਼ੀਅਨ ਖੇਡਾਂ ਵਿੱਚ ਭਾਰਤ ਜ਼ਰੂਰ ਪਹਿਲੇ, ਦੂਜੇ ਸਥਾਨ ਹਾਸਲ ਕਰਦਾ ਰਿਹਾ ਪਰ ਵਿਸ਼ਵ ਪੱਧਰ ’ਤੇ ਕੋਈ ਖ਼ਾਸ ਬੁਲੰਦੀ ਹਾਸਿਲ ਨਹੀਂ ਹੋ ਸਕੀ।

ਜੇ ਪੰਜਾਬੀਆਂ ਦੇ ਹਾਕੀ ਸਨੇਹ ਦੀ ਗੱਲ ਕੀਤੀ ਜਾਵੇ ਤਾਂ ਉਹ ਇਹ ਹੈ ਕਿ ਵਿਸ਼ਵ ਵਿੱਚ ਜਿੱਥੇ-ਜਿੱਥੇ ਵੀ ਪੰਜਾਬੀ ਗਏ, ਉਹ ਦੋ ਖੇਡਾਂ ਹਾਕੀ ਤੇ ਕਬੱਡੀ ਨਾਲ ਲੈ ਕੇ ਗਏ। ਪੰਜਾਬ ਦੀ ਧਰਤੀ ਨੇ ਹਾਕੀ ਦੇ ਖੇਤਰ ਵਿੱਚ ਬਹੁਤ ਸਾਰੇ ਓਲੰਪੀਅਨ ਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ। ਜਲੰਧਰ ਕੋਲ ਪੈਂਦੇ ਪਿੰਡ ਸੰਸਾਰਪੁਰ ਨੇ 14 ਉਲੰਪੀਅਨ ਤੇ 19 ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ, ਜਿਨ੍ਹਾਂ ਨੇ ਭਾਰਤ ਤੇ ਹੋਰ ਦੇਸ਼ਾਂ ਦੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ ਕੀਤੀ। ਸੰਸਾਰਪੁਰ ਦੇ ਖਿਡਾਰੀਆਂ ਨੇ ਭਾਰਤ ਤੋਂ ਇਲਾਵਾ ਇੰਗਲੈਂਡ, ਕੈਨੇਡਾ ਤੇ ਕੀਨੀਆ ਦੀ ਤਰਫ਼ੋਂ ਵੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲਿਆ।

ਸੱਤਰਵਿਆਂ ਦੇ ਮੁੱਢ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਇੱਕ ਸ਼ਲਾਘਾਯੋਗ ਯਤਨ ਸਦਕਾ ਨਾਮਧਾਰੀ ਮੁੰਡੇ ਵੀ ਹਾਕੀ ਖੇਡਣ ਲਈ ਉਤਸ਼ਾਹਿਤ ਹੋਏ। ਜਦੋਂ ਭਾਰਤ ਦੀ ਹਾਕੀ ਟੀਮ ਵਿਸ਼ਵ ਵਿੱਚ ਕਦੀ ਉਲੰਪਿਕ ਤੇ ਕਦੀ ਵਿਸ਼ਵ ਕੱਪ ਜਿੱਤ ਕੇ ਨਾਮਣਾ ਖੱਟ ਰਹੀ ਸੀ, ਓਦੋਂ ਉਸ ਟੀਮ ਵਿੱਚ ਬਹੁਤ ਸਾਰੇ ਪੰਜਾਬੀ ਮੁੰਡੇ ਖੇਡ ਰਹੇ ਸਨ, ਸੁਭਾਵਕ ਸੀ ਕਿਸ਼ੋਰ ਅਵਸਥਾ ਦੇ ਪੰਜਾਬੀ ਬਾਲ ਉਨ੍ਹਾਂ ਮੁੰਡਿਆਂ ਤੋਂ ਪ੍ਰਭਾਵਿਤ ਹੁੰਦੇ, ਜੋ ਉਨ੍ਹਾਂ ਤੋਂ ਕੁਝ ਵਰ੍ਹੇ ਵੱਡੇ ਸਨ, ਪਰ ਉਹਨਾਂ ਦੇ ਨਾਮ ਦੀ ਦੁਨੀਆਂ ’ਤੇ ਧਾਂਕ

ਸੀ। ਉਹਨਾਂ ਦਿਨਾਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਯਤਨਾਂ ਨਾਲ ਨਾਮਧਾਰੀ ਮੁੰਡਿਆਂ ਦੀ ਵੀ ਇੱਕ ਹਾਕੀ ਟੀਮ ਤਿਆਰ ਹੋਣੀ ਸ਼ੁਰੂ ਹੋਈ। ਇਲਾਕਾ ਜੀਵਨ ਨਗਰ ਦੇ ਕੁਝ ਮੁੰਡਿਆਂ ਨੂੰ ਕੋਚ ਪਾਲ ਸਿੰਘ ਤੋਂ ਕੋਚਿੰਗ ਦਿਵਾਉਣੀ ਸ਼ੁਰੂ ਕੀਤੀ। ਇਸ ਟੀਮ ਵਿੱਚ ਸਤਿਗੁਰੂ ਉਦੇ ਸਿੰਘ ਜੀ ਵੀ ਖੇਡਦੇ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਟੀਮ ਨੂੰ ਤਿਆਰ ਕਰਨ ਦਾ ਮੁੱਖ ਮਕਸਦ ਹਾਕੀ ਦੀ ਖੇਡ ਰਾਹੀਂ ਸਿੱਖੀ ਪਹਿਰਾਵੇ ਦੀ ਵਿਸ਼ਵ ਪੱਧਰ ’ਤੇ ਪਹਿਚਾਣ ਕਰਵਾਉਣਾ ਸੀ। ਸਤਿਗੁਰੂ ਜੀ ਆਪਣੇ ਉਪਦੇਸ਼ ਵਿੱਚ ਬਚਨ ਕਰਦੇ ਹਨ, “ਸਭ ਤੋਂ ਪਹਿਲਾਂ ਅਸੀਂ ਕੁਝ ਮੁੰਡੇ ਪਟਿਆਲੇ ਭੇਜੇ। ਉਹਨਾਂ ਇਹ ਕਹਿ ਕੇ ਖਡਾਉਣੋਂ ਮਨ੍ਹਾਂ ਕਰ ਦਿੱਤਾ ਕਿ ਇਹ ਕਛਹਿਰੇ ਪਾ ਕੇ ਨਹੀਂ ਖੇਡ ਸਕਦੇ। ਅਸੀਂ ਮੁੰਡੇ ਵਾਪਸ ਮੰਗਾ ਲਏ ਤੇ ਸੋਚਿਆ ਹੁਣ ਆਪਣੀ ਹੀ ਟੀਮ ਤਿਆਰ ਕਰਾਂਗੇ, ਜਿਹੜੀ ਸਿੱਖੀ ਪਹਿਰਾਵੇ ਵਿੱਚ ਖੇਡੇਗੀ ਤੇ ਭਾਰਤੀ ਸੰਸਕ੍ਰਿਤੀ ਦਾ ਮਾਣ ਹੋਵੇਗੀ।”

ਉਸ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਹਾਕੀ ਟੀਮ ਬਣਾਉਣ ਲਈ ਵਿਸ਼ੇਸ਼ ਯਤਨ ਸ਼ੁਰੂ ਕੀਤੇ। ਨਾਮਧਾਰੀ ਹਾਕੀ ਟੀਮ ਦੀ ਸ਼ੁਰੂਆਤ ਸੰਬੰਧੀ ਜਗਦੀਸ਼ ਸਿੰਘ ਵਰਿਆਮ ਲਿਖਦੇ ਹਨ- “ਹਾਕੀ ਵਿੱਚ ਵਿਸ਼ੇਸ਼ ਸਰਗਰਮੀ ਸੰਨ 1973 ਈ. ਤੋਂ ਸ਼ੁਰੂ ਹੋਈ। ਸੰਨ 1974 ਤੋਂ ਇਹਨਾਂ ਪਟਿਆਲੇ ਨੈਸ਼ਨਲ ਇੰਸਟੀਚਿਊਟ ਤੋਂ ਸ. ਪਾਲ ਸਿੰਘ ਕੋਚ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਅਤੇ ਫੇਰ ਸ. ਇਕਬਾਲ ਸਿੰਘ ਚਾਹਲ ਤੋਂ ਕੋਚਿੰਗ ਲਈ। ਸਖ਼ਤ ਟਰੇਨਿੰਗ ਅਤੇ ਵਧੀਆ ਕੋਚਿੰਗ ਦੇ ਫਲਸਰੂਪ ਇੱਥੇ ਜੂਨੀਅਰ ਅਤੇ ਸੀਨੀਅਰ ਵਿੰਗ ਦੀਆਂ ਟੀਮਾਂ ਤਿਆਰ ਹੋਈਆਂ। ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਨਾਮ ਦਾ ਸਕੂਲ, ਸਪੋਰਟਸ ਸਰਗਰਮੀਆਂ ਦਾ ਕੇਂਦਰ ਬਣ ਗਿਆ ਅਤੇ (ਇਸਨੂੰ) ਪਟਿਆਲਾ ਦੇ ਇੰਸਟੀਚਿਊਟ ਤੋਂ ਭਰਪੂਰ ਸਹਿਯੋਗ ਮਿਲਿਆ।..... ਹਾਕੀ ਵਿੱਚ ਦਿਲਚਸਪੀ ਵਧਣ ਨਾਲ ਇੱਥੇ ਟੂਰਨਾਮੈਂਟ ਹੋਣੇ ਸ਼ੁਰੂ ਹੋ ਗਏ ਅਤੇ ਨਾਲ ਲੱਗਦੇ ਇਲਾਕਿਆਂ ਦੇ ਟੂਰਨਾਮੈਂਟਾਂ ਵਿੱਚ ਸਕੂਲ (ਨਾਮਧਾਰੀ ਵਿੱਦਿਅਕ ਜਥਾ) ਦੀ ਟੀਮ ਨੇ ਨਾਮਣਾ ਖੱਟਣਾ ਸ਼ੁਰੂ ਕਰ ਦਿੱਤਾ।......ਦਿਲਚਸਪ ਗੱਲ ਇਹ ਹੈ ਕਿ ਇੱਥੋਂ ਦੇ ਟੂਰਨਾਮੈਂਟਾਂ ਵਿੱਚ ਜ਼ਿਆਦਾ ਮਹੱਤਤਾ ਸਿਆਸੀ ਲੀਡਰਾਂ ਦੀ ਬਜਾਏ ਖਿਡਾਰੀਆਂ ਨੂੰ ਦਿੱਤੀ ਗਈ ਅਤੇ ਇਨਾਮ ਵੰਡ ਦੀ ਰਸਮ ਉਨ੍ਹਾਂ ਹੱਥੀਂ ਕਰਵਾ ਕੇ ਨਵੇਂ ਖਿਡਰੀਆਂ ਵਿੱਚ ਜੋਸ਼ ਭਰਿਆ ਗਿਆ।...... ਸੰਨ 1973 ਤੋਂ ਸਲਾਨਾ ਸਤਿਗੁਰੂ ਬਾਲਕ ਸਿੰਘ ਹਾਕੀ ਟੂਰਨਾਮੈਂਟ ਦੀ ਇਨਾਮ ਵੰਡ ਕ੍ਰਮਵਾਰ ਸ. ਪ੍ਰਿਥੀਪਾਲ ਸਿੰਘ, ਸ. ਬਲਦੇਵ ਸਿੰਘ ਕੋਚ ਪਟਿਆਲਾ ਅਤੇ ਸ. ਬਾਲ ਕ੍ਰਿਸ਼ਨ ਸਿੰਘ ਚੀਫ ਕੋਚ ਪਟਿਆਲਾ ਕਰ ਚੁੱਕੇ ਹਨ।...... ਦਿੱਲੀ ਵਿੱਚ ਆਲ ਇੰਡੀਆ ਗੁਰੂ ਨਾਨਕ ਹਾਕੀ ਟੂਰਨਾਮੈਂਟ ਸਮੇਂ ਇਸ (ਨਾਮਧਾਰੀ) ਟੀਮ ਨੂੰ ਬਹੁਤ ਪ੍ਰਸਿੱਧੀ ਮਿਲੀ ਹੈ। ਨਾਮਧਾਰੀ ਵਿੱਦਿਆਕ ਜਥਾ ਸ੍ਰੀ ਜੀਵਨ ਨਗਰ ਹਾਕੀ ਜਗਤ ਵਿੱਚ ਨਵਾਂ ਨਾਮ ਹੈ। ਅਖ਼ਬਾਰਾਂ ਨੇ

ਇੰਜ ਲਿਖਿਆ ਸੀ.....ਇਹਨਾਂ ਦੀ ਖੇਡ ਨੇ ਸਭ ਨੂੰ ਮੋਹ ਲਿਆ ਹੈ।" (ਵਰਿਆਮ, ਜੂਨ 1976 ਦੀ ਇੱਕ ਰਿਪੋਰਟ)

ਜਗਦੀਸ਼ ਸਿੰਘ 'ਵਰਿਆਮ' ਦੇ ਉਪਰੋਕਤ ਕਥਨ ਤੋਂ ਇਹ ਭਲੀਭਾਂਤ ਸਪੱਸ਼ਟ ਹੁੰਦਾ ਹੈ ਕਿ ਨਾਮਧਾਰੀ ਹਾਕੀ ਟੀਮ ਦੀ ਸ਼ੁਰੂਆਤ 1973 ਈ. ਵਿੱਚ ਹੋਈ। ਉਦੋਂ ਇਸ ਟੀਮ ਦਾ ਨਾਮ 'ਨਾਮਧਾਰੀ ਵਿਦਿਅਕ ਜਥਾ ਸ੍ਰੀ ਜੀਵਨ ਨਗਰ' ਸੀ। 1973 ਤੋਂ ਸਤਿਗੁਰੂ ਬਾਲਕ ਸਿੰਘ ਟੂਰਨਾਮੈਂਟ ਵੀ ਹਰ ਸਾਲ ਕਰਵਾਉਣਾ ਸ਼ੁਰੂ ਕੀਤਾ। ਵਰਿਆਮ ਜੀ ਇੱਕ ਥਾਂ ਹੋਰ ਲਿਖਦੇ ਹਨ, "ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਦਾ ਇੱਕ ਸਧਾਰਨ ਜਿਹਾ ਪਿੰਡ ਹੈ, ਪਰ ਇਸ ਦੀ ਪ੍ਰਸਿੱਧੀ ਸੰਸਾਰ ਵਿੱਚ ਹੈ। ਪਹਿਲਾਂ ਤਾਂ ਨਾਮਧਾਰੀ ਕੇਂਦਰ ਹੋਣ ਕਰਕੇ ਇਸਨੂੰ ਜਾਣਿਆ ਜਾਂਦਾ ਸੀ, ਪ੍ਰੰਤੂ ਹੁਣ ਖੇਡ ਜਗਤ ਵਿੱਚ ਵੀ ਇੱਥੋਂ ਦੇ ਨੌਜਵਾਨਾਂ ਦੀ ਹਾਕੀ ਵਿੱਚ ਵਿਸ਼ੇਸ਼ ਦਿਲਚਸਪੀ ਕਰਕੇ ਪ੍ਰਸਿੱਧ ਹੋ ਰਿਹਾ ਹੈ। ਹੁਣੇ-ਹੁਣੇ ਦਿੱਲੀ ਵਿੱਚ ਹੋਏ ਗੁਰੂ ਨਾਨਕ ਹਾਕੀ ਟੂਰਨਾਮੈਂਟ ਦੇ ਕੁੱਲ ਹਿੰਦ ਮੁਕਾਬਲਿਆਂ ਵਿੱਚ ਇੱਥੋਂ ਦੀ ਹਾਕੀ ਟੀਮ ਨੇ ਉੱਤਰੀ ਰੇਲਵੇ ਵਰਗੀ ਤਾਕਤਵਰ ਟੀਮ ਨੂੰ ਹਰਾ ਕੇ ਸਨਸਨੀ ਫੈਲਾ ਦਿੱਤੀ ਹੈ। (ਵਰਿਆਮ, ਜੂਨ 1976)

ਪਹਿਲਾ ਬੈਚ– 1973 ਈ. ਵਿੱਚ ਇਲਾਕਾ ਜੀਵਨ ਨਗਰ ਦੇ ਕੁਝ ਨੌਜਵਾਨ ਇਕੱਠੇ ਹੋ ਕੇ ਹਾਕੀ ਖੇਡਣ ਲੱਗੇ। ਹੌਲੀ-ਹੌਲੀ ਜਦੋਂ ਇਹ ਚੰਗਾ ਖੇਡਣ ਲੱਗ ਪਏ ਤਾਂ ਇਹਨਾਂ ਨੇ ਵੱਖ-ਵੱਖ ਟੂਰਨਾਮੈਂਟ ਖੇਡਣੇ ਸ਼ੁਰੂ ਕਰ ਦਿੱਤੇ। ਕੋਚ ਪਾਲ ਸਿੰਘ ਇਨ੍ਹਾਂ ਨੂੰ ਹਾਕੀ ਦੇ ਗੁਰ ਦੱਸਣ ਲੱਗੇ। ਵੱਖ-ਵੱਖ ਟੂਰਨਾਮੈਂਟ ਖੇਡਦਿਆਂ ਇਸ ਟੀਮ ਦੀ ਕਪਤਾਨੀ ਠਾਕੁਰ ਉਦੇ ਸਿੰਘ (ਵਰਤਮਾਨ ਸਤਿਗੁਰੂ ਜੀ) ਕਰਦੇ ਰਹੇ। ਇਸ ਟੀਮ ਵਿੱਚ ਖੇਡਣ ਵਾਲੇ ਖਿਡਾਰੀ ਸਨ–

1. ਠਾਕੁਰ ਉਦੇ ਸਿੰਘ ਜੀ
2. ਮਾਸਟਰ ਮਨਸਾ ਸਿੰਘ
3. ਮੋਹਨ ਸਿੰਘ ਰੰਧਾਵਾ
4. ਬਲਦੇਵ ਸਿੰਘ (ਬੱਲੀ)
5. ਗੁਰਭੇਜ ਸਿੰਘ
6. ਹਰਦੀਪ ਸਿੰਘ
7. ਮੱਖਣ ਸਿੰਘ ਹੁੰਦਲ
8. ਸੁਖਦੇਵ ਸਿੰਘ ਪੰਨੂ
9. ਗੁਰਮੇਲ ਸਿੰਘ ਧੰਜਲ
10. ਬਲੀ ਸਿੰਘ (ਗੋਲਕੀਪਰ)
11. ਗੁਰਦਿਆਲ ਸਿੰਘ
12. ਭੋਲਾ ਸਿੰਘ
13. ਮਨੋਹਰ ਸਿੰਘ
14. ਰਛਪਾਲ ਸਿੰਘ
15. ਸੁਖਦੇਵ ਸਿੰਘ ਸਾਹੀਵਾਲ
16. ਰਘਬੀਰ ਸਿੰਘ
17. ਪਰਮਜੀਤ ਸਿੰਘ (ਪੰਮਾ)
18. ਹੀਰਾ ਸਿੰਘ
19. ਮਾ. ਮੁਖਤਿਆਰ ਸਿੰਘ
20. ਡਾ. ਗੁਰਮੁੱਖ ਸਿੰਘ
21. ਬਲਦੇਵ ਸਿੰਘ ਫਿਲੋਵਾਸੀਆ
22. ਗੁਰਚਰਨ ਸਿੰਘ
23. ਕੇਵਲ ਸਿੰਘ

'ਨਾਮਧਾਰੀ ਵਿੱਦਿਅਕ ਜਥਾ' ਦੀ ਹਾਕੀ ਟੀਮ ਲਈ ਜਿੱਥੇ ਵਿਸ਼ੇਸ਼ ਪ੍ਰਬੰਧ ਉਹਨਾਂ ਦੀ ਰਿਹਾਇਸ਼, ਖਾਣ ਪੀਣ ਤੇ ਕੋਚਿੰਗ ਆਦਿ ਲਈ ਕੀਤੇ ਜਾਂਦੇ, ਉੱਥੇ ਉਹਨਾਂ ਨੂੰ ਸਿੱਖੀ ਜੀਵਨ-ਜਾਚ 'ਚ ਪਰਪੱਕ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਖ਼ੁਦ ਵਿਸ਼ੇਸ਼ ਧਿਆਨ ਦੇਂਦੇ। ਪਹਿਲੇ ਬੈਚ ਦੇ ਉਪਰੋਕਤ ਖਿਡਾਰੀ 1979-80 ਤੱਕ ਵੱਖ-ਵੱਖ ਟੂਰਨਾਮੈਂਟਾਂ ਵਿੱਚ ਆਪਣੀ ਖੇਡ ਦਾ ਜੌਹਰ ਵਿਖਾਉਂਦੇ ਰਹੇ। ਉਨ੍ਹਾਂ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਭਾਰਤ ਦੀਆਂ ਵੱਡੀਆਂ-ਵੱਡੀਆਂ ਹਾਕੀ ਟੀਮਾਂ ਨੂੰ ਹਰਾਇਆ।

ਦੂਸਰਾ ਬੈਚ- ਜਦੋਂ ਇਹ ਖਿਡਾਰੀ ਕੁਝ ਵੱਡੇ ਹੁੰਦੇ ਜਾਪੇ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਖਿਆਲ ਵਿੱਚ ਇੱਕ ਹੋਰ ਨਵੇਂ ਬੈਚ ਨੂੰ ਸ਼ੁਰੂ ਕਰਨ ਦੀ ਸੋਚ ਆਈ। ਇਹ ਨਵਾਂ ਬੈਚ 1977-78 ਈ. ਵਿੱਚ ਸ਼ੁਰੂ ਕੀਤਾ ਗਿਆ। ਇਸ ਬੈਚ ਲਈ ਚੁਣੇ ਗਏ ਮੁੰਡੇ ਨਾਮਧਾਰੀ ਰਿਆਸਤ ਇਲਾਕਾ ਜੀਵਨ ਨਗਰ ਦੇ ਦੋ ਪਿੰਡਾਂ ਸੰਤ ਨਗਰ ਤੇ ਜੀਵਨ ਨਗਰ ਦੇ ਸਨ। ਇਹਨਾਂ ਬੱਚਿਆਂ ਨੂੰ ਪਹਿਲਾਂ ਕੁਝ ਸਮਾਂ ਜੀਵਨ ਨਗਰ ਤੇ ਫਿਰ ਸ੍ਰੀ ਭੈਣੀ ਸਾਹਿਬ ਲਿਆ, ਕੋਚਿੰਗ ਦੇਣੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਕੋਚ ਮੋਹਨਜੀਤ ਸਿੰਘ ਬੱਚਿਆਂ ਨੂੰ ਮਿਹਨਤ ਕਰਾਉਣ ਲੱਗੇ। ਫਿਰ ਇਕਬਾਲ ਸਿੰਘ ਚਾਹਲ, ਸ. ਮੇਜਰ ਸਿੰਘ, ਬਲਦੇਵ ਸਿੰਘ ਸ਼ਾਹਬਾਦ, ਗੁਰਦਿਆਲ ਸਿੰਘ, ਬਲਦੇਵ ਸਿੰਘ (ਨਾਈਜੀਰੀਆ), ਸ. ਪ੍ਰੀਤਮ ਸਿੰਘ ਆਦਿ ਕੋਚ ਸਮੇਂ ਸਮੇਂ 'ਤੇ ਖਿਡਾਰੀਆਂ ਨੂੰ ਹਾਕੀ ਦੇ ਗੁਰ ਦੱਸਦੇ ਰਹੇ। ਪਹਿਲਾਂ ਇਸ ਟੀਮ ਦੇ ਮੈਨੇਜਰ ਹਰਬੰਸ ਸਿੰਘ ਫੌਜੀ ਸੰਤ ਨਗਰ ਸਨ ਤੇ ਫਿਰ ਗੁਰਮੁਖ ਸਿੰਘ ਰਹਿਬਰ ਬਣੇ।

ਇਹ ਹੋਣਹਾਰ ਨਾਮਧਾਰੀ ਖਿਡਾਰੀ ਇਖਲਾਕੀ ਸੱਚਾਈ ਦੇ ਪ੍ਰਤੀਕ ਸਨ। ਉਹ ਖੇਡ ਜੀਵਨ ਵਿੱਚ ਮੱਲਾਂ ਮਾਰਨ ਲਈ ਕਰੜੀ ਤਪੱਸਿਆ ਅਤੇ ਸਾਧਨਾ ਕਰਦੇ ਸਨ। ਉਹ ਤੜਕਸਾਰ ਚਾਰ ਵਜੇ ਉੱਠਦੇ, ਸਣੇਕੇਸੀਂ ਇਸ਼ਨਾਨ ਕਰ, ਪਹਿਲਾਂ ਆਸਾ ਦੀ ਵਾਰ ਦਾ ਰਸ-ਭਿੰਨਾ ਕੀਰਤਨ ਕਰਦੇ, ਫਿਰ ਹਾਕੀ ਮੈਦਾਨ ਜਾ ਦੋ ਘੰਟੇ ਪ੍ਰੈਕਟਿਸ ਕਰਨ ਮਗਰੋਂ ਸਕੂਲ ਪੜ੍ਹਨ ਜਾਂਦੇ। ਦੁਪਹਿਰ ਨੂੰ ਫਿਰ ਇੱਕ ਘੰਟਾ ਨਾਮ ਸਿਮਰਨ ਕਰਨ ਤੋਂ ਬਾਅਦ ਗਰਾਊਂਡ 'ਚ ਜਾ ਪ੍ਰੈਕਟਿਸ ਕਰਦੇ। ਸ਼ਾਮ ਨੂੰ ਕੀਰਤਨ ਕਰਦੇ, ਰਹਿਰਾਸ ਸਾਹਿਬ ਪੜ੍ਹਦੇ, ਰਾਤ ਕੀਰਤਨ ਸੋਹਿਲੇ ਦਾ ਪਾਠ ਕਰ ਸੌਂਦੇ। ਉਹਨਾਂ ਦਾ ਭੋਜਨ ਸੋਧ ਮਰਿਯਾਦਾ ਦਾ ਤਿਆਰ ਹੁੰਦਾ ਕਿਉਂਕਿ ਸਾਰੇ ਖਿਡਾਰੀ ਖੂਹੀ ਦਾ ਪਾਣੀ ਹੀ ਵਰਤਦੇ ਸਨ। ਜੇ ਕਿਤੇ ਟੀਮ ਬਾਹਰ ਟੂਰਨਾਮੈਂਟ ਖੇਡਣ ਜਾਂਦੀ, ਨਾਲ ਇੱਕ ਲਾਂਗਰੀ ਜਾਂਦਾ, ਜੋ ਸੋਧ ਮਰਿਯਾਦਾ ਦਾ ਲੰਗਰ ਤਿਆਰ ਕਰਦਾ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁੱਖ ਮਕਸਦ ਸਿੱਖੀ-ਸਰੂਪ ਦੀ ਹਾਕੀ ਜਗਤ ਵਿੱਚ ਪਛਾਣ ਕਰਾਉਣਾ ਸੀ। ਉਹ ਆਪਣੇ ਉਪਦੇਸ਼ਾਂ ਵਿੱਚ ਵਾਰ ਵਾਰ ਕਹਿੰਦੇ ਸਨ- "ਜੇ ਟੀਮ ਸਿੱਖੀ ਰਹਿਤ ਦੀ ਧਾਰਨੀ ਹੋਵੇਗੀ ਤਾਂ ਹੀ ਅਸੀਂ ਟੀਮ ਰੱਖਣੀ ਹੈ, ਨਹੀਂ ਤਾਂ ਅਸੀਂ ਟੀਮ ਤੋੜ ਦਿਆਂਗੇ। ਹਾਕੀ

ਤਾਂ ਹੋਰ ਵੀ ਬਹੁਤ ਲੋਕ ਖਿਡਾਉਂਦੇ ਹਨ, ਪਰ ਸਾਡਾ ਮਕਸਦ ਹਾਕੀ ਦੇ ਨਾਲ-ਨਾਲ ਬੱਚਿਆਂ ਨੂੰ ਸਿੱਖੀ ਜੀਵਨ-ਜਾਚ ਬਾਰੇ ਜਾਣੂੰ ਕਰਵਾਉਣਾ ਹੈ।"

ਦੂਸਰੇ ਬੈਚ ਦੇ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਗੁਰਚਰਨ ਸਿੰਘ (ਪੱਪੂ)
2. ਦੀਦਾਰ ਸਿੰਘ
3. ਗੁਰਮੇਜ ਸਿੰਘ
4. ਬੱਗਾ ਸਿੰਘ
5. ਸੁਖਦੇਵ ਸਿੰਘ
6. ਬਲਵਿੰਦਰ ਸਿੰਘ ਮੁਕਤਾ
7. ਗੁਰਚਰਨ ਸਿੰਘ (ਗੋਲ੍ਹੀ)
8. ਸੁਖਵਿੰਦਰ ਸਿੰਘ
9. ਸਵਿੰਦਰ ਸਿੰਘ ਛਿੰਦੂ (ਗੋਲਕੀਪਰ)
10. ਗੁਰਦੀਪ ਸਿੰਘ
11. ਗੁਰਨਾਮ ਸਿੰਘ ਗਾਮੀ
12. ਧਿਆਨ ਸਿੰਘ
13. ਹਰਮਿੰਦਰਪਾਲ ਸਿੰਘ
14. ਦਰਸ਼ਨ ਸਿੰਘ
15. ਸੁਖਵਿੰਦਰ ਸਿੰਘ ਛੀਨਾ
16. ਜਸਵੰਤ ਸਿੰਘ
17. ਗੁਰਬਖਸ਼ ਸਿੰਘ
18. ਹਰਦੀਪ ਸਿੰਘ ਗਰੇਵਾਲ

ਸੰਨ 1979 ਵਿੱਚ ਜਲੰਧਰ ਵਿੱਚ ਹੋਈ ਮਿੰਨੀ ਸਕੂਲ ਹਾਕੀ ਨੈਸ਼ਨਲ (ਅੰਡਰ-16) ਵਿੱਚ ਇਸ ਟੀਮ ਨੇ ਭਾਗ ਲਿਆ। ਨਾਮਧਾਰੀ ਟੀਮ ਹਰਿਆਣਾ ਸਟੇਟ ਵੱਲੋਂ ਦਾਖਲ ਹੋਈ। ਇਸ ਸਾਰੇ ਟੂਰਨਾਮੈਂਟ ਦੌਰਾਨ ਨਾਮਧਾਰੀ ਟੀਮ ਨੂੰ ਇੱਕ ਵੀ ਗੋਲ ਨਾ ਹੋਇਆ। ਇਹਨਾਂ ਨੇ ਵੱਖ-ਵੱਖ ਟੀਮਾਂ ਨੂੰ ਕਈ-ਕਈ ਗੋਲਾਂ ਨਾਲ ਮਾਤ ਦਿੱਤੀ। ਇਸ ਨੈਸ਼ਨਲ ਵਿੱਚ ਕੁਝ ਨਾਮਧਾਰੀ ਖਿਡਾਰੀਆਂ ਦੀਆਂ ਹਾਕੀਆਂ ਵੀ ਬਦਲੀਆਂ ਗਈਆਂ। ਮੈਨੇਜਮੈਂਟ ਦਾ ਅਨੁਮਾਨ ਸੀ ਕਿ ਇਹਨਾਂ ਦੀਆਂ ਹਾਕੀਆਂ ਵਿੱਚ ਕੋਈ ਜਾਦੂ ਹੈ। ਜਦੋਂ ਵੀ ਬਾਲ ਮਿਲਦੀ ਹੈ, ਇਹ ਗੋਲ ਕਰ ਦਿੰਦੇ ਹਨ। ਬਹੁਤ ਸਾਰੇ ਮੈਚ ਨਾਮਧਾਰੀ ਟੀਮ ਨੇ ਇੱਕ ਪਾਸੜ ਜਿੱਤੇ। ਜਿਨ੍ਹਾਂ ਦੇ ਸਕੋਰ 20-0, 24-0, 16-0 ਆਦਿ ਸਨ। ਇਸ ਟੂਰਨਾਮੈਂਟ ਵਿੱਚ ਹਮੇਸ਼ਾ ਦੀ ਤਰ੍ਹਾਂ 'ਸਪੋਰਟਸ ਸਕੂਲ ਜਲੰਧਰ' ਦੀ ਟੀਮ, ਜੋ ਪੰਜਾਬ ਦੀ ਨੁਮਾਇੰਦਗੀ ਕਰ ਰਹੀ ਸੀ, ਉਹ ਵੀ ਕਾਫ਼ੀ ਚੰਗੀ ਟੀਮ ਸੀ। ਉਸ ਨਾਲ ਫਾਈਨਲ ਮੈਚ ਹੋਇਆ। ਜਿਨ੍ਹਾਂ ਦਰਸ਼ਕਾਂ ਨੇ ਉਹ ਮੈਚ ਵੇਖਿਆ, ਉਨ੍ਹਾਂ ਨਾਮਧਾਰੀ ਟੀਮ ਦੀ ਮੁਕਤ ਕੰਠ ਨਾਲ ਪ੍ਰਸੰਸਾ ਕੀਤੀ। ਉਸ ਮੈਚ ਦੌਰਾਨ ਰੈਫਰੀ ਵੀ ਪੰਜਾਬ ਦੀ ਟੀਮ ਦਾ ਸਾਥ ਦੇ ਰਹੇ ਸਨ ਕਿਉਂਕਿ ਮੈਚ ਪੰਜਾਬ ਦੇ ਹਾਕੀ ਦੇ ਗੜ੍ਹ ਜਲੰਧਰ ਸ਼ਹਿਰ ਵਿੱਚ ਹੋ ਰਿਹਾ ਸੀ। ਮੈਚ ਦੇ ਆਖਰੀ 10 ਮਿੰਟ ਰੈਫਰੀਆਂ ਨੇ ਨਾਮਧਾਰੀ ਟੀਮ ਦੇ ਖਿਲਾਫ ਏਨੇ ਫਾਊਲ ਦਿੱਤੇ ਕਿ ਗੇਂਦ ਨਾਮਧਾਰੀ ਟੀਮ ਦੀ ਡੀ ਵਿੱਚ ਹੀ ਰਹੀ। ਉਹ ਮੈਚ ਨਾਮਧਾਰੀ 1-0 ਨਾਲ ਜਿੱਤੇ। ਇਹ ਜਿੱਤ ਨਾਮਧਾਰੀ ਟੀਮ ਦੇ ਇਸ ਬੈਚ ਦੀ ਪਹਿਲੀ ਵੱਡੀ ਜਿੱਤ ਸੀ। ਗੁਰਮੇਜ ਸਿੰਘ ਦੱਸਦੇ ਹਨ ਕਿ ਜਦੋਂ ਇਹ ਟੂਰਨਾਮੈਂਟ ਜਿੱਤ ਕੇ ਟੀਮ ਸ੍ਰੀ ਭੈਣੀ ਸਾਹਿਬ ਪਰਤੀ ਸੀ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਨ

ਕੀਤਾ ਕਿ "ਅੱਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇੱਛਾ ਪੂਰੀ ਹੋਈ ਹੈ, ਮੈਂ ਅੱਜ ਬਹੁਤ ਖੁਸ਼ ਹਾਂ, ਸਾਡੀ ਟੀਮ ਜਿੱਤ ਕੇ ਆਈ ਹੈ।"

ਸੰਨ 1979 ਈ. ਦੀ ਹੀ ਗੱਲ ਹੈ, ਨਾਮਧਾਰੀ ਹਾਕੀ ਟੀਮ ਸੋਨੀਪਤ 'ਨੈਸ਼ਨਲ ਸਕੂਲ ਮਿੰਨੀ ਖੇਡਾਂ' ਵਿੱਚ ਹਿੱਸਾ ਲੈ ਰਹੀ ਸੀ। ਆਂਧਰਾ ਪ੍ਰਦੇਸ਼ ਦੀ ਟੀਮ ਨੂੰ ਇਨ੍ਹਾਂ ਨੇ 20 ਗੋਲ ਕੀਤੇ। ਹਰਿਆਣੇ ਦੇ ਦਰਸ਼ਕਾਂ ਦੀ ਨਾਮਧਾਰੀ ਬੱਚਿਆਂ ਦੀ ਖੇਡ ਵੇਖ ਕੇ ਹੈਰਾਨੀ ਦੀ ਕੋਈ ਹੱਦ ਨਾ ਰਹੀ। ਇੱਕ ਹਰਿਆਣਵੀ ਦਰਸ਼ਕ ਤਾਂ ਮੈਚ ਤੋਂ ਬਾਅਦ ਉੱਚੀ-ਉੱਚੀ ਆਪਣੀ ਬੋਲੀ ਵਿੱਚ ਬੋਲ ਰਿਹਾ ਸੀ, "ਬਈ, ਉਨ ਕੇ ਪਾਸ ਤੋ ਅਵੱਸ਼ ਕੋਈ ਜਾਦੂ ਹੈ, ਆਪ ਨੇ ਦੇਖਾ ਨਹੀਂ। ਉਨ ਕੀ ਟੀਮ ਕੇ ਮੈਨੇਜਰ ਕਰਮੰਡਲ ਮੇਂ ਸੇ ਪਾਣੀ ਦਾ ਛਿੜਕਾਓ ਕਰ ਰਹੇ ਥੇ, ਔਰ ਟੀਮ ਕੇ ਕੋਚ ਮਾਲਾ ਫੇਰ ਰਹੇ ਥੇ। ਆਪ ਨੇ ਦੇਖਾ ਨਹੀਂ, ਜਬ ਉਨਕੀ ਟੀਮ ਕੇ ਖਿਡਾਰੀ ਕਰਮੰਡਲ ਮੇਂ ਸੇ ਪਾਨੀ ਪੀ ਕਰ ਗਰਾਊਂਡ ਮੇਂ ਜਾਤੇ ਥੇ ਤੋ ਜਿਆਦਾ ਤੇਜ ਦੌੜਤੇ ਥੇ।" ਨਾਮਧਾਰੀਆਂ ਦੇ ਸੋਧ ਦੇ ਪਾਣੀ ਸੰਬੰਧੀ ਆਮ ਦਰਸ਼ਕ ਅਕਸਰ ਇਸ ਤਰ੍ਹਾਂ ਦੇ ਕਿਆਸ ਲਾਉਂਦੇ ਹੀ ਸਨ। ਨਾਮਧਾਰੀ ਟੀਮ ਨੇ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਖੇਡਣ ਲਈ ਜਾਣਾ ਹੁੰਦਾ ਆਪਣਾ ਰਸਦ-ਪਾਣੀ, ਆਪਣਾ ਲਾਂਗਰੀ ਆਦਿ ਨਾਲ ਲੈ ਕੇ ਜਾਂਦੇ।

1980 ਈ. ਵਿੱਚ ਇਸ ਬੈਚ ਨੇ ਪਹਿਲਾ ਨਾਮੀ 'ਸਰਬ ਭਾਰਤੀ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ (ਜੂਨੀਅਰ)' ਜਿੱਤਿਆ। 1983 ਈ. ਦੀ ਗੱਲ ਹੈ, ਨਾਮਧਾਰੀ ਟੀਮ ਜਬਲਪੁਰ ਜੂਨੀਅਰ ਨੈਸ਼ਨਲ ਖੇਡਣ ਗਈ। ਉੱਥੇ ਸੈਮੀਫਾਈਨਲ ਮੈਚ ਪੰਜਾਬ ਦੀ ਟੀਮ ਨਾਲ ਸੀ। ਪੰਜਾਬ ਦੀ ਟੀਮ ਆਪਣੇ ਸੁਭਾਅ ਮੁਤਾਬਕ ਲੜਾਈ ਕਰਦੀ, ਵਿਰੋਧੀ ਟੀਮ ਦਾ ਸੰਤੁਲਨ ਖਰਾਬ ਕਰਕੇ ਜਿੱਤਣ ਦੀ ਕੋਸ਼ਿਸ਼ ਕਰਦੀ। ਇਸ ਮੈਚ ਵਿੱਚ ਵੀ ਉਨ੍ਹਾਂ ਨੇ ਨਾਮਧਾਰੀ ਟੀਮ ਦੇ ਸੈਂਟਰ ਫਾਰਵਰਡ ਗੁਰਮੇਜ ਸਿੰਘ ਦੇ ਸਿਰ 'ਚ ਹਾਕੀ ਮਾਰ ਦਿੱਤੀ। ਉਹਨਾਂ ਦਾ ਇਰਾਦਾ ਸੀ ਕਿ ਸੈਂਟਰ ਫਾਰਵਰਡ ਨੂੰ ਫੱਟੜ ਕਰਕੇ ਅਸੀਂ ਗੋਲ ਹੋਣ ਤੋਂ ਬਚ ਜਾਵਾਂਗੇ। ਪਰ ਫਿਰ ਵੀ ਨਾਮਧਾਰੀ ਟੀਮ ਆਪਣਾ ਸੰਤੁਲਨ ਕਾਇਮ ਰੱਖ ਕੇ ਇਹ ਮੈਚ ਜਿੱਤ ਕੇ ਫਾਈਨਲ ਵਿੱਚ ਦਾਖਿਲ ਹੋਈ।

6-7 ਸਾਲਾਂ ਵਿੱਚ ਇਹ ਟੀਮ ਏਨੀ ਚੰਗੀ ਹੋ ਗਈ ਕਿ ਭਾਰਤ ਦੀਆਂ ਨਾਮਵਰ ਟੀਮਾਂ ਨੂੰ ਚਿੱਤ ਕਰਨ ਲੱਗ ਪਈ। ਇਨ੍ਹਾਂ ਖਿਡਾਰੀਆਂ ਨੇ ਛੋਟੀਆਂ ਉਮਰਾਂ 'ਚ ਵੱਡੀਆਂ ਬੁਲੰਦੀਆਂ ਹਾਸਲ ਕੀਤੀਆਂ। ਸਤੰਬਰ 1982 ਈ. ਦੀ ਗੱਲ ਹੈ। ਚੰਡੀਗੜ੍ਹ ਵਿਖੇ ਗੁਰਮੀਤ ਹਾਕੀ ਟੂਰਨਾਮੈਂਟ ਵਿੱਚ ਭਾਰਤ ਦੇ ਸਾਰੇ ਨਾਮੀ ਮਹਿਕਮਿਆਂ ਦੀਆਂ ਟੀਮਾਂ ਖੇਡ ਰਹੀਆਂ ਸਨ। ਨਾਮਧਾਰੀ ਟੀਮ ਸਾਰੇ ਮੈਚ ਜਿੱਤ ਕੇ ਸੈਮੀ ਫਾਈਨਲ ਵਿੱਚ ਪੰਜਾਬ ਪੁਲਿਸ ਨਾਲ ਭਿੜੀ। ਉਹਨੀਂ ਦਿਨੀਂ ਪੰਜਾਬ ਪੁਲਿਸ ਦੀ ਟੀਮ ਬਹੁਤ ਚੰਗੀ ਸੀ। ਤਕਰੀਬਨ 8-9 ਖਿਡਾਰੀ ਪੰਜਾਬ ਪੁਲਿਸ ਦੇ ਭਾਰਤ ਦੀ ਨੈਸ਼ਨਲ ਟੀਮ ਵਿੱਚ

ਖੇਡਦੇ ਸਨ। ਇਸ ਟੂਰਨਾਮੈਂਟ ਵਿੱਚ ਪੰਜਾਬ ਪੁਲਿਸ ਦੇ ਨਾਮੀ ਖਿਡਾਰੀ ਨਹੀਂ ਸੀ ਖੇਡ ਰਹੇ। ਉਹ ਦਿੱਲੀ ਵਿਖੇ ਭਾਰਤੀ ਹਾਕੀ ਟੀਮ ਦੇ ਕੈਂਪ ਵਿੱਚ ਪ੍ਰੈਕਟਿਸ ਕਰ ਰਹੇ ਸਨ, ਭਾਰਤੀ ਟੀਮ ਦੀ ਕਿਸੇ ਵਿਦੇਸ਼ ਦੌਰੇ ਲਈ ਤਿਆਰੀ ਹੋ ਰਹੀ ਸੀ। ਜਦੋਂ ਪੰਜਾਬ ਪੁਲਿਸ ਦੇ ਕੋਚਾਂ ਤੇ ਪ੍ਰਬੰਧਕਾਂ ਨੇ ਨਾਮਧਾਰੀ ਟੀਮ ਨੂੰ ਖੇਡਦਿਆਂ ਵੇਖਿਆ ਤਾਂ ਉਹਨਾਂ ਸੈਮੀ ਫਾਈਨਲ ਮੈਚ ਤੋਂ ਪਹਿਲਾਂ ਭਾਰਤੀ ਹਾਕੀ ਟੀਮ ਦੇ ਕੈਂਪ ਵਿੱਚ ਪ੍ਰੈਕਟਿਸ ਕਰਦੇ ਓਲੰਪੀਅਨ ਸੁਰਜੀਤ ਸਿੰਘ, ਦਵਿੰਦਰ ਗਰਚਾ, ਸੁਰਿੰਦਰ ਸੋਢੀ, ਚਰਨਜੀਤ ਕੁਮਾਰ, ਲਖਵਿੰਦਰ ਖਹਿਰਾ, ਜਗਦੀਪ ਸਿੰਘ, ਸੁਰਿੰਦਰ ਸਿੰਘ ਛਿੰਦਾ, ਬਲਦੇਵ ਸਿੰਘ ਵਰਗੇ ਖਿਡਾਰੀਆਂ ਨੂੰ ਬੁਲਾ ਲਿਆ ਕਿ ਕੱਲ੍ਹ ਨੂੰ ਨਾਮਧਾਰੀ ਟੀਮ ਨਾਲ ਸੈਮੀ ਫਾਈਨਲ ਮੁਕਾਬਲਾ ਹੈ, ਜੇ ਹਾਰ ਗਏ ਤਾਂ ਬੇਇੱਜ਼ਤੀ ਹੋਵੇਗੀ। ਰਾਤੋ ਰਾਤ ਪੰਜਾਬ ਪੁਲਿਸ ਦੇ ਸਟਾਰ ਖਿਡਾਰੀ ਚੰਡੀਗੜ੍ਹ ਪਹੁੰਚ ਗਏ। ਅਗਲੇ ਦਿਨ ਚੰਡੀਗੜ੍ਹ 42 ਸੈਕਟਰ ਦਾ ਹਾਕੀ ਸਟੇਡੀਅਮ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਹਾਕੀ ਨਾਲ ਬਹੁਤਾ ਵਾਹ-ਵਾਸਤਾ ਨਾ ਰੱਖਣ ਵਾਲੇ ਲੋਕ ਵੀ ਏਧਰੋਂ ਓਧਰੋਂ ਗੱਲਾਂ ਸੁਣ ਕੇ ਤੇ ਕੁਝ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹਕੇ ਨਾਮਧਾਰੀ ਮੁੰਡਿਆਂ ਦਾ ਮੈਚ ਵੇਖਣ ਪਹੁੰਚੇ ਹੋਏ ਸਨ।

ਸੈਮੀ ਫਾਈਨਲ ਮੈਚ ਵਿੱਚ ਭਾਰਤ ਦੇ ਨਾਮੀ ਖਿਡਾਰੀਆਂ (ਪੰਜਾਬ ਪੁਲਿਸ) ਤੇ ਨਾਮਧਾਰੀ ਹਾਕੀ ਟੀਮ ਦਾ ਮੁਕਾਬਲਾ ਸ਼ੁਰੂ ਹੋਇਆ। ਬਹੁਤ ਸਾਰੇ ਨਾਮਧਾਰੀ ਦਰਸ਼ਕ ਵੀ ਇਹ ਮੈਚ ਇਸ ਸੋਚ ਨਾਲ ਵੇਖਣ ਗਏ ਕਿ ਵੇਖਦੇ ਹਾਂ, ਅੱਜ ਸਾਡੀ ਟੀਮ ਕਿੰਨੇ ਗੋਲਾਂ ਨਾਲ ਹਾਰਦੀ ਹੈ। ਨਾਮਧਾਰੀ ਛੋਟੇ-ਛੋਟੇ ਬੱਚਿਆਂ ਨੇ ਐਸੀ ਜੁਰੱਅਤ ਤੇ ਹੌਂਸਲੇ ਨਾਲ ਹਾਕੀ ਖੇਡੀ ਕਿ 70 ਮਿੰਟ ਦੇ ਮੈਚ ਵਿੱਚ ਪੰਜਾਬ ਪੁਲਿਸ ਦੀ ਟੀਮ ਮਸਾਂ ਇੱਕ ਗੋਲ ਹੀ ਕਰ ਸਕੀ। ਪੰਜਾਬ ਪੁਲਿਸ ਦੀ ਟੀਮ ਮੈਚ ਤਾਂ ਭਾਵੇਂ ਜਿੱਤ ਗਈ, ਪਰ ਸਾਰੇ ਸਟੇਡੀਅਮ ਵਿੱਚ ਲੋਕਾਂ ਨੇ ਉੱਚੀ ਉੱਚੀ ਨਾਹਰੇ ਲਾਏ 'ਪੰਜਾਬ ਪੁਲਿਸ ਹਾਏ ਹਾਏ-ਪੰਜਾਬ ਪੁਲਿਸ ਹਾਏ ਹਾਏ'। ਨਾਮਧਾਰੀ ਟੀਮ ਦੀ ਖ਼ੂਬ ਪ੍ਰਸੰਸਾ ਕੀਤੀ। ਗੁਰਚਰਨ ਸਿੰਘ (ਗੋਲ੍ਹੀ) ਤੇ ਸੁਖਦੇਵ ਸਿੰਘ (ਘੁੱਦ) ਦੱਸਦੇ ਹਨ ਕਿ ਮੈਚ ਤੋਂ ਬਾਅਦ ਪੰਜਾਬ ਪੁਲਿਸ ਦੇ ਖਿਡਾਰੀ ਸੁਰਜੀਤ ਸਿੰਘ ਹੁਰੀਂ ਸਾਡੀ ਟੀਮ ਕੋਲ ਆ ਕੇ ਕਹਿਣ ਲੱਗੇ "ਬਾਬਿਓ, ਅੱਜ ਤੇ ਬੜੀ ਔਖੀ ਘੜੀ ਬਣ ਗਈ ਸੀ, ਪਰ ਹਾਰਨ ਤੋਂ ਬਚਾ ਹੋ ਗਿਆ। ਜੇ ਅਸੀਂ ਅੱਜ ਹਾਰ ਜਾਂਦੇ ਤਾਂ ਸਾਨੂੰ ਪਿੱਠੂ ਲੱਗ ਜਾਣੇ ਸੀ।" ਸਾਰੀਆਂ ਅਖ਼ਬਾਰਾਂ ਤੇ ਟੀ. ਵੀ. ਚੈਨਲਾਂ ਨੇ ਹਾਰੀ ਹੋਈ ਨਾਮਧਾਰੀ ਟੀਮ ਦੀ, ਜਿੱਤੀ ਹੋਈ ਪੰਜਾਬ ਪੁਲਿਸ ਨਾਲੋਂ ਜਿਆਦਾ ਸਿਫ਼ਤ ਕੀਤੀ। ਅਗਲੇ ਦਿਨ ਗੁਰਨਾਮ ਸਿੰਘ ਤੀਰ (ਚਾਚਾ ਚੰਡੀਗੜ੍ਹੀਆ) ਨੇ 'ਅਜੀਤ' ਅਖ਼ਬਾਰ ਵਿੱਚ ਲਿਖਿਆ ਸੀ ਕਿ ਜੇਕਰ ਓਲੰਪਿਕ ਵਿੱਚ ਭਾਰਤੀ ਟੀਮ ਦੀ ਨੁਮਾਇੰਦਗੀ ਨਾਮਧਾਰੀ ਟੀਮ ਕਰੇ ਤਾਂ ਸਾਡੇ ਦੇਸ਼ ਲਈ ਜ਼ਰੂਰ ਕੋਈ ਨਾ ਕੋਈ ਮੈਡਲ ਆ ਸਕਦਾ ਹੈ। 1988 ਈ. ਵਿੱਚ ਦਿੱਲੀ ਦਾ 'ਸੰਜੇ ਗਾਂਧੀ ਹਾਕੀ ਟੂਰਨਾਮੈਂਟ' ਵੀ ਨਾਮਧਾਰੀ ਟੀਮ ਨੇ ਆਪਣੇ ਨਾਮ ਕੀਤਾ। ਏਸੇ

ਟੀਮ ਦਾ ਖਿਡਾਰੀ ਦੀਦਾਰ ਸਿੰਘ 1992 ਈ. ਵਿੱਚ ਬਾਰਸੀਲੋਨਾ ਵਿੱਚ ਹੋਈਆਂ ਓਲੰਪਿਕ ਖੇਡਾਂ ਦਾ ਪ੍ਰਤਿਯੋਗੀ ਬਣਿਆ। ਗੁਰਨਾਮ ਸਿੰਘ ਗਾਮੀ ਇਸ ਓਲੰਪਿਕ ਲਈ ਸਟੈਂਡ ਬਾਏ ਖਿਡਾਰੀ ਸੀ। ਇਸ ਟੀਮ ਨੇ ਦੇਸ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਸਿੱਖੀ ਪਹਿਰਾਵੇ ਵਿੱਚ ਖੇਡ ਕੇ ਚੰਗੀਆਂ-ਚੰਗੀਆਂ ਟੀਮਾਂ ਦੇ ਦੰਦ ਖੱਟੇ ਕੀਤੇ। ਇਹ ਟੀਮ 1984 ਵਿੱਚ ਥਾਈਲੈਂਡ, 1985 ਵਿੱਚ ਤਨਜਾਨੀਆ, 1989 ਵਿੱਚ ਯੂਰਪ (ਇੰਗਲੈਂਡ ਤੇ ਸਪੇਨ), 1990 ਵਿੱਚ ਕੀਨੀਆ ਤੇ 1992 ਵਿੱਚ ਫਿਰ ਯੂਰਪ (ਹਾਲੈਂਡ, ਬੈਲਜੀਅਮ) ਦੌਰੇ ’ਤੇ ਗਈ ਤੇ ਉੱਥੇ ਬਹੁਤ ਵਧੀਆ ਹਾਕੀ ਦਾ ਪ੍ਰਦਰਸ਼ਨ ਕੀਤਾ। 1989 ਵਿੱਚ ਨਾਮਧਾਰੀ ਟੀਮ Paul Jason Barbor (ਜੋ ਇੰਗਲੈਂਡ ਦਾ 1988 ਦਾ ਓਲੰਪਿਕ ਜੇਤੂ ਖਿਡਾਰੀ ਸੀ) ਦੀ ਟੀਮ ਨਾਲ Slough Hockey Club ਨਾਲ ਖੇਡੀ ਤੇ 3-1 ਨਾਲ ਜਿੱਤੀ। ਇਸ ਮੈਚ ਤੋਂ ਬਾਅਦ ਪਾਲ ਜੈਸਨ ਬਾਰਬਰ ਨੇ ਨਾਮਧਾਰੀ ਟੀਮ ਦੀ ਖੇਡ ਦੀ ਬਹੁਤ ਪ੍ਰਸੰਸਾ ਕੀਤੀ। ਨਾਮਧਾਰੀ ਟੀਮ 1989 ਦੇ ਦੌਰੇ ਦੌਰਾਨ ਵੱਖ-ਵੱਖ ਕਲੱਬਾਂ ਨਾਲ ਕੁਲ 23 ਮੈਚ ਖੇਡੀ। ਜਿਨ੍ਹਾਂ ਵਿੱਚੋਂ 21 ਮੈਚ ਜਿੱਤੀ, 1 ਹਾਰੀ ਤੇ 1 ਬਰਾਬਰ ਰਹੀ।

ਜਦੋਂ ਨਾਮਧਾਰੀ ਨੌਜਵਾਨ ਦੇਸ਼ ਭਰ ਵਿੱਚ ਵਿਚਰਦਿਆਂ ਆਪਣੇ ਆਪਣੇ ਗੜਵਿਆਂ ’ਚ ਪਾਣੀ ਭਰ ਹਾਕੀ ਖੇਡਣ ਜਾਂਦੇ ਸਨ ਤਾਂ ਕਈ ਵਾਰ ਲੋਕ ਮਜ਼ਾਕ ਵੀ ਕਰਦੇ। ਇੱਕ ਵਾਰ ਕੇ. ਡੀ. ਬਾਬੂ ਹਾਕੀ ਪੂਰਨਾਮੈਂਟ ਤੇ ਖੇਡਣ ਗਏ ਨਾਮਧਾਰੀ ਮੁੰਡਿਆਂ ਦੇ ਹੱਥਾਂ ਵਿੱਚ ਗੜਵੇ ਫੜ੍ਹੇ ਵੇਖ ਕੁੜੀਆਂ ਮਜ਼ਾਕ ਕਰਦੀਆਂ ਕਿ ‘ਤੁਮ ਸਾਧੂ ਹੋ? ਤੁਮ ਖੇਲ ਭੀ ਲੇਤੇ ਹੋ?’ ਸਾਧੂ ਸਮਝਣ ਜਾਂ ਕਹਿਣ ਵਾਲੇ ਜਦੋਂ ਨਾਮਧਾਰੀ ਨੌਜਵਾਨਾਂ ਨੂੰ ਖੇਡ ਦੇ ਮੈਦਾਨ ਵਿੱਚ ਖੇਡਦਿਆਂ ਵੇਖਦੇ ਤਾਂ ਦੰਗ ਰਹਿ ਜਾਂਦੇ। ਸਵਿੰਦਰ ਸਿੰਘ ਛਿੰਦੂ (ਗੋਲਕੀਪਰ) ਦੱਸਦੇ ਹਨ ਕਿ ਇੱਕ ਵਾਰੀ ਮੈਂ ਮੋਗੇ ਕਿਸੇ ਟੂਰਨਾਮੈਂਟ ਤੇ ਜਾ ਰਿਹਾ ਸਾਂ। ਟੀਮ ਪਹਿਲਾਂ ਚਲੀ ਗਈ ਸੀ। ਮੈਂ ਕਿਸੇ ਕਾਰਨ ਕਰਕੇ ਲੇਟ ਹੋ ਗਿਆ। ਸੋਧ ਰੱਖੀ ਹੋਣ ਕਰਕੇ ਮੇਰੇ ਇੱਕ ਹੱਥ ਵਿੱਚ ਪਾਣੀ ਵਾਲਾ ਗੜਵਾ, ਦੂਜੇ ਹੱਥ ਨਾਲ ਗੋਲਕੀਪਰ ਵਾਲੀ ਭਾਰੀ ਕਿੱਟ ਨੂੰ ਸੰਭਾਲ ਰਿਹਾ ਸਾਂ। ਬੱਸ ਵਿੱਚ ਸੀਟ ਨਾ ਮਿਲਣ ਕਰਕੇ ਖਲੋ ਕੇ ਹੀ ਸਫ਼ਰ ਤੈਅ ਕਰ ਰਿਹਾ ਸੀ। ਸਫਰ ਦੌਰਾਨ ਇੱਕ ਹੱਥ ਨਾਲ ਗੜਵਾ ਫੜਿਆ ਸੀ, ਦੂਜੇ ਹੱਥ ਨਾਲ ਬੱਸ ਵਿਚਲਾ ਡੰਡਾ। ਅਚਾਨਕ ਬਰੇਕ ਲੱਗਣ ਕਰਕੇ ਮੇਰਾ ਗੜਵਾ ਟੇਢਾ ਹੋ ਗਿਆ ਤੇ ਪਾਣੀ ਥੱਲੇ ਬੈਠੀ ਹੋਈ ਸਵਾਰੀ ’ਤੇ ਪੈ ਗਿਆ। ਉਹ ਮੇਰੇ ਗਲ ਪੈ ਗਈ।

ਮੈਂ ਕਿਹਾ- “ਪਾਣੀ ਏ, ਹੋਰ ਕੁਝ ਨਹੀਂ।”

ਸਵਾਰੀ ਨੇ ਰੁੱਖੇ ਜਿਹੇ ਲਹਿਜੇ ਵਿੱਚ ਜਵਾਬ ਦਿੱਤਾ- “ਗਿਆਨੀ! ਤੂੰ ਰਾਜਸਥਾਨ ਫਿਰਦੈਂ, ਜਿਹੜਾ ਪਾਣੀ ਨਾਲ ਚੁੱਕੀ ਫਿਰਦੈਂ?”

ਪਰ ਉਸਨੂੰ ਕੀ ਪਤਾ ਸੀ ਕਿ ਸਿੱਖੀ ਵਿੱਚ ਮਰਿਯਾਦਾ ਦਾ ਕੀ ਮਹੱਤਵ ਹੈ। ਕਈ ਮਖੌਲਾਂ ਤੇ ਮੁਸ਼ਕਿਲਾਂ ਦੇ ਬਾਵਜੂਦ ਇਹ ਖਿਡਾਰੀ ਕਠਿਨ ਜੀਵਨ ਸ਼ੈਲੀ ਅਨੁਸਾਰ ਜੀਵਨ ਬਸ਼ਰ ਕਰਦੇ ਹੋਏ ਮਿਹਨਤ ਕਰਦੇ ਸਨ।

ਗੁਰਚਰਨ ਸਿੰਘ ਗੋਲੀ ਦੱਸਦੇ ਹਨ ਕਿ ਸਾਡੀ ਟੀਮ ਦੇ 11-12 ਹੀ ਖਿਡਾਰੀ ਹੁੰਦੇ ਸਨ। ਬਾਕੀ ਟੀਮਾਂ ਕੋਲ ਬਦਲਵੇਂ ਖਿਡਾਰੀ ਵੀ ਹੁੰਦੇ। ਪਰ ਸਾਡੀ ਟੀਮ ਏਨੀ ਸਪਿਰਟ ਨਾਲ ਖੇਡਦੀ ਕਿ ਜਿੱਤ ਹਾਸਲ ਹੁੰਦੀ। ਸਾਡੀ ਟੀਮ ਉੱਤੇ ਸਤਿਗੁਰੂ ਜੀ ਦੀ ਖ਼ਾਸ ਕਿਰਪਾ ਸੀ। ਅਸੀਂ ਸਿਮਰਨ, ਪਾਠ, ਕੀਰਤਨ ਕਰਦੇ ਇਸ ਕਰਕੇ ਸਾਡੇ ਅੰਦਰ ਸ੍ਵੈ-ਵਿਸ਼ਵਾਸ ਬਹੁਤ ਹੁੰਦਾ ਕਿ ਅਸੀਂ ਜਿੱਤ ਜਾਵਾਂਗੇ।

ਨਾਮਧਾਰੀ ਟੀਮ ਜਿੱਥੇ ਵੀ ਜਾਂਦੀ, ਉੱਥੇ ਹੀ ਬਹੁਤ ਸਾਰੇ ਲੋਕ ਇਹਨਾਂ ਦੀ ਖੇਡ ਦੇ ਦੀਵਾਨੇ ਹੋ ਜਾਂਦੇ। ਅਲੱਗ ਜਿਹੀ ਦਿੱਖ ਵਾਲੀ ਟੀਮ, ਦੂਰੋਂ ਹੀ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣ ਜਾਂਦੀ। ਬਹੁਤ ਸਾਰੇ ਲੋਕ ਤਾਂ ਟੂਰਨਾਮੈਂਟ ਹੀ ਨਾਮਧਾਰੀ ਟੀਮ ਕਰਕੇ ਵੇਖਣ ਆਉਂਦੇ। ਇੱਕ ਵਾਰ ਇਟਾਵਾ ਹਾਕੀ ਟੂਰਨਾਮੈਂਟ 'ਤੇ ਨਾਮਧਾਰੀ ਟੀਮ ਪਹਿਲਾ ਮੈਚ ਹਾਰ ਗਈ। ਟੀਮ ਵਾਪਸੀ ਲਈ ਸਟੇਸ਼ਨ 'ਤੇ ਟਰੇਨ ਉਡੀਕ ਰਹੀ ਸੀ। ਪਰ ਗਰਾਊਂਡ 'ਚ ਪ੍ਰਬੰਧਕ ਮਾਈਕ ਤੇ ਉੱਚੀ ਆਵਾਜ਼ ਵਿੱਚ ਅਨਾਊਂਸਮੈਂਟ ਕਰ ਰਹੇ ਸਨ ਕਿ ਨਾਮਧਾਰੀ ਟੀਮ ਦਾ ਮੈਚ ਹੋਵੇਗਾ। ਉਹਨਾਂ ਦਾ ਮੰਤਵ ਸੀ ਕਿ ਜੇ ਦਰਸ਼ਕਾਂ ਨੂੰ ਪਤਾ ਲੱਗ ਗਿਆ ਕਿ ਨਾਮਧਾਰੀ ਟੀਮ ਵਾਪਸ ਚਲੀ ਗਈ ਹੈ ਤਾਂ ਖੇਡ ਮੈਦਾਨ ਦਰਸ਼ਕਾਂ ਤੋਂ ਸੱਖਣਾ ਹੋ ਜਾਵੇਗਾ।

ਸ. ਬਲਵਿੰਦਰ ਸਿੰਘ ਮੁਕਤਾ ਦੱਸਦੇ ਹਨ ਕਿ ਜਦੋਂ ਵੀ ਟੂਰਨਾਮੈਂਟ ਖੇਡਣ ਜਾਣ ਤੋਂ ਪਹਿਲਾਂ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕਰਨੀ ਕਿ ਖੇਡਣ ਚੱਲੇ ਹਾਂ ਕਿਰਪਾ ਕਰੋ। ਜਦੋਂ ਸਤਿਗੁਰੂ ਜੀ ਇਹ ਬਚਨ ਕਰਨਾ ਕਿ ਨਾਮ ਸਿਮਰਨ ਕਰਕੇ ਮਾਲਾ ਫੇਰ ਕੇ ਅਰਦਾਸ ਕਰਕੇ ਜਾਇਓ, ਸਤਿਗੁਰੂ ਜੀ ਕਿਰਪਾ ਕਰਨਗੇ, ਓਦੋਂ ਅਸੀਂ ਕਦੇ ਵੀ ਹਾਰੇ ਨਹੀਂ ਸਾਂ। ਪਰ ਜਦੋਂ ਸਤਿਗੁਰੂ ਜੀ ਨੇ ਕੋਈ ਵੀ ਬਚਨ ਨਾ ਕਰਨਾ, ਉਦੋਂ ਅਸੀਂ ਬਹੁਤ ਵਧੀਆ ਖੇਡ ਕੇ ਵੀ ਹਾਰ ਜਾਂਦੇ ਸਾਂ। ਅਸੀਂ ਜਿੰਨੀਆਂ ਵੀ ਜਿੱਤਾਂ ਜਿੱਤੇ ਇਹ ਸਤਿਗੁਰੂ ਜੀ ਦੀ ਬਖਸ਼ਿਸ਼ ਹੀ ਸੀ।

ਨਾਮਧਾਰੀ ਖਿਡਾਰੀ ਗੁਰਦੀਪ ਸਿੰਘ ਬਾਈ ਤੇ ਸੁਖਵਿੰਦਰ ਸਿੰਘ ਛੀਨਾ ਦੀ ਜੂਨੀਅਰ ਭਾਰਤੀ ਹਾਕੀ ਟੀਮ ਵਿੱਚ ਸਲੈਕਸ਼ਨ ਲਗਭਗ ਪੱਕੀ ਸੀ। ਭਾਰਤੀ ਜੂਨੀਅਰ ਹਾਕੀ ਟੀਮ ਨੇ ਵਿਦੇਸ਼ ਦੌਰੇ 'ਤੇ ਜਾਣਾ ਸੀ। ਪਰ ਇਹਨਾਂ ਦੋਹਾਂ ਖਿਡਾਰੀਆਂ ਨੇ ਨਿੱਕਰਾਂ ਪਾਉਣ ਤੋਂ ਮਨ੍ਹਾਂ ਕਰ ਦਿੱਤਾ। ਇਹ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ। ਗੁਰਦੀਪ ਸਿੰਘ ਦੱਸਦੇ ਹਨ ਕਿ ਸਤਿਗੁਰੂ ਜਗਜੀਤ ਸਿਘ ਜੀ ਬਾਗ ਵਾਲੀ ਕੋਠੀ ਵਿੱਚ

ਬੈਠੇ ਹੋਏ ਸਨ। ਸਤਿਗੁਰੂ ਜੀ ਬਚਨ ਕੀਤਾ- ਦਿਲ ਛੋਟਾ ਨਹੀਂ ਕਰਨਾ, ਕਿਸੇ ਗੱਲ ਦੀ ਚਿੰਤਾ ਨਹੀਂ ਕਰਨੀ, ਤੁਹਾਡੀ ਇੰਡੀਆ ਖੇਡਣ ਨਾਲੋਂ ਵੱਧ ਸ਼ੋਭਾ ਹੋਵੇਗੀ। ਗੁਰਦੀਪ ਸਿੰਘ ਕਹਿੰਦੇ ਹਨ- ਅੱਜ ਮੈਂ ਅਮਰੀਕਾ ਵਿੱਚ ਨਾਮਧਾਰੀ ਦਸਤਾਰ ਬੰਨ੍ਹ ਕੇ ਵਿਚਰਦਾ ਹਾਂ, ਕਾਰੋਬਾਰ ਵੀ ਵਧੀਆ ਹੈ, ਇਥੇ ਲੋਕ ਸ਼ੋਭਾ ਵੀ ਕਰਦੇ ਹਨ, ਇਹ ਸਤਿਗੁਰੂ ਜੀ ਦੀ ਕਿਰਪਾ ਹੈ। ਸੁਖਵਿੰਦਰ ਸਿੰਘ ਛੀਨਾ ਭਾਰਤੀ ਉੱਤਰ ਰੇਲਵੇ ਵਿੱਚ ਉੱਚੇ ਅਹੁਦੇ ’ਤੇ ਨੌਕਰੀ ਕਰ ਰਹੇ ਹਨ।

ਇੱਕ ਵਾਰ ਸ. ਪ੍ਰਿਥੀਪਾਲ ਸਿੰਘ (ਪ੍ਰਸਿੱਧ ਭਾਰਤੀ ਹਾਕੀ ਖਿਡਾਰੀ) ਨੇ ਜਦੋਂ ਨਾਮਧਾਰੀ ਟੀਮ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਵਿੱਚ ਖੇਡਦਿਆਂ ਵੇਖਿਆ, ਉਹ ਉਦੋਂ PAU ਵਿੱਚ ਡਾਇਰੈਕਟਰ ਸਪੋਰਟਸ ਸਨ, ਉਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਖਿਆ ਕਿ ਮੈਨੂੰ 13 ਸਾਲ ਹੋ ਗਏ ਹਨ ਅੱਜ ਹਾਕੀ ਛੱਡਿਆਂ ਨੂੰ, ਇਹਨਾਂ ਮੁੰਡਿਆਂ ਦੀ ਖੇਡ ਵੇਖ ਕੇ ਅੱਜ ਮੇਰਾ ਵੀ ਖੇਡਣ ਨੂੰ ਜੀਅ ਕਰ ਆਇਆ ਹੈ, ਇਹ ਏਨੀ ਸੋਹਣੀ ਤੇ ਸਾਫ਼ ਹਾਕੀ ਖੇਡਦੇ ਹਨ। ਇਸ ਬੈਚ ਦੇ ਖਿਡਾਰੀ 1976-77 ਈ. ਤੋਂ ਸ਼ੁਰੂ ਹੋ 1993-94 ਈ. ਤੱਕ ਵੱਖ-ਵੱਖ ਟੂਰਨਾਮੈਂਟ ਖੇਡ ਕੇ ਸਿੱਖੀ ਸਰੂਪ ਦੇ ਪਛਾਣ, ਹਾਕੀ ਖੇਡ ਜਗਤ ਵਿੱਚ ਕਰਦੇ ਰਹੇ।

ਤੀਸਰਾ ਬੈਚ- ਉਪਰੋਕਤ ਬੈਚ ਦੇ ਖੇਡਦਿਆਂ ਹੋਇਆਂ ਹੀ ਇੱਕ ਹੋਰ ਬੈਚ ਛੋਟੇ ਬੱਚਿਆਂ ਦਾ 1987-88 ਵਿੱਚ ਸ਼ੁਰੂ ਹੋ ਗਿਆ। ਇਹਨਾਂ ਨੂੰ ਸਮੇਂ-ਸਮੇਂ ’ਤੇ ਬਲਦੇਵ ਸਿੰਘ ਸ਼ਾਹਬਾਦ, ਰਛਪਾਲ ਸਿੰਘ, ਦਰਸ਼ਨ ਸਿੰਘ, ਗੁਰਮੇਜ ਸਿੰਘ, ਬਲਦੇਵ ਸਿੰਘ ਨਾਈਜੀਰੀਆ, ਬੱਗਾ ਸਿੰਘ ਆਦਿ ਕੋਚਾਂ ਨੇ ਕੋਚਿੰਗ ਦਿੱਤੀ। ਸ. ਪਰਮਜੀਤ ਸਿੰਘ (ਪੰਮੀ) ਨਾਮਧਾਰੀ ਟੀਮ ਨਾਲ ਦਫ਼ਤਰੀ ਕੰਮਾਂ ਵਿੱਚ ਸਹਿਯੋਗ ਦੇਂਦੇ ਰਹੇ। ਸੰਤ ਭਜਨ ਸਿੰਘ ਇਸ ਟੀਮ ਦੇ ਮੈਨੇਜਰ ਵਜੋਂ ਸੇਵਾ ਕਰਦੇ ਰਹੇ। ਇਸ ਬੈਚ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਗੁਰਮੀਤ ਸਿੰਘ
2. ਗੁਰਬਖਸ਼ ਸਿੰਘ
3. ਹਰਦਿਆਲ ਸਿੰਘ
4. ਬਲਵੰਤ ਸਿੰਘ
5. ਸਤਨਾਮ ਸਿੰਘ
6. ਬੂਟਾ ਸਿੰਘ ਬੁੱਟਰ (ਗੋਲਕੀਪਰ)
7. ਗੁਰਪਾਲ ਸਿੰਘ ਲਾਡੀ
8. ਰਣਜੀਤ ਸਿੰਘ ਰਾਣਾ
9. ਕਾਬਲ ਸਿੰਘ
10. ਬਲਦੇਵ ਸਿੰਘ (ਬੱਲੀ)
11. ਰਘਬੀਰ ਸਿੰਘ
12. ਗੁਰਦੇਵ ਸਿੰਘ
13. ਜਸਵੀਰ ਸਿੰਘ
14. ਜਸਪਾਲ ਸਿੰਘ ਵੈਦ
15. ਜਗਰੂਪ ਸਿੰਘ
16. ਮੇਜਰ ਸਿੰਘ (ਗੋਲਕੀਪਰ)
17. ਬਲਵਿੰਦਰ ਸਿੰਘ

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਇੱਕ ਭਾਸ਼ਣ ਵਿੱਚ ਬਚਨ ਕਰਦੇ ਹਨ– "ਜੇ ਅਸੀਂ ਕਾਲਜ ਲੈਵਲ 'ਤੇ ਹਾਕੀ ਦਾ ਰਿਜ਼ਲਟ ਚਾਹੁੰਦੇ ਹਾਂ ਤਾਂ ਸਾਨੂੰ ਸਕੂਲੀ ਪੱਧਰ 'ਤੇ ਕੰਮ ਕਰਨਾ ਪਵੇਗਾ, ਤਾਂ ਕਿ ਸਕੂਲ ਵਿੱਚੋਂ ਬੱਚੇ ਤਿਆਰ ਹੋ ਕੇ ਆਈ ਜਾਣ ਤੇ ਕਾਲਜ ਪੱਧਰ 'ਤੇ ਸਾਨੂੰ ਰਿਜ਼ਲਟ ਮਿਲ ਸਕੇ।"

ਹੁਣ ਨਾਮਧਾਰੀ ਹਾਕੀ ਦੀਆਂ ਟੀਮਾਂ ਏਸੇ ਤਰ੍ਹਾਂ ਤਿਆਰ ਹੋਣੀਆਂ ਸ਼ੁਰੂ ਹੋ ਗਈਆਂ ਸਨ। ਅਜੇ ਪਹਿਲਾ ਬੈਚ ਖੇਡ ਰਿਹਾ ਹੁੰਦਾ ਤੇ ਨਿੱਕੇ-ਨਿੱਕੇ ਹੋਰ ਕਈ ਬੱਚੇ ਹਾਕੀ ਸਿੱਖਣੀ ਸ਼ੁਰੂ ਕਰ ਦਿੰਦੇ। ਦੂਸਰੇ ਬੈਚ ਦੇ ਖਿਡਾਰੀ 1993-94 ਤੱਕ ਖੇਡਦੇ ਰਹੇ, ਪਰ ਤੀਸਰੇ ਬੈਚ ਦੇ ਖਿਡਾਰੀ ਵੀ ਉਦੋਂ ਤੱਕ ਹਾਕੀ ਖੇਡ ਵਿਚ ਕਾਫ਼ੀ ਸਿਆਣੇ ਹੋ ਗਏ।

ਜੇ ਅੱਸੀਵਿਆਂ ਦੇ ਅਖੀਰ ਤੇ ਨੱਬਵਿਆਂ ਦੇ ਮੁੱਢਲੇ ਵਰ੍ਹਿਆਂ ਦੇ ਪੰਜਾਬ ਨੂੰ ਵੇਖਿਆ ਜਾਵੇ ਤਾਂ ਇਹ ਉਹ ਦਿਨ ਸਨ, ਜੋ ਪੰਜਾਬ ਲਈ ਕਾਲੇ ਦਿਨਾਂ ਕਰਕੇ ਮਸ਼ਹੂਰ ਹਨ। ਪੰਜਾਬੀਆਂ ਦੇ ਬਹੁਤ ਸਾਰੇ ਮੁੰਡੇ, ਉਸ ਸਮੇਂ ਚੱਲੀ ਖਾੜਕੂ ਲਹਿਰ ਦਾ ਹਿੱਸਾ ਬਣੇ। ਬਹੁਤ ਸਾਰੇ ਪਰਿਵਾਰ ਖਾੜਕੂਆਂ ਦੀ ਦਹਿਸ਼ਤਗਰਦੀ ਦਾ ਸ਼ਿਕਾਰ ਬਣੇ ਤੇ ਕਈਆਂ 'ਤੇ ਪੰਜਾਬ ਪੁਲਿਸ ਨੇ ਕਿਰਪਾ ਕੀਤੀ। ਇਹ ਉਹ ਸਮਾਂ ਸੀ ਜਦੋਂ ਸ਼ਾਮ ਨੂੰ 5 ਵਜੇ ਤੋਂ ਬਾਅਦ ਪੰਜਾਬ ਦੇ ਪਿੰਡਾਂ ਦੀਆਂ ਗਲੀਆਂ 'ਚ ਚੁੱਪ ਪਸਰ ਜਾਂਦੀ। ਇਹਨੀਂ ਦਿਨੀਂ ਸਫ਼ਰ ਕਰਨਾ, ਆਉਣਾ-ਜਾਣਾ ਬਹੁਤ ਮੁਸ਼ਕਿਲ ਸੀ। ਜਦੋਂ ਇਹ ਜ਼ਰਾ ਵੀ ਯਕੀਨ ਨਹੀਂ ਸੀ ਹੁੰਦਾ ਕਿ ਘਰੋਂ ਗਿਆ ਜੀਅ ਵਾਪਸ ਪਰਤੇਗਾ ਜਾਂ ਨਹੀਂ।

ਜਸਵੀਰ ਸਿੰਘ ਜੱਸੀ ਦੱਸਦੇ ਹਨ ਕਿ ਅਸੀਂ ਇੱਕ ਵਾਰ ਬੰਗਲੌਰ ਖੇਡਣ ਗਏ। ਉੱਥੋਂ ਵਾਪਸੀ ਦੌਰਾਨ ਅਸੀਂ ਆਪਣੇ ਸਟਿੱਕ ਬੈਗਾਂ ਵਿੱਚ ਨਾਰੀਅਲ ਰੱਖ ਲਏ। ਜਦੋਂ ਅਸੀਂ ਵਾਪਸ ਪੰਜਾਬ ਪਹੁੰਚੇ, ਸਾਡੇ ਦੋ ਮੁੰਡੇ ਬਰਨਾਲੇ ਬੱਸ ਅੱਡੇ ਤੋਂ ਬਾਹਰ ਪੁਲਿਸ ਨੇ ਰੋਕ ਲਏ। ਜਦੋਂ ਉਨ੍ਹਾਂ ਮੁੰਡਿਆਂ ਦੇ ਬੈਗਾਂ ਨੂੰ ਬਾਹਰੋਂ ਟੋਹ ਕੇ ਵੇਖਿਆ ਤਾਂ ਉਨ੍ਹਾਂ ਨੂੰ ਭਾਸਿਆ ਕਿ ਬੈਗਾਂ ਵਿੱਚ ਬੰਬ ਹਨ। ਪੁਲਿਸ ਵਾਲੇ ਭੱਜ ਕੇ ਦੂਰ ਖੜ੍ਹੇ ਹੋ ਗਏ। ਜਦੋਂ ਮੁੰਡਿਆਂ ਯਕੀਨ ਦੁਆਇਆ ਕਿ ਇਹ ਬੰਬ ਨਹੀਂ, ਨਾਰੀਅਲ ਹਨ, ਤਾਂ ਉਹ ਕੋਲ ਆਏ। ਉਹਨੀਂ ਦਿਨੀਂ ਪੰਜਾਬ ਦੇ ਹਰ ਬਾਸ਼ਿੰਦੇ ਲਈ ਇੱਕ ਸਹਿਮ ਦਾ ਮਾਹੌਲ ਸੀ। ਇਹਨਾਂ ਦਿਨਾਂ ਦੌਰਾਨ ਵੀ ਟੂਰਨਾਮੈਂਟ ਹੁੰਦੇ। ਨਾਮਧਾਰੀ ਟੀਮ ਖੇਡਣ ਜਾਂਦੀ। ਜਸਵੀਰ ਜੱਸੀ ਦੱਸਦੇ ਹਨ ਕਿ ਕਈ ਵਾਰ ਅਸੀਂ ਕਿਸੇ ਟੂਰਨਾਮੈਂਟ ਖੇਡਣ ਜਾਣਾ ਤਾਂ ਇੱਕ ਦਿਨ ਜਿੱਤ ਕੇ ਜਦੋਂ ਦੂਸਰੇ ਦਿਨ ਪਹੁੰਚਣਾ ਤਾਂ ਅੱਗੋਂ ਉਸ ਪਿੰਡ ਵਿੱਚ ਫੌਜ ਦਾ ਪਹਿਰਾ ਲੱਗਾ ਹੋਣਾ। ਉੱਥੋਂ ਵਾਪਸ ਮੁੜਨਾ ਪੈਂਦਾ।

ਇੱਕ ਵਾਰ ਜਰਖੜ ਨਾਮਧਾਰੀ ਟੀਮ ਖੇਡਣ ਵਾਸਤੇ ਗਈ। ਉੱਥੇ ਉਹਨਾਂ ਦਾ ਡੇਰਾ ਜਰਖੜ ਸਟੇਡੀਅਮ ਦੇ ਨਾਲ ਬਣੇ ਗੁਰਦੁਆਰੇ ਵਿੱਚ ਸੀ। ਸਾਰੇ ਮੁੰਡੇ ਅੰਮ੍ਰਿਤ ਵੇਲੇ ਉੱਠ, ਸਣੇਕੇਸੀਂ ਇਸ਼ਨਾਨ ਕਰ, ਨਿਤਨੇਮ ਕਰਨ ਉਪਰੰਤ, ਗਰਊਂਡ ਵਿੱਚ ਮੈਚ ਖੇਡਣ ਲਈ ਉਤਰਦੇ। ਉੱਥੇ ਇੱਕ ਬਜ਼ੁਰਗ ਮਾਤਾ ਸੁਰਜੀਤ ਕੌਰ ਇਹਨਾਂ ਨੂੰ ਹਰ ਰੋਜ਼ ਵੇਖਦੀ, ਉਹ ਮੁੰਡਿਆਂ ਨੂੰ ਅਸ਼ੀਰਵਾਦ ਦੇਂਦੀ, ਖੁਸ਼ ਹੁੰਦੀ। ਨਾਮਧਾਰੀ ਟੀਮ ਉਸ ਟੂਰਨਾਮੈਂਟ ਵਿੱਚ ਬਹੁਤ ਵਧੀਆ ਖੇਡੀ। ਸੈਮੀਫਾਈਨਲ ਮੈਚ ਵਿੱਚ ਕਮੇਟੀ ਨਾਲ ਕਿਸੇ ਗੱਲੋਂ ਤਕਰਾਰ ਹੋਣ ਕਰਕੇ, ਉਨ੍ਹਾਂ ਜਿੱਤੀ ਹੋਈ ਨਾਮਧਾਰੀ ਟੀਮ ਨੂੰ ਫਾਈਨਲ ਮੈਚ ਖੇਡਣ ਤੋਂ ਵਰਜ ਦਿੱਤਾ। ਸਾਰੇ ਨਾਮਧਾਰੀ ਮੁੰਡੇ ਗਰਊਂਡ ਵਿੱਚ ਹੀ ਬੈਠ ਗਏ ਕਿ ਅਸੀਂ ਤਾਂ ਮੈਚ ਖੇਡਾਂਗੇ ਹੀ। ਉੱਥੇ ਮੈਚ ਵੇਖਣ ਵਾਸਤੇ ਖਾੜਕੂ ਲਹਿਰ ਦਾ ਹਿੱਸਾ ਬਣੇ ਕੁਝ ਮੁੰਡੇ ਵੀ ਆਏ ਹੋਏ ਸਨ। ਜਦੋਂ ਉਨ੍ਹਾਂ ਵੇਖਿਆ ਕਿ ਟੀਮ ਗਰਾਊਂਡ 'ਚੋਂ ਉੱਠ ਨਹੀਂ ਰਹੀ ਤਾਂ ਉਹ ਆਪਣੇ ਹਥਿਆਰ ਲਿਆਉਣ ਲਈ ਤਿਆਰ ਹੋ ਗਏ। ਕਮੇਟੀ ਦੇ ਜਾਣਕਾਰਾਂ ਉਨ੍ਹਾਂ ਮੁੰਡਿਆਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਸਾਡਾ ਟੂਰਨਾਮੈਂਟ ਖਰਾਬ ਹੋਵੇਗਾ। ਜਦੋਂ ਨਾਮਧਾਰੀ ਟੀਮ ਦੀ ਸੁਣਵਾਈ ਨਾ ਹੋਈ, ਉਹ ਨਿਰਾਸ਼ ਮਨ ਨਾਲ ਆਪਣੀ ਰਿਹਾਇਸ਼ ਵਾਲੀ ਥਾਂ ਗੁਰਦੁਆਰੇ ਪਹੁੰਚ ਗਏ। ਮਾਤਾ ਸੁਰਜੀਤ ਕੌਰ ਨੇ ਪੁੱਛਿਆ- "ਕੀ ਬਣਿਆ, ਅੱਜ ਤੁਹਾਡੇ ਮੈਚ ਦਾ?" ਕਿਉਂਕਿ ਮਾਤਾ ਹਰ ਰੋਜ਼ ਸਿੱਖੀ ਸਰੂਪ ਵਿੱਚ ਖੇਡ ਰਹੀ ਟੀਮ ਲਈ ਜਿੱਤ ਦੀ ਅਰਦਾਸ ਕਰਦੀ ਸੀ। ਜਦੋਂ ਮੁੰਡਿਆਂ ਨੇ ਦੱਸਿਆ ਕਿ ਸਾਨੂੰ ਜਿੱਤਣ ਤੋਂ ਬਾਅਦ ਵੀ ਖੇਡਣ ਨਹੀਂ ਦੇ ਰਹੇ, ਤਾਂ ਮਾਤਾ ਗੁੱਸੇ ਵਿੱਚ ਆ ਗਈ। ਕਹਿੰਦੀ- "ਚੱਲੋ, ਮੈਂ ਵੇਖਦੀ ਹਾਂ ਕਿਹੜਾ ਨਹੀਂ ਖੇਡਣ ਦਿੰਦਾ। ਏਨੇ ਵਧੀਆ ਮੁੰਡੇ ਨੇ। ਸਵੇਰੇ ਉੱਠ, ਇਸ਼ਨਾਨ ਕਰਕੇ ਹਰ ਰੋਜ਼ ਬਾਣੀ ਪੜ੍ਹਦੇ ਨੇ। ਸਿੱਖੀ ਪਹਿਰਾਵੇ 'ਚ ਖੇਡਦੇ ਨੇ।"

ਮਾਤਾ ਖ਼ੁਦ ਗਰਾਊਂਡ 'ਚ ਪਹੁੰਚ ਕਮੇਟੀ ਵਾਲਿਆਂ ਨਾਲ ਔਖੀ ਭਾਰੀ ਹੋਣ ਲੱਗੀ ਕਿ "ਮੈਨੂੰ ਦੱਸੋ ਇਹੋ ਜਿਹੀ ਕੋਈ ਟੀਮ ਪੰਜਾਬ ਵਿੱਚ ਹੈ? ਜਿਹੜੀ ਸਿੱਖੀ ਪਹਿਰਾਵੇ ਵਿੱਚ ਖੇਡਦੀ ਹੋਵੇ। ਤੁਸੀਂ ਇਨ੍ਹਾਂ ਨਾਲ ਧੱਕਾ ਕਰਨਾ ਬੰਦ ਕਰੋ ਤੇ ਮੈਚ ਕਰਵਾਓ।" ਗੁਰਮੀਤ ਸਿੰਘ ਮਦਾਰ ਦੱਸਦੇ ਹਨ ਕਿ ਉਸ ਮਾਤਾ ਦੀ ਜਰਖੜ ਪਿੰਡ ਵਿੱਚ ਕੋਈ ਗੱਲ ਨਹੀਂ ਸੀ ਮੋੜਦਾ। ਉਸ ਦਿਨ ਸਾਡੀ ਇਮਦਾਦ ਉਸ ਮਾਤਾ ਨੇ ਕੀਤੀ, ਜਿਹੜੀ ਸਿੱਖੀ ਜੀਵਨ ਜਾਚ ਦੀ ਕਦਰ ਕਰਨ ਵਾਲੀ ਸੀ।

1991 ਵਿੱਚ ਜਰਖੜ ਟੂਰਨਾਮੈਂਟ 'ਤੇ ਨਾਮਧਾਰੀ ਸੀਨੀਅਰ ਤੇ ਜੂਨੀਅਰ ਦੋਵੇਂ ਵਰਗਾਂ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ ਤੇ ਦੋਵਾਂ ਨੇ ਪਹਿਲਾ-ਪਹਿਲਾ ਸਥਾਨ ਹਾਸਲ ਕੀਤਾ। ਸੀਨੀਅਰ ਵਰਗ ਵਿੱਚ ਦੂਜੇ ਬੈਚ ਦੀ ਟੀਮ ਦੇ ਖਿਡਾਰੀ ਖੇਡੇ ਤੇ ਜੂਨੀਅਰ ਵਰਗ ਵਿੱਚ ਤੀਜੇ ਬੈਚ ਦੇ ਖਿਡਾਰੀ ਖੇਡੇ।

ਇਸ ਬੈਚ ਦੇ ਖਿਡਾਰੀ ਕਾਬਲ ਸਿੰਘ ਨੇ 'ਸਕੂਲ ਏਸ਼ੀਅਨ ਖੇਡਾਂ' ਵਿੱਚ ਭਾਰਤੀ ਟੀਮ ਦੀ ਨੁਮਾਇੰਦਗੀ ਕੀਤੀ। ਇਸ ਤੋਂ ਇਲਾਵਾ ਇਸ ਬੈਚ ਨੇ ਦਿੱਲੀ ਦਾ ਨਾਮੀ ਟੂਰਨਾਮੈਂਟ 'ਸ. ਮੋਹਨ ਸਿੰਘ ਯਾਦਗਾਰੀ ਹਾਕੀ ਟੂਰਨਾਮੈਂਟ' ਜਿੱਤਿਆ। ਅੰਮ੍ਰਿਤਸਰ ਵਿੱਚ ਹੋਇਆ 1995 ਈ. ਦਾ 'ਸਰਬ ਭਾਰਤੀ ਮਹਾਰਾਜਾ ਰਣਜੀਤ ਸਿੰਘ ਹਾਕੀ ਟੂਰਨਾਮੈਂਟ' ਇਸ ਟੀਮ ਨੇ ਹਿੰਦੁਸਤਾਨ ਦੀਆਂ ਨਾਮੀ ਟੀਮਾਂ ਨੂੰ ਹਰਾ ਕੇ ਜਿੱਤਿਆ। ਅੱਜ ਇਸ ਬੈਚ ਦੇ ਬਹੁਤੇ ਖਿਡਾਰੀ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿੱਚ ਚੰਗੇ ਅਹੁਦਿਆਂ 'ਤੇ ਨੌਕਰੀਆਂ ਕਰ ਰਹੇ ਹਨ।

ਚੌਥਾ ਬੈਚ– ਉਪਰੋਕਤ ਬੈਚ ਤੋਂ ਮਗਰੋਂ ਨਾਮਧਾਰੀ ਹਾਕੀ ਪ੍ਰਤੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਧਿਆਨ ਘਟ ਗਿਆ। ਤਿੰਨ ਚਾਰ ਸਾਲ ਦੇ ਗੈਪ ਮਗਰੋਂ ਫਿਰ ਦੁਬਾਰਾ ਨਵੇਂ ਬੱਚਿਆਂ ਨੂੰ ਲੈ ਕੇ ਟੀਮ ਬਣਾਉਣ ਦਾ ਖਿਆਲ ਪਣਪਿਆ। ਕਾਰਨ ਬਣਿਆ ਸ੍ਰੀ ਭੈਣੀ ਸਾਹਿਬ ਦੇ ਕੁਝ ਬੱਚੇ, ਜੋ ਹਰ ਰੋਜ਼ ਗਰਾਊਂਡ ਜਾ ਪ੍ਰੈਕਟਿਸ ਕਰਦੇ ਸਨ। ਉਹਨਾਂ ਸੁਰਜੀਤ ਹਾਕੀ ਅਕੈਡਮੀ ਵਿੱਚ ਟਰਾਇਲ ਦਿੱਤੇ। ਤਿੰਨ ਬੱਚੇ ਸਲੈਕਟ ਹੋ ਗਏ, ਅਨਮੋਲਕ ਸਿੰਘ, ਨਿਰੰਜਨ ਸਿੰਘ ਤੇ ਜਗਮੋਹਨ ਸਿੰਘ। ਇਹਨਾਂ ਬੱਚਿਆਂ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਅਸੀਂ ਜਲੰਧਰ ਅਕੈਡਮੀ ਵਿੱਚ ਹਾਕੀ ਸਿੱਖਣ ਲਈ ਚਲੇ ਜਾਈਏ? ਸਤਿਗੁਰੂ ਜੀ ਨੇ ਨਾਂਹ ਕਰ ਦਿੱਤੀ ਤੇ ਹੁਕਮ ਕੀਤਾ– "ਆਪਾਂ ਇੱਥੇ ਈ ਟੀਮ ਬਣਾਂਵਾਂਗੇ।"

ਇਹ ਸੰਨ 1997 ਈ. ਦੀ ਗੱਲ ਹੈ। ਸ੍ਰੀ ਜੀਵਨ ਨਗਰ ਇਲਾਕੇ ਦੇ 30-35 ਮੁੰਡਿਆਂ ਨੂੰ ਇਕੱਠਿਆਂ ਕਰਕੇ ਇੱਕ ਨਵੇਂ ਬੈਚ ਦੀ ਸ਼ੁਰੂਆਤ ਕਰ ਦਿੱਤੀ। ਜੀਵਨ ਨਗਰ ਇਨ੍ਹਾਂ ਬੱਚਿਆਂ ਨੂੰ ਸੀਨੀਅਰ ਰਹਿ ਚੁੱਕੇ ਖਿਡਾਰੀ ਗੁਰਮੇਜ ਸਿੰਘ ਤੇ ਬਲਦੇਵ ਸਿੰਘ ਕੋਚਿੰਗ ਦੇਂਦੇ ਰਹੇ, ਫਿਰ ਕੁਝ ਚਿਰ ਬਾਅਦ ਉਨ੍ਹਾਂ ਵਿੱਚੋਂ 25-30 ਮੁੰਡੇ ਚੁਣ ਕੇ ਸ੍ਰੀ ਭੈਣੀ ਸਾਹਿਬ ਲੈ ਆਂਦੇ ਗਏ। ਇਹਨਾਂ ਨੂੰ ਕੋਚਿੰਗ ਪਹਿਲਾਂ ਸ. ਹੀਰਾ ਸਿੰਘ ਦੇਂਦੇ ਰਹੇ। ਫਿਰ ਸਮੇਂ-ਸਮੇਂ 'ਤੇ ਸ. ਬਲਦੇਵ ਸਿੰਘ ਸ਼ਾਹਬਾਦ, ਸ. ਦੀਦਾਰ ਸਿੰਘ ਓਲੰਪੀਅਨ ਤੇ ਹਰਮਿੰਦਰਪਾਲ ਸਿੰਘ ਕੋਚ ਰਹੇ। ਇਸ ਟੀਮ ਦੀ ਸਾਰੀ ਨਿਗਰਾਨੀ ਦਾ ਕਾਰਜ, ਸਾਰੀਆਂ ਸਹੂਲਤਾਂ ਦਾ ਖਿਆਲ ਠਾਕੁਰ ਉਦੇ ਸਿੰਘ ਜੀ ਨੇ ਵਿਸ਼ੇਸ਼ ਧਿਆਨ ਦੇ ਕੇ ਕੀਤਾ। ਗੁਰਚਰਨ ਸਿੰਘ (ਗੋਲ੍ਹੀ) ਇਸ ਟੀਮ ਦੇ ਮੈਨੇਜਰ ਬਣਾਏ ਗਏ। ਠਾਕੁਰ ਜੀ ਇਸ ਟੀਮ ਨੂੰ ਗਰਮੀਆਂ ਦੇ ਦਿਨਾਂ ਦੌਰਾਨ ਬੰਗਲੌਰ ਸੱਦ ਲੈਂਦੇ, ਜਿੱਥੇ ਉਹ ਡੇਢ-ਦੋ ਮਹੀਨਿਆਂ ਦਾ ਕੈਂਪ ਲਾਉਂਦੇ। ਖਿਡਾਰੀਆਂ ਦੀ ਰਿਹਾਇਸ਼, ਖਾਣ-ਪੀਣ ਦਾ ਵਿਸ਼ੇਸ਼ ਪ੍ਰਬੰਧ ਹੁੰਦਾ। ਕਈ ਵਾਰ ਤਾਂ ਠਾਕੁਰ ਜੀ (ਵਰਤਮਾਨ ਸਤਿਗੁਰੂ ਜੀ) ਦੁਪਹਿਰ ਦੇ ਖਾਣੇ ਸਮੇਂ ਖਿਡਾਰੀਆਂ ਦੇ ਨਾਲ ਹੀ ਖਾਣਾ ਖਾਂਦੇ। ਇਹ ਉਨ੍ਹਾਂ ਦਾ ਜਿੱਥੇ ਖਿਡਾਰੀਆਂ ਨੂੰ ਮਿਲ ਰਹੀ ਖੁਰਾਕ ਬਾਰੇ ਰਿਪੋਰਟ ਲੈਣਾ ਹੁੰਦਾ, ਉੱਥੇ ਉਨ੍ਹਾਂ ਦਾ ਗਰੀਬ, ਸਾਧਾਰਨ ਪਰਿਵਾਰਾਂ ਦੇ ਬੱਚਿਆਂ ਵਿੱਚ ਬੈਠਣਾ ਉਨ੍ਹਾਂ ਦੀ ਸਾਧਾਰਨਤਾ ਤੇ ਨਿਮਰਤਾ ਨੂੰ ਵੀ ਪ੍ਰਗਟ

ਕਰਦਾ ਹੈ। ਉਹ ਬੱਚਿਆਂ ਨੂੰ ਖਰੀਦੋ-ਫਰੋਖ਼ਤ ਕਰਨ ਲਈ ਮਾਇਆ ਵੀ ਦੇਂਦੇ। ਜਦੋਂ ਬੱਚੇ ਥੋੜ੍ਹੇ ਵੱਡੇ ਹੋਏ ਤਾਂ ਉਨ੍ਹਾਂ ਦੇ ਮਹੀਨੇ ਦਾ ਖਰਚਾ ਵੀ ਲਾ ਦਿੱਤਾ ਗਿਆ ਕਿ ਇਨ੍ਹਾਂ ਨੂੰ ਆਉਣ-ਜਾਣ, ਖਾਣ-ਪੀਣ ਦੀ ਕੋਈ ਦਿੱਕਤ ਨਾ ਆਵੇ। ਜੇ ਕਿਸੇ ਖਿਡਾਰੀ ਨੇ ਭਾਰਤੀ ਟੀਮ ਨਾਲ ਵਿਦੇਸ਼ ਦੌਰੇ 'ਤੇ ਜਾਣਾ ਹੁੰਦਾ ਤਾਂ ਉਸਦੀ ਮਾਇਕ ਪੱਖੋਂ ਖ਼ਾਸ ਮਦਦ ਕਰਦੇ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਇਸ ਟੀਮ ਲਈ ਵੀ ਸਵੇਰੇ ਆਸਾ ਦੀ ਵਾਰ 'ਚ ਪਹੁੰਚਣਾ ਤੇ ਫਿਰ ਦੁਪਹਿਰੇ ਨਿਤਨੇਮ ਕਰਨਾ ਲਾਜ਼ਮੀ ਹੁੰਦਾ। ਬੱਚਿਆਂ ਦੀ ਪੜ੍ਹਾਈ ਲਈ ਸਕੂਲ ਤੋਂ ਇਲਾਵਾ ਟਿਊਸ਼ਨ ਅਧਿਆਪਕ ਦਾ ਵੀ ਖ਼ਾਸ ਪ੍ਰਬੰਧ ਕੀਤਾ ਗਿਆ। ਇਸ ਟੀਮ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਅਨਮੋਲਕ ਸਿੰਘ
2. ਸ਼ੇਰ ਸਿੰਘ
3. ਗੁਰਚਰਨ ਸਿੰਘ
4. ਅਜਮੇਰ ਸਿੰਘ
5. ਹਰਪਾਲ ਸਿੰਘ
6. ਗੁਰਵਿੰਦਰ ਸਿੰਘ (ਕਾਲਾ)
7. ਦੀਦਾਰ ਸਿੰਘ
8. ਹਰਵਿੰਦਰ ਸਿੰਘ
9. ਸਵਿੰਦਰ ਸਿੰਘ (ਗੋਲਕੀਪਰ)
10. ਗੁਰਪ੍ਰੀਤ ਸਿੰਘ
11. ਸਰਦਾਰ ਸਿੰਘ
12. ਕਰਮਜੀਤ ਸਿੰਘ
13. ਜੋਗਾ ਸਿੰਘ
14. ਜਸਵੇਦ ਸਿੰਘ
15. ਜਤਿੰਦਰਪਾਲ ਸਿੰਘ ਜੇ. ਪੀ.
16. ਹਰਨੇਕ ਸਿੰਘ (ਗੋਲਕੀਪਰ)
17. ਅਵਤਾਰ ਸਿੰਘ
18. ਹਰਜਿੰਦਰ ਸਿੰਘ (ਗੋਲਕੀਪਰ)
19. ਬਚਿੱਤਰ ਸਿੰਘ (ਮੰਡ)
20. ਸੁਖਜਿੰਦਰ ਸਿੰਘ
21. ਜਗਦੀਪ ਸਿੰਘ ਬੱਲੀ

ਪਹਿਲਾਂ-ਪਹਿਲ ਇਹ ਟੀਮ ਬੈਂਗਲੌਰ ਕੈਂਪ ਲਾਉਣ ਜਾਂਦੀ ਹੁੰਦੀ ਸੀ, ਫਿਰ ਉੱਥੇ ਲੀਗ ਹੋਣੀ ਸ਼ੁਰੂ ਹੋ ਗਈ। ਉੱਥੇ ਭਾਰਤ ਦੀਆਂ ਨਾਮਵਰ ਟੀਮਾਂ BPCL, ONGC, Indian Oil, Indian Airlines, PNB, Punjab & Sind Bank, Air India ਆਦਿ ਪਹੁੰਚਦੀਆਂ। ਉਹਨਾਂ ਨਾਲ ਖੇਡ-ਖੇਡ ਇਹ ਟੀਮ ਹੌਲੀ-ਹੌਲੀ ਚੰਗਾ ਖੇਡਣ ਲੱਗ ਪਈ। ਥੋੜ੍ਹੇ ਹੀ ਸਾਲਾਂ ਵਿੱਚ ਇਹ ਟੀਮ ਏਨੀ ਚੰਗੀ ਬਣ ਗਈ ਕਿ ਇਸ ਨੇ ਭਾਰਤ ਦੀਆਂ ਨਾਮਵਰ ਟੀਮਾਂ ਦੇ ਦੰਦ ਖੱਟੇ ਕਰਨੇ ਸ਼ੁਰੂ ਕਰ ਦਿੱਤੇ।

ਨਾਮਧਾਰੀ ਟੀਮ ਏਨਾ ਵਧੀਆ ਰਿਜ਼ਲਟ ਦੇਣ ਲੱਗ ਪਈ ਕਿ ਭਾਰਤ ਵਿੱਚ ਹੋਣ ਵਾਲੇ ਸਾਰੇ ਵੱਡੇ ਟੂਰਨਾਮੈਂਟਾਂ, ਸੁਰਜੀਤ ਹਾਕੀ ਟੂਰਨਾਮੈਂਟ, ਜਵਾਹਰ ਲਾਲ ਨਹਿਰੂ ਟੂਰਨਾਮੈਂਟ, ਕੇ. ਡੀ. ਬਾਬੂ ਟੂਰਨਾਮੈਂਟ, ਬੰਗਲੌਰ ਲੀਗ, ਮਹਾਰਾਜਾ ਰਣਜੀਤ ਸਿੰਘ

ਟੂਰਨਾਮੈਂਟ (ਦਿੱਲੀ), ਬੰਬੇ ਗੋਲਡ ਕੱਪ, ਮਾਧੋ ਰਾਓ ਸਿੰਧੀਆ ਗੋਲਡ ਕੱਪ (ਗਵਾਲੀਅਰ), ਸੀਨੀਅਰ ਨੈਸ਼ਨਲ, ਆਦਿ ਵਿੱਚ ਪਹਿਲਾ ਜਾਂ ਦੂਜਾ ਦਰਜਾ ਹਾਸਲ ਕਰਦੀ, ਨਹੀਂ ਤਾਂ ਸੈਮੀਫਾਈਨਲ ਤਾਂ ਜ਼ਰੂਰ ਹੀ ਖੇਡਦੀ। ਨਾਮਧਾਰੀ ਟੀਮ ਦਾ ਨਾਮ ਭਾਰਤ ਦੀਆਂ ਪਹਿਲੀਆਂ ਚਾਰ ਟੀਮਾਂ ਵਿੱਚ ਸ਼ੁਮਾਰ ਹੋ ਗਿਆ। 2004 ਈ. ਵਿੱਚ ਪ੍ਰਸਿੱਧ 'ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ' ਵਿੱਚ ਨਾਮਧਾਰੀ ਟੀਮ ਨੂੰ ਸਭ ਤੋਂ ਵਧੀਆ ਉੱਭਰ ਰਹੀ ਟੀਮ (Most Promising Team) ਅਤੇ 2006 ਵਿੱਚ ਨਾਮਧਾਰੀ ਟੀਮ ਨੂੰ plenty corner ਤੇ ਸਭ ਤੋਂ ਵੱਧ ਗੋਲ ਕਰਨ ਵਾਲੀ ਟੀਮ ਐਲਾਨਿਆ ਗਿਆ। stick2hockey.com ਵੱਲੋਂ ਹਰ ਸਾਲ ਇੱਕ ਰਸਾਲਾ 'Hockey Year Book' ਛਪਦਾ ਹੈ, ਉਨ੍ਹਾਂ ਨੇ 2006 ਈ. ਵਿੱਚ ਨਾਮਧਾਰੀ ਟੀਮ ਨੂੰ 'Best Team of The Year' ਦਾ ਖਿਤਾਬ ਦਿੱਤਾ।

ਸ਼ੇਰ ਸਿੰਘ (ਅੱਜ ਕੱਲ੍ਹ ਸਪੋਟਰਸ ਇੰਚਾਰਜ, ਸ੍ਰੀ ਭੈਣੀ ਸਾਹਿਬ) ਦੱਸਦੇ ਹਨ ਕਿ ਸੰਨ 2003 ਈ. ਨੂੰ ਰਾਏਪੁਰ (ਛੱਤੀਸਗੜ੍ਹ) ਜੂਨੀਅਰ ਨੈਸ਼ਨਲ ਵਿੱਚ ਨਾਮਧਾਰੀ ਟੀਮ ਬਹੁਤ ਵਧੀਆ ਖੇਡ ਰਹੀ ਸੀ। ਕੁਆਰਟਰ ਫਾਈਨਲ ਮੈਚ ਨਾਮਧਾਰੀ ਇਲੈਵਨ ਤੇ ਪੰਜਾਬ ਐਂਡ ਸਿੰਧ ਬੈਂਕ ਦਰਮਿਆਨ ਹੋਇਆ। ਨਾਮਧਾਰੀ ਟੀਮ 2-0 ਨਾਲ ਜਿੱਤ ਰਹੀ ਸੀ ਪਰ ਆਖਰੀ ਮਿੰਟਾਂ ਵਿੱਚ ਦੋਵੇਂ ਗੋਲ ਉੱਤਰ ਗਏ। ਗੋਲਡਨ ਗੋਲ ਦੇ ਸਮੇਂ ਗੋਲ ਕਰਕੇ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਨਾਮਧਾਰੀ ਟੀਮ ਨੂੰ ਜਿੱਤ ਗਈ। ਨਾਮਧਾਰੀ ਟੀਮ ਚੰਗਾ ਖੇਡ ਕੇ ਵੀ ਹਾਰ ਗਈ ਸੀ। ਟੀਮ ਉਸੇ ਹੀ ਦਿਨ ਟਰੇਨ 'ਤੇ ਸਵਾਰ ਹੋ ਵਾਪਸ ਆ ਗਈ। ਮਗਰੋਂ ਟੂਰਨਾਮੈਂਟ ਕਮੇਟੀ ਨੇ ਨਾਮਧਾਰੀ ਟੀਮ ਲਈ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਦੇ ਹੱਥ, ਪਹਿਲੇ ਮੈਚਾਂ ਵਿਚਲੀ ਖੇਡ ਨੂੰ ਮੱਦੇ ਨਜ਼ਰ ਰੱਖਦਿਆਂ ਹੋਇਆਂ 'ਫੇਅਰ ਪਲੇ ਟਰਾਫੀ' ਦੇ ਨਾਲ 10000/- ਰੁਪਏ ਇਨਾਮ ਵਜੋਂ ਭੇਜੇ ਕਿ ਖੇਡ ਦੇ ਮੈਦਾਨ ਵਿੱਚ ਜਿੱਤ-ਹਾਰ ਤਾਂ ਬਣੀ ਹੋਈ ਹੈ, ਪਰ ਜਿਸ ਤਰ੍ਹਾਂ ਦੀ ਸਾਫ਼ ਸੁਥਰੀ ਕਲਾਤਮਕ ਹਾਕੀ ਨਾਮਧਾਰੀ ਟੀਮ ਖੇਡੀ ਹੈ, ਉਸਨੇ ਸਾਡੇ ਦਰਸ਼ਕਾਂ ਦੇ ਮਨ ਖੁਸ਼ ਕੀਤੇ ਹਨ।

ਨਾਮਧਾਰੀ ਟੀਮ ਜਦੋਂ ਮੈਦਾਨ ਵਿੱਚ ਖੇਡਣ ਵਾਸਤੇ ਉੱਤਰਦੀ ਤਾਂ ਉਹ ਬਹੁਤ ਹੌਂਸਲੇ ਤੇ ਸਪਿਰਟ ਨਾਲ ਦਾਖਿਲ ਹੁੰਦੀ। ਫਿਰ ਖੇਡਦੀ ਵੀ ਉਸੇ ਸਪਿਰਟ ਨਾਲ। ਬਾਕੀ ਮਹਿਕਮਿਆਂ ਦੀਆਂ ਟੀਮਾਂ ਦੇ ਖਿਡਾਰੀ ਤਾਂ ਪੈਸਿਆਂ ਲਈ ਖੇਡ ਰਹੇ ਹੁੰਦੇ, ਪਰ ਨਾਮਧਾਰੀ ਟੀਮ ਪੰਥ ਦੀ ਸ਼ਾਨ ਤੇ ਸਿੱਖੀ ਦੇ ਮਾਣ ਨੂੰ ਬਰਕਰਾਰ ਰੱਖਣ ਲਈ ਖੇਡ ਦੇ ਮੈਦਾਨ ਵਿੱਚ ਜੂਝਦੀ। ਇਹ ਖਿਡਾਰੀ ਮਾੜੀ ਮੋਟੀ ਸੱਟ ਦੀ ਤਾਂ ਉੱਕਾ ਹੀ ਪ੍ਰਵਾਹ ਨਾ ਕਰਦੇ। ਇੱਕ ਵਾਰ ਕਰੀਮ ਨਗਰ ਨੈਸ਼ਨਲ ਵਿੱਚ ਕੇਰੀ ਵਾਲੇ ਮੈਦਾਨ ਵਿੱਚ ਖੇਡਦਿਆਂ, ਹੱਥ ਥੱਲੇ ਰਗੜੇ ਜਾਣ ਕਰਕੇ, ਉਨ੍ਹਾਂ 'ਤੇ ਜ਼ਖਮ ਹੋ ਗਏ। ਹੱਥਾਂ ਵਿੱਚੋਂ ਖ਼ੂਨ ਨਿਕਲਣ ਲੱਗ ਪਿਆ। ਖੇਡ ਦੇ ਰੂਲ ਮੁਤਾਬਿਕ ਜਦੋਂ ਖਿਡਾਰੀ ਦੇ ਕਿਸੇ ਵੀ ਅੰਗ 'ਚੋਂ ਖ਼ੂਨ

ਨਿਕਲ ਰਿਹਾ ਹੋਵੇ ਤਾਂ ਉਹ ਖੇਡ ਨਹੀਂ ਸਕਦਾ। ਨਾਮਧਾਰੀ ਮੁੰਡੇ ਖ਼ੂਨ ਵਾਲੇ ਹੱਥ ਆਪਣੀਆਂ ਸ਼ਰਟਾਂ ਨਾਲ ਪੂੰਝ, ਉਸੇ ਹੀ ਜੋਸ਼ ਨਾਲ ਹਾਕੀ ਖੇਡ ਰਹੇ ਸਨ। ਟੂਰਨਾਮੈਂਟ ਕਮੇਟੀ ਨੇ ਮੈਚ ਰੋਕ ਕੇ ਜਿਨ੍ਹਾਂ ਖਿਡਾਰੀਆਂ ਦੇ ਹੱਥਾਂ ’ਚੋਂ ਖ਼ੂਨ ਆ ਰਿਹਾ ਸੀ, ਉਨ੍ਹਾਂ ਨੂੰ ਬਾਹਰ ਜਾਣ ਲਈ ਆਖਿਆ। ਪਰ ਨਾਮਧਾਰੀ ਖਿਡਾਰੀ ਉਸ ਖ਼ੂਨ ਦੇ ਨਿਕਲਣ ਨੂੰ ‘ਮਾੜਾ ਮੋਟਾ ਆਉਂਦਾ ਖ਼ੂਨ’ ਕਹਿ ਕੇ ਖੇਡਣ ਦੀ ਆਗਿਆ ਮੰਗ ਰਹੇ ਸਨ। ਟੂਰਨਾਮੈਂਟ ਕਮੇਟੀ ਨੇ ਇਸ ਸ਼ਰਤ ’ਤੇ ਖੇਡਣ ਦੀ ਆਗਿਆ ਦਿੱਤੀ ਕਿ ਸਾਨੂੰ ਪਹਿਲਾਂ ਲਿਖ ਕੇ ਦਿਓ ਕਿ ਤੁਸੀਂ ਆਪਣੀ ਜ਼ਿੰਮੇਵਾਰੀ ਨਾਲ ਖੇਡ ਰਹੇ ਹੋ। ਨਾਮਧਾਰੀ ਖਿਡਾਰੀਆਂ ਨੇ ਝੱਟ ਲਿਖ ਦਿੱਤਾ ਤੇ ਕਮੇਟੀ ਨੂੰ ਨਿਸ਼ਚਿੰਤ ਕਰ ਦਿੱਤਾ। ਨਾਮਧਾਰੀ ਖਿਡਾਰੀ ਖੇਡ ਦੇ ਮੈਦਾਨ ਵਿੱਚ ਸੱਟਾਂ ਦੀ ਪ੍ਰਵਾਹ ਨਾ ਕਰਦੇ ਹੋਏ ਮੈਚ ਦੇ ਆਖਰੀ ਸਮੇਂ ਤੱਕ ਜ਼ੋਰ ਲਾ ਕੇ ਖੇਡਦੇ ਸਨ।

ਸੰਨ 2006 ਈ. ਦੀ ਗੱਲ ਹੈ ਪ੍ਰੀਮੀਅਰ ਹਾਕੀ ਲੀਗ ਵਿੱਚ ‘ਬੈਂਗਲੌਰ ਲਾਇਨਜ਼’ ਤੇ ‘ਸ਼ੇਰੇ ਜਲੰਧਰ’ ਸਾਰੀ ਲੀਗ ਵਿੱਚੋਂ ਜੇਤੂ ਰਹਿ ਕੇ ਫਾਈਨਲ ਮੈਚ ਵਿੱਚ ਪਹੁੰਚ ਗਈਆਂ। ਲੀਗ ਕਮੇਟੀ ਦੇ ਰੂਲ ਮੁਤਾਬਿਕ ਫਾਈਨਲ ਤਿੰਨ ਮੈਚ ਹੋਣੇ ਸਨ, ਜਿਹੜੀ ਟੀਮ ਦੋ ਮੈਚ ਜਿੱਤ ਜਾਂਦੀ, ਉਹ ਜੇਤੂ ਘੋਸ਼ਿਤ ਹੋਣੀ ਸੀ। ਪਹਿਲਾ ਮੈਚ ‘ਸ਼ੇਰੇ ਜਲੰਧਰ’ ਦੀ ਟੀਮ ‘ਬੈਂਗਲੌਰ ਲਾਇਨਜ਼’ ਕੋਲੋਂ ਹਾਰ ਗਈ ਸੀ। ਬੰਗਲੌਰ ਦੀ ਟੀਮ ਵਿੱਚ ਦੱਖਣੀ ਭਾਰਤ ਦੇ ਨਾਮੀ ਖਿਡਾਰੀ ਲੇਨ ਅੱਪਾ, ਅਰਜੁਨ ਹਲੱਪਾ, ਪ੍ਰਬੋਧ ਤਿਰਕੀ, ਸੰਦੀਪ ਮਾਈਕਲ, ਵੀ. ਐਸ. ਵਿਨੇ, ਤੁਸ਼ਾਰ ਖਾਂਡੇਕਰ ਆਦਿ ਖੇਡ ਰਹੇ ਸਨ। ਪੰਜਾਬ ਦੀ ਟੀਮ ਵਿੱਚ ਗਗਨਜੀਤ, ਪ੍ਰਭਜੋਤ, ਕੰਵਲਜੀਤ, ਜੁਗਰਾਜ, ਹਰਪਾਲ ਆਦਿ ਸਨ। ਜਦੋਂ ਪੰਜਾਬ ਦੀ ਟੀਮ ਦੇ ਮੈਚ ਤੋਂ ਪਹਿਲਾਂ ਮੀਟਿੰਗ ਹੋ ਰਹੀ ਸੀ ਤਾਂ ਸਾਰੇ ਸਲਾਹ ਕਰ ਰਹੇ ਸਨ ਕਿਉਂਕਿ ਅੱਜ ਦਾ ਮੈਚ ਪੰਜਾਬ ਦੀ ਟੀਮ ਲਈ ਜਿੱਤਣਾ ਬਹੁਤ ਜ਼ਰੂਰੀ ਸੀ। ਸਾਰੇ ਖਿਡਾਰੀ ਆਪਣੇ-ਆਪਣੇ ਤਜ਼ਰਬੇ ਅਨੁਸਰ ਸਲਾਹ ਦੇਣ ਲੱਗੇ। ਕੋਈ ਫਾਰਵਰਡ ਲਾਈਨ ਨੂੰ ਮਜ਼ਬੂਤ ਕਰਨ ਲਈ ਕਹਿ ਰਿਹਾ ਸੀ, ਕੋਈ ਡੀ ਵਿੱਚ ਜਾ ਕੇ ਪਲੈਨਟੀ ਕਾਰਨਰ ਬਣਾਉਣ ਨੂੰ ਕਹਿ ਰਿਹਾ ਸੀ, ਏਨੇ ਨੂੰ ਖਿਡਾਰੀ ਪ੍ਰਭਦੀਪ ਨੇ ਉੱਠਕੇ ਸਲਾਹ ਦਿੱਤੀ ਜੋ ਟੀਮ ਦੀ ਮੱਧ ਪੰਕਤੀ ਦਾ ਮੁੱਖ ਖਿਡਾਰੀ ਸੀ ਕਿ ਜੇ ਅਸੀਂ ਅੱਜ ਦਾ ਮੈਚ ਇਸ ਸਪਿਰਟ ਨਾਲ ਖੇਡੀਏ, ਜਿਸ ਸਪਿਰਟ ਨਾਲ ਨਾਮਧਾਰੀ ਟੀਮ ਖੇਡਦੀ ਹੈ ਤਾਂ ਸਾਡੀ ਟੀਮ ਦੀ ਹਾਰ ਨਹੀਂ ਹੋ ਸਕਦੀ। ਗੱਲ ਕੀ, ਭਾਰਤ ਦੀਆਂ ਸਾਰੀਆਂ ਟੀਮਾਂ ਨਾਮਧਾਰੀ ਟੀਮ ਦੇ ਖੇਡਣ ਦੀ ਸਪਿਰਟ ਦੀ ਦਾਦ ਦੇਂਦੀਆਂ ਹਨ।

ਸਰਬ ਭਾਰਤੀ ਗੁਰਮੀਤ ਹਾਕੀ ਟੂਰਨਾਮੈਂਟ ਚੰਡੀਗੜ੍ਹ 2004 ਈ. ਦੀ ਗੱਲ ਹੈ। ਨਾਮਧਾਰੀ ਹਾਕੀ ਟੀਮ ਦਾ ਮੈਚ ਪੰਜਾਬ ਪੁਲਿਸ ਨਾਲ ਸੀ। ਪੰਜਾਬ ਪੁਲਿਸ ਦੇ ਖਿਡਾਰੀ ਕਰੜੇ ਤੇ ਲੜਾਕੇ ਵਤੀਰੇ ਲਈ ਮਸ਼ਹੂਰ ਸਨ। ਨਾਮਧਾਰੀ ਹਾਕੀ ਟੀਮ ਕਿਸਾਨ ਭਵਨ ਵਿੱਚ ਠਹਿਰੀ ਹੋਈ ਸੀ। ਠਾਕੁਰ ਉਦੇ ਸਿੰਘ ਜੀ, ਜੋ ਉਸ ਸਮੇਂ ਟੀਮ ਦੇ ਮੁੱਖ ਪ੍ਰਬੰਧਕ

ਸਨ, ਨੇ ਫੋਨ ਕਰਕੇ ਕਿਹਾ- "ਪੰਜਾਬ ਪੁਲਿਸ ਦੀ ਟੀਮ ਤੁਹਾਨੂੰ ਡਰਾ ਕੇ ਜਾਂ ਲੜ ਕੇ ਜਿੱਤਣ ਦੀ ਕੋਸ਼ਿਸ਼ ਕਰੇਗੀ। ਤੁਸੀਂ ਕਿਸੇ ਤਰ੍ਹਾਂ ਵੀ ਘਬਰਾਉਣਾ ਨਹੀਂ, ਡਰਨਾ ਨਹੀਂ। ਉਹਨਾਂ ਦੇ ਧੱਕੇ-ਮੁੱਕੇ ਦਾ ਜਵਾਬ ਉਥੇ ਹੀ ਦੇ ਦੇਣਾ। ਕੋਈ ਗੱਲ ਹੋਈ ਤਾਂ ਅਸੀਂ ਮਗਰ ਹਾਂ ਤੁਹਾਡੇ।" ਠਾਕੁਰ ਜੀ ਦਾ ਮਕਸਦ ਸੀ ਕਿ ਪੰਜਾਬ ਪੁਲਿਸ ਦੇ ਖਿਡਾਰੀ ਉਮਰ ਵਿੱਚ ਵੀ ਵੱਡੇ ਹਨ, ਉਨ੍ਹਾਂ ਦਾ ਖੇਡਣ ਦਾ ਤਜ਼ਰਬਾ ਵੀ ਜ਼ਿਆਦਾ ਹੈ, ਕਿਤੇ ਸਾਡੇ ਖਿਡਾਰੀ ਡਰ ਕੇ ਆਪਣੀ ਖੇਡ ਹੀ ਨਾ ਖੇਡਣ। ਉਹ ਖਿਡਾਰੀਆਂ ਨੂੰ ਮੈਦਾਨ ਵਿੱਚ ਹੌਂਸਲਾ ਰੱਖ ਕੇ ਖੇਡਣ ਲਈ ਸਾਕਾਰਾਤਮਕ ਕਰ ਰਹੇ ਸਨ।

ਨਾਮਧਾਰੀ ਟੀਮ ਹੌਂਸਲੇ ਤੇ ਸਪਿਰਟ ਨਾਲ ਖੇਡਣ ਦੇ ਨਾਲ-ਨਾਲ ਫਿੱਟਨੈਸ ਕਰਕੇ ਵੀ ਜਾਣੀ ਜਾਂਦੀ ਸੀ। ਇੱਕ ਵਾਰ ਹੈਦਰਾਬਾਦ ਸੀਨੀਅਰ ਨੈਸ਼ਨਲ ਦੇ ਮੈਚ ਦੌਰਾਨ ਨਾਮਧਾਰੀ ਟੀਮ ਆਰਮੀ ਇਲੈਵਨ ਨਾਲ ਖੇਡ ਰਹੀ ਸੀ। ਆਰਮੀ ਇਲੈਵਨ ਦੀ ਟੀਮ ਹਾਕੀ ਜਗਤ ਵਿੱਚ ਬਹੁਤ ਫਿੱਟ ਟੀਮ ਮੰਨੀ ਜਾਂਦੀ ਹੈ ਕਿਉਂਕਿ ਇਹ ਫੌਜੀਆਂ ਦੇ ਸਖ਼ਤ ਤੇ ਕਰੜੇ ਅਸੂਲਾਂ ਦਾ ਸਿੱਟਾ ਹੈ। ਨਾਮਧਾਰੀ ਇਲੈਵਨ ਤੇ ਆਰਮੀ ਇਲੈਵਨ ਦਾ ਮੈਚ ਜਿੱਥੇ ਬਾਹਰ ਬੈਠੇ ਦਰਸ਼ਕ ਵੇਖ ਰਹੇ ਸਨ, ਉੱਥੇ ਬਾਅਦ ਵਿੱਚ ਖੇਡਣ ਵਾਲੀਆਂ ਹੋਰ ਟੀਮਾਂ ਵੀ ਵੇਖ ਰਹੀਆਂ ਸਨ। ਮੈਚ ਦੀ ਸਮਾਪਤੀ ਤੋਂ ਬਾਅਦ ਪੰਜਾਬ ਦੀ ਟੀਮ ਨੇ ਨਾਮਧਾਰੀ ਟੀਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਆਰਮੀ ਇਲੈਵਨ ਦੀ ਟੀਮ ਭਾਵੇਂ ਬਹੁਤ ਫਿੱਟ ਹੈ, ਉਹ ਖਿਡਾਰੀ ਸਾਰਾ ਮੈਚ ਹੀ ਭੱਜਦੇ ਰਹਿੰਦੇ ਹਨ, ਥੱਕਦੇ ਨਹੀਂ ਪਰ ਅੱਜ ਤੁਸਾਂ ਉਨ੍ਹਾਂ ਨੂੰ ਵੀ ਖਲ੍ਹਿਆਰ ਦਿੱਤਾ।

ਇੱਕ ਵਾਰ ਨਾਮਧਾਰੀ ਟੀਮ ਦਿੱਲੀ ਵਿਖੇ 'ਲਾਲ ਬਹਾਦਰ ਸ਼ਾਸ਼ਤਰੀ ਟੂਰਨਾਮੈਂਟ' ਖੇਡ ਰਹੀ ਸੀ। ਹਾਲਾਤ ਏਦਾਂ ਦੇ ਬਣ ਗਏ ਕਿ ਪੂਲ ਦਾ ਆਖਰੀ ਮੈਚ ਨਾਮਧਾਰੀ ਇਲੈਵਨ ਦਾ ਬੀ. ਐਸ. ਐਫ. ਨਾਲ ਸੀ। ਬੀ. ਐਸ. ਐਫ. ਦੀ ਟੀਮ ਭਾਵੇਂ ਜਿੱਤਦੀ, ਭਾਵੇਂ ਹਾਰਦੀ ਉਹ ਟੂਰਨਾਮੈਂਟ ਤੋਂ ਬਾਹਰ ਹੋ ਚੁੱਕੀ ਸੀ। ਨਾਮਧਾਰੀ ਟੀਮ ਨੂੰ 5-0 ਨਾਲ ਜਿੱਤ ਚਾਹੀਦੀ ਸੀ, ਤਾਂ ਉਹ ਸੈਮੀਫਾਈਨਲ ਲਈ ਕੁਆਲੀਫਾਈ ਹੋ ਸਕਦੀ ਸੀ। ਨਾਮਧਾਰੀ ਟੀਮ ਦੇ ਕੋਚਾਂ ਨੇ ਬੀ. ਐਸ. ਐਫ. ਵਾਲੇ ਮੈਨੇਜਰ ਤੇ ਕੋਚ ਨਾਲ ਗੱਲ ਕੀਤੀ ਕਿ ਤੁਹਾਡਾ ਤੇ ਕੁਝ ਬਣਨਾ ਨਹੀਂ, ਤੁਸੀਂ ਸਾਨੂੰ 5-0 ਗੋਲਾਂ ਨਾ ਜਿੱਤ ਲੈਣ ਦਿਓ। ਬੀ. ਐਸ. ਐਫ. ਵਾਲਿਆਂ ਜਵਾਬ ਦੇ ਦਿੱਤਾ ਕਿ ਅਸੀਂ ਵੀ ਮਹਿਕਮੇ ਨੂੰ ਰਿਪੋਰਟ ਕਰਨੀ ਹੁੰਦੀ ਹੈ, ਏਨੇ ਗੋਲ ਅਸੀਂ ਨਹੀਂ ਕਰਵਾ ਸਕਦੇ। ਨਾਮਧਾਰੀ ਟੀਮ ਦੇ ਕੋਚਾਂ ਨੇ ਖਿਡਾਰੀਆਂ ਨੂੰ ਜੀਅ ਜਾਨ ਲਾ ਕੇ ਖੇਡਣ ਲਈ ਪ੍ਰੇਰਿਆ। ਨਾਮਧਾਰੀ ਖਿਡਾਰੀਆਂ ਨੇ ਐਸੀ ਜੁਝਾਰੂ ਖੇਡ ਦਾ ਪ੍ਰਦਰਸ਼ਨ ਕੀਤਾ ਕਿ 50ਵੇਂ ਮਿੰਟ ਤੱਕ 7-1 ਸਕੋਰ ਹੋ ਗਿਆ। ਹੁਣ ਬੀ. ਐਸ. ਐਫ. ਦੇ ਕੋਚ ਤੇ ਖਿਡਾਰੀ ਕਹਿੰਦੇ ਫਿਰਨ- "ਬਾਬਿਓ ਬੱਸ ਕਰੋ। ਅਸੀਂ ਮਹਿਕਮੇ ਨੂੰ ਰਿਪੋਰਟ ਵੀ ਕਰਨੀ ਏ।" ਨਾਮਧਾਰੀ ਕਹਿਣ- "ਤੁਹਾਨੂੰ ਪਹਿਲਾਂ ਕਿਹਾ ਸੀ, ਸਿਰਫ਼ ਪੰਜ ਗੋਲ ਕਰਵਾ ਲਉ, ਤੁਸੀਂ ਨਹੀਂ

ਮੰਨੇ, ਹੁਣ ਤਾਂ ਏਦਾਂ ਹੀ ਚੱਲੂਗਾ।" ਅਖੀਰ ਬੀ. ਐਸ. ਐਫ. ਦੇ ਪ੍ਰਬੰਧਕਾਂ ਨੇ ਟੂਰਨਾਮੈਂਟ ਕਮੇਟੀ ਨੂੰ ਬੇਨਤੀ ਕਰਕੇ ਕੁਝ ਮਿੰਟ ਪਹਿਲਾਂ ਹੀ ਹਾਰ ਮੰਨ, ਮੈਚ ਬੰਦ ਕਰਵਾ ਦਿੱਤਾ।

ਅਨਮੋਲਕ ਸਿੰਘ ਦੱਸਦੇ ਹਨ ਕਿ ਇੱਕ ਵਾਰ 'ਨਹਿਰੂ ਹਾਕੀ ਟੂਰਨਾਮੈਂਟ' (ਦਿੱਲੀ) ਦੌਰਾਨ ਨਾਮਧਾਰੀ ਇਲੈਵਨ ਦਾ ਮੈਚ ਇੰਡੀਅਨ ਏਅਰ ਲਾਈਨਜ਼ ਨਾਲ ਸੀ। ਇੰਡੀਅਨ ਏਅਰ ਲਾਈਨਜ਼ ਦੀ ਟੀਮ ਵਿੱਚ 6-7 ਅੰਤਰ ਰਾਸ਼ਟਰੀ ਖਿਡਾਰੀ ਖੇਡ ਰਹੇ ਸਨ। ਜਿਨ੍ਹਾਂ ਵਿੱਚੋਂ ਅਰਜਨ ਹਲੱਪਾ, ਲੇਨ ਅੱਪਾ, ਧਨਰਾਜ ਪਿੱਲੇ, ਬਿਮਨ ਲਾਕੜਾ, ਸੁਮੀਰ ਦਾਦ, ਦਲੀਪ ਤਿਰਕੀ, ਐਡਰਿਫ ਡਿਸੂਜ਼ਾ ਆਦਿ। ਇਹ ਮੈਚ ਤਾਂ ਭਾਵੇਂ 4-4 'ਤੇ ਬਰਾਬਰ ਰਹਿ ਗਿਆ। ਉੱਥੇ ਮੌਜੂਦ ਸਾਰੇ ਦਰਸ਼ਕਾਂ ਨੇ ਤਾਂ ਨਾਮਧਾਰੀ ਇਲੈਵਨ ਦੀ ਖੇਡ ਨੂੰ ਸਲਾਹਿਆ ਅਤੇ ਇੰਡੀਅਨ ਏਅਰ ਲਾਈਨਜ਼ ਦੇ ਖਿਡਾਰੀਆਂ ਤੇ ਕੋਚਾਂ ਨੇ ਵੀ ਨਾਮਧਾਰੀ ਖਿਡਾਰੀਆਂ ਦੀ ਖੇਡ ਪ੍ਰਦਰਸ਼ਨ ਦੀ ਖੂਬ ਪ੍ਰਸੰਸਾ ਕੀਤੀ।

ਸੰਨ 2006 ਈ. ਵਿੱਚ ਸੀਨੀਅਰ ਨੈਸ਼ਨਲ ਵਿੱਚ ਨਾਮਧਾਰੀ ਟੀਮ ਬਹੁਤ ਵਧੀਆ ਖੇਡ ਰਹੀ ਸੀ। ਲੀਗ ਤੱਕ ਨਾਮਧਾਰੀ ਟੀਮ ਜੇਤੂ ਬਣੀ ਰਹੀ। ਸੁਪਰ ਲੀਗ ਦੇ ਮੈਚ ਜਲੰਧਰ ਹੋਣੇ ਸਨ। ਨਾਮਧਾਰੀ ਇਲੈਵਨ, ਪੰਜਾਬ ਤੇ ਇੰਡੀਅਨ ਏਅਰ ਲਾਈਨਜ਼ ਦੀਆਂ ਟੀਮਾਂ ਇੱਕ ਪੂਲ ਵਿੱਚ ਆ ਗਈਆਂ। ਇਹਨਾਂ ਵਿੱਚੋਂ ਇੱਕ ਟੀਮ ਸੈਮੀਫਾਈਨਲ ਵਿੱਚ ਜਾਣੀ ਸੀ। ਨਾਮਧਾਰੀ ਟੀਮ ਦੇ ਖਿਡਾਰੀ ਹਾਕੀ ਸੰਬੰਧੀ ਸਮਾਨ ਲੈਣ ਲਈ ਖੇਡ ਮਾਰਕੀਟ ਗਏ। ਉੱਥੇ ਹਾਕੀਆਂ ਬਣਾਉਣ ਵਾਲੀ ਇੱਕ ਕੰਪਨੀ ਦੇ ਮਾਲਕ ਨੇ ਨਾਮਧਾਰੀ ਖਿਡਾਰੀਆਂ ਨੂੰ ਟਿੱਚਰ ਕਰਦਿਆਂ ਕਿਹਾ- "ਤੁਹਾਨੂੰ ਤੇ ਬਹੁਤ ਸੌਖਾ ਪੂਲ ਮਿਲ ਗਿਐ।" ਦਰਅਸਲ ਇਹ ਸਭ ਤੋਂ ਔਖਾ ਪੂਲ ਸੀ। ਪੰਜਾਬ ਦੀ ਟੀਮ ਵਿੱਚ ਪੰਜਾਬ ਦੇ ਸਾਰੇ ਉਲੰਪੀਅਨ ਤੇ ਅੰਤਰਰਾਸ਼ਟਰੀ ਖਿਡਾਰੀ ਖੇਡ ਰਹੇ ਸਨ ਅਤੇ ਇੰਡੀਅਨ ਏਅਰ ਲਾਈਨਜ਼ ਦੀ ਟੀਮ ਵਿੱਚ ਦੱਖਣ ਦੇ ਸੋਲ੍ਹਾਂ ਦੇ ਸੋਲ੍ਹਾਂ ਖਿਡਾਰੀ ਅੰਤਰ ਰਾਸ਼ਟਰੀ ਸਨ। ਉਸਦੇ ਕਹਿਣ 'ਤੇ ਨਾਮਧਾਰੀ ਖਿਡਾਰੀਆਂ ਨੇ ਜਵਾਬ ਦਿੱਤਾ ਕਿ "ਪੰਜਾਬ ਤੇ ਏਅਰ ਲਾਈਨਜ਼ ਦੇ ਖਿਡਾਰੀਆਂ ਨੇ ਕਿਹੜਾ ਉੱਡ ਕੇ ਲੰਘ ਜਾਣਾ ਹੈ? ਪੰਜਾਬੀ ਦੀ ਕਹਾਵਤ ਹੈ- ਭੱਜਦਿਆਂ ਨੂੰ ਵਾਹਨ ਇੱਕੋ ਜਿਹੇ।" ਨਾਮਧਾਰੀ ਖਿਡਾਰੀ ਹੌਂਸਲੇ ਵਿੱਚ ਸਨ। ਉਹੀ ਗੱਲ ਹੋਈ ਨਾਮਧਾਰੀ ਟੀਮ ਨੇ ਪੰਜਾਬ ਤੇ ਇੰਡੀਅਨ ਏਅਰ ਲਾਈਨਜ਼ ਦੀਆਂ ਟੀਮਾਂ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਥਾਂ ਪੱਕੀ ਕੀਤੀ। ਇਸ ਟੂਰਨਾਮੈਂਟ ਦੌਰਾਨ ਸ. ਪਰਗਟ ਸਿੰਘ (ਪ੍ਰਸਿੱਧ ਹਾਕੀ ਖਿਡਾਰੀ) ਨੇ ਨਾਮਧਾਰੀਆਂ ਦੀ ਖੇਡ ਵੇਖ ਕੇ ਉਹਨਾਂ ਦੀ ਖੂਬ ਪ੍ਰਸੰਸਾ ਕੀਤੀ ਸੀ।

ਸੰਨ 2009 ਈ. ਵਿੱਚ ਸਰੀ ਕੱਪ ਕਨੇਡਾ ਵਿੱਚ ਸ਼ਮੂਲੀਅਤ ਕਰਨ ਲਈ ਨਾਮਧਾਰੀ ਟੀਮ ਟੂਰਨਾਮੈਂਟ ਤੋਂ ਕੁਝ ਕੁ ਦਿਨ ਪਹਿਲਾਂ ਹੀ ਸਰੀ (ਵੈਨਕੂਵਰ) ਪਹੁੰਚ

ਗਈ। ਪ੍ਰਬੰਧਕਾਂ ਨੇ ਟੂਰਨਾਮੈਂਟ ਤੋਂ ਪਹਿਲਾਂ ਨਾਮਧਾਰੀ ਟੀਮ ਦਾ ਮੈਚ ਕਨੇਡਾ ਦੀ ਨੈਸ਼ਨਲ ਟੀਮ ਨਾਲ ਰੱਖ ਲਿਆ। ਕਨੇਡਾ ਟੀਮ ਦਾ ਪਿਛਲੇ ਇੱਕ ਮਹੀਨੇ ਤੋਂ ਕੈਂਪ ਲੱਗਾ ਹੋਇਆ ਸੀ। ਨਾਮਧਾਰੀ ਟੀਮ ਆਫ ਸੀਜ਼ਨ ਤੋਂ ਬਾਅਦ ਸਿੱਧੀ ਕਨੇਡਾ ਪਹੁੰਚੀ ਸੀ। ਕਨੇਡਾ ਦੀ ਟੀਮ ਨੇ ਨਾਮਧਾਰੀ ਟੀਮ ਨੂੰ 5-3 ਨਾਲ ਹਰਾਇਆ। ਇਸ ਤੋਂ ਬਾਅਦ ਨਾਮਧਾਰੀ ਟੀਮ ਦੇ ਖਿਡਾਰੀਆਂ ਨੇ ਫੈਂਸਲਾ ਕੀਤਾ ਕਿ ਟੂਰਨਾਮੈਂਟ ਵਿੱਚ ਅਜੇ ਕੁਝ ਦਿਨ ਬਾਕੀ ਹਨ, ਆਪਾਂ ਪ੍ਰੈਕਟਿਸ ਕਰਕੇ ਸਾਰੇ ਫਿੱਟ ਹੋਈਏ ਤਾਂ ਕਿ ਟੂਰਨਾਮੈਂਟ ਵਿੱਚ ਨਾਮਧਾਰੀ ਟੀਮ ਵਧੀਆ ਖੇਡੇ, ਬੇਇੱਜ਼ਤੀ ਨਾ ਹੋਵੇ। ਹਰ ਰੋਜ਼ ਸਵੇਰੇ-ਸ਼ਾਮ ਖਿਡਾਰੀ ਪ੍ਰੈਕਟਿਸ ਨੂੰ ਜੁੱਟ ਪਏ।

ਇੱਕ ਦਿਨ ਪ੍ਰੈਕਟਿਸ ਕਰਦਿਆਂ ਹਾਕੀ ਗੇਂਦ ਜਾਲੀ ਤੋਂ ਬਾਹਰ ਚਲੀ ਗਈ। ਨਾਮਧਾਰੀ ਖਿਡਾਰੀ ਕਰਮਜੀਤ ਸਿੰਘ (ਕਰਮਾ) ਬਾਲ ਚੁੱਕਣ ਲਈ ਜਾਲੀ ਟੱਪ ਕੇ ਜਾਣ ਲੱਗਾ ਤਾਂ ਜਾਲੀ ਤੋਂ ਬਾਹਰ ਦੋ ਬਜ਼ੁਰਗ ਸੈਰ ਕਰ ਰਹੇ ਸਨ। ਉਨ੍ਹਾਂ ਕਿਹਾ- "ਕਾਕਾ! ਰਹਿਣ ਦੇ, ਅਸੀਂ ਫੜਾ ਦੇਂਦੇ ਹਾਂ। ਤੁਸੀਂ ਏਥੇ ਜਿੱਤ ਨਹੀਂ ਸਕਦੇ (ਉਨ੍ਹਾਂ ਨੇ ਕਨੇਡਾ ਵਾਲਾ ਮੈਚ ਵੇਖਿਆ ਸੀ)। ਲੱਗਦਾ ਤੁਸੀਂ ਪਹਿਲੀ ਵਾਰ ਬਨਾਉਟੀ ਘਾਹ ਦੇ ਮੈਦਾਨ 'ਤੇ ਖੇਡ ਰਹੇ ਓ, ਇਹ ਗੋਰੇ ਤੁਹਾਡੇ ਤੋਂ ਫੜ੍ਹੇ ਨਹੀਂ ਜਾਣੇ ਕਿਉਂਕਿ ਭਾਰਤ ਵਿੱਚ ਬਨਾਉਟੀ ਘਾਹ ਵਾਲੇ ਮੈਦਾਨ ਬਹੁਤ ਘੱਟ ਹਨ।"

ਕਰਮਜੀਤ ਸਿੰਘ ਕਹਿੰਦਾ- ਮੈਨੂੰ ਬਾਬੇ ਦੀ ਗੱਲ ਵਿੱਚੋਂ ਚਿੰਤਾ ਵੀ ਜਾਪੀ ਤੇ ਟਿੱਚਰ ਵੀ। ਨਾਮਧਾਰੀ ਖਿਡਾਰੀਆਂ ਨੇ ਆਪਸ ਵਿੱਚ ਸਲਾਹ ਕਰਕੇ, ਕੰਮ ਕਰਦੇ ਮੁੰਡਿਆਂ ਨੂੰ ਵੀ ਛੁੱਟੀਆਂ ਕਰਾ, ਲਗਨ ਨਾਲ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਥੋੜ੍ਹੇ ਹੀ ਦਿਨਾਂ ਬਾਅਦ ਹੋਣ ਵਾਲੇ ਸਰੀ ਕੱਪ ਵਿੱਚ ਨਾਮਧਾਰੀ ਟੀਮ ਨੇ ਐਸਾ ਪ੍ਰਦਰਸ਼ਨ ਕੀਤਾ ਕਿ ਦੇਸ਼ਾਂ-ਵਿਦੇਸ਼ਾਂ ਤੋਂ ਆਈਆਂ ਟੀਮਾਂ ਨੂੰ ਨਾਮਧਾਰੀਆਂ ਤੋਂ ਹਾਰ ਸਵੀਕਾਰ ਕਰਨੀ ਪਈ। ਅਖੀਰ ਨਾਮਧਾਰੀ ਟੀਮ ਟੂਰਨਾਮੈਂਟ ਦੀ ਜੇਤੂ ਰਹੀ। ਉਹ ਬਾਬੇ ਜਿਹੜੇ ਕੁਝ ਦਿਨ ਪਹਿਲਾਂ ਸੈਰ ਕਰਦਿਆਂ ਟਿੱਚਰ ਕਰ ਗਏ ਸੀ। ਨਾਮਧਾਰੀ ਟੀਮ ਦੀ ਖੇਡ ਵੇਖ ਕੇ ਬਹੁਤ ਖੁਸ਼ ਹੋਏ, ਹੋਰ ਸਾਥੀਆਂ ਨੂੰ ਨਾਲ ਲੈ ਕੇ ਸਾਰੀ ਟੀਮ ਨੂੰ ਵਧਾਈ ਦੇਣ ਆਏ ਤੇ ਕਹਿਣ-ਸ਼ਾਬਾਸ਼ ਮੁੰਡਿਓ! ਟੂਰਨਾਮੈਂਟ 'ਚ ਤੁਸਾਂ ਗੋਰੇ ਨਹੀਂ ਚੱਲਣ ਦਿੱਤੇ। ਨਾਮਧਾਰੀ ਖਿਡਾਰੀਆਂ ਨੇ ਉਹਨਾਂ ਬਾਬਿਆਂ ਨੂੰ ਦੱਸਿਆ ਕਿ ਇਹੋ ਜਿਹਾ ਬਣਾਉਟੀ ਘਾਹ ਵਾਲਾ ਮੈਦਾਨ ਸਾਡੇ ਪਿੰਡ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਲੱਗਾ ਹੋਇਆ ਹੈ। ਅਸੀਂ ਵੀ ਉੱਥੇ ਹੀ ਪ੍ਰੈਕਟਿਸ ਕਰਦੇ ਹਾਂ। ਇਹ ਸੁਣ ਬਾਬੇ ਬਹੁਤ ਹੈਰਾਨ ਹੋਏ ਤੇ ਨਾਮਧਾਰੀਆਂ ਦੀ ਹਾਕੀ ਖੇਡ ਦੀ ਪ੍ਰਸੰਸਾ ਕਰਦੇ ਘਰਾਂ ਨੂੰ ਪਰਤੇ।

ਸੰਨ 2005 ਈ. ਦੀ ਗੱਲ ਹੈ, ਨਾਮਧਾਰੀ ਟੀਮ ਅਮਰੀਕਾ ਜਾਣ ਲਈ ਦਿੱਲੀ ਅਮਰੀਕਾ ਅੰਬੈਸੀ ਦੇ ਬਾਹਰ ਆਪਣੀ ਇੰਟਰਵਿਊ ਦੀ ਉਡੀਕ ਕਰ ਰਹੀ ਸੀ। ਉੱਥੇ

ਸ. ਦਲਮੇਘ ਸਿੰਘ (ਸੈਕਟਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਆਏ। ਉਹਨਾਂ ਨੇ ਪੁੱਛਿਆ ਕਿ "ਇਹ ਕੋਈ ਨਾਮਧਾਰੀਆਂ ਦਾ ਰਾਗੀ ਜਥਾ, ਅਮਰੀਕਾ ਜਾ ਰਿਹਾ ਹੈ?" ਜਦੋਂ ਖਿਡਾਰੀਆਂ ਨੇ ਦੱਸਿਆ ਕਿ ਇਹ ਸਾਰੇ ਮੁੰਡੇ ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਹਨ, ਤਾਂ ਉਹ ਉਹਨਾਂ ਨੂੰ ਗੁਰਸਿੱਖੀ ਬਾਣੇ 'ਚ ਵੇਖ ਬਹੁਤ ਹੈਰਾਨ ਵੀ ਹੋਏ ਤੇ ਖੁਸ਼ ਵੀ। ਬਾਅਦ ਵਿੱਚ ਉਹਨਾਂ ਯਤਨ ਕਰਕੇ ਨਾਮਧਾਰੀ ਸਿੱਖੀ ਪਹਿਰਾਵੇ ਵਾਲੀ ਟੀਮ ਦੀ ਤਰਜ਼ 'ਤੇ ਸ਼੍ਰੋਮਣੀ ਕਮੇਟੀ ਦੀ ਹਾਕੀ ਟੀਮ ਬਣਾਉਣ ਦਾ ਯਤਨ ਕੀਤਾ।

ਅਨਮੋਲਕ ਸਿੰਘ ਦੱਸਦੇ ਹਨ ਕਿ ਇੱਕ ਵਾਰ ਸੈਕਰਾਮੈਂਟੋ (ਅਮਰੀਕਾ) ਹਾਕੀ ਟੂਰਨਾਮੈਂਟ ਵਿੱਚ ਮੈਂ ਤੇ ਗੁਰਚਰਨ ਸਿੰਘ (ਚੰਨਾ) ਖੇਡਣ ਗਏ। ਟੂਰਨਾਮੈਂਟ ਵਾਲਿਆਂ ਨੇ ਸ. ਸੁਰਿੰਦਰ ਸਿੰਘ ਸੋਢੀ (ਹਾਕੀ ਓਲੰਪੀਅਨ 1980, ਗੋਲਡ ਮੈਡਲਿਸਟ) ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਹੋਇਆ ਸੀ। ਜਦੋਂ ਸ. ਸੁਰਿੰਦਰ ਸਿੰਘ ਹੁਰਾਂ ਨੂੰ ਕੁਝ ਬੋਲਣ ਲਈ ਆਖਿਆ ਤਾਂ ਉਹਨਾਂ ਟੂਰਨਾਮੈਂਟ ਕਰਵਾਉਣ ਵਾਲਿਆਂ ਦੇ ਯਤਨ ਦੀ ਸ਼ਲਾਘਾ ਕਰਨ ਤੋਂ ਪਹਿਲਾਂ ਨਾਮਧਾਰੀ ਸੰਸਥਾ ਦੇ ਹਾਕੀ ਯੋਗਦਾਨ ਬਾਰੇ ਕਾਫ਼ੀ ਪ੍ਰਸੰਸਾ ਕੀਤੀ। ਸ. ਸੋਢੀ ਨੇ ਵੱਡੀ ਭੀੜ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ "ਆਹ, ਦੋ ਖਿਡਾਰੀ (ਅਨਮੋਲਕ ਸਿੰਘ ਤੇ ਗੁਰਚਰਨ ਸਿੰਘ) ਜਿਸ ਸੰਸਥਾ ਦੇ ਹਨ, ਉਨ੍ਹਾਂ ਦੀ ਹਾਕੀ ਦੇ ਖੇਤਰ ਵਿੱਚ ਵੱਡੀ ਘਾਲਣਾ ਹੈ। ਇਸ ਸੰਸਥਾ (ਨਾਮਧਾਰੀ) ਨੇ ਸਿੱਖੀ ਦੇ ਪ੍ਰਚਾਰ ਦੇ ਨਾਲ-ਨਾਲ ਹਾਕੀ ਜਗਤ ਨੂੰ ਬਹੁਤ ਨਾਮਵਰ ਖਿਡਾਰੀ ਦਿੱਤੇ ਹਨ। ਸਾਡਾ ਦੇਸ਼ ਭਾਰਤ, ਇਸ ਸੰਸਥਾ ਦਾ ਰਿਣੀ ਹੈ।" ਅਨਮੋਲਕ ਸਿੰਘ ਦੱਸਦੇ ਹਨ ਕਿ ਸੋਢੀ ਸਾਹਿਬ ਦੇ ਮੂੰਹੋਂ ਨਾਮਧਾਰੀ ਸੰਸਥਾ ਤੇ ਸਤਿਗੁਰੂ ਜੀ ਦੀ ਸਿਫ਼ਤ ਸੁਣ ਕੇ ਸਾਨੂੰ ਆਪਣੀ ਵਿਰਾਸਤ 'ਤੇ ਮਾਣ ਮਹਿਸੂਸ ਹੋਇਆ।

ਪਿਛਲੇ ਦਿਨੀਂ ਭਾਰਤੀ ਹਾਕੀ ਟੀਮ ਦੇ ਸਾਬਕਾ ਕੋਚ ਹਰਿੰਦਰ ਸਿੰਘ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ ਕਰਨ ਸ੍ਰੀ ਭੈਣੀ ਸਾਹਿਬ ਆਏ। ਉਹਨਾਂ ਗੱਲਬਾਤ ਕਰਦਿਆਂ ਆਖਿਆ ਕਿ ਅੱਜ ਦੇ ਸਮੇਂ ਵਿੱਚ ਯੂਰਪੀਅਨ ਹਾਕੀ ਦੇ ਵਧਦੇ ਪ੍ਰਭਾਵ ਕਰਕੇ ਏਸ਼ੀਅਨ ਸਟਾਈਲ ਕਲਾਤਮਕ ਹਾਕੀ ਖ਼ਤਮ ਹੋ ਰਹੀ ਹੈ। ਅਜੋਕੇ ਸਮੇਂ ਜੇ ਇੰਡੀਆ ਵਿੱਚ ਕੋਈ ਕਲਾਤਮਕ ਹਾਕੀ (ਡਾਜ਼ ਮਾਰ ਕੇ) ਖੇਡਦਾ ਹੈ, ਤਾਂ ਉਹ ਦੋ ਹੀ ਟੀਮਾਂ ਹਨ। ਪਹਿਲੀ ਨਾਮਧਾਰੀ ਇਲੈਵਨ ਤੇ ਦੂਜੀ ਇੰਡੀਅਨ ਏਅਰ ਲਾਈਨਜ਼, ਜੋ ਆਪ ਵੀ ਖੇਡਦੇ ਹਨ ਤੇ ਵਿਰੋਧੀ ਟੀਮ ਨੂੰ ਵੀ ਖੇਡਣ ਦੇਂਦੇ ਹਨ।

ਨਾਮਧਾਰੀ ਹਾਕੀ ਟੀਮ ਦੇ ਇਸ ਬੈਚ ਦੇ ਦੋ ਖਿਡਾਰੀ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਚੁੱਕੇ ਹਨ। ਜਿਨ੍ਹਾਂ ਵਿੱਚ ਹਰਪਾਲ ਸਿੰਘ 2004 ਏਥਨਜ਼ 'ਚ ਹੋਣ ਵਾਲੀਆਂ ਓਲੰਪਿਕ ਖੇਡਾਂ 'ਚ ਪ੍ਰਤਿਯੋਗੀ ਬਣਿਆ। ਸਰਦਾਰ ਸਿੰਘ 2012 ਲੰਡਨ ਓਲੰਪਿਕ ਤੇ 2016 ਰੀਓ (ਬ੍ਰਾਜ਼ੀਲ) ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਚੁੱਕਾ ਹੈ। ਸਰਦਾਰ ਸਿੰਘ ਨੂੰ

ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮਾਣ ਵੀ ਹਾਂਸਿਲ ਹੈ। ਉਸਨੂੰ ਭਾਰਤ ਦੇ ਪ੍ਰਸਿੱਧ ਇਨਾਮ ਅਰਜੁਨ ਐਵਾਰਡ, ਰਾਜੀਵ ਗਾਂਧੀ ਖੇਲ ਰਤਨ, ਪਦਮ ਸ਼੍ਰੀ ਆਦਿ ਪ੍ਰਾਪਤ ਹੋ ਚੁੱਕੇ ਹਨ। ਬਹੁਤ ਸਾਰੇ ਖਿਡਾਰੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਭਾਰਤੀ ਟੀਮ ਵੱਲੋਂ ਨੁਮਾਇੰਦਗੀ ਕਰ ਚੁੱਕੇ ਹਨ। ਜਿਨ੍ਹਾਂ ਵਿੱਚੋਂ ਦੀਦਾਰ ਸਿੰਘ, ਅਜਮੇਰ ਸਿੰਘ, ਗੁਰਵਿੰਦਰ ਸਿੰਘ, ਗੁਰਚਰਨ ਸਿੰਘ, ਕਰਮਜੀਤ ਸਿੰਘ, ਅਵਤਾਰ ਸਿੰਘ, ਸਵਿੰਦਰ ਸਿੰਘ, ਜੋਗਾ ਸਿੰਘ ਆਦਿ ਹਨ। ਬਹੁਤ ਸਾਰੇ ਨਾਮਧਾਰੀ ਹਾਕੀ ਟੀਮ ਦੇ ਖਿਡਾਰੀ ਭਾਰਤੀ ਹਾਕੀ ਟੀਮ ਦੇ ਕੈਂਪਾਂ ਵਿੱਚ ਵੀ ਪ੍ਰੈਕਟਿਸ ਕਰ ਚੁੱਕੇ ਹਨ। ਇਸ ਬੈਚ ਦੇ ਖਿਡਾਰੀ ਗੁਰਵਿੰਦਰ ਸਿੰਘ ਤੇ ਕਰਮਜੀਤ ਸਿੰਘ ਨੇ ਭਾਰਤੀ-ਪੰਜਾਬ ਦੀ ਟੀਮ ਦੀ ਨੁਮਾਇੰਦਗੀ ਕਰਦਿਆਂ ਹੋਇਆਂ ਲਾਹੌਰ ਵਿਖੇ ਪਾਕਿਸਤਾਨੀ-ਪੰਜਾਬ ਨਾਲ ਪੰਜਾਬ ਗੇਮਜ਼ ਵਿੱਚ ਖੇਡ ਕੇ ਜਿੱਤ ਪ੍ਰਾਪਤ ਕੀਤੀ।

ਇਹ ਨਾਮਧਾਰੀ ਹਾਕੀ ਟੀਮ ਵਿਦੇਸ਼ਾਂ ਵਿੱਚ ਵੀ ਆਪਣੀ ਜਿੱਤ ਦੇ ਝੰਡੇ ਗੱਡ ਚੁੱਕੀ ਹੈ। ਦੋ ਵਾਰ ਅਮਰੀਕਾ ਵਿਖੇ ਕੈਲੀਫੋਰਨੀਆ ਕੱਪ 2007 ਤੇ 2008 ਵਿੱਚ ਖੇਡ ਕੇ ਦੁਨੀਆਂ ਦੇ ਚੰਗੇ-ਚੰਗੇ ਕਲੱਬਾਂ ਨੂੰ ਮਾਤ ਦੇ ਕੇ ਆਪਣੀ ਖੇਡ ਦਾ ਸਿੱਕਾ ਜਮਾ ਚੁੱਕੀ ਹੈ। ਕਨੇਡਾ ਸਰੀ ਕੱਪ ਦੀ ਸ਼ੁਰੂਆਤ ਨਾਲ ਵੀ ਨਾਮਧਾਰੀ ਖਿਡਾਰੀਆਂ ਦਾ ਯੋਗਦਾਨ ਜੁੜਿਆ ਹੋਇਆ ਹੈ। ਉੱਥੇ ਜਸਬੀਰ ਸਰਾਂ, ਸੁਰਿੰਦਰ ਹੇਅਰ, ਹਰਵਿੰਦਰ ਹੇਅਰ ਟੂਰਨਾਮੈਂਟ ਕਰਵਾਉਂਦੇ ਹਨ। ਪਹਿਲੇ ਸਾਲ ਸੰਨ 2008 ਈ. ਵਿੱਚ ਨਾਮਧਾਰੀ ਟੀਮ ਦੇ ਚਾਰ ਖਿਡਾਰੀ ਸਰਦਾਰ ਸਿੰਘ, ਅਨਮੋਲਕ ਸਿੰਘ, ਸ਼ੇਰ ਸਿੰਘ ਤੇ ਜਸਵੇਦ ਸਿੰਘ ਜਦੋਂ ਖੇਡੇ। ਉੱਥੋਂ ਦੇ ਦਰਸ਼ਕਾਂ ਤੇ ਉਸ ਕਲੱਬ ਨੇ ਇਹਨਾਂ ਦੀ ਖੇਡ ਬਹੁਤ ਪਸੰਦ ਕੀਤੀ, ਜਿਨ੍ਹਾਂ ਵਲੋਂ ਇਹ ਖੇਡ ਰਹੇ ਸਨ। ਸਾਰਿਆਂ ਨੇ ਜ਼ੋਰ ਪਾਇਆ ਕਿ ਅਗਲੇ ਸਾਲ ਤੁਸੀਂ ਪੂਰੀ ਦੀ ਪੂਰੀ ਨਾਮਧਾਰੀ ਟੀਮ ਲੈ ਕੇ ਆਓ। ਅਗਲੇ ਸਾਲ ਪੂਰੀ ਨਾਮਧਾਰੀ ਟੀਮ ਨੇ ਕਨੇਡਾ ਵਿੱਚ ਆਪਣੀ ਖੇਡ ਦੇ ਜੌਹਰ ਦੇ ਬਲ ਨਾਲ ਕਨੇਡਾ ਵਾਸੀਆਂ ਦੇ ਦਿਲ ਜਿੱਤੇ।

ਇਸ ਬੈਚ ਦੇ ਜਦੋਂ ਕੁਝ ਖਿਡਾਰੀਆਂ ਨੂੰ ਨੌਕਰੀਆਂ ਮਿਲ ਗਈਆਂ ਤਾਂ ਉਹ ਵੱਖ ਵੱਖ ਮਹਿਕਮਿਆਂ ਵਲੋਂ ਖੇਡਣ ਲੱਗੇ। ਹੁਣ ਨਾਮਧਾਰੀ ਟੀਮ ਨੂੰ ਕੁਝ ਖਿਡਾਰੀ ਗ਼ੈਰ ਨਾਮਧਾਰੀ ਵੀ ਖਿਡਾਉਣੇ ਪੈਂਦੇ। ਨਾਮਧਾਰੀ ਟੀਮ ਨਾਲ ਲੰਮਾ ਸਮਾਂ ਹਾਕੀ ਖੇਡਦੇ ਰਹੇ ਖਿਡਾਰੀ ਜੋਗਾ ਸਿੰਘ ਦੱਸਦੇ ਹਨ ਕਿ "ਮੈਂ ਭਾਵੇਂ ਪਹਿਲਾਂ ਸੁਰਜੀਤ ਅਕੈਡਮੀ ਵਿੱਚ ਖੇਡਦਾ ਸਾਂ, ਪਰ ਕਿਤੇ ਵੀ ਮੇਰਾ ਕੁਝ ਨਾ ਬਣਿਆ। ਮੈਂ ਹਾਕੀ ਛੱਡ ਕੇ ਘਰ ਬੈਠ ਗਿਆ। ਘਰੇ ਗਰੀਬੀ ਬਹੁਤ ਸੀ। ਦਿਹਾੜੀਆਂ ਕਰਨ ਵਾਲੀ ਹੀ ਹਾਲਤ ਸੀ। ਫਿਰ 2005 ਈ. ਵਿੱਚ ਮੇਰਾ ਨਾਮਧਾਰੀ ਟੀਮ ਨਾਲ ਸੰਪਰਕ ਬਣਿਆ। ਮੈਂ ਨਾਮਧਾਰੀ ਟੀਮ ਵਲੋਂ ਫਾਰਵਰਡ ਖੇਡਦਾ ਸੀ। ਮੇਰਾ ਨਾਂ ਜੇ ਹਾਕੀ ਦੇ ਖੇਤਰ ਵਿੱਚ ਰੌਸ਼ਨ ਹੋਇਆ ਤਾਂ ਨਾਮਧਾਰੀਆਂ ਦੀ ਬਦੌਲਤ। ਫਿਰ ਮੈਂ ਭਾਰਤੀ ਟੀਮ ਵੱਲੋਂ ਵੀ ਖੇਡਿਆ। ਅੱਜ ਮੈਂ

ਇੰਡੀਅਨ ਏਅਰ ਲਾਈਨਜ਼ 'ਚ ਨੌਕਰੀ ਕਰ ਰਿਹਾ ਹਾਂ। ਬਹੁਤ ਸੁਖੀ ਹਾਂ। ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਹੈ।"

ਇਸੇ ਤਰ੍ਹਾਂ ਇੱਕ ਹੋਰ ਖਿਡਾਰੀ ਬਚਿੱਤਰ ਮੰਡ ਨੂੰ ਨਾਮਧਾਰੀ ਟੀਮ ਵਲੋਂ ਖੇਡਦੇ ਨੂੰ ਸਾਲ ਕੁ ਹੀ ਹੋਇਆ ਸੀ। ਉਦੋਂ ਨਾਮਧਾਰੀ ਟੀਮ ਦੇ ਅਮਰੀਕਾ ਦੇ ਵੀਜ਼ੇ ਲੱਗ ਗਏ। ਉਹਨੇ ਅਮਰੀਕਾ ਪਹੁੰਚ ਟੂਰਨਾਮੈਂਟ ਖੇਡਣ ਤੋਂ ਬਾਅਦ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਬੇਨਤੀ ਕੀਤੀ ਕਿ ਮੇਰੇ ਘਰ ਦੀ ਹਾਲਤ ਬਹੁਤ ਮਾੜੀ ਹੈ। ਤਿੰਨ ਭੈਣਾਂ ਦਾ ਮੈਂ ਇਕੱਲਾ ਭਰਾ ਹਾਂ। ਇੰਡੀਆ ਮੈਨੂੰ ਪਤਾ ਨਹੀਂ ਕਿਸੇ ਮਹਿਕਮੇ ਵਿੱਚ ਨੌਕਰੀ ਮਿਲੇ ਜਾਂ ਨਾ ਮਿਲੇ। ਜੇ ਤੁਹਾਡੀ ਮਨਜ਼ੂਰੀ ਹੋਵੇ ਤਾਂ ਮੈਂ ਇੱਥੇ ਅਮਰੀਕਾ ਹੀ ਰਹਿ ਜਾਵਾਂ। ਇੱਥੇ ਮੈਂ ਮਾਇਕ ਤੌਰ 'ਤੇ ਕੁਝ ਸੰਤੁਸ਼ਟ ਹੋ ਸਕਦਾ ਹਾਂ। ਠਾਕੁਰ ਜੀ ਬਿਨਾਂ ਦੇਰੀ ਤੋਂ ਉਹਨੂੰ ਉੱਥੇ ਰਹਿਣ ਦੀ ਮਨਜ਼ੂਰੀ ਦੇ ਦਿੱਤੀ। ਇਸ ਤਰ੍ਹਾਂ ਦੇ ਹੋਰ ਵੀ ਕਈ ਖਿਡਾਰੀ ਹਨ, ਜੋ ਗ਼ੈਰ-ਨਾਮਧਾਰੀ ਸਨ, ਪਰ ਕੁਝ ਸਮਾਂ ਨਾਮਧਾਰੀ ਟੀਮ ਵਲੋਂ ਖੇਡ ਅੱਜ ਵਿਦੇਸ਼ਾਂ 'ਚ ਸੁਖ ਲੈ ਰਹੇ ਹਨ ਜਾਂ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀਆਂ ਕਰ ਰਹੇ ਹਨ।

ਇਸ ਬੈਚ ਵਾਲੀ ਨਾਮਧਾਰੀ ਹਾਕੀ ਟੀਮ ਦਾ ਬਹੁਤ ਵਧੀਆ ਰਿਜ਼ਲਟ ਰਿਹਾ। ਪਿਛਲੇ ਦਿਨੀਂ ਇੱਕ ਦਿਨ ਫੁੱਟਬਾਲ ਗਰਾਊਂਡ 'ਚ ਸਤਿਗੁਰੂ ਉਦੇ ਸਿੰਘ ਜੀ ਵਰਤਮਾਨ ਖੇਡ ਰਹੀ ਨਾਮਧਾਰੀ ਫੁੱਟਬਾਲ ਟੀਮ ਨੂੰ ਸੰਬੋਧਿਤ ਹੁੰਦਿਆਂ ਬਚਨ ਕੀਤਾ- "ਆਹ, ਗੋਲ੍ਹੀ (ਗੁਰਚਰਨ ਸਿੰਘ) ਹੁਰਾਂ ਦੀ ਟੀਮ ਅਤੇ ਅਨਮੋਲਕ ਤੇ ਸ਼ੇਰੇ ਹੁਰਾਂ ਦੀ ਟੀਮ ਬਹੁਤ ਵਧੀਆ ਹਾਕੀ ਖੇਡੀ, ਇਹਨਾਂ ਦੇ ਰਿਜ਼ਲਟ ਬਹੁਤ ਵਧੀਆ ਰਹੇ, ਤੁਸੀਂ ਵੀ ਉਸੇ ਤਰ੍ਹਾਂ ਖੇਡਣਾ।"

ਪੰਜਵਾਂ ਬੈਚ- ਨਾਮਧਾਰੀ ਹਾਕੀ ਟੀਮ ਦੇ ਹਰ ਨਵੇਂ ਬੈਚ ਦੀ ਸ਼ੁਰੂਆਤ ਇਲਾਕਾ ਜੀਵਨ ਨਗਰ 'ਚੋਂ ਬੱਚੇ ਚੁਣ ਕੇ ਕੀਤੀ ਜਾਂਦੀ ਹੈ ਕਿਉਂਕਿ ਓਧਰ ਕਾਫ਼ੀ ਨਾਮਧਾਰੀ ਸਿੰਘਾਂ ਦੇ ਪਿੰਡ ਹਨ। ਉੱਥੇ ਲੰਮੇ ਸਮੇਂ ਤੋਂ ਕੋਚ ਗੁਰਮੇਜ ਸਿੰਘ ਬੱਚਿਆਂ ਨੂੰ ਕੋਚਿੰਗ ਦੇ ਰਹੇ ਹਨ, ਅੱਜ ਕੱਲ੍ਹ ਕੋਚ ਹਰਵਿੰਦਰ ਸਿੰਘ ਵੀ ਉਨ੍ਹਾਂ ਦੇ ਸਹਾਇਕ ਹਨ। ਜਦੋਂ ਉੱਥੇ ਬੱਚੇ ਕੁਝ ਚੰਗਾ ਖੇਡਣ ਲੱਗ ਪੈਂਦੇ ਹਨ ਤੇ ਥੋੜ੍ਹੇ ਵੱਡੇ ਹੋ ਜਾਂਦੇ ਹਨ। ਉਦੋਂ ਉੱਥੋਂ ਬੱਚੇ ਚੁਣ ਕੇ ਸ੍ਰੀ ਭੈਣੀ ਸਾਹਿਬ ਭੇਜ ਦਿੱਤੇ ਜਾਂਦੇ ਹਨ। ਸ੍ਰੀ ਭੈਣੀ ਸਾਹਿਬ ਨਾਮਧਾਰੀ ਹਾਕੀ ਟੀਮ ਲਈ ਸਾਰੀਆਂ ਸਹੂਲਤਾਂ ਹਨ- ਵਧੀਆ ਰਿਹਾਇਸ਼, ਖਾਣ-ਪੀਣ, ਸਕੂਲ, ਗਰਾਊਂਡ ਆਦਿ। 2007-08 ਈ. ਵਿੱਚ ਜੀਵਨ ਨਗਰ ਤੋਂ ਇੱਕ ਹੋਰ ਨਵਾਂ ਬੈਚ ਸ੍ਰੀ ਭੈਣੀ ਸਾਹਿਬ ਪਹੁੰਚਿਆ। ਇੱਥੇ ਉਹਨਾਂ ਬੱਚਿਆਂ ਨੂੰ ਕੋਚ ਬਲਦੇਵ ਸਿੰਘ (ਨਾਈਜੀਰੀਆ) ਤੇ ਦੀਦਾਰ ਸਿੰਘ ਕੋਚਿੰਗ ਦੇਣ ਲੱਗੇ। ਬਾਅਦ ਵਿੱਚ ਅਨਮੋਲਕ ਸਿੰਘ ਵੀ ਕੋਚਿੰਗ ਦੇਂਦੇ ਰਹੇ।

ਇਸ ਬੈਚ ਵਿੱਚ ਖੇਡਣ ਵਾਲੇ ਖਿਡਾਰੀ ਸਨ–

1. ਨਾਨਕ ਸਿੰਘ ਗੋਲਕੀਪਰ
2. ਮਾਲਕ ਸਿੰਘ
3. ਹਰਪ੍ਰੀਤ ਸਿੰਘ(ਨਾਗਰਾ)
4. ਗੁਰਮੇਲ ਸਿੰਘ
5. ਗੁਰਭੇਜ ਸਿੰਘ
6. ਗੁਰਪ੍ਰੀਤ ਸਿੰਘ (ਗੋਪੀ) (ਜੂ.)
7. ਮਨਪ੍ਰੀਤ ਸਿੰਘ
8. ਲੱਖਾ ਸਿੰਘ
9. ਦਿਲਬਾਗ ਸਿੰਘ (ਬੱਗਾ)
10. ਧਿਆਨ ਸਿੰਘ
11. ਲਖਵਿੰਦਰ ਸਿੰਘ
12. ਗਿਆਨ ਸਿੰਘ (ਗੋਲਕੀਪਰ)
13. ਦਲਜੀਤ ਸਿੰਘ
14. ਗੁਰਮੀਤ ਸਿੰਘ
15. ਹਰਮੀਤ ਸਿੰਘ
16. ਅਮੋਲਕ ਸਿੰਘ
17. ਗੁਰਵਿੰਦਰ ਸਿੰਘ
18. ਦਿਲਬਾਗ ਸਿੰਘ (ਕਾਲਾ)
19. ਗੁਰਭਾਗ ਸਿੰਘ (ਢਾਕਾ)
20. ਦੁੰਮਣ ਸਿੰਘ (ਗੋਲਕੀਪਰ)

ਇਸ ਬੈਚ ਨੇ ਕੁਝ ਜੂਨੀਅਰ ਟੂਰਨਾਮੈਂਟ ਖੇਡਣ ਤੋਂ ਬਾਅਦ ਜਦੋਂ ਸੀਨੀਅਰ ਟੂਰਨਾਮੈਂਟ ਖੇਡਣੇ ਸ਼ੁਰੂ ਕੀਤੇ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ। ਉਹਨੀਂ ਦਿਨੀਂ ਸਤਿਗੁਰੂ ਜੀ ਬਹੁਤ ਘੱਟ ਬਚਨ ਕਰਦੇ ਸਨ। ਪਰ ਜਦੋਂ ਸੇਵਕ ਰਛਪਾਲ ਸਿੰਘ ਹੁਰਾਂ ਅਰਜ਼ ਕੀਤੀ ਕਿ ਨਾਮਧਾਰੀ ਹਾਕੀ ਟੀਮ ਦਾ ਇੱਕ ਨਵਾਂ ਬੈਚ ਇਸ ਵਾਰ ਪਹਿਲਾ ਸੀਨੀਅਰ ਟੂਰਨਾਮੈਂਟ ਖੇਡਣ ਜਾ ਰਿਹਾ ਹੈ, ਤਾਂ ਸਤਿਗੁਰੂ ਜੀ ਬੜੇ ਵੇਰਵੇ ਨਾਲ ਸਾਰੀ ਗੱਲ-ਕੱਥ ਪੁੱਛ, ਖੇਡਣ ਦੀ ਆਗਿਆ ਦਿੱਤੀ।

ਇਸ ਬੈਚ ਦੇ ਖਿਡਾਰੀਆਂ ਨੇ ਨਾਮਵਰ ਭਾਰਤੀ ਟੂਰਨਾਮੈਂਟਾਂ ਵਿੱਚ ਸ਼ਿਰਕਤ ਕਰਨੀ ਸ਼ੁਰੂ ਕੀਤੀ। ਸਾਲ ਕੁ ਵਿੱਚ ਇਹ ਨਾਮਧਾਰੀ ਟੀਮ ਨਾਮਵਰ ਭਾਰਤੀ ਮਹਿਕਮਿਆਂ ਦੀਆਂ ਟੀਮਾਂ ਨੂੰ ਹਰਾਉਣ ਲੱਗ ਪਈ। ਇਸ ਟੀਮ ਦੀ ਵੱਡੀ ਉਪਲਬਧੀ ਇਹ ਹੈ ਕਿ ਇਹਨਾਂ ਨੇ 'ਸਰਬ ਭਾਰਤੀ ਨਹਿਰੂ ਹਾਕੀ ਟੂਰਨਾਮੈਂਟ' 2009 ਈ. ਵਿੱਚ ਖੇਡ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਬੈਚ ਤੋਂ ਪਹਿਲਾਂ ਸੀਨੀਅਰ ਨਹਿਰੂ ਟੂਰਮਾਮੈਂਟ ਵਿੱਚ ਨਾਮਧਾਰੀ ਟੀਮ ਦੂਸਰੇ, ਤੀਸਰੇ ਸਥਾਨ ਤਾਂ ਹਾਸਿਲ ਕਰਦੀ ਰਹੀ, ਪਰ ਪਹਿਲੀ ਵਾਰ ਪਹਿਲਾ ਸਥਾਨ 2009 ਈ. ਵਿੱਚ ਇਸੇ ਬੈਚ ਦੀ ਬਦੌਲਤ ਹਾਸਲ ਹੋਇਆ। ਨਾਮਧਾਰੀ ਟੀਮ ਦਾ ਫਾਈਨਲ ਮੈਚ ਇੰਡੀਅਨ ਆਇਲ ਨਾਲ ਹੋਇਆ। ਇਹ ਸਾਰਾ ਮੈਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਟੀ. ਵੀ. 'ਤੇ ਆਪ ਕਿਰਪਾ ਕਰਕੇ ਵੇਖਿਆ।

ਇਹ ਟੀਮ ਭਾਰਤੀ ਟੂਰਨਾਮੈਂਟਾਂ ਤੋਂ ਇਲਾਵਾ ਕਨੇਡਾ ਵਿੱਚ ਵੀ ਜਿੱਤਾਂ ਹਾਸਿਲ ਕਰ ਕੇ ਆਪਣੀ ਖੇਡ ਦੀ ਧੌਂਸ ਜਮਾ ਚੁੱਕੀ ਹੈ। ਅੱਜ ਕੱਲ੍ਹ ਇਸ ਬੈਚ ਦੇ ਬਹੁਤੇ ਖਿਡਾਰੀ ਕਨੇਡਾ ਵਿੱਚ ਸਰੀ ਲਾਇਨਜ਼ ਕਲੱਬ ਵਲੋਂ ਖੇਡਦੇ ਹਨ। ਉੱਥੇ ਰਹਿ ਕੇ

ਆਪਣਾ ਕੰਮ ਕਰ ਰਹੇ ਹਨ। ਕੁਝ ਖਿਡਾਰੀ ਭਾਰਤ ਵਿੱਚ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀਆਂ ਵੀ ਕਰ ਰਹੇ ਹਨ।

ਇਸ ਟੀਮ ਦੇ ਕੁਝ ਖਿਡਾਰੀ ਅੰਤਰ-ਰਾਸ਼ਟਰੀ ਮੁਕਾਬਲਿਆਂ ਵਿੱਚ ਹਿੱਸਾ ਲੈ ਚੁੱਕੇ ਹਨ। ਉਹ ਭਾਰਤੀ ਟੀਮ ਵਲੋਂ ਨਾਮਧਾਰੀ ਦਸਤਾਰ ਨਾਲ ਖੇਡ ਕੇ ਸਿੱਖੀ ਪਹਿਰਾਵੇ ਦੀ ਪਹਿਚਾਣ ਵਿਸ਼ਵ ਪੱਧਰ 'ਤੇ ਕਰ ਚੁੱਕੇ ਹਨ। ਜਿਨ੍ਹਾਂ ਵਿੱਚੋਂ- ਮਾਲਕ ਸਿੰਘ, ਨਾਨਕ ਸਿੰਘ, ਗੁਰਮੇਲ ਸਿੰਘ, ਹਰਪ੍ਰੀਤ ਸਿੰਘ (ਨਾਗਰਾ)। ਇਸ ਤੋਂ ਇਲਾਵਾ ਨਾਮਧਾਰੀ ਹਾਕੀ ਖਿਡਾਰੀ ਪ੍ਰੀਮੀਅਰ ਹਾਕੀ ਲੀਗ ਵਿੱਚ ਵੀ ਵੱਖ-ਵੱਖ ਟੀਮਾਂ ਵਲੋਂ ਖੇਡ ਚੁੱਕੇ ਹਨ।

ਖੇਡ ਪੱਤਰਕਾਰ ਕੁਲਦੀਪ ਸਿੰਘ ਪੱਟੀ ਨਾਮਧਾਰੀ ਹਾਕੀ ਟੀਮ ਬਾਰੇ ਲਿਖਦਾ ਹੈ- "ਨਾਮਧਾਰੀ ਦੇਸ਼ ਭਗਤ ਜੁਝਾਰੂ ਹਨ ਤੇ ਤੋਪਾਂ ਅੱਗੇ ਸ਼ਹੀਦੀ ਪ੍ਰਾਪਤੀ ਇਤਿਹਾਸਕ ਮਿਸਾਲ ਹੈ। ਹੁਣ ਨਾਮਧਾਰੀ ਹਾਕੀ ਵਾਲੇ ਕਿੱਲਰ ਇਨਸਫਿਕਟ ਨਾਲ ਖੇਡ ਰਹੇ ਹਨ ਤੇ ਭਾਰਤੀ ਹਾਕੀ ਦਾ ਨਾਮ ਰੌਸ਼ਨ ਕਰ ਰਹੇ ਹਨ। ਜੇ ਭਵਿੱਖ ਵਿੱਚ ਨਾਮਧਾਰੀ ਮੁੰਡਿਆਂ ਦੇ ਨਾਲ ਨਾਮਧਾਰੀ ਕੁੜੀਆਂ ਦੀ ਹਾਕੀ ਟੀਮ ਵੀ ਨਾਮਧਾਰੀ ਪ੍ਰਬੰਧਕ ਤਿਆਰ ਕਰ ਲੈਣ ਤਾਂ ਭਾਰਤੀ ਹਾਕੀ ਦਾ ਕੌਮੀ ਤੇ ਕੌਮਾਂਤਰੀ ਮਿਆਰ ਦੋ ਵਰਗਾਂ (ਕੁੜੀਆਂ ਤੇ ਮੁੰਡਿਆਂ) ਵਿੱਚ ਉੱਚਾ ਹੋ ਸਕਦਾ ਹੈ। ਮੈਂ ਨਾਮਧਾਰੀ ਹਾਕੀ ਟੀਮ ਨੂੰ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਖੇਡਦਿਆਂ ਵੇਖਿਆ ਹੈ। ਉਹਨਾਂ ਵਿੱਚ ਨਿਵੇਕਲਾ ਹਾਕੀ ਸਟਾਈਲ, ਸਟਿੱਕ ਵਰਕ, ਸਪੀਡ, ਸਟੈਮਨਾ ਅਤੇ ਲੰਮਾ ਹਾਕੀ ਦਾਈਆ ਹੈ।"

ਛੇਵਾਂ ਬੈਚ- 2010-11 ਵਿੱਚ ਇੱਕ ਹੋਰ ਨਵੇਂ ਬੈਚ ਦੀ ਸ਼ੁਰੂਆਤ ਕੀਤੀ ਗਈ। ਇਸ ਬੈਚ ਦੇ ਖਿਡਾਰੀ ਚੁਣ ਕੇ ਸ੍ਰੀ ਭੈਣੀ ਸਾਹਿਬ ਕੋਚਿੰਗ ਦੇਂਦੇ ਕੋਚ ਓਲੰਪੀਅਨ ਦੀਦਾਰ ਸਿੰਘ, ਬਲਦੇਵ ਸਿੰਘ ਨਾਈਜੀਰੀਆ ਤੇ ਕੋਚ ਅਨਮੋਲਕ ਸਿੰਘ ਦੇ ਸਪੁਰਦ ਕਰ ਦਿੱਤੇ ਗਏ। ਇਸ ਬੈਚ ਵਿੱਚ ਖੇਡਣ ਵਾਲੇ ਖਿਡਾਰੀ ਸਨ-

1. ਭਗਤ ਸਿੰਘ
2. ਬਿਸ਼ਨ ਸਿੰਘ
3. ਜਸਵੰਤ ਸਿੰਘ (ਗੋਲਕੀਪਰ)
4. ਸੰਤਾ ਸਿੰਘ
5. ਕੁਲਦੀਪ ਸਿੰਘ
6. ਹਰਵਿੰਦਰ ਸਿੰਘ
7. ਬਖਸ਼ਿੰਦਰ ਸਿੰਘ
8. ਹਰਪ੍ਰੀਤ ਸਿੰਘ (ਹੈਪੀ)
9. ਊਧਮਪ੍ਰੀਤ ਸਿੰਘ
10. ਸ਼ਮਸ਼ੇਰ ਸਿੰਘ
11. ਗੁਰਮੁਖ ਸਿੰਘ
12. ਬੰਤਾ ਸਿੰਘ (ਗੋਲਕੀਪਰ)
13. ਅੰਮ੍ਰਿਤਪਾਲ ਸਿੰਘ
14. ਸਾਹਿਲਪ੍ਰੀਤ ਸਿੰਘ
15. ਹਰਪ੍ਰੀਤ ਸਿੰਘ (ਭੋਲਾ)
16. ਪ੍ਰਿੰਸ
17. ਗਗਨਪ੍ਰੀਤ ਸਿੰਘ
18. ਕਰਨਦੀਪ ਸਿੰਘ
19. ਅਵਤਾਰ ਸਿੰਘ ਤਾਰਾ
20. ਬਚਿੱਤਰ ਸਿੰਘ

2014 ਵਿੱਚ 'ਦੂਜਾ ਗੁਰਬਖਸ਼ ਸਿੰਘ ਯਾਦਗਾਰੀ ਹਾਕੀ ਟੂਟਨਾਮੈਂਟ' ਇਸ ਬੈਚ ਦੀ ਟੀਮ ਨੇ ਜਿੱਤਿਆ। 6ਵੇਂ ਨਾਮਧਾਰੀ ਹਾਕੀ ਟੀਮ ਦੇ ਬੈਚ ਦੀ ਸੀਨੀਅਰ ਨੈਸ਼ਨਲ (Divison -B) ਨੂੰ ਜਿੱਤਣਾ ਇੱਕ ਵੱਡੀ ਉਪਲਬਧੀ ਹੈ। ਇਹ ਨੈਸ਼ਨਲ ਸੰਨ 2015 ਈ. ਵਿੱਚ ਮਹਾਂਰਾਸ਼ਟਰ ਦੇ ਸ਼ਹਿਰ ਪੂਨੇ ਵਿਖੇ ਹੋਈ। ਇਸ ਟੂਰਨਾਮੈਂਟ ਵਿੱਚ ਨਾਮਧਾਰੀ ਟੀਮ ਜੇਤੂ ਰਹੀ।

ਸਤਿਗੁਰੂ ਉਦੇ ਸਿੰਘ ਜੀ ਨੇ 2013 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ U-21 ਦਾ ਹਾਕੀ ਟੂਰਨਾਮੈਂਟ ਅੱਸੂ ਦੇ ਮੇਲੇ ਦੌਰਾਨ ਕਰਾਉਣਾ ਸ਼ੁਰੂ ਕੀਤਾ। ਇਹ ਟੂਰਨਾਮੈਂਟ ਤਿੰਨ ਸਾਲ ਲਗਾਤਾਰ ਹੁੰਦਾ ਰਿਹਾ। 2013, 2014 ਤੇ 2015 ਵਿੱਚ। ਪਰ ਬਾਅਦ ਵਿੱਚ ਸ੍ਰੀ ਭੈਣੀ ਸਾਹਿਬ ਵਾਲੀ ਐਸਟਰੋਟਰਫ ਖ਼ਰਾਬ ਹੋ ਜਾਣ ਕਰਕੇ ਟੂਰਨਾਮੈਂਟ ਬੰਦ ਕਰਨਾ ਪਿਆ। ਇਹਨਾਂ ਟੂਰਨਾਮੈਂਟਾਂ ਵਿੱਚ ਭਾਰਤ ਦੀਆਂ ਜੂਨੀਅਰ ਅਕੈਡਮੀਆਂ ਦੀਆਂ ਨਾਮਵਰ ਟੀਮਾਂ ਨੂੰ ਸੱਦੇ ਦਿੱਤੇ ਜਾਂਦੇ। ਇਹ ਤਿੰਨੇ ਟੂਰਨਾਮੈਂਟ ਨਾਮਧਾਰੀ ਹਾਕੀ ਟੀਮ ਦੀ 6ਵੇਂ ਬੈਚ ਵਾਲੀ ਟੀਮ ਖੇਡਦੀ ਰਹੀ।

ਪਹਿਲੇ ਸਾਲ 2013 ਈ. ਵਿੱਚ ਨਾਮਧਾਰੀ ਟੀਮ ਸੈਮੀਫਾਈਨਲ ਵਿੱਚੋਂ ਹਾਰ ਕੇ ਟੂਰਨਾਮੈਂਟ ਵਿੱਚੋਂ ਬਾਹਰ ਹੋ ਗਈ। 2014 ਈ. ਵਿਚ ਨਾਮਧਾਰੀ ਟੀਮ ਦੂਸਰੇ ਸਥਾਨ 'ਤੇ ਰਹੀ, ਉਸ ਸਾਲ ਪਹਿਲਾ ਸਥਾਨ ਹਰਿਆਣਾ ਦੀ ਸੋਨੀਪਤ ਅਕੈਡਮੀ ਨੂੰ ਪ੍ਰਾਪਤ ਹੋਇਆ। ਤੀਸਰੇ ਸਾਲ 2015 ਵਿੱਚ ਸਤਿਗੁਰੂ ਜਗਜੀਤ ਸਿੰਘ ਟੂਰਨਾਮੈਂਟ 'ਤੇ ਨਾਮਧਾਰੀ ਹਾਕੀ ਟੀਮ ਨੇ ਭਾਰਤ ਦੀਆਂ ਪ੍ਰਸਿੱਧ ਅਕੈਡਮੀਆਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

2010 ਵਿੱਚ ਦਿੱਲੀ (ਭਾਰਤ) ਵਿਖੇ ਹੋਏ ਵਿਸ਼ਵ ਕੱਪ ਵੇਖਣ ਲਈ ਇਸ ਟੀਮ ਨੂੰ ਭੇਜਿਆ। ਸਤਿਗੁਰੂ ਜੀ ਵਿਸ਼ੇਸ਼ ਯਤਨ ਕਰਕੇ ਵਿਸ਼ਵ ਪੱਧਰੀ ਮੈਚਾਂ ਨੂੰ ਵਿਖਾਉਣ ਵਾਸਤੇ ਟੀਮ ਨੂੰ ਭੇਜਦੇ ਤਾਂ ਕਿ ਸਾਡੇ ਬੱਚੇ ਕੁਝ ਨਵਾਂ ਸਿੱਖ ਸਕਣ। ਪਹਿਲਾਂ ਵੀ 1982 ਵਿੱਚ ਮੁੰਬਈ (ਭਾਰਤ) ਵਿਖੇ ਵਿਸ਼ਵ ਕੱਪ ਤੇ 1982 ਦੀਆਂ ਏਸ਼ੀਅਨ ਖੇਡਾਂ ਵੇਖਣ ਲਈ ਵੀ ਟੀਮ ਨੂੰ ਭੇਜਿਆ ਸੀ।

2016 ਈ. ਵਿੱਚ ਲਖਨਊ (ਭਾਰਤ) ਵਿੱਚ ਹੋਏ ਜੂਨੀਅਰ ਵਰਲਡ ਕੱਪ ਵਿੱਚ ਭਾਰਤੀ ਹਾਕੀ ਟੀਮ ਨੇ 2001 ਈ. ਤੋਂ ਬਾਅਦ ਦੂਸਰਾ ਵਿਸ਼ਵ ਕੱਪ ਜਿੱਤਿਆ। ਇਹ ਭਾਰਤ ਲਈ ਬਹੁਤ ਮਾਣ ਵਾਲੀ ਗੱਲ ਹੈ। ਨਾਮਧਾਰੀ ਟੀਮ ਦਾ ਸੰਤਾ ਸਿੰਘ ਇਸ ਵਿਸ਼ਵ ਕੱਪ ਵਿੱਚ ਸਰਗਰਮ ਖਿਡਾਰੀ ਸੀ। ਇਸ ਬੈਚ ਦੇ ਖਿਡਾਰੀ ਕੁਝ ਵੱਖ-ਵੱਖ ਦੇਸ਼ਾਂ ਵਿੱਚ ਸੈੱਟ ਹਨ ਅਤੇ ਕੁਝ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀ ਕਰ ਰਹੇ ਹਨ।

ਸੱਤਵਾਂ ਬੈਚ– ਹੁਣ ਨਾਮਧਾਰੀ ਹਾਕੀ ਟੀਮ ਦਾ ਸੱਤਵਾਂ ਬੈਚ ਚੱਲ ਰਿਹਾ ਹੈ। ਇਹ ਖਿਡਾਰੀ ਸ੍ਰੀ ਭੈਣੀ ਸਾਹਿਬ ਤੇ ਜੀਵਨ ਨਗਰ ਦੋਵੇਂ ਥਾਵਾਂ ’ਤੇ ਕੋਚਿੰਗ ਲੈ ਰਹੇ ਹਨ। ਜੀਵਨ ਨਗਰ ਕੋਚ ਹਰਵਿੰਦਰ ਸਿੰਘ ਨਵੇਂ ਬੱਚਿਆਂ ਨੂੰ ਕੋਚਿੰਗ ਦੇ ਰਹੇ ਹਨ ਅਤੇ ਸ੍ਰੀ ਭੈਣੀ ਸਾਹਿਬ ਕੋਚ ਲਵਜੀਤ ਸਿੰਘ ਬੱਚਿਆਂ ਨੂੰ ਹਾਕੀ ਖਿਡਾ ਰਹੇ ਹਨ। ਇਸ ਬੈਚ ਦੇ ਖਿਡਾਰੀ ਪ੍ਰਿੰਸਪਾਲ ਸਿੰਘ ਤੇ ਅਕਾਸ਼ਦੀਪ ਸਿੰਘ ਭਾਰਤੀ ਹਾਕੀ ਟੀਮ ਦੇ ਕੈਂਪ ਲਾ ਚੁੱਕੇ ਹਨ। ਅਕਾਸ਼ਦੀਪ ਸਿੰਘ ਜੂਨੀਅਰ ਭਾਰਤੀ ਹਾਕੀ ਟੀਮ ਵੱਲੋਂ ਸਪੇਨ ਦਾ ਦੌਰਾ ਕਰ ਚੁੱਕਾ ਹੈ। ਅੱਜ ਕੱਲ੍ਹ ਨਾਮਧਾਰੀ ਹਾਕੀ ਟੀਮ ਦੇ ਨਾਲ-ਨਾਲ ਹੁਣ ਸ੍ਰੀ ਭੈਣੀ ਸਾਹਿਬ ਫੁੱਟਬਾਲ ਦੀ ਟੀਮ ਵੀ ਤਿਆਰ ਹੋ ਰਹੀ ਹੈ।

ਨਾਮਧਾਰੀ ਹਾਕੀ ਖੇਡਣ ਵਾਲੇ ਖਿਡਾਰੀ ਅੱਜ ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀ ਕਰ ਰਹੇ ਹਨ, ਵਿਦੇਸਾਂ ਵਿੱਚ ਆਪਣੇ ਕਾਰੋਬਾਰ ਕਰ ਰਹੇ ਹਨ। ਉਹ ਮਾਇਕ ਪੱਖੋਂ ਕਾਫ਼ੀ ਸੰਤੁਸਟ ਹਨ। ਇਸ ਲਈ ਉਹ ਸਤਿਗੁਰੂ ਜਗਜੀਤ ਸਿੰਘ ਜੀ ਤੇ ਸਤਿਗੁਰੂ ਉਦੇ ਸਿੰਘ ਜੀ ਦੇ ਸ਼ੁਕਰਗੁਜ਼ਾਰ ਹਨ। ਉਨ੍ਹਾਂ ਨੇ 2021 ਵਿੱਚ ਹੋਣ ਵਾਲੇ ਨਾਮਧਾਰੀ ਹੋਲੇ ਮਹੱਲੇ ਦੀ ਸੇਵਾ ਸਤਿਗੁਰੂ ਜੀ ਤੋਂ ਮੰਗ ਕੇ ਲਈ ਹੈ।

ਵੱਖ-ਵੱਖ ਮਹਿਕਮਿਆਂ ਵਿੱਚ ਨੌਕਰੀ ਕਰ ਰਹੇ ਹਾਕੀ ਖਿਡਾਰੀ

ਰੇਲਵੇ – ਸੁਖਵਿੰਦਰ ਸਿੰਘ ਛੀਨਾ, ਕਾਬਲ ਸਿੰਘ, ਗੁਰਸੇਵ ਸਿੰਘ, ਮਨਜੀਤ ਸਿੰਘ, ਮਾਲਕ ਸਿੰਘ, ਹਰਮੀਤ ਸਿੰਘ, ਗੁਰਭੇਜ ਸਿੰਘ।

CAG – ਨਾਨਕ ਸਿੰਘ, ਧਿਆਨ ਸਿੰਘ, ਦਲਜੀਤ ਸਿੰਘ।

CISF – ਹਰਪ੍ਰੀਤ ਸਿੰਘ।

Air India – ਅਜਮੇਰ ਸਿੰਘ, ਜੋਗਾ ਸਿੰਘ।

Indian Oil – ਦੀਦਾਰ ਸਿੰਘ

Punjab Sind Bank – ਗੁਰਮੇਲ ਸਿੰਘ, ਸੰਤਾ ਸਿੰਘ, ਗੰਗਾ ਸਿੰਘ, ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਹਰਪ੍ਰੀਤ ਸਿੰਘ।

Punjab National Bank – ਭਗਤ ਸਿੰਘ।

Punjab Police – ਸੁਖਵਿੰਦਰ ਸਿੰਘ, ਮੇਜਰ ਸਿੰਘ, ਜਗਰੂਪ ਸਿੰਘ, ਜਸਵੰਤ ਸਿੰਘ।

Haryana Police – ਸਰਦਾਰ ਸਿੰਘ

BSF – ਸਤਨਾਮ ਸਿੰਘ, ਸਰਵਰਾਜ ਸਿੰਘ।

PSEB – ਗੁਰਮੀਤ ਸਿੰਘ, ਗੁਰਬਖਸ਼ ਸਿੰਘ, ਬਲਵੰਤ ਸਿੰਘ, ਹਰਦਿਆਲ ਸਿੰਘ।

ITBP – ਗੁਰਿੰਦਰ ਸਿੰਘ।

ONGC – ਹਰਪਾਲ ਸਿੰਘ।

BPCL – ਸ਼ੇਰ ਸਿੰਘ, ਗੁਰਪ੍ਰੀਤ ਸਿੰਘ, ਸਵਿੰਦਰ ਸਿੰਘ।

NAMDHARI SEEDS – ਗੁਰਚਰਨ ਸਿੰਘ ਗੋਲ੍ਹੀ, ਸੁਖਦੇਵ ਸਿੰਘ ਘੁੱਦ, ਗੁਰਚਰਨ ਸਿੰਘ ਪੱਪੂ, ਗੁਰਮੇਜ ਸਿੰਘ, ਗੁਰਬਖਸ਼ ਸਿੰਘ, ਸਵਿੰਦਰ ਸਿੰਘ ਛਿੰਦੂ, ਜਸਵੰਤ ਸਿੰਘ ਜੱਸੀ, ਜਸਵੀਰ ਸਿੰਘ ਜੱਸੀ ਅਦਿ।

COACH – ਹੀਰਾ ਸਿੰਘ (ਸਪੋਰਟਸ ਅਥਾਰਟੀ ਆਫ ਇੰਡੀਆ), ਗੁਰਨਾਮ ਸਿੰਘ, ਹਰਵਿੰਦਰ ਸਿੰਘ, ਸੁਰਿੰਦਰ ਸਿੰਘ, ਬਲਜੀਤ ਸਿੰਘ (ਹਰਿਆਣਾ ਸਪੋਰਟਸ ਡਿਪਾਰਟਮੈਂਟ), ਅਮਨਦੀਪ ਸਿੰਘ, ਅਨਮੋਲਕ ਸਿੰਘ (ਨਿਊਯਾਰਕ)

ਭਾਰਤ ਵਿੱਚ ਵੱਖ-ਵੱਖ ਸਮੇਂ ਹਾਕੀ ਲੀਗਾਂ ਵੀ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਲੀਗਾਂ ਵਿੱਚ ਭਾਵੇਂ ਉਹ ਪ੍ਰੀਮੀਅਰ ਹਾਕੀ ਲੀਗ ਹੋਵੇ ਭਾਵੇਂ ਉਹ ਵਰਲਡ ਹਾਕੀ ਸੀਰੀਜ਼ ਹੋਵੇ ਤੇ ਭਾਵੇਂ ਹਾਕੀ ਇੰਡੀਅਨ ਲੀਗ, ਉਸ ਵਿੱਚ ਵੀ ਨਾਮਧਾਰੀ ਖਿਡਾਰੀ ਵੱਖ-ਵੱਖ ਟੀਮਾਂ (ਜੋ ਕਿ ਵੱਖ-ਵੱਖ ਵਪਾਰਿਕ ਅਦਾਰਿਆਂ ਨੇ ਖਰੀਦੀਆਂ ਸਨ) ਵੱਲੋਂ ਖੇਡੇ ਤੇ ਜਿੱਤਾਂ ਪ੍ਰਾਪਤ ਕੀਤੀਆਂ- ਸਰਦਾਰ ਸਿੰਘ, ਹਰਪਾਲ ਸਿੰਘ, ਦੀਦਾਰ ਸਿੰਘ, ਅਜਮੇਰ ਸਿੰਘ, ਸਵਿੰਦਰ ਸਿੰਘ, ਗੁਰਚਰਨ ਸਿੰਘ, ਅਵਤਾਰ ਸਿੰਘ, ਅਨਮੋਲਕ ਸਿੰਘ, ਸ਼ੇਰ ਸਿੰਘ, ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਜੋਗਾ ਸਿੰਘ, ਹਰਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ, ਮਾਲਕ ਸਿੰਘ, ਸੰਤਾ ਸਿੰਘ, ਗੁਰਮੇਲ ਸਿੰਘ, ਹਰਪ੍ਰੀਤ ਸਿੰਘ ਨਾਗਰਾ, ਗੰਗਾ ਸਿੰਘ।

ਬਹੁਤ ਸਾਰੇ ਖਿਡਾਰੀ ਵੱਖ-ਵੱਖ ਦੇਸਾਂ ਵਿੱਚ ਹਨ-

ਅਮਰੀਕਾ- ਗੁਰਦੀਪ ਸਿੰਘ, ਬੱਗਾ ਸਿੰਘ, ਦਰਸ਼ਨ ਸਿੰਘ, ਅਨਮੋਲਕ ਸਿੰਘ, ਅਵਤਾਰ ਸਿੰਘ, ਹਰਜਿੰਦਰ ਸਿੰਘ, ਜਗਦੀਪ ਸਿੰਘ, ਜਤਿੰਦਰਪਾਲ ਸਿੰਘ, ਬਚਿੱਤਰ ਸਿੰਘ।

ਹਾਂਗਕਾਂਗ – ਗੁਰਭਾਗ ਸਿੰਘ (ਢਾਕਾ), ਕੁਲਦੀਪ ਸਿੰਘ, ਹਰਵਿੰਦਰ ਸਿੰਘ, ਊਧਮਪ੍ਰੀਤ ਸਿੰਘ, ਹਰਪ੍ਰੀਤ ਸਿੰਘ (ਭੋਲਾ)।

ਕਨੇਡਾ - ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਦਿਲਬਾਗ ਸਿੰਘ (ਕਾਲਾ), ਲਖਵਿੰਦਰ ਸਿੰਘ, ਮਨਪ੍ਰੀਤ ਸਿੰਘ, ਸੁਖਚੈਨ ਸਿੰਘ, ਪ੍ਰਿੰਸ, ਲੱਖਾ ਸਿੰਘ, ਹਰਪ੍ਰੀਤ ਸਿੰਘ (ਨਾਗਰਾ), ਦਿਲਬਾਗ ਸਿੰਘ (ਬੱਗਾ), ਅਮੋਲਕ ਸਿੰਘ, ਗੁਰਮੀਤ ਸਿੰਘ, ਬਿਸ਼ਨ ਸਿੰਘ, ਬਲਵਿੰਦਰ ਸਿੰਘ (ਭਿੰਡਰ)।

ਨਿਊਜ਼ੀਲੈਂਡ- ਨਿਰਵੈਰ ਸਿੰਘ, ਸੁਖਦੀਪ ਸਿੰਘ।

ਪੁਰਤਗਾਲ- ਹਰਨੇਕ ਸਿੰਘ।

ਆਸਟਰੇਲੀਆ- ਰਣਜੀਤ ਸਿੰਘ, ਹਰਦੇਵ ਸਿੰਘ, ਜਗਜੀਤ ਸਿੰਘ।

ਨਾਮਧਾਰੀ ਟੀਮ ਦੇ ਹੁਣ ਤੱਕ ਵੱਖ-ਵੱਖ ਸਮਿਆਂ ਵਿੱਚ ਰਹਿ ਚੁੱਕੇ ਕੋਚ-

ਸ. ਪਾਲ ਸਿੰਘ, ਸ. ਮੋਹਨਜੀਤ ਸਿੰਘ, ਸ. ਬਲਦੇਵ ਸਿੰਘ ਸ਼ਾਹਬਾਦ, ਸ. ਗੁਰਦਿਆਲ ਸਿੰਘ, ਸ. ਮੇਜਰ ਸਿੰਘ, ਸ. ਹੀਰਾ ਸਿੰਘ, ਸ. ਰਛਪਾਲ ਸਿੰਘ, ਸ. ਬਲਦੇਵ ਸਿੰਘ ਨਾਈਜੀਰੀਆ, ਸ. ਦਰਸ਼ਨ ਸਿੰਘ, ਸ. ਦੀਦਾਰ ਸਿੰਘ, ਸ. ਹਰਮਿੰਦਰਪਾਲ ਸਿੰਘ, ਸ. ਗੁਰਮੇਜ ਸਿੰਘ, ਸ. ਬਲਦੇਵ ਸਿੰਘ ਸੰਤ ਨਗਰ, ਅਨਮੋਲਕ ਸਿੰਘ, ਹਰਵਿੰਦਰ ਸਿੰਘ, ਲਵਜੀਤ ਸਿੰਘ ਆਦਿ।

ਸਪੋਰਟਸ ਇੰਚਾਰਜ- ਗੁਰਚਰਨ ਸਿੰਘ ਗੋਲ੍ਹੀ, ਦੀਦਾਰ ਸਿੰਘ, ਸ਼ੇਰ ਸਿੰਘ।

ਕਨੇਡਾ ਦੀ ਨੈਸ਼ਨਲ ਟੀਮ ਵਿੱਚ ਖੇਡੇ ਨਾਮਧਾਰੀ ਖਿਡਾਰੀ- ਗੰਗਾ ਸਿੰਘ ਸੀਨੀਅਰ, ਗੰਗਾ ਸਿੰਘ ਜੂਨੀਅਰ।

ਨਾਮਧਾਰੀ ਹਾਕੀ ਟੀਮ ਨਾਲ ਵੱਖ-ਵੱਖ ਸਮੇਂ ਰਹੇ ਲਾਂਗਰੀ, ਜਿਨ੍ਹਾਂ ਨੇ ਟੀਮ ਦੀ ਬਹੁਤ ਸੇਵਾ ਕੀਤੀ।

ਬੀਬੀ ਬਲਬੀਰ ਕੌਰ (ਬੀਰੋ), ਸੰਤ ਕਸ਼ਮੀਰ ਸਿੰਘ, ਗੁਰਦੇਵ ਸਿੰਘ, ਜਰਨੈਲ ਸਿੰਘ।

ਸਤਿਗੁਰੂ ਜਗਜੀਤ ਸਿੰਘ ਜੀ ਹਾਕੀ ਦੇ ਖੇਤਰ ਵਿੱਚ ਕੇਵਲ ਨਾਮਧਾਰੀ ਟੀਮ ਨੂੰ ਹੀ ਤਿਆਰ ਕਰਨ ਵੱਲ ਰੁਚਿਤ ਨਹੀਂ ਸਨ, ਸਗੋਂ ਉਹਨਾਂ ਦਾ ਖਿਆਲ ਸੀ ਕਿ ਸਾਡਾ ਦੇਸ਼ ਇਸ ਖੇਡ ਵਿੱਚ ਵਿਸ਼ਵ ਪੱਧਰ 'ਤੇ ਸਭ ਨਾਲੋਂ ਚੰਗਾ ਹੋਵੇ। ਇਸ ਕਰਕੇ ਉਹ ਹਾਕੀ ਨਾਲ ਜੁੜੀਆਂ ਵੱਖ-ਵੱਖ ਸੰਸਥਾਵਾਂ ਦੀ ਮਾਇਕ ਮਦਦ ਕਰਦੇ ਰਹਿੰਦੇ ਸਨ। ਜਿਨ੍ਹਾਂ ਵਿੱਚੋਂ ਨਹਿਰੂ ਹਾਕੀ ਸੁਸਾਇਟੀ, ਜਰਖੜ ਹਾਕੀ ਅਕੈਡਮੀ, ਮਹਾਰਾਜਾ ਰਣਜੀਤ ਸਿੰਘ ਅਕੈਡਮੀ, ਲੁਧਿਆਣਾ ਸਪੋਰਟਸ ਵੈਲਫੇਅਰ ਸੁਸਾਇਟੀ, ਹਰਿਆਣਾ ਹਾਕੀ ਐਸੋਸੀਏਸ਼ਨ ਆਦਿ ਜ਼ਿਕਰਯੋਗ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਤਿਆਰ ਕੀਤੇ ਬੂਟਿਆਂ ਨੂੰ ਕਦੇ ਵੀ ਪਾਣੀ ਪਾਉਣਾ ਨਹੀਂ ਸਨ ਭੁੱਲਦੇ। ਉਹ ਬੂਟੇ ਭਾਵੇਂ ਸੰਗੀਤਕ ਮਹਿਕ ਵਾਲੇ ਹੋਣ ਤੇ ਭਾਵੇਂ ਖਿਡਾਰੀਆਂ ਦੇ ਰੂਪ ਵਿੱਚ ਹੋਣ। ਉਨ੍ਹਾਂ ਕੇਵਲ ਸਿਖਾਇਆ ਹੀ ਨਹੀਂ, ਸਗੋਂ ਉਨ੍ਹਾਂ ਦਾ ਸੁਭਾਅ ਸੀ, ਜਿਨ੍ਹਾਂ ਨੂੰ ਉਹਨਾਂ ਕੋਈ ਗੁਣ ਦਿੱਤਾ, ਫਿਰ ਉਸ ਗੁਣ ਦੀ ਕਦਰ ਵੀ ਕੀਤੀ। ਉਹਨਾਂ ਆਪਣੇ ਹੀ ਤਿਆਰ ਕੀਤੇ ਬੱਚਿਆਂ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕੀਤੀਆਂ। ਹਰ ਹੋਲੇ-ਮੇਲੇ ਦੌਰਾਨ ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਨੂੰ ਕਿਸੇ ਬਾਹਰੋਂ ਆਏ ਹੋਏ ਖ਼ਾਸ ਮਹਿਮਾਨ ਹੱਥੋਂ ਸਨਮਾਨ ਦਿਵਾਉਂਦੇ। 1994 ਵਿੱਚ ਵਿਦਿਆਲੇ ਹੋਲੇ (ਇਲਾਕਾ ਜੀਵਨ ਨਗਰ) ਦੌਰਾਨ ਸਾਰੀ ਹਾਕੀ ਟੀਮ ਨੂੰ ਸਤਿਗੁਰੂ ਜੀ ਨੇ ਸਕੂਟਰ ਦਿੱਤੇ। ਜਦੋਂ ਟੀਮ ਕਿਤੋਂ ਵੀ ਜਿੱਤ ਕੇ ਆਉਂਦੀ ਤਾਂ ਉਸਨੂੰ ਖੁਸ਼ੀਆਂ ਬਖਸ਼ਦੇ। ਜੇ ਟੀਮ ਨੂੰ ਇੱਕ ਲੱਖ ਰੁਪਇਆ ਇਨਾਮ ਮਿਲਿਆ ਹੁੰਦਾ ਤਾਂ ਇੱਕ ਲੱਖ ਕੋਲੋਂ ਪਾ, ਦੋ ਲੱਖ ਦੇਂਦੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਾਹਿਬ 3-4 ਸਾਲ ਅਟੱਲ ਪ੍ਰਤਾਪੀ ਟੂਰਨਾਮੈਂਟ ਹੁੰਦਾ ਰਿਹਾ। ਇਹਨਾਂ ਟੂਰਨਾਮੈਂਟਾਂ ਦੌਰਾਨ ਸਤਿਗੁਰੂ ਜੀ ਜਿੱਤਣ ਵਾਲੇ ਖਿਡਾਰੀਆਂ ਨੂੰ ਐਲਾਨੀ ਰਾਸ਼ੀ ਤੋਂ ਇਲਾਵਾ ਦੇਸੀ ਘਿਉ ਦੇ ਪੀਪੇ ਬਖਸ਼ਦੇ। ਭੈਣੀ ਸਾਹਿਬ ਦੀ ਤਰਜ਼ 'ਤੇ ਭੈਣੀ ਸਾਹਿਬ ਦੇ ਕੋਲ ਪੈਂਦੇ ਪਿੰਡ ਲਾਟੋਂ ਜੋਗਾ ਵਾਲਿਆਂ ਨੇ ਵੀ ਟੂਰਨਾਮੈਂਟ ਕਰਵਾਇਆ। ਸਤਿਗੁਰੂ ਜੀ ਨੂੰ ਮੁੱਖ ਮਹਿਮਾਨ ਵਜੋਂ ਸੱਦਿਆ ਕਿ ਇਨਾਮ ਤੁਸੀਂ ਵੰਡੋ। ਜਦੋਂ ਸਤਿਗੁਰੂ ਜੀ ਇਨਾਮ ਵੰਡਣ ਲੱਗੇ, ਤਾਂ ਪਤਾ ਲੱਗਾ ਕਿ ਜਿਹੜਾ ਘਿਉ ਖਿਡਾਰੀਆਂ ਨੂੰ ਦਿੱਤਾ ਜਾ ਰਿਹਾ ਹੈ, ਉਹ ਡਾਲਡਾ ਹੈ। ਤੁਰੰਤ ਆਪਣੇ ਸੇਵਕ ਤੋਂ ਪ੍ਰਬੰਧ ਕਰਵਾ ਕੇ ਸਾਰੇ ਜੇਤੂ ਖਿਡਾਰੀਆਂ ਨੂੰ ਦੇਸੀ ਘਿਉ ਦੇ ਪੀਪਿਆਂ ਨਾਲ ਨਿਵਾਜਿਆ। ਇਹ ਉਨ੍ਹਾਂ ਦਾ ਸੁਭਾਅ ਸੀ, ਉਹ ਖਿਡਾਰੀਆਂ ਨਾਲ ਖ਼ਾਸ ਸਨੇਹ ਕਰਦੇ ਸਨ।

ਸੰਨ 2003 ਈ. ਦੀ ਗੱਲ ਹੈ। ਭਾਰਤ ਦੀ ਹਾਕੀ ਟੀਮ ਦਾ ਚੰਡੀਗੜ੍ਹ ਕੈਂਪ ਲੱਗਾ ਹੋਇਆ ਸੀ। ਨਾਮਧਾਰੀ ਟੀਮ ਭਾਰਤ ਦੀ ਰਾਸ਼ਟਰੀ ਟੀਮ ਨਾਲ ਅਭਿਆਸ ਮੈਚ ਖੇਡਣ ਗਈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਮੈਚ ਵਿੱਚ ਉਚੇਚਾ ਦਰਸ਼ਨ ਦਿੱਤੇ। ਮੈਚ ਤੋਂ ਬਾਅਦ ਸਤਿਗੁਰੂ ਜੀ ਨੇ ਭਾਰਤੀ ਟੀਮ ਨੂੰ ਮਾਇਕ ਆਸ਼ੀਰਵਾਦ ਵੀ ਪ੍ਰਦਾਨ ਕੀਤਾ। ਜਦੋਂ ਵੀ ਭਾਰਤੀ ਹਾਕੀ ਟੀਮ ਕਿਤੋਂ ਜਿੱਤ ਕੇ ਆਉਂਦੀ ਤਾਂ ਸਤਿਗੁਰੂ ਜੀ ਬਹੁਤ ਖੁਸ਼ ਹੁੰਦੇ ਸਨ। ਜਦੋਂ ਸੰਨ 1975 ਈ. ਵਿੱਚ ਭਾਰਤੀ ਹਾਕੀ ਟੀਮ ਨੇ ਵਰਲਡ ਕੱਪ ਜਿੱਤਿਆ ਸੀ ਤਾਂ ਉਦੋਂ ਸਤਿਗੁਰੂ ਜੀ ਨੇ ਜੀਵਨ ਨਗਰ ਇਲਾਕੇ ਵਿੱਚ ਲੱਡੂ ਵੰਡਵਾਏ। ਭਾਰਤੀ ਹਾਕੀ ਟੀਮ 1998 ਈ. ਵਿੱਚ ਜਦੋਂ ਏਸ਼ੀਅਨ ਖੇਡਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਭਾਰਤ ਵਾਪਸ ਪਰਤੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਰੀ ਇੰਡੀਆ ਟੀਮ ਨੂੰ ਬੰਗਲੌਰ ਵਿਖੇ ਮਾਇਕ ਆਸ਼ੀਰਵਾਦ ਬਖਸ਼ਿਆ। ਇਸੇ ਤਰ੍ਹਾਂ ਪ੍ਰਸਿੱਧ ਹਾਕੀ ਖਿਡਾਰੀ ਗੁਨਦੀਪ ਕੁਮਾਰ ਤੇ ਚਰਨਜੀਤ ਕੁਮਾਰ (ਦੋਵੇਂ

ਓਲੰਪੀਅਨ) ਦੇ ਪਿਤਾ ਰਾਜ ਕੁਮਾਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਸ਼ੀਰਵਾਦ ਵਜੋਂ 'ਸਾਹੀਵਾਲ ਗਾਂ' ਦਿੱਤੀ ਸੀ। ਪ੍ਰਸਿੱਧ ਹਾਕੀ ਖਿਡਾਰੀ ਧਨਰਾਜ ਪਿੱਲੇ ਨੇ ਗੱਲਬਾਤ ਕਰਦਿਆਂ ਦੱਸਿਆ ਕਿ "ਸਤਿਗੁਰੂ ਜਗਜੀਤ ਸਿੰਘ ਜੀ ਨੇ ਮੁਝ ਪਰ ਬਹੁਤ ਬਖਸ਼ਿਸ਼ ਕੀ ਹੈ, ਮੈਨੇ ਆਜ ਭੀ ਸਤਿਗੁਰੂ ਜੀ ਕੀ ਬਖ਼ਸ਼ੀ ਹੂਈ ਸੋਨੇ ਕੀ ਚੈਨ ਸੰਭਾਲ ਕਰ ਰਖੀ ਹੂਈ ਹੈ, ਉਨਕਾ ਆਸ਼ੀਰਵਾਦ ਸਮਝ ਕਰ।"

ਸਤਿਗੁਰੂ ਜੀ ਜਿੱਥੇ ਆਪ ਖੇਡਾਂ ਦੇ ਖ਼ਾਸ ਸ਼ੌਕੀਨ ਸਨ, ਉੱਥੇ ਉਹਨਾਂ ਨੇ ਨਾਮਧਾਰੀ ਪੰਥ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਕੇ ਨਾਮਧਾਰੀ ਪੰਥ ਵਿੱਚ ਖੇਡਣ ਦਾ ਮਾਹੌਲ ਸਿਰਜਿਆ।ਜਿਸ ਕਰਕੇ ਨਾਮਧਾਰੀ ਇਲਾਕਿਆਂ ਦੇ ਆਮ ਨੌਜਵਾਨ (ਨਾਮਧਾਰੀ ਤੇ ਗ਼ੈਰ ਨਾਮਧਾਰੀ) ਵੀ ਖੇਡ-ਮੈਦਾਨ ਨਾਲ ਜੁੜ ਕੇ ਤੰਦਰੁਸਤ ਰਹਿਣ ਲੱਗੇ ਹਨ। ਉੱਥੇ ਹੀ ਇਨ੍ਹਾਂ ਇਲਾਕਿਆਂ ਦੇ ਬਹੁਤ ਸਾਰੇ ਨੌਜਵਾਨਾਂ ਨੇ ਵਿਸ਼ਵ ਪੱਧਰ 'ਤੇ ਖੇਡ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ, ਸਤਿਗੁਰੂ ਜੀ ਇਨ੍ਹਾਂ ਹੁਨਰਮੰਦ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਵੀ ਕਰਦੇ ਰਹੇ ਬੇਸ਼ੱਕ ਉਹ ਗ਼ੈਰ ਨਾਮਧਾਰੀ ਹੀ ਕਿਉਂ ਨਾ ਹੁੰਦੇ। ਸਤਿਗੁਰੂ ਜਗਜੀਤ ਸਿੰਘ ਜੀ ਦੀ ਖੇਡਾਂ ਨੂੰ ਮਹਾਨ ਦੇਣ ਸਦਕਾ ਆਉਣ ਵਾਲੇ ਸਮੇਂ ਵਿੱਚ ਵੀ ਨਾਮਧਾਰੀ ਇਲਾਕਿਆਂ ਵਿੱਚੋਂ ਨਾਮੀ ਖਿਡਾਰੀ ਪੈਦਾ ਹੋਣਗੇ।

ਨਾਮਧਾਰੀ ਓਲੰਪੀਅਨ ਅਤੇ ਅੰਤਰ-ਰਾਸ਼ਟਰੀ ਖਿਡਾਰੀ

-ਜਸਵੰਤ ਸਿੰਘ ਮਸਤ

ਓਲੰਪਿਕ ਖੇਡਾਂ ਨੂੰ ਦੋ ਨਾਵਾਂ ਨਾਲ ਜਾਣਿਆ ਜਾਂਦਾ ਹੈ-ਪੁਰਾਤਨ ਖੇਡਾਂ ਤੇ ਆਧੁਨਿਕ ਖੇਡਾਂ। ਪੁਰਾਤਨ ਖੇਡਾਂ ਤੋਂ ਭਾਵ ਓਲੰਪਿਕ ਖੇਡਾਂ ਦੇ ਸ਼ੁਰੂਆਤੀ ਦੌਰ ਤੋਂ ਹੈ। ਓਲੰਪਿਕ ਖੇਡਾਂ ਦੇ ਸ਼ੁਰੂ ਹੋਣ ਬਾਬਤ ਇੱਕ ਦੰਦ ਕਥਾ ਪ੍ਰਚਲਿਤ ਹੈ। ਇਸ ਕਥਾ ਅਨੁਸਾਰ ਇਹਨਾਂ ਖੇਡਾਂ ਦਾ ਸੰਬੰਧ ਧਾਰਮਿਕਤਾ ਨਾਲ ਹੈ। ਯੂਨਾਨ ਦੇ ਇੱਕ ਰਾਜੇ ਨੇ ਆਪਣੀ ਧੀ ਦੇ ਵਿਆਹ ਲਈ ਇੱਕ ਐਲਾਨ ਕੀਤਾ ਕਿ ਜਿਹੜਾ ਰਾਜਕੁਮਾਰ ਉਸ (ਰਾਜੇ) ਦੁਆਰਾ ਰੱਖੀ 'ਮੁਸ਼ਕਿਲ ਨਿਯਮਾਂ ਵਾਲੀ ਦੌੜ' ਵਿੱਚੋਂ ਜੇਤੂ ਰਹੇਗਾ, ਉਸ ਨਾਲ ਰਾਜਾ ਆਪਣੀ ਧੀ ਦਾ ਵਿਆਹ ਕਰ ਦੇਵੇਗਾ। ਇਸ ਦੌੜ ਵਿੱਚੋਂ ਐਥਨਜ਼ ਦਾ ਰਾਜਕੁਮਾਰ ਜੇਤੂ ਰਿਹਾ। ਰਾਜਕੁਮਾਰ ਵਿਆਹ ਤੋਂ ਬਾਅਦ ਸ਼ੁਕਰਾਨੇ ਵਜੋਂ ਦੇਵਤਾ ਜੀਅਸ ਦੇ ਮੰਦਰ ਮੱਥਾ ਟੇਕਣ ਗਿਆ ਤੇ ਇਸੇ ਖੁਸ਼ੀ ਵਿੱਚ ਉਸ ਨੇ ਓਲੰਪੀਆ ਵਿਖੇ ਐਥਲੈਟਿਕ ਦੌੜਾਂ ਆਦਿ ਖੇਡਾਂ ਕਰਾਈਆਂ। ਫਿਰ ਇਹ ਖੇਡਾਂ ਹਰ ਸਾਲ ਹੋਣ ਲੱਗੀਆਂ। ਇਸ ਤਰ੍ਹਾਂ ਓਲੰਪਿਕ ਖੇਡਾਂ ਦੀ ਸ਼ੁਰੂਆਤ ਹੋ ਗਈ।

ਮੰਨਿਆ ਜਾਂਦਾ ਹੈ ਕਿ ਪੰਜਵੀਂ, ਛੇਵੀਂ ਸਦੀ ਵਿੱਚ ਇਕ ਵਿਰੋਧੀ ਰਾਜੇ Theodosius ਦੇ ਕਬਜ਼ੇ ਕਾਰਨ ਇੱਥੋਂ ਦੇ ਸਾਰੇ ਮੰਦਰ ਢਾਹ ਦਿੱਤੇ ਗਏ ਤੇ ਇਹ ਖੇਡਾਂ ਵੀ ਬੰਦ ਕਰ ਦਿੱਤੀਆਂ ਗਈਆਂ। ਇਨ੍ਹਾਂ ਖੇਡਾਂ ਬਾਰੇ ਠੋਸ ਸਬੂਤ ਓਲੰਪੀਆਡ ਦੇ ਮੰਦਰਾਂ ਵਿੱਚੋਂ ਮਿਲੇ ਸਮਾਨ ਤੋਂ ਮਿਲਦੇ ਹਨ। ਇਸ ਸਮਾਨ ਵਿੱਚੋਂ ਕਰੋਈਬੋਸ ਨਾਮ ਦੇ ਇੱਕ ਅਥਲੀਟ ਦੀ ਮੂਰਤੀ ਮਿਲੀ ਹੈ, ਜਿਸ ਉੱਤੇ 'ਓਲੰਪਿਕ ਚੈਂਪੀਅਨ 776 ਬੀ. ਸੀ.' ਲਿਖਿਆ ਹੋਇਆ ਹੈ। ਇਸ ਲਈ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਹੋ ਸਕਦਾ ਹੈ ਇਹ ਖੇਡਾਂ ਇਸ ਸਮੇਂ ਤੋਂ ਵੀ ਪਹਿਲਾਂ ਤੋਂ ਚੱਲਦੀਆਂ ਆ ਰਹੀਆਂ ਹੋਣ।

ਇਹਨਾਂ ਖੇਡਾਂ ਨੂੰ 1896 ਈ. ਵਿੱਚ ਮੁੜ ਸੁਰਜੀਤ ਕੀਤਾ ਗਿਆ, ਤੇ ਇਨ੍ਹਾਂ ਦੀ ਸ਼ੁਰੂਆਤ ਯੂਨਾਨ ਦੀ ਰਾਜਧਾਨੀ ਏਥਨਜ਼ ਤੋਂ ਹੋਈ। ਇਨ੍ਹਾਂ ਖੇਡਾਂ ਨੂੰ ਹੀ ਬਾਅਦ ਵਿੱਚ ਆਧੁਨਿਕ ਓਲੰਪਿਕ ਖੇਡਾਂ ਦੇ ਨਾਮ ਨਾਲ ਪੁਕਾਰਿਆ ਗਿਆ। ਇਨ੍ਹਾਂ ਖੇਡਾਂ ਵਿੱਚ 13 ਦੇਸਾਂ ਦੇ 241 ਖਿਡਾਰੀਆਂ ਨੇ ਹਿੱਸਾ ਲਿਆ ਸੀ। ਇਹਨਾਂ ਆਧੁਨਿਕ ਓਲੰਪਿਕ ਖੇਡਾਂ ਦੀ ਸ਼ੁਰੂਆਤ ਕਰਨ ਵਾਲੀ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਦਾ ਗਠਨ 13 ਜੂਨ 1894 ਨੂੰ ਕੀਤਾ ਗਿਆ। ਇਹ ਖੇਡਾਂ ਹਰ 4 ਸਾਲ ਬਾਅਦ ਕਰਾਉਣ ਦਾ ਨਿਯਮ ਬਣਾਇਆ ਗਿਆ। ਪਰ ਵਿਸ਼ਵ ਯੁੱਧਾਂ ਵਾਲੇ ਸਮੇਂ ਦੌਰਾਨ ਮਾਹੌਲ ਖਰਾਬ ਹੋਣ ਕਾਰਨ ਇਹ ਖੇਡਾਂ ਨਾ ਕਰਾਈਆਂ ਗਈਆਂ ਤੇ ਹੁਣ 2020 ਵਿੱਚ ਇਹ ਖੇਡਾਂ ਜਪਾਨ ਵਿੱਚ

ਹੋਣੀਆਂ ਸਨ ਪਰ ਕੋਰੋਨਾ ਕਾਰਨ ਇਨ੍ਹਾਂ ਨੂੰ ਇਕ ਸਾਲ ਮੁਲਤਵੀ ਕਰਨਾ ਪਿਆ, ਹੁਣ ਇਹ ਖੇਡਾਂ 2021 ਵਿੱਚ ਹੋਣਗੀਆਂ।

ਜਿੱਥੋਂ ਤੱਕ ਹਾਕੀ ਦਾ ਓਲੰਪਿਕ ਖੇਡਾਂ ਨਾਲ ਸੰਬੰਧ ਹੈ, ਉਹ 1900 ਈ. ਤੋਂ ਸ਼ੁਰੂ ਹੁੰਦਾ ਹੈ। 1900 ਈ. ਵਿੱਚ ਪੈਰਿਸ (ਫਰਾਂਸ) ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਹਾਕੀ ਦਾ ਸ਼ੋਅ ਮੈਚ ਕਰਵਾਇਆ ਗਿਆ। ਫਿਰ 1908 ਈ. ਦੌਰਾਨ ਹਾਕੀ ਨੂੰ ਓਲੰਪਿਕ ਖੇਡਾਂ ਵਿੱਚ ਵੀ ਪ੍ਰਵਾਨ ਕਰ ਲਿਆ ਗਿਆ। 1908 ਦਾ ਗੋਲਡ ਮੈਡਲ ਇੰਗਲੈਂਡ ਦੀ ਹਾਕੀ ਟੀਮ ਦੇ ਹਿੱਸੇ ਆਇਆ।

ਓਲੰਪਿਕ ਖੇਡਾਂ ਦੀ ਹਿੰਦੁਸਤਾਨ ਵਿੱਚ ਵੀ ਬਹੁਤ ਮਹੱਤਤਾ ਹੈ। ਜਿਹੜਾ ਵੀ ਖਿਡਾਰੀ ਇੱਕ ਵਾਰ ਵੀ ਓਲੰਪਿਕ ਖੇਡਾਂ ਵਿੱਚ ਹਿੱਸਾ ਲੈ ਲੈਂਦਾ ਹੈ, ਬੇਸ਼ੱਕ ਉਸਨੂੰ ਜਿੱਤ ਨਸੀਬ ਨਾ ਹੋਵੇ ਤਾਂ ਵੀ ਉਸਦੇ ਨਾਮ ਨਾਲ ਓਲੰਪੀਅਨ ਸ਼ਬਦ ਲੱਗ ਜਾਂਦਾ ਹੈ, ਤੇ ਉਸ ਖਿਡਾਰੀ ਨੂੰ ਹਮੇਸ਼ਾਂ ਸਤਿਕਾਰ ਨਾਲ ਦੇਖਿਆ ਜਾਂਦਾ ਹੈ ਕਿਉਂਕਿ ਓਲੰਪਿਕ ਖੇਡਾਂ ਵਿੱਚ ਕੁਆਲੀਫਾਈ ਕਰਨਾ ਵੀ ਬਹੁਤ ਵੱਡੀ ਗੱਲ ਹੈ।

ਹਿੰਦੁਸਤਾਨ ਦੀ ਹਾਕੀ ਟੀਮ ਪਹਿਲੀ ਵਾਰ 1928 ਈ. ਨੂੰ ਐਮਸਟਰਡਮ (ਨੀਦਰਲੈਂਡ) ਵਿਖੇ ਹੋ ਰਹੀਆਂ ਓਲੰਪਿਕ ਖੇਡਾਂ ਵਿੱਚ ਭਾਗ ਲੈਣ ਪੁੱਜੀ। ਕਮਾਲ ਦੀ ਗੱਲ ਇਹ ਕਿ ਪਹਿਲੀ ਵਾਰ ਹੀ ਭਾਰਤ ਦੀ ਟੀਮ ਜੇਤੂ ਰਹੀ, ਤੇ ਗੋਲਡ ਮੈਡਲ ਝੋਲੀ ਪਵਾ ਕੇ ਵਾਪਸ ਪਰਤੀ। ਇਸ ਤੋਂ ਬਾਅਦ ਭਾਰਤੀ ਹਾਕੀ ਟੀਮ ਲਗਾਤਾਰ 6 ਵਾਰ (1928, 1932, 1936, 1948, 1952, 1956) ਗੋਲਡ ਮੈਡਲ ਜਿੱਤਿਆ। ਪਰ 1960 ਵਿੱਚ ਇਸ ਜਿਤ ਤੇ ਬਰੇਕ ਲੱਗ ਗਈ ਤੇ ਹਿੰਦੁਸਤਾਨ ਨੂੰ ਕਾਂਸੀ (Bronze) ਦੇ ਤਮਗੇ ਨਾਲ ਹੀ ਸਬਰ ਕਰਨਾ ਪਿਆ। ਭਾਰਤੀ ਟੀਮ ਅਗਲੀਆਂ ਓਲੰਪਿਕ ਖੇਡਾਂ (1964) ਵਿੱਚ ਫਿਰ ਜਬਰਦਸਤ ਤਿਆਰੀ ਨਾਲ ਮੈਦਾਨ ਵਿੱਚ ਉੱਤਰੀ ਤੇ ਗੋਲਡ ਮੈਡਲ ’ਤੇ ਕਾਬਜ਼ ਹੋਈ। ਫਿਰ 1968 ਤੇ 1972 ਵਿੱਚ ਤੀਸਰੇ ਸਥਾਨ ਤੇ ਰਹੀ ਤੇ ਕਾਂਸੀ ਦਾ ਤਮਗਾ ਹੀ ਹਾਸਲ ਕਰ ਸਕੀ। 1980 ਵਿੱਚ ਫਿਰ ਭਾਰਤੀ ਟੀਮ ਨੇ ਗੋਲਡ ਮੈਡਲ ਹਾਸਲ ਕੀਤਾ। ਇਸ ਤਰ੍ਹਾਂ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਗੋਲਡ ਮੈਡਲ ਜਿੱਤਣ ਵਾਲੀ ਟੀਮ ਹੈ। ਇਸ ਤੋਂ ਬਾਅਦ ਭਾਰਤ ਦੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚ ਗੋਲਡ ਮੈਡਲ ਨਹੀਂ ਜਿੱਤ ਸਕੀ, ਇਹ ਰਿਕਾਰਡ ਸਿਰਫ ਹਾਕੀ ਦੇ ਹੀ ਹਿੱਸੇ ਆਇਆ ਹੈ। ਨਤੀਜੇ ਵਜੋਂ 1980 ਤੱਕ ਭਾਰਤੀ ਹਾਕੀ ਟੀਮ ਪੂਰੇ ਵਿਸ਼ਵ ਵਿੱਚ ਧਾਂਕ ਪੈ ਚੁੱਕੀ ਸੀ। ਕਬੱਡੀ ਵਾਂਗ ਹਾਕੀ ਵੀ ਪੰਜਾਬੀਆਂ ਦੇ ਖੂਨ ਵਿੱਚ ਰਚੀ ਹੋਈ ਖੇਡ ਹੈ। ਇਸ ਲਈ ਸ਼ੁਰੂ ਤੋਂ ਹੀ ਹਾਕੀ ਟੀਮ ਵਿੱਚ ਪੰਜਾਬੀਆਂ ਦੀ ਬਹੁਤਾਤ ਹੁੰਦੀ। ਜਲੰਧਰ ਦੇ ਇੱਕ ਪਿੰਡ ਸੰਸਾਰਪੁਰ ਨੇ ਹੀ ਹਾਕੀ ਨੂੰ 14 ਓਲੰਪੀਅਨ ਤੇ 18 ਦੇ ਲਗਭਗ ਅੰਤਰਰਾਸ਼ਟਰੀ ਖਿਡਾਰੀ ਦਿੱਤੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਜਾਬੀਆਂ ਦੇ ਹਾਕੀ ਪਿਆਰ ਨੂੰ ਦੇਖਦਿਆਂ ਹੋਇਆ ਅੱਠਵੇਂ ਦਹਾਕੇ ਦੇ ਮੁੱਢ ਵਿੱਚ ਨਾਮਧਾਰੀ ਬੱਚਿਆਂ ਨੂੰ ਵੀ ਹਾਕੀ ਲਈ ਪ੍ਰੇਰਨਾ ਸ਼ੁਰੂ ਕੀਤਾ। ਉਹਨਾਂ ਨੇ ਜੀਵਨ ਨਗਰ ਇਲਾਕੇ ਵਿੱਚ ਨਾਮਧਾਰੀ ਮੁੰਡਿਆਂ ਦੀ ਹਾਕੀ ਟੀਮ ਬਣਾਈ। ਇਸ ਟੀਮ ਦੇ ਮੁੱਢਲੇ ਕੋਚ ਪਾਲ ਸਿੰਘ, ਮੋਹਨਜੀਤ ਸਿੰਘ, ਬਲਦੇਵ ਸਿੰਘ (ਸ਼ਾਹਬਾਦ), ਇਕਬਾਲ ਸਿੰਘ ਚਾਹਲ ਤੇ ਸ. ਮੇਜਰ ਸਿੰਘ ਸਨ। ਫਿਰ ਸਮੇਂ-ਸਮੇਂ ਹੋਰ ਵੀ ਨਾਮੀ ਕੋਚ ਆਉਂਦੇ ਰਹੇ। ਟੀਮ ਨੂੰ ਹਰ ਸਹੂਲਤ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ, ਤੇ ਇਸ ਤਰ੍ਹਾਂ ਨਾਮਧਾਰੀ ਹਾਕੀ ਟੀਮ ਲਈ ਨਾਮਧਾਰੀ ਦਰਬਾਰ ਵੱਲੋਂ ਦਿਨ ਰਾਤ ਇੱਕ ਕਰ ਦਿੱਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਸ਼ੇਸ਼ ਧਿਆਨ ਅਤੇ ਪ੍ਰਬੰਧਕਾਂ ਤੇ ਕੋਚਾਂ ਦੀ ਸਖ਼ਤ ਮਿਹਨਤ ਸਦਕਾ ਅੱਠਵੇਂ ਦਹਾਕੇ ਦੇ ਅਖੀਰ ਤੱਕ ਹੀ ਨਾਮਧਾਰੀ ਇਲੈਵਨ ਨੇ ਨਤੀਜੇ ਦੇਣੇ ਸ਼ੁਰੂ ਕਰ ਦਿੱਤੇ। ਨਾਮਧਾਰੀ ਇਲੈਵਨ 1979 ਵਿੱਚ 'ਮਿੰਨੀ ਨੈਸ਼ਨਲਜ਼ (ਜਲੰਧਰ)' ਵਿੱਚ ਜੇਤੂ ਰਹੇ ਤੇ 1980 ਦੇ ਜਵਾਹਰ ਲਾਲ ਨਹਿਰੂ ਜੂਨੀਅਰ ਹਾਕੀ ਟੂਰਨਾਮੈਂਟ ਵਿੱਚ ਜੇਤੂ ਰਹੀ। ਇਸ ਤਰ੍ਹਾਂ ਨਾਮਧਾਰੀ ਟੀਮ ਦੀ ਮਿਹਨਤ ਰੰਗ ਲਿਆਉਣ ਲੱਗੀ। ਬੱਸ ਫੇਰ ਕੀ ਸੀ, ਨਾਮਧਾਰੀ ਟੀਮ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਲੱਗੀ। ਨਤੀਜੇ ਵਜੋਂ ਨਾਮਧਾਰੀ ਇਲੈਵਨ ਨੇ ਕਈ ਓਲੰਪੀਅਨ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਖਿਡਾਰੀ ਦੇਸ਼ ਦੀ ਝੋਲੀ ਪਾਏ। ਉਹਨਾ ਵਿੱਚੋਂ ਕੁਝ ਹੇਠ ਲਿਖੇ ਹਨ-

ਓਲੰਪੀਅਨ ਹਰਦੀਪ ਸਿੰਘ ਗਰੇਵਾਲ- ਹਰਦੀਪ ਸਿੰਘ ਗਰੇਵਾਲ ਨਾਮਧਾਰੀ ਟੀਮ ਨਾਲ ਸੰਬੰਧਿਤ ਪਹਿਲੇ ਓਲੰਪੀਅਨ ਹੈ। ਉਸਦਾ ਦਾ ਜਨਮ ਪੰਜਾਬ ਦੇ ਪ੍ਰਮੁੱਖ ਉਦਯੋਗਿਕ ਸ਼ਹਿਰ ਲੁਧਿਆਣਾ ਦੇ ਵਾਸੀ ਸੰਤ ਪਰਮਜੀਤ ਸਿੰਘ ਗਰੇਵਾਲ ਅਤੇ ਸਰਦਾਰਨੀ ਤਪਿੰਦਰਵੰਤ ਕੌਰ ਦੇ ਘਰ 5.10.1960 ਨੂੰ ਹੋਇਆ। ਉਸ ਨੇ ਮੁੱਢਲੀ ਸਿੱਖਿਆ ਅਤੇ ਹਾਕੀ ਦੀ ਸ਼ੁਰੂਆਤ ਪੀ.ਏ.ਯੂ. ਮਾਡਲ ਸਕੂਲ ਲੁਧਿਆਣਾ ਤੋਂ ਕੀਤੀ। ਉਪਰੰਤ ਗ੍ਰੈਜੂਏਸ਼ਨ ਆਰੀਆ ਕਾਲਜ ਲੁਧਿਆਣਾ ਤੋਂ ਕੀਤੀ। ਉਸ ਨੇ 1980 ਵਿੱਚ ਇੰਡੀਅਨ ਏਅਰਲਾਈਨ ਦੀ ਹਾਕੀ ਟੀਮ ਵਿੱਚ ਨੌਕਰੀ ਹਾਸਲ ਕੀਤੀ। ਪਰ 1989 ਤੋਂ ਬਾਅਦ ਇੰਡੀਅਨ ਏਅਰਲਾਈਨ ਨੂੰ ਤਿਆਗ ਪੱਤਰ ਦੇ ਕੇ ਨਾਮਧਾਰੀ ਹਾਕੀ ਟੀਮ ਵੱਲੋਂ ਖੇਡਣ ਲੱਗਾ। ਉਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਚੈਂਪੀਅਨਜ਼ ਟਰਾਫ਼ੀ ਕਰਾਚੀ (ਪਾਕਿਸਤਾਨ) 1983
2. ਓਲੰਪਿਕ ਗੇਮਜ਼ ਲਾਸ ਏਂਜਲਸ (ਅਮਰੀਕਾ) 1984
3. ਦੂਸਰਾ ਏਸ਼ੀਆ ਕੱਪ ਢਾਕਾ (ਬੰਗਲਾਦੇਸ਼) 1985
4. ਚੈਂਪੀਅਨ ਟਰਾਫ਼ੀ ਪਰਥ (ਆਸਟਰੇਲੀਆ) 1985
5. ਇੰਡੋ-ਪਾਕਿ ਟੈਸਟ ਸੀਰੀਜ਼ 1986
6. ਚੈਂਪੀਅਨਜ਼ ਟਰਾਫ਼ੀ ਕਰਾਚੀ (ਪਾਕਿਸਤਾਨ) 1986

7. 10ਵੀਆਂ ਏਸ਼ੀਅਨ ਖੇਡਾਂ ਸਿਓਲ (ਕੋਰੀਆ) 1986
8. ਛੇਵਾਂ ਵਿਸ਼ਵ ਕੱਪ ਲੰਡਨ (ਇੰਗਲੈਂਡ) 1986
9. ਵਿਸ਼ਵ ਕੱਪ ਲਾਹੌਰ (ਪਾਕਿਸਤਾਨ) 1990

ਹਰਦੀਪ ਸਿੰਘ ਗਰੇਵਾਲ ਨਿਮਰ ਤੇ ਮਿਲਾਪੜੇ ਸੁਭਾਅ ਦਾ ਮਾਲਕ ਹੈ। ਉਸ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਹੁਤ ਪਿਆਰ ਮਿਲਿਆ। ਉਸ ਕੋਲ ਸਤਿਗੁਰੂ ਜੀ ਅਤੇ ਨਾਮਧਾਰੀ ਹਾਕੀ ਟੀਮ ਨਾਲ ਸਬੰਧਿਤ ਅਨੇਕਾਂ ਯਾਦਾਂ ਹਨ। ਉਹ ਦੱਸਦਾ ਹੈ ਕਿ 1989 ਦੇ ਯੂਰਪ ਟੂਰ ਤੋਂ ਬਾਅਦ ਜਦੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਆਇਆ ਤਾਂ ਕੋਠੀ ਅੱਗੇ ਖਲੋਤੇ ਹੋਇਆਂ, ਗੁਰੂ ਜੀ ਨੇ ਬਚਨ ਕੀਤਾ- "ਨੀਟੇ (ਹਰਦੀਪ ਸਿੰਘ ਦਾ ਛੋਟਾ ਨਾਮ) ਨੂੰ ਗਲਤ ਪਾਸ ਤੇ ਕਰਨਾ ਹੀ ਨਹੀਂ ਆਉਂਦਾ।" ਹਰਦੀਪ ਸਿੰਘ ਆਖਦੇ ਹਨ ਕਿ ਮੈਂ ਹਮੇਸ਼ਾ ਹੀ ਗੁਰੂ ਜੀ ਦੇ ਬਚਨ ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਦਾ ਰਿਹਾ ਹਾਂ।

ਨਾਮਧਾਰੀ ਹਾਕੀ ਟੀਮ ਦੀ ਆਮ ਲੋਕਾਂ ਤੋਂ ਬਿਨਾਂ ਸਰਕਾਰੀ ਪ੍ਰਸ਼ਾਸਨ ਵਿੱਚ ਵੀ ਕਿੰਨੀ ਹਰਮਨ ਪਿਆਰਤਾ ਸੀ, ਇਸ ਬਾਰੇ ਵੀ ਉਹ 1990-91 ਦੀ ਇੱਕ ਘਟਨਾ ਦੱਸਦੇ ਹਨ, ਮੈਂ (ਹਰਦੀਪ ਸਿੰਘ ਗਰੇਵਾਲ) ਦਿੱਲੀ ਤੋਂ ਲੁਧਿਆਣਾ ਵਾਪਸ ਆ ਰਿਹਾ ਸਾਂ, ਮਾਹੌਲ ਬਹੁਤ ਖਰਾਬ ਸੀ। ਮੈਨੂੰ ਹਰਿਆਣਾ ਵਿੱਚ ਦਾਖ਼ਲ ਹੁੰਦਿਆਂ ਹੀ ਇੱਕ ਪੁਲੀਸ ਵਾਲੇ ਨੇ ਰੋਕ ਲਿਆ ਅਤੇ ਪੁੱਛ-ਗਿੱਛ ਕਰਨ ਲੱਗਾ ਕਿ ਕਿਧਰੋਂ ਆਇਆ ਹੈਂ ਤੇ ਕਿੱਧਰ ਜਾਣਾ ਹੈ, ਵਗੈਰਾ-ਵਗੈਰਾ। ਮੈਂ ਦੱਸਿਆ ਕਿ ਮੈਂ ਹਾਕੀ ਖਿਡਾਰੀ ਹਾਂ ਅਤੇ ਨਾਮਧਾਰੀ ਟੀਮ ਵੱਲੋਂ ਖੇਡਦਾ ਹਾਂ। ਫਿਰ ਮੈਂ ਆਪਣਾ ਆਈ. ਡੀ. ਕਾਰਡ ਵਿਖਾਇਆ। ਉਹ ਵੇਖ ਕੇ ਕਹਿਣ ਲੱਗਾ- "ਅੱਛਾ! ਜਿਸ ਟੀਮ ਮੇਂ ਬੱਗਾ ਸਿੰਘ (ਇੱਕ ਨਾਮਧਾਰੀ ਖਿਡਾਰੀ) ਖੇਲਤਾ ਹੈ।" ਮੈਨੂੰ (ਹਰਦੀਪ ਸਿੰਘ) ਕੁਝ ਹੌਂਸਲਾ ਹੋਇਆ ਕਿ ਲੱਗਦਾ, ਇਸ ਨੂੰ ਨਾਮਧਾਰੀ ਹਾਕੀ ਟੀਮ ਬਾਰੇ ਪਤਾ ਹੈ। ਹੁਣ ਜ਼ਿਆਦਾ ਸਮਾਂ ਖਰਾਬ ਨਹੀਂ ਹੋਵੇਗਾ। ਨਤੀਜੇ ਵਜੋਂ ਪੁਲਸ ਵਾਲੇ ਨੇ ਉੱਥੋਂ ਸਤਿਕਾਰ ਸਹਿਤ ਤੋਰ ਦਿੱਤਾ।

ਦੀਦਾਰ ਸਿੰਘ ਓਲੰਪੀਅਨ - ਦੀਦਾਰ ਸਿੰਘ ਹਰਿਆਣਾ ਰਾਜ ਦਾ ਪਹਿਲਾ ਓਲੰਪੀਅਨ ਹੈ। ਉਸਦਾ ਜਨਮ ਨਾਮਧਾਰੀਆਂ ਦੇ ਗੜ੍ਹ ਇਲਾਕਾ ਜੀਵਨ ਨਗਰ ਦੇ ਪਿੰਡ ਸੰਤ ਨਗਰ, ਜ਼ਿਲ੍ਹਾ ਸਿਰਸਾ (ਹਰਿਆਣਾ) ਵਿਖੇ ਪਿਤਾ ਸ. ਸੰਤੋਖ ਸਿੰਘ ਦੇ ਘਰ ਸ੍ਰੀਮਤੀ ਅਜਮੇਰ ਕੌਰ ਦੀ ਕੁੱਖੋਂ 2 ਅਪ੍ਰੈਲ 1964 ਈ. ਨੂੰ ਹੋਇਆ। ਦੀਦਾਰ ਸਿੰਘ ਨੇ ਮੁੱਢਲੀ ਪੜਾਈ ਅਤੇ ਹਾਕੀ ਦੀ ਸ਼ੁਰੂਆਤ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਤੋਂ ਕੀਤੀ।

ਉਸਨੇ ਸ਼ੁਰੂ ਤੋਂ ਹੀ ਪੂਰੀ ਲਗਨ ਨਾਲ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਨਤੀਜੇ ਵਜੋਂ ਉਹ ਵਧੀਆ ਫਾਰਵਰਡ ਸਾਬਿਤ ਹੋਇਆ। ਨਾਮਧਾਰੀ ਟੀਮ ਵਿਚ

ਵਧੀਆ ਪ੍ਰਦਰਸ਼ਨ ਕਰਨ ਤੋਂ ਬਾਅਦ ਉਸਨੂੰ 1987 ਈ. ਵਿੱਚ ਇੰਡੀਆ ਕੈਂਪ ਵਿੱਚ ਸ਼ਾਮਿਲ ਕਰ ਲਿਆ ਗਿਆ। 1991 ਵਿੱਚ ਉਹ ਇੰਡੀਆ ਟੀਮ ਨਾਲ ਯੂਰਪ (ਇੰਗਲੈਂਡ, ਬੈਲਜ਼ੀਅਮ, ਸਪੇਨ, ਜਰਮਨੀ, ਫਰਾਂਸ) ਟੂਰ ’ਤੇ ਗਿਆ। ਜਿੱਥੇ ਦੀਦਾਰ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸਦੀ ਖੇਡ ਬਾਰੇ ਕਈ ਅਖਬਾਰਾਂ ਨੇ ਲਿਖਿਆ- ‘ਯੂਰਪ ਦੌਰੇ ਦੀ ਕਾਢ - ਦੀਦਾਰ ਸਿੰਘ ਨਾਮਧਾਰੀ’। ਇਸ ਦੌਰੇ ਦੇ ਕਈ ਮੈਚਾਂ ਵਿੱਚ ਦੀਦਾਰ ਸਿੰਘ ‘ਮੈਨ ਆਫ ਦ ਮੈਚ’ ਦੇ ਖਿਤਾਬ ਵੀ ਹਾਸਲ ਕਰਦਾ ਰਿਹਾ। 1992 ਦੇ ਬਾਰਸੀਲੋਨਾ (ਸਪੇਨ) ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਦੀਦਾਰ ਸਿੰਘ ਨੂੰ ਵੀ ਭਾਰਤੀ ਟੀਮ ਵੱਲੋਂ ਖੇਡਣ ਦਾ ਮੌਕਾ ਮਿਲਿਆ।

ਭਾਰਤੀ ਹਾਕੀ ਟੀਮ ਵੱਲੋਂ ਖੇਡਦਿਆਂ ਸ਼ਾਨਦਾਰ ਪ੍ਰਦਰਸ਼ਨ ਕਰਨ ਤੋਂ ਬਾਅਦ ਦੀਦਾਰ ਸਿੰਘ ਨੇ 1999-2000 ਈ. ਦੇ ਸੈਸ਼ਨ ਦੌਰਾਨ ‘ਸੁਭਾਸ਼ ਚੰਦਰ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਪਟਿਆਲਾ’ ਤੋਂ ਕੋਚਿੰਗ ਦਾ ਡਿਪਲੋਮਾ ਕੀਤਾ। ਉਪਰੰਤ 2001 ਤੋਂ 2016 ਤੱਕ ਲਗਾਤਾਰ 16 ਸਾਲ ਨਾਮਧਾਰੀ ਹਾਕੀ ਟੀਮ ਦੇ ਕੋਚ ਵਜੋਂ ਸੇਵਾ ਨਿਭਾਈ ਤੇ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ। ਇਸ ਦੀ ਕੋਚਿੰਗ ਹੇਠ ਨਾਮਧਾਰੀ ਹਾਕੀ ਟੀਮ ਨੇ ਕਈ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ। ਜਿਨ੍ਹਾਂ ਵਿੱਚ ਅਮਰੀਕਾ ਦਾ ਕੈਲੀਫੋਰਨੀਆ ਕੱਪ (2007, 2008) ਸਰੀ ਕੱਪ (2009) ਪ੍ਰਮੁੱਖ ਹਨ।

ਗੁਰਨਾਮ ਸਿੰਘ ਗਾਮੀ (1992 ਓਲੰਪੀਅਕ ਦਾ ਸਟੈਂਡ ਬਾਏ, ਰਾਖਵਾਂ ਖਿਡਾਰੀ) - ਗੁਰਨਾਮ ਸਿੰਘ ਗਾਮੀ ਪਿੰਡ ਸੰਤ ਨਗਰ ਜ਼ਿਲ੍ਹਾ ਸਿਰਸਾ ਦਾ ਰਹਿਣ ਵਾਲਾ ਨਾਮਧਾਰੀ ਇਲੈਵਨ ਦਾ ਨਾਮੀ ਖਿਡਾਰੀ ਸੀ। ਉਹ ਦੀਦਾਰ ਸਿੰਘ ਉਲੰਪੀਅਨ ਦੇ ਗਰੁੱਪ ਦਾ ਹੀ ਖਿਡਾਰੀ ਸੀ। ਉਸਨੇ ਨਾਮਧਾਰੀ ਟੀਮ ਵਿੱਚ ਰਹਿੰਦਿਆਂ 1978 ਤੋਂ 1993-94 ਤੱਕ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਨੂੰ 1992 ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਵਿੱਚ ਸਟੈਂਡ ਬਾਏ ਖਿਡਾਰੀ ਚੁਣਿਆ ਗਿਆ ਅਰਥਾਤ। ਜੇ ਕੋਈ ਖਿਡਾਰੀ ਕਿਸੇ ਕਾਰਨ ਟੀਮ ਵਿੱਚ ਨਾ ਖੇਡ ਸਕਿਆ ਤਾਂ ਉਸਦੀ ਥਾਂ ਤੇ ਗੁਰਨਾਮ ਸਿੰਘ ਗਾਮੀ ਨੂੰ ਲੈ ਲਿਆ ਜਾਵੇਗਾ।

ਹਰਪਾਲ ਸਿੰਘ ਓਲੰਪੀਅਨ - ਨਾਮਧਾਰੀ ਹਾਕੀ ਟੀਮ ਦਾ ਅਗਲਾ ਓਲੰਪੀਅਨ ਹਰਪਾਲ ਸਿੰਘ ਹੈ। ਇਸ ਦਾ ਜਨਮ ਵੀ ਹਰਿਆਣਾ ਵਿੱਚ ਇਲਾਕਾ ਜੀਵਨ ਨਗਰ ਦੇ ਮਸ਼ਹੂਰ ਪਿੰਡ ਸੰਤ ਨਗਰ (ਸਿਰਸਾ) ਵਿਖ ਹੀ 11 ਅਕਤੂਬਰ 1983 ਨੂੰ ਮਾਤਾ ਬਲਵਿੰਦਰ ਕੌਰ ਪਿਤਾ ਸੂਬਾ ਬਲਕਾਰ ਸਿੰਘ ਦੇ ਘਰ ਹੋਇਆ। ਹਰਪਾਲ ਸਿੰਘ ਦੇ ਘਰ, ਪਿੰਡ ਤੇ ਧਾਰਮਿਕ ਦਾਇਰੇ (ਨਾਮਧਾਰੀ ਪੰਥ) ਵਿੱਚ ਹਾਕੀ ਦਾ ਮਾਹੌਲ ਸੀ। ਆਪਣੇ ਵੱਡੇ ਭਰਾ ਬਲਕਾਰ ਸਿੰਘ ਤੋਂ ਪ੍ਰੇਰਿਤ ਹੋ ਕੇ ਹਰਪਾਲ ਵੀ ਹਾਕੀ ਦੇ

ਮੈਦਾਨ ਵਿੱਚ ਖੇਡਣ ਲਈ ਜਾਣ ਲੱਗ ਪਿਆ। ਮੁੱਢਲੀ ਕੋਚਿੰਗ ਬਲਦੇਵ ਸਿੰਘ (ਖੋਏ ਵਾਲੇ) ਤੇ ਗੁਰਮੇਜ ਸਿੰਘ ਤੋਂ ਲੈਣੀ ਸ਼ੁਰੂ ਕੀਤੀ। ਹੌਲੀ-ਹੌਲੀ ਹਰਪਾਲ ਨੂੰ ਸ੍ਰੀ ਭੈਣੀ ਸਾਹਿਬ ਉਚੇਰੀ ਕੋਚਿੰਗ ਲਈ ਭੇਜਣ ਵਾਲੇ ਬੱਚਿਆਂ ਵਿੱਚ ਚੁਣ ਲਿਆ ਗਿਆ। ਇੱਥੇ ਇਸਨੇ ਸ. ਹੀਰਾ ਸਿੰਘ, ਸ. ਦੀਦਾਰ ਸਿੰਘ ਓਲੰਪੀਅਨ, ਹਰਮਿੰਦਰਪਾਲ ਸਿੰਘ ਤੇ ਬਲਦੇਵ ਸਿੰਘ ਸ਼ਾਹਬਾਦ ਵਰਗੇ ਨਾਮੀ ਕੋਚਾਂ ਤੋਂ ਕੋਚਿੰਗ ਲਈ।

ਨਾਮਧਾਰੀ ਟੀਮ ਦੇ ਚੌਥੇ ਪੂਰ ਨੇ ਜਦੋਂ ਆਪਣੀਆਂ ਜਿੱਤਾਂ ਦਾ ਸਿਲਸਿਲਾ ਸ਼ੁਰੂ ਕੀਤਾ ਤਾਂ ਹਰਪਾਲ ਸਿੰਘ ਵੀ ਇਸ ਟੀਮ ਦਾ ਇੱਕ ਮਹੱਤਵਪੂਰਨ ਮੈਂਬਰ ਸੀ। ਹਰਪਾਲ ਸਿੰਘ ਦੀ ਸੋਹਣੀ ਖੇਡ ਨੂੰ ਵੇਖ ਕੇ ਭਾਰਤੀ ਹਾਕੀ ਫੈਡਰੇਸ਼ਨ ਨੇ ਹਰਪਾਲ ਦੀ ਚੋਣ ਹੈਦਰਾਬਾਦ ਵਿਖੇ ਹੋਣ ਵਾਲੀਆਂ ਪਹਿਲੀਆਂ ਐਫਰੋ-ਏਸ਼ੀਅਨ ਖੇਡਾਂ ਵਿੱਚ ਭਾਗ ਲੈਣ ਵਾਲੀ ਭਾਰਤੀ ਟੀਮ ਲਈ ਕਰ ਲਈ। ਇਨ੍ਹਾਂ ਖੇਡਾਂ ਵਿੱਚ ਹਰਪਾਲ ਸਿੰਘ ਦਾ ਪ੍ਰਦਰਸ਼ਨ ਕਾਬਲ-ਏ-ਤਾਰੀਫ਼ ਰਿਹਾ।

ਉਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਏਥਨਜ਼ (ਗਰੀਸ) ਓਲੰਪਿਕ ਖੇਡਾਂ-2004
2. ਚੈਂਪੀਅਨ ਟਰਾਫੀ, ਲਾਹੌਰ-2004
3. ਪਲੇਅਰ ਆਫ ਦ ਟੂਰਨਾਮੈਂਟ, ਇੰਡੀਆ ਪਾਕਿਸਤਾਨ ਸੀਰੀਜ਼-2004

19 ਜੁਲਾਈ 2003 ਨੂੰ ਭਾਰਤੀ ਹਾਕੀ ਟੀਮ ਲਖਨਊ ਦੇ ਰੇਲਵੇ ਸਟੇਸ਼ਨ ’ਤੇ ਪੁੱਜੀ। ਹਾਕੀ ਕੋਚ ਬਰਜਿੰਦਰਪਾਲ ਸਿੰਘ ਸਟੇਸ਼ਨ ਉੱਪਰ ਟੀਮ ਨੂੰ ‘ਜੀ ਆਇਆਂ’ ਕਹਿਣ ਲਈ ਆਇਆ। ਉਸਦਾ ਖਿਆਲ ਸੀ ਕਿ ਟੀਮ ਵਿੱਚ ਬਹੁਤ ਸਾਰੇ ਸਿੰਘ ਹਨ, ਉਹਨਾਂ ਵਿੱਚੋਂ ਖਾਲਸੇ ਦਾ ਦਰਸ਼ਨ ਹੋਵੇਗਾ, ਪਰ ਸਾਰੇ ਸਿੰਘ ਮੋਨੇ ਵੇਖ ਕੇ ਉਸਦਾ ਮਨ ਉਦਾਸ ਹੋ ਗਿਆ। ਪਰ ਹਰਪਾਲ ਸਿੰਘ ਦੀ ਸਿੱਧੀ ਦਸਤਾਰ ਨੇ ਮਨ ਖੁਸ਼ ਕਰ ਦਿੱਤਾ। ਫਿਰ ਉਸਨੇ ਸੱਤ ਦਿਨਾਂ ਬਾਅਦ 26 ਜੁਲਾਈ ਨੂੰ ਹਰਪਾਲ ਸਿੰਘ ਨੂੰ ਇੱਕ ਚਿੱਠੀ ਲਿਖ ਕੇ ਭੇਜੀ- “...........ਟੀਮ ਵਿੱਚ ‘ਸਿੰਘਾਂ’ ਦੀ ਲੰਬੀ ਸੂਚੀ ਵੇਖ ਕੇ ਆਪ ਜੀ ਲੋਕਾਂ (ਹਾਕੀ ਖਿਡਾਰੀਆਂ) ਦਾ ਲਖਨਊ ਆਉਣ ਦੀ ਖੁਸ਼ੀ ਵਿੱਚ ‘ਜੀ ਆਇਆਂ’ ਕਹਿਣ ਲਈ ਉਸੇ ਪੁਰਾਣੀ ਆਸ ਨਾਲ 19 ਜੁਲਾਈ ਨੂੰ ਮੈਂ ਵੀ ਰੁਝੇਵੇਂ ਛੱਡ ਕੇ ਆਪਣੇ ਕੁਝ ਵੀਰਾਂ ਨਾਲ ਖਾਲਸੇ ਦੇ ਨਜ਼ਾਰੇ ਵੇਖਣ ਸਟੇਸ਼ਨ ’ਤੇ ਗਿਆ ਸੀ। ਪਰ ਸੱਚ! ਉਸ ਕਲਗੀਆਂ ਵਾਲੇ ਦੀ ਸਹੁੰ, ਮੇਰੀਆਂ ਅੱਖੀਆਂ ਦਸਤਾਰ ਵੇਖਣ ਨੂੰ ਤਰਸ ਗਈਆਂ। ਮੈਂ ਤਾਂ ਸੋਚਿਆ ਸੀ ਕਿ ਪੱਗਾਂ ਹੀ ਪੱਗਾਂ ਦਿਸਣਗੀਆਂ ਕਿਉਂਕਿ ਇੱਕ ਪੱਗ ਸੈਂਕੜਿਆਂ ’ਤੇ ਭਾਰੂ ਹੁੰਦੀ ਹੈ। ਮੰਨਿਆ ਸਫ਼ਰ ਕਰਕੇ ਆਏ ਸੀ, ਚੱਲੋ ਪਗੜੀ ਨਹੀਂ ਪਟਕੇ ਹੀ ਸਿਰਾਂ ’ਤੇ ਹੁੰਦੇ। ਕੁਝ ਨੇ ਤਾਂ ਸਰੂਪ (ਕੇਸ) ਹੀ ਨਹੀਂ ਰੱਖਿਆ। ਕੁਝ ਜਿੰਨਾਂ ਰੱਖੇ, ਉਨ੍ਹਾਂ ਵੀ ਟੋਪੀ ਪਾਈ ਹੋਈ ਸੀ। ਸ਼ਾਇਦ ਆਪਣੇ ਆਪ ਨੂੰ ਸਿੱਖੀ ਤੋਂ ਜਾਂ ਆਪਣੀ ਸਿੱਖੀ ਨੂੰ

ਛੁਪਾਈ ਫਿਰਦੇ ਸਨ।... ਐਸੀਆਂ ਕਿਹੜੀਆਂ ਭੀੜਾਂ ਆਣ ਪਈਆਂ ਕਿ ਅੱਜ ਸਿੱਖ ਆਪਣੇ ਆਪ ਨੂੰ ਸਿੱਖ ਪੇਸ਼ ਕਰਨ ਲਈ ਵੀ ਸ਼ਰਮ ਮਹਿਸੂਸ ਕਰ ਰਿਹਾ ਹੈ। ਐਸੀ ਨੌਬਤ ਤਾਂ ਮੀਰ ਮੰਨੂ, ਫ਼ਰਖ਼ਸੀਅਰ ਅਤੇ ਔਰੰਗੇ ਵੇਲੇ ਵੀ ਨਹੀਂ ਸੀ, ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।... ਉਸ ਵੇਲੇ ਇੱਕ ਸਿੱਖ ਸਰੂਪ (ਪਗੜੀ ਵਾਲਾ) ਦਿਸਿਆ। ਮੈਂ ਭੱਜ ਕੇ ਉਸ ਕੋਲ ਗਿਆ, ਖ਼ੁਸ਼ੀ ਵਿੱਚ ਗਲਾ ਭਰ ਆਇਆ, ਅੱਖਾਂ ਭਿੱਜ ਗਈਆਂ, ਨਾਂ ਵੀ ਨਹੀਂ ਪੁੱਛ ਪਾ ਰਿਹਾ ਸੀ। ਤੀਜੀ ਵਾਰ ਵਿੱਚ ਬੋਲ ਸਕਿਆ ਅਤੇ ਨਾਂ ਪੁੱਛਿਆ, ਪਤਾ ਲੱਗਾ ਸ. ਹਰਪਾਲ ਸਿੰਘ ਹਨ। ਧੰਨ ਵੀਰੇ! ਪਾਤਸ਼ਾਹ ਤੈਨੂੰ ਚੜ੍ਹਦੀ ਕਲਾ ਬਖਸ਼ਣ। ਤੈਂ ਬਾਣੇ ਦੀ ਲਾਜ ਰੱਖੀ ਹੈ।......"

ਸਾਰੀ ਹੀ ਚਿੱਠੀ ਵਿੱਚ ਸਾਬਕਾ ਕੋਚ ਬਰਜਿੰਦਰਪਾਲ ਸਿੰਘ ਨੇ ਸਿੱਖ ਕੋਚਾਂ ਤੇ ਖਿਡਾਰੀਆਂ ਵਲੋਂ ਕੇਸ ਕਟਵਾਉਣ ਤੇ ਦੁੱਖ ਪ੍ਰਗਟ ਕੀਤਾ ਅਤੇ ਪਿਛਲੇ ਸਮੇਂ ਦੇ ਉਨ੍ਹਾਂ ਖਿਡਾਰੀਆਂ ਨੂੰ ਯਾਦ ਕੀਤਾ ਜੋ ਸਿੱਖੀ ਸਰੂਪ ਵਿੱਚ ਖੇਡਦੇ ਰਹੇ। ਇਹ ਕੋਚ ਚਿੱਠੀ ਲਿਖਣ ਸਮੇਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਯੂ. ਪੀ. ਸਟੇਟ ਦਾ ਸਕੱਤਰ ਵੀ ਸੀ। ਅੱਜਕਲ੍ਹ ਇਹ ਸੱਜਣ ਇਸ ਸੰਸਥਾ ਦਾ ਚੀਫ ਕੋਲੇਬਰੇਟਰ ਹੈ। ਵੈਸੇ ਇਸ ਸੰਸਥਾ ਦਾ ਮੁੱਖ ਦਫ਼ਤਰ ਲੁਧਿਆਣਾ (ਪੰਜਾਬ) ਵਿੱਚ ਹੈ।

ਹਰਪਾਲ ਸਿੰਘ ਅੱਜ-ਕੱਲ੍ਹ ONGC ਵਿੱਚ ਮੈਨੇਜਰ ਦੀ ਪੋਸਟ 'ਤੇ ਤਾਇਨਾਤ ਹੈ। ਇਹ ਕਿਹਾ ਜਾ ਸਕਦਾ ਹੈ ਕਿ ਜਿਸ ਉਦੇਸ਼ ਨਾਲ ਨਾਮਧਾਰੀ ਹਾਕੀ ਟੀਮ ਸ਼ੁਰੂ ਕੀਤੀ ਗਈ ਸੀ, ਹਰਪਾਲ ਸਿੰਘ ਉਸ 'ਤੇ ਖਰਾ ਉੱਤਰਿਆ।

ਸਰਦਾਰ ਸਿੰਘ ਓਲੰਪੀਅਨ – ਜਦੋਂ 1947 ਦੀ ਵੰਡ ਹੋਈ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਾਕਿਸਤਾਨੋਂ ਉੱਜੜ ਕੇ ਆਏ ਅਣਗਿਣਤ ਨਾਮਧਾਰੀਆਂ ਨੂੰ ਜ਼ਮੀਨਾਂ ਵੰਡ ਕੇ ਤੇ ਹੋਰ ਹਰ ਸੰਭਵ ਮਦਦ ਕਰਕੇ ਜੀਵਨ ਨਗਰ (ਸਿਰਸਾ) ਇਲਾਕੇ ਵਿੱਚ ਵਸਾਇਆ। ਨਾਮਧਾਰੀਆਂ ਦੇ ਇਸੇ ਇਲਾਕੇ ਦੇ ਮਸ਼ਹੂਰ ਪਿੰਡ ਸੰਤ ਨਗਰ ਵਿੱਚ ਸ. ਗੁਰਨਾਮ ਸਿੰਘ ਅਤੇ ਸ੍ਰੀਮਤੀ ਜਸਬੀਰ ਕੌਰ ਦਾ ਇੱਕ ਸਧਾਰਨ ਜਿਹਾ ਗੁਰਸਿੱਖ ਪਰਵਾਰ ਵੱਸਦਾ ਸੀ। ਇਸ ਜੋੜੀ ਘਰ 15 ਜੁਲਾਈ 1986 ਨੂੰ ਸਰਦਾਰ ਸਿੰਘ ਦਾ ਜਨਮ ਹੋਇਆ। ਨਾਮਧਾਰੀ ਪੰਥ ਦੇ ਅਨਮੋਲ ਹੀਰੇ ਅਤੇ ਗੁਰਬਾਣੀ ਦੇ ਮਹਾਨ ਗਿਆਤਾ ਮਾਸਟਰ ਦਰਸ਼ਨ ਸਿੰਘ, ਸਰਦਾਰ ਸਿੰਘ ਦੇ ਨਾਨਾ ਜੀ ਸਨ। ਇਸ ਤਰ੍ਹਾਂ ਸਰਦਾਰ ਸਿੰਘ ਨਾਨਕਿਆਂ ਤੇ ਦਾਦਕਿਆਂ ਦੋਵਾਂ ਪੱਖਾਂ ਤੋਂ ਪੱਕੇ ਨਾਮਧਾਰੀਆਂ ਦੇ ਘਰ ਜੰਮਿਆ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਗੁਰਨਾਮ ਸਿੰਘ ਨੇ ਆਪਣੇ ਦੋਵੇਂ ਪੁੱਤਰ ਵੱਡਾ ਦੀਦਾਰ ਸਿੰਘ ਤੇ ਛੋਟਾ ਸਰਦਾਰ ਸਿੰਘ ਹਾਕੀ ਖੇਡਣ ਲਾ ਦਿੱਤੇ। ਸਰਦਾਰ ਸਿੰਘ ਨੇ ਮੁੱਢਲੀ ਪੜ੍ਹਾਈ ਅਤੇ ਹਾਕੀ ਸ੍ਰੀ ਗੁਰੂ ਹਰੀ ਸਿੰਘ ਮਹਾਂ-ਵਿਦਿਆਲਾ ਜੀਵਨ ਨਗਰ ਤੋਂ ਸ਼ੁਰੂ ਕੀਤੀ। ਫਿਰ ਉਹ ਆਪਣੀ ਹਾਕੀ ਨੂੰ ਹੋਰ

ਨਿਖਾਰਨ ਲਈ ਨਾਮਧਾਰੀ ਸਪੋਰਟਸ ਅਕੈਡਮੀ ਸ੍ਰੀ ਭੈਣੀ ਸਾਹਿਬ ਆ ਗਿਆ। ਇੱਥੇ ਉਸ ਨੂੰ ਸੀਨੀਅਰ ਨਾਮਧਾਰੀ ਟੀਮ ਨਾਲ ਖੇਡਣ ਦਾ ਮੌਕਾ ਮਿਲਿਆ। ਉਸ ਨੂੰ ਬਲਦੇਵ ਸਿੰਘ ਸ਼ਾਹਬਾਦ, ਹੀਰਾ ਸਿੰਘ, ਦੀਦਾਰ ਸਿੰਘ ਓਲੰਪੀਅਨ ਤੇ ਹਰਮਿੰਦਰਪਾਲ ਸਿੰਘ ਵਰਗੇ ਕੋਚਾਂ ਦੀ ਕੋਚਿੰਗ ਮਿਲੀ।

ਨਾਮਧਾਰੀ ਹਾਕੀ ਟੀਮ ਵਿੱਚ ਖੇਡਦਾ ਹੋਇਆ ਸਰਦਾਰ ਸਿੰਘ ਦਿਨ-ਬ-ਦਿਨ ਤਰਾਸ਼ਿਆ ਜਾ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦਾ ਥਾਪੜਾ, ਨਾਮਧਾਰੀ ਇਲੈਵਨ ਦਾ ਮਿਸ਼ਨ ਤੇ ਸਰਦਾਰ ਸਿੰਘ ਦਾ ਜਨੂੰਨ ਇੱਕ ਦਿਨ ਰੰਗ ਲਿਆਇਆ ਤੇ ਉਹ ਹਾਕੀ ਖੇਡ ਜਗਤ ਵਿੱਚ 'ਵਧੀਆ ਧਾਵਕ ਤੇ ਬੈਸਟ ਮਿਡਫੀਲਡਰ' ਦੇ ਤੌਰ 'ਤੇ ਸੂਰਜ ਵਾਂਗ ਚਮਕਿਆ। ਉਸਦੀ 2004 ਵਿੱਚ ਭਾਰਤੀ ਹਾਕੀ ਟੀਮ ਵਿੱਚ ਚੋਣ ਹੋ ਗਈ। ਉਸ ਤੋਂ ਬਾਅਦ 12 ਸਤੰਬਰ 2018 (ਜਦੋਂ ਉਸ ਨੇ ਇੰਟਰਨੈਸ਼ਨਲ ਹਾਕੀ ਤੋਂ ਸੰਨਿਆਸ ਲਿਆ) ਤੱਕ ਸਾਰੇ ਹਾਕੀ ਖੇਡ ਜਗਤ ਵਿੱਚ ਸਰਦਾਰ ਸਿੰਘ-ਸਰਦਾਰ ਸਿੰਘ ਹੁੰਦੀ ਰਹੀ। ਕਦੀ ਉੱਤਮ ਖਿਡਾਰੀ, ਕਦੀ ਬੈਸਟ ਮਿਡ ਫੀਲਡਰ, ਪਲੇਅਰ ਆਫ ਦ ਟੂਰਨਾਮੈਂਟ, ਯੰਗ ਪਲੇਅਰ ਆਫ ਦ ਟੂਰਨਾਮੈਂਟ, ਹਾਕੀ ਦਾ ਮਾਣ, ਹਾਕੀ ਦਾ ਸਰਦਾਰ, ਹਾਕੀ ਦਾ ਸਿਤਾਰਾ, ਹਾਕੀ ਦਾ ਹੀਰੋ ਆਦਿ ਖਿਤਾਬ ਤੇ ਨਾਮ ਮਿਲਦੇ ਰਹੇ। ਉਹ 2006 ਵਿੱਚ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਿਆ। ਉਸ ਤੋਂ ਬਾਅਦ 2018 ਤੱਕ ਕਈ ਵਾਰੀ ਉਸਨੂੰ ਭਾਰਤੀ ਹਾਕੀ ਟੀਮ ਦੀ ਕਪਤਾਨੀ ਕਰਨ ਦਾ ਮੌਕਾ ਮਿਲਿਆ। ਇਸ ਦੌਰਾਨ ਉਹ 2012 ਦੀਆਂ ਓਲੰਪਿਕ ਖੇਡਾਂ ਸਮੇਂ ਉਪ ਕਪਤਾਨ ਅਤੇ 2014 ਦੇ ਵਿਸ਼ਵ ਕੱਪ ਦੌਰਾਨ ਵੀ ਭਾਰਤੀ ਹਾਕੀ ਟੀਮ ਦਾ ਕਪਤਾਨ ਰਿਹਾ। ਅੰਤਰ-ਰਾਸ਼ਟਰੀ ਹਾਕੀ ਸੰਸਥਾ ਵੱਲੋਂ ਚੁਣੀ ਜਾਂਦੀ ਵਿਸ਼ਵ ਇਲੈਵਨ (All Star World Elevn) ਵਿੱਚ ਸਰਦਾਰ ਸਿੰਘ 2010 ਤੇ 2011 ਵਿੱਚ ਚੁਣਿਆ ਗਿਆ।

ਉਸ ਨੂੰ ਦੋ ਵਾਰ (2012 ਤੇ 2016) ਵਿੱਚ ਭਾਰਤੀ ਹਾਕੀ ਟੀਮ ਵੱਲੋਂ ਓਲੰਪਿਕ ਖੇਡਾਂ ਵਿੱਚ ਭਾਗ ਲੈਣ ਦਾ ਮਾਣ ਮਿਲਿਆ। ਸਰਦਾਰ ਸਿੰਘ ਨੇ ਭਾਰਤੀ ਹਾਕੀ ਟੀਮ ਵਲੋਂ ਕੁੱਲ 314 ਅੰਤਰ-ਰਾਸ਼ਟਰੀ ਮੈਚ ਖੇਡੇ।

ਸਰਦਾਰ ਸਿੰਘ ਦੀਆਂ ਪ੍ਰਾਪਤੀਆਂ ਦੀ ਗਿਣਤੀ ਕਰਨੀ ਹੋਵੇ ਤਾਂ ਸੈਂਕੜੇ ਤੱਕ ਚਲੀ ਜਾਵੇਗੀ। ਪਰ ਅਸੀਂ ਇੱਥੇ ਉਸਦੀਆਂ ਬਹੁਤ ਹੀ ਖਾਸ ਪ੍ਰਾਪਤੀਆਂ ਦਾ ਜ਼ਿਕਰ ਕਰ ਰਹੇ ਹਾਂ-

1. ਕਾਮਨਵੈਲਥ ਗੇਮਜ਼ - 2006
2. ਚੈਂਪੀਅਨਜ਼ ਟਰਾਫੀ, ਬੈਲਜ਼ੀਅਮ, ਤੀਜਾ ਸਥਾਨ - 2007
3. ਏਸ਼ੀਆ ਕੱਪ, ਚੇਨੱਈ (ਭਾਰਤ), ਪਹਿਲਾ ਸਥਾਨ - 2007
4. ਏਸ਼ੀਅਨ ਗੇਮਜ਼ (Guangzhou), ਤੀਜਾ ਸਥਾਨ - 2010

5. ਕਾਮਨਵੈਲਥ ਗੇਮਜ਼, ਦਿੱਲੀ, ਦੂਜਾ ਸਥਾਨ - 2010
6. ਵਿਸ਼ਵ ਕੱਪ, ਦਿੱਲੀ - 2010
7. ਏਸ਼ੀਅਨ ਚੈਂਪੀਅਨ ਟਰਾਫੀ, ਦੋਹਾ (ਕਤਰ), ਦੂਸਰਾ ਸਥਾਨ - 2012
8. ਓਲੰਪਿਕ ਗੇਮਜ਼ - 2012
9. ਏਸ਼ੀਆ ਕੱਪ, Ipoh (ਮਲੇਸ਼ੀਆ) ਦੂਜਾ ਸਥਾਨ - 2013
10. ਏਸ਼ੀਅਨ ਗੇਮਜ਼, Incheon (ਸਾਊਥ ਕੋਰੀਆ), ਪਹਿਲਾ ਸਥਾਨ - 2014
11. ਕਾਮਨਵੈਲਥ ਗੇਮਜ਼, ਗਲਾਸਗੋ (ਸਕਾਟਲੈਂਡ), ਦੂਜਾ ਸਥਾਨ - 2014
12. ਵਿਸ਼ਵ ਕੱਪ, The Hague (ਨੀਦਰਲੈਂਡ) - 2014
13. ਓਲੰਪਿਕ,ਰੀਓ (ਬ੍ਰਾਜ਼ੀਲ) - 2016
14. ਏਸ਼ੀਅਨ ਚੈਂਪੀਅਨ ਟਰਾਫੀ, Kuantan (ਮਲੇਸ਼ੀਆ), ਪਹਿਲਾ ਸਥਾਨ - 2016
15. ਏਸ਼ੀਅਨ ਕੱਪ, ਢਾਕਾ (ਬੰਗਲਾ ਦੇਸ਼), ਪਹਿਲਾ ਸਥਾਨ - 2017
16. ਏਸ਼ੀਅਨ ਗੇਮਜ਼, ਜਕਾਰਤਾ, ਤੀਜਾ ਸਥਾਨ - 2018

ਸਰਦਾਰ ਸਿੰਘ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ 2008 ਵਿੱਚ ਹਰਿਆਣਾ ਸਰਕਾਰ ਨੇ ਖੇਡ ਕੋਟੇ ਵਿੱਚੋਂ ਉਸ ਨੂੰ ਹਰਿਆਣਾ ਪੁਲਿਸ ਵਿੱਚ ਡੀ. ਐਸ. ਪੀ. ਦੀ ਪੋਸਟ ’ਤੇ ਤਾਇਨਾਤ ਕੀਤਾ। ਭਾਰਤ ਸਰਕਾਰ ਨੇ ਵੀ ਉਸਨੂੰ ਸਮੇਂ-ਸਮੇਂ ਸਿਰ ਕਈ ਸਨਮਾਨਾਂ ਨਾਲ ਸਨਮਾਨਿਤ ਕੀਤਾ।

1. ਅਰਜੁਨ ਐਵਾਰਡ - 2012
2. ਪਦਮ ਸ੍ਰੀ ਐਵਾਰਡ - 2015
3. ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ - 2017
4. ਭੀਮ ਸੈਨ ਐਵਾਰਡ - 2017 (ਹਰਿਆਣਾ ਸਰਕਾਰ ਵੱਲੋਂ)

ਨਾਮਧਾਰੀ ਅੰਤਰ-ਰਾਸ਼ਟਰੀ ਖਿਡਾਰੀ

ਉਪਰੋਕਤ ਓਲੰਪੀਅਨ ਖਿਡਾਰੀਆਂ ਤੋਂ ਬਿਨਾਂ ਨਾਮਧਾਰੀ ਹਾਕੀ ਅਕੈਡਮੀ ਨੇ ਬਹੁਤ ਸਾਰੇ ਅੰਤਰ-ਰਾਸ਼ਟਰੀ ਖਿਡਾਰੀ ਵੀ ਪੈਦਾ ਕੀਤੇ, ਜੋ ਭਾਰਤੀ ਹਾਕੀ ਟੀਮ ਦੀ ਜੂਨੀਅਰ ਤੇ ਸੀਨੀਅਰ ਵਰਗਾਂ ਵਿੱਚ ਨੁਮਾਇੰਦਗੀ ਕਰਦੇ ਰਹੇ।

ਕਾਬਲ ਸਿੰਘ - ਕਾਬਲ ਸਿੰਘ ਦਾ ਜਨਮ ਸ. ਦਰਸ਼ਨ ਸਿੰਘ ਘਰ ਹੋਇਆ। ਉਸਦਾ ਪਿੰਡ ਸ਼ੇਖੂਖੇੜਾ (ਜੀਵਨ ਨਗਰ) ਹੈ। ਕਾਬਲ ਸਿੰਘ ਅੱਜ-ਕੱਲ੍ਹ ਰੇਲਵੇ ਵਿੱਚ ਨੌਕਰੀ ਕਰਦਾ ਹੈ। ਉਸਦੀ ਪ੍ਰਮੁੱਖ ਪ੍ਰਾਪਤੀ ਹੇਠ ਲਿਖੀ ਹੈ-

1. ਸਕੂਲ ਏਸ਼ੀਅਨ ਟੂਰਨਾਮੈਂਟ, ਪਹਿਲਾ ਸਥਾਨ, ਚੰਡੀਗੜ੍ਹ - 1994

ਦੀਦਾਰ ਸਿੰਘ ਜੂਨੀਅਰ – ਦੀਦਾਰ ਸਿੰਘ ਭਾਰਤੀ ਹਾਕੀ ਟੀਮ ਵਿੱਚ ਖੇਡਦਾ ਰਿਹਾ ਹੈ, ਉਹ ਸਰਦਾਰ ਸਿੰਘ ਦਾ ਵੱਡਾ ਭਰਾ ਹੈ। ਉਸਦਾ ਜਨਮ ਪਿੰਡ ਸੰਤਨਗਰ, ਸਿਰਸਾ (ਹਰਿਆਣਾ) ਵਿਖੇ ਸ. ਗੁਰਨਾਮ ਸਿੰਘ ਦੇ ਘਰ ਹੋਇਆ। ਦੀਦਾਰ ਸਿੰਘ ਅੱਜ-ਕੱਲ੍ਹ ਇੰਡੀਅਨ ਆਇਲ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਚੈਂਪੀਅਨ ਟਰਾਫੀ, ਹਾਲੈਂਡ - 2003
2. ਏਸ਼ੀਆ ਕੱਪ, ਮਲੇਸ਼ੀਆ, ਪਹਿਲਾ ਸਥਾਨ - 2003
3. ਭਾਰਤ-ਹਾਲੈਂਡ ਟੈਸਟ ਸੀਰੀਜ਼, ਹੈਦਰਾਬਾਦ (ਭਾਰਤ) - 2004
4. ਜੂਨੀਅਰ ਭਾਰਤ-ਮਲੇਸ਼ੀਆ ਟੈਸਟ ਸੀਰੀਜ਼, ਹੈਦਰਾਬਾਦ (ਭਾਰਤ) - 2007
5. ਭਾਰਤ-ਪਾਕਿ ਟੈਸਟ ਸੀਰੀਜ਼ - 2006
6. ਕਾਮਨਵੈਲਥ ਗੇਮਜ਼, ਮੈਲਬੌਰਨ - 2006

ਅਜਮੇਰ ਸਿੰਘ – ਅਜਮੇਰ ਸਿੰਘ ਦਾ ਜਨਮ ਸ. ਲਾਲ ਸਿੰਘ ਦੇ ਘਰ ਪਿੰਡ ਸੰਤ ਨਗਰ ਵਿਖੇ ਹੋਇਆ। ਉਹ ਭਾਰਤੀ ਹਾਕੀ ਟੀਮ ਦਾ ਮੈਂਬਰ ਰਿਹਾ ਹੈ ਤੇ ਅੱਜਕਲ੍ਹ ਏਅਰ ਇੰਡੀਆ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ-

1. ਸਬ-ਜੂਨੀਅਰ ਏਸ਼ੀਆ ਕੱਪ, ਸਿੰਘਾਪੁਰ, ਪਹਿਲਾ ਸਥਾਨ - 2003
2. ਆਸਟਰੇਲੀਆ ਟੂਰ (ਜੂਨੀਅਰ) - 2004
3. ਸ਼ਮੂਲੀਅਤ ਜੂਨੀਅਰ ਵਿਸ਼ਵ ਕੱਪ (ਕੈਂਪ), ਦਿੱਲੀ - 2004
4. ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ, ਮਲੇਸ਼ੀਆ - 2005
5. ਏਸ਼ੀਅਨ ਖੇਡਾਂ, ਦੋਹਾ (ਕਤਰ) - 2006

ਸਵਿੰਦਰ ਸਿੰਘ – ਸਵਿੰਦਰ ਸਿੰਘ ਅੱਜਕਲ੍ਹ ਤਾਂ ਭਾਰਤ ਪੈਟਰੋਲੀਅਮ ਵਿੱਚ ਨੌਕਰੀ ਕਰਦਾ ਹੈ ਪਰ ਪਹਿਲਾਂ ਉਹ ਭਾਰਤੀ ਹਾਕੀ ਟੀਮ ਵਲੋਂ ਵੀ ਖੇਡਦਾ ਰਿਹਾ ਹੈ। ਉਸਦਾ ਜਨਮ ਪਿੰਡ ਸੰਤ ਨਗਰ ਵਿੱਚ ਹੋਇਆ। ਖੇਡ ਜਗਤ ਵਿੱਚ ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹਨ-

1. ਸਬ-ਜੂਨੀਅਰ ਏਸ਼ੀਆ ਕੱਪ, ਸਿੰਘਾਪੁਰ, ਪਹਿਲਾ ਸਥਾਨ - 2000
2. ਸ਼ਮੂਲੀਅਤ ਜੂਨੀਅਰ ਇੰਡੀਆ ਕੈਂਪ, ਬੰਗਲਾਦੇਸ਼ - 2001
3. ਫੋਰ ਨੇਸ਼ਨ ਟੂਰਨਾਮੈਂਟ, ਪਾਕਿਸਤਾਨ - 2005

ਗੁਰਚਰਨ ਸਿੰਘ – ਸ. ਬਲਦੇਵ ਸਿੰਘ ਦੇ ਘਰ ਪਿੰਡ ਸੰਤ ਨਗਰ ਵਿਖੇ ਗੁਰਚਰਨ ਸਿੰਘ ਦਾ ਜਨਮ ਹੋਇਆ। ਉਹ ਨਾਮਧਾਰੀ ਹਾਕੀ ਟੀਮ ਤੋਂ ਖੇਡਣਾ ਸ਼ੁਰੂ ਕਰਕੇ ਭਾਰਤੀ ਹਾਕੀ ਟੀਮ ਤੱਕ ਪੁੱਜਾ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਅਕਬਰ ਆਲ ਜ਼ੋਨ ਟੂਰਨਾਮੈਂਟ, ਮਿਸਰ (Egypt) – 2003
2. ਫੋਰ ਨੇਸ਼ਨ ਟੂਰਨਾਮੈਂਟ, ਪਾਕਿਸਤਾਨ – 2003

ਅਵਤਾਰ ਸਿੰਘ – ਅਵਤਾਰ ਸਿੰਘ ਦਾ ਪਿੰਡ ਸੰਤ ਨਗਰ ਜ਼ਿਲ੍ਹਾ ਸਿਰਸਾ ਹੈ। ਉਸਨੇ ਵੀ ਭਾਰਤੀ ਹਾਕੀ ਟੀਮ ਵਲੋਂ ਹਾਕੀ ਖੇਡੀ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਫੋਰ ਨੇਸ਼ਨ ਟੂਰਨਾਮੈਂਟ, ਪਾਕਿਸਤਾਨ – 2003
2. ਸ਼ਮੂਲੀਅਤ ਸਬ-ਜੂਨੀਅਰ ਇੰਡੀਆ ਕੈਂਪ – 2000

ਗੁਰਵਿੰਦਰ ਸਿੰਘ – ਗੁਰਵਿੰਦਰ ਦਾ ਜਨਮ ਸ. ਬਲਬੀਰ ਸਿੰਘ ਦੇ ਘਰ ਘੁੰਣਸ (ਬਰਨਾਲਾ) ਵਿਖੇ ਹੋਇਆ। ਨਾਮਧਾਰੀ ਅਕੈਡਮੀ ਦਾ ਤਰਾਸ਼ਿਆ ਹੋਇਆ ਇਹ ਖਿਡਾਰੀ ਭਾਰਤੀ ਹਾਕੀ ਟੀਮ ਵਲੋਂ ਖੇਡਦਾ ਰਿਹਾ ਹੈ। ਉਸਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਸਬ ਜੂਨੀਅਰ ਏਸ਼ੀਆ ਕੱਪ, ਬੰਗਲਾ ਦੇਸ਼, ਪਹਿਲਾ ਸਥਾਨ – 2003
2. ਸ਼ਮੂਲੀਅਤ ਜੂਨੀਅਰ ਵਿਸ਼ਵ ਕੱਪ (ਕੈਂਪ), ਦਿੱਲੀ – 2004
3. Six Nation ਟੂਰਨਾਮੈਂਟ, ਪੌਲੈਂਡ, ਪਹਿਲਾ ਸਥਾਨ – 2006
4. ਫੋਰ ਨੇਸ਼ਨ ਗੋਲਡ ਕੱਪ, ਸਿੰਘਾਪੁਰ, ਦੂਜਾ ਸਥਾਨ – 2006
5. ਭਾਰਤ-ਪਾਕਿ, ਪੰਜਾਬ ਖੇਡਾਂ, ਪਹਿਲਾ ਸਥਾਨ – 2012

ਜੋਗਾ ਸਿੰਘ – ਜੋਗਾ ਸਿੰਘ ਦਾ ਪਰਿਵਾਰ ਜਲੰਧਰ ਰਹਿੰਦਾ ਹੈ। ਉਹ ਵੀ ਵਧੀਆ ਹਾਕੀ ਖਿਡਾਰੀ ਹੈ। ਉਹ ਅੱਜ-ਕੱਲ੍ਹ ਏਅਰ ਇੰਡੀਆ ਵਿੱਚ ਨੌਕਰੀ ਕਰਦਾ ਹੈ। ਉਸ ਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. Six Nation ਟੂਰਨਾਮੈਂਟ, ਪੋਲੈਂਡ, ਜੇਤੂ – 2006
2. 4 ਨੇਸ਼ਨ ਟੂਰਨਾਮੈਂਟ, ਰੂਸ, ਪਹਿਲਾ ਸਥਾਨ – 2009
3. ਭਾਰਤ-ਪਾਕਿ ਟੈਸਟ ਸੀਰੀਜ਼, ਦੋਹਾ (ਕਤਰ), ਜੇਤੂ – 2009

ਕਰਮਜੀਤ ਸਿੰਘ – ਕਰਮਜੀਤ ਸਿੰਘ ਦਾ ਜਨਮ ਪਿੰਡ ਐਲਨਾਬਾਦ ਪਿਤਾ ਬਲਕਾਰ ਸਿੰਘ ਦੇ ਘਰ ਹੋਇਆ। ਇਸ ਨੂੰ ਵੀ ਭਾਰਤੀ ਹਾਕੀ ਟੀਮ ਵਿੱਚ ਖੇਡਣ ਦਾ ਮੌਕਾ ਮਿਲਿਆ। ਉਸਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਅੰਡਰ–21 ਭਾਰਤ–ਅਰਜਨਟੀਨਾ ਟੈਸਟ ਸੀਰੀਜ਼ (ਅਰਜਨਟੀਨਾ), ਪਹਿਲਾ ਸਥਾਨ – 2008
2. ਭਾਰਤ–ਪਾਕਿ, ਪੰਜਾਬ ਖੇਡਾਂ, ਜੇਤੂ – 2012

ਮਾਲਕ ਸਿੰਘ – ਮਾਲਕ ਸਿੰਘ ਵੀ ਨਾਮਧਾਰੀ ਹਾਕੀ ਟੀਮ ਦਾ ਤੇਜ–ਤਰਾਰ ਹਾਕੀ ਖਿਡਾਰੀ ਹੈ। ਅੱਜ–ਕੱਲ੍ਹ ਰੇਲਵੇ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਸੁਲਤਾਨ ਆਫ ਜੌਹਰ ਕੱਪ, ਮਲੇਸ਼ੀਆ, ਪਹਿਲਾ ਸਥਾਨ – 2011
2. ਜੂਨੀਅਰ ਏਸ਼ੀਆ ਕੱਪ, ਮਲੇਸ਼ੀਆ, ਦੂਜਾ ਸਥਾਨ– 2012
3. ਏਸ਼ੀਆ ਕੱਪ, ਮਲੇਸ਼ੀਆ, ਦੂਜਾ ਸਥਾਨ – 2013
4. ਏਸ਼ੀਅਨ ਚੈਂਪੀਅਨਜ਼ ਟਰਾਫੀ, ਜਪਾਨ – 2013
5. ਅਜ਼ਲਾਨ ਸ਼ਾਹ ਕੱਪ, ਮਲੇਸ਼ੀਆ – 2013
6. ਜੂਨੀਅਰ ਵਿਸ਼ਵ ਕੱਪ, ਦਿੱਲੀ – 2013

ਗੁਰਮੇਲ ਸਿੰਘ – ਗੁਰਮੇਲ ਸਿੰਘ ਵੀ ਨਾਮਧਾਰੀ ਹਾਕੀ ਅਕੈਡਮੀ ਦਾ ਤਰਾਸ਼ਿਆ ਹੋਇਆ ਵਧੀਆ ਮਿਡਫੀਲਡਰ ਹੈ। ਉਸਦਾ ਪਿੰਡ ਸੰਤ ਨਗਰ ਹੈ। ਅੱਜ–ਕੱਲ੍ਹ ਉਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਸੱਤਵਾਂ ਜੂਨੀਅਰ ਏਸ਼ੀਆ ਕੱਪ, ਤੀਜਾ ਸਥਾਨ – 2012
2. ਸੁਲਤਾਨ ਆਫ ਜੌਹਰ ਕੱਪ ਟੂਰਨਾਮੈਂਟ, ਮਲੇਸ਼ੀਆ, ਦੂਜਾ ਸਥਾਨ – 2012
3. ਲੈਂਕੋ ਇੰਟਰਨੈਸ਼ਨਲ ਸੁਪਰ ਸੀਰੀਜ਼, ਆਸਟਰੇਲੀਆ – 2012
4. ਚੈਂਪੀਅਨਜ਼ ਟਰਾਫੀ, ਮੈਲਬੌਰਨ – 2012
5. ਸੁਲਤਾਨ ਅਜ਼ਲਾਨ ਸ਼ਾਹ ਹਾਕੀ ਕੱਪ, ਮਲੇਸ਼ੀਆ – 2013
6. ਵਿਸ਼ਵ ਹਾਕੀ ਲੀਗ, ਨੀਦਰਲੈਂਡ, ਸੈਮੀਫਾਈਨਲ – 2013
7. ਨੌਵਾਂ ਏਸ਼ੀਆ ਕੱਪ, ਮਲੇਸ਼ੀਆ, ਦੂਜਾ ਸਥਾਨ – 2013
8. ਏਸ਼ੀਅਨ ਚੈਂਪੀਅਨਜ਼ ਟਰਾਫੀ, ਜਪਾਨ – 2013

ਨਾਨਕ ਸਿੰਘ – ਨਾਨਕ ਸਿੰਘ ਦਾ ਜਨਮ ਪਿੰਡ ਸੰਤ ਨਗਰ ਵਿਖੇ ਹੋਇਆ। ਨਾਨਕ ਸਿੰਘ ਵੀ ਭਾਰਤ ਵੱਲੋਂ ਖੇਡਦਾ ਰਿਹਾ ਹੈ। ਉਸਨੂੰ ਖੇਡ ਕੋਟੇ ਵਿੱਚ ਭਾਰਤ ਸਰਕਾਰ ਦੇ ਡਿਪਾਰਟਮੈਂਟ CAG ਵਿੱਚ ਸਰਕਾਰੀ ਨੌਕਰੀ ਮਿਲੀ ਹੋਈ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਭਾਰਤ–ਹਾਲੈਂਡ ਟੈਸਟ ਸੀਰੀਜ਼, ਹਾਲੈਂਡ - 2012
2. ਸ਼ਮੂਲੀਅਤ ਓਲੰਪਿਕ ਕੈਂਪ - 2012

ਹਰਪ੍ਰੀਤ ਸਿੰਘ ਨਾਗਰਾ - ਹਰਪ੍ਰੀਤ ਸਿੰਘ ਨਾਗਰਾ ਦਾ ਪਿੰਡ ਫਕੀਰਾਂ ਵਾਲੀ ਥੇੜ੍ਹੀ ਨਾਮਧਾਰੀਆਂ ਦੇ ਗੜ੍ਹ ਜੀਵਨ ਨਗਰ ਵਿੱਚ ਪੈਂਦਾ ਹੈ। ਉਹ ਹਾਕੀ ਖੇਡਣ ਦੇ ਸਿਰ ’ਤੇ ਅੱਜਕਲ੍ਹ ਕਨੇਡਾ ਸੈੱਟ ਹੈ। ਉਸ ਦੀਆਂ ਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਏਸ਼ੀਅਨ ਚੈਂਪੀਅਨਜ਼ ਟਰਾਫੀ, ਚੀਨ, ਜੇਤੂ - 2011
2. ਸੁਲਤਾਨ ਆਫ ਜੌਹਰ ਕੱਪ, ਮਲੇਸ਼ੀਆ - 2011
3. ਭਾਰਤ–ਪਾਕਿ, ਪੰਜਾਬ ਖੇਡਾਂ, ਜੇਤੂ - 2012

ਸੰਤਾ ਸਿੰਘ – ਸੰਤਾ ਸਿੰਘ ਨੇ ਵੀ ਹਾਕੀ ਜਗਤ ਵਿੱਚ ਚੰਗਾ ਨਾਮ ਚਮਕਾਇਆ ਹੈ। 2016 ਵਿੱਚ ਭਾਰਤੀ ਹਾਕੀ ਟੀਮ ਨੇ ਜੂਨੀਅਰ ਵਿਸ਼ਵ ਕੱਪ ਜਿੱਤਿਆ, ਇਹ ਉਸ ਟੀਮ ਦਾ ਮੁੱਖ ਖਿਡਾਰੀ ਸੀ। ਅੱਜਕਲ੍ਹ ਉਹ ਪੰਜਾਬ ਐਂਡ ਸਿੰਧ ਬੈਂਕ ਵਿੱਚ ਨੌਕਰੀ ਕਰਦਾ ਹੈ। ਉਸਦੀਆਂ ਪ੍ਰਮੁੱਖ ਪ੍ਰਾਪਤੀਆਂ ਹੇਠ ਲਿਖੀਆਂ ਹਨ–

1. ਜੂਨੀਅਰ ਸੁਲਤਾਨ ਆਫ ਜੌਹਰ ਕੱਪ, ਮਲੇਸ਼ੀਆ, ਪਹਿਲਾ ਸਥਾਨ - 2014
2. ਇੰਡੀਆ–ਆਸਟਰੇਲੀਆ ਜੂਨੀਅਰ ਟੈਸਟ ਸੀਰੀਜ਼, ਪਹਿਲਾ ਸਥਾਨ - 2014
3. ਵਾਹੋ ਇੰਟਰਨੈਸ਼ਨਲ ਅੰਡਰ–21, ਨੀਦਰਲੈਂਡ - 2015
4. ਸੁਲਤਾਨ ਆਫ ਜੌਹਰ ਕੱਪ ਟੂਰਨਾਮੈਂਟ, ਮਲੇਸ਼ੀਆ, ਦੂਜਾ ਸਥਾਨ- 2015
5. ਜੂਨੀਅਰ ਏਸ਼ੀਆ ਕੱਪ, ਮਲੇਸ਼ੀਆ, ਪਹਿਲਾ ਸਥਾਨ - 2015
6. ਆਸਟਰੇਲੀਆ ਹਾਕੀ ਲੀਗ - 2016
7. ਫੋਰ ਨੇਸ਼ਨ ਟੂਰਨਾਮੈਂਟ, ਸਪੇਨ - 2016
8. ਜੂਨੀਅਰ ਵਿਸ਼ਵ ਕੱਪ, ਲਖਨਊ, ਪਹਿਲਾ ਸਥਾਨ - 2016

ਅਕਾਸ਼ਦੀਪ ਸਿੰਘ– ਅਕਾਸ਼ਦੀਪ ਸਿੰਘ ਨਾਮਧਾਰੀ ਹਾਕੀ ਟੀਮ ਦੇ ਵਰਤਮਾਨ ਗਰੁੱਪ ਦਾ ਪ੍ਰਮੁੱਖ ਖਿਡਾਰੀ ਹੈ। ਉਸਦਾ ਪਿੰਡ ਸੰਤਨਗਰ ਹੈ। ਉਸਦੀ ਪ੍ਰਮੁੱਖ ਪ੍ਰਾਪਤੀ ਹੇਠ ਲਿਖੀ ਹੈ–

1. U-19 ਸਪੇਨ ਟੂਰ – 2019

ਨਾਮਧਾਰੀ ਹਾਕੀ ਖਿਡਾਰੀਆਂ ਨੇ ਭਾਰਤੀ ਹਾਕੀ ਟੀਮ ਵਿੱਚ ਖੇਡ ਕੇ ਦੇਸ਼ ਅਤੇ ਨਾਮਧਾਰੀ ਪੰਥ ਦਾ ਨਾਮ ਵਿਸ਼ਵ ਪੱਧਰ ’ਤੇ ਪ੍ਰਸਿੱਧ ਕੀਤਾ ਹੈ। ਇਸ ਤਰ੍ਹਾਂ ਨਾਮਧਾਰੀ ਹਾਕੀ ਟੀਮ ਨੇ ਹਾਕੀ ਜਗਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਹਾਕੀ ਦਾ ਦ੍ਰੋਣਾਚਾਰੀਆ : ਕੋਚ ਬਲਦੇਵ ਸਿੰਘ

–ਗੁਰਲਾਲ ਸਿੰਘ

ਚੱਲਦੇ ਮੈਚ ਵਿੱਚ ਇਕ ਮੁੰਡੇ ਨੇ ਬਾਲ ਕੰਟਰੋਲ ਕਰਦਿਆਂ ਬੜੀ ਚੁਸਤੀ ਨਾਲ ਆਪਣੇ ਸਾਥੀ ਨੂੰ ਪਾਸ ਦਿੱਤੀ। ਦਰਸ਼ਕਾਂ ਵਿੱਚ ਲੱਤ 'ਤੇ ਲੱਤ ਰੱਖ ਕੁਰਸੀ ਉੱਪਰ ਬੈਠੇ ਬਲਦੇਵ ਸਿੰਘ ਕੋਚ ਨੇ ਉੱਚੀ ਆਵਾਜ਼ ਵਿੱਚ ਮੁੰਡੇ ਨੂੰ ਸ਼ਾਬਾਸ਼ ਦਿੱਤੀ। ਕੋਚ ਦੇ ਮੂੰਹੋਂ ਤਾਰੀਫ਼ ਦੇ ਬੋਲ ਸੁਣ ਦਰਸ਼ਕਾਂ ਵਿੱਚ ਬੈਠੇ ਖਿਡਾਰੀ ਮੁੰਡੇ ਦੇ ਰਿਸ਼ਤੇਦਾਰ ਨੇ ਕੋਚ ਸਾਹਿਬ ਨੂੰ ਕਿਹਾ– "ਇਹ ਮੁੰਡਾ ਗੁਰਦਾਸਪੁਰੀਆ ਏ।"

ਇੱਕ ਦਮ ਆਪਣੀ ਨਿਗ੍ਹਾ ਮੈਚ ਵੱਲੋਂ ਹਟਾ ਮੁਫ਼ਤ ਦਾ ਗਿਆਨ ਵੰਡਣ ਵਾਲੇ ਨੂੰ ਵੇਖ ਕਿਹਾ– "ਤੂੰ ਕਿੱਥੋਂ ਦਾ ਏਂ ?"

"ਮੈਂ ਵੀ ਗੁਰਦਾਸਪੁਰ ਜ਼ਿਲ੍ਹੇ ਦਾ ਹਾਂ।"

"ਹੂੰ......, ਤੂੰ, ਮੰਨਦਾ ਹੈਂ, ਗੁਰਦਾਸਪੁਰੀਏ ਚੰਗੇ ਖਿਡਾਰੀ ਹੁੰਦੇ ਨੇ?"

ਗਿਆਨੀ ਪੁਰਸ਼ ਨੇ ਖਚਰਾ ਜਿਹਾ ਹੱਸਦੇ ਹੋਏ ਕਿਹਾ– "ਹਾਂ ਜੀ, ਇਲਾਕੇ ਦਾ ਫਰਕ ਤੇ ਪੈਂਦਾ ਹੀ ਏ।"

"ਆਹ ਜਿਹੜੇ ਤੇਰੇ ਸਾਹਮਣੇ ਖੇਡ ਰਹੇ ਨੇ ਚਿੱਟੀਆਂ ਪੱਗਾਂ ਵਾਲੇ, ਇਨ੍ਹਾਂ ਨੇ ਕਈ ਸਾਲ ਪੰਜਾਬ ਦੀ ਕਿਸੇ ਟੀਮ ਨੂੰ ਖੰਘਣ ਨਹੀਂ ਦਿੱਤਾ, ਇਹ ਕਿਹੜਾ ਗੁਰਦਾਸਪੁਰੀਏ ਨੇ?"

ਮੁਫ਼ਤੀ ਗਿਆਨੀ ਮੂੰਹ ਅੱਡੀ ਅਵਾਕ ਖੜ੍ਹਾ ਸੀ। ਕੋਚ ਸਾਹਿਬ ਨੇ ਲੰਬਾ ਸਾਰਾ ਸਾਹ ਲੈ ਕੇ ਕਿਹਾ, "ਦੇਖ, ਕਿਸੇ ਵਿਸ਼ੇਸ਼ ਇਲਾਕੇ ਦੀ ਗੱਲ ਨਹੀਂ ਹੁੰਦੀ। ਬੱਚੇ ਦੀ ਤਾਂ ਫ਼ਿਤਰਤ ਹੈ, ਖੇਡਣਾ। ਉਹਨੂੰ ਖਿਡਾਉਣਾ ਕੀ ਅਤੇ ਕਿਵੇਂ ਹੈ ? ਇਹ ਮਹੱਤਵਪੂਰਨ ਹੈ।"

'ਖਿਡਾਰੀ ਕੀ ਤੇ ਕਿਵੇਂ ਖੇਡੇ' ਦੇ ਮਾਮਲੇ ਵਿੱਚ ਬਲਦੇਵ ਕੋਚ ਤੋਂ ਜ਼ਿਆਦਾ ਭਲਾ ਕੌਣ ਜਾਣ ਸਕਦਾ ਹੈ ?

ਇੱਕ ਵਾਰੀ ਸ਼ਾਹਬਾਦ ਦੀ ਲੜਕੀਆਂ ਦੀ ਹਾਕੀ ਟੀਮ ਦਿੱਲੀ ਨਹਿਰੂ ਕੱਪ ਦੇ ਫਾਈਨਲ ਵਿੱਚ ਵਿਰੋਧੀ ਟੀਮ ਤੋਂ ਵੱਡੇ ਫਰਕ ਨਾਲ ਜਿੱਤ ਗਈ। ਮੈਚ ਸਮਾਪਤੀ 'ਤੇ ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਕੁੜੀਆਂ ਦੀ ਹੌਂਸਲਾ ਅਫਜ਼ਾਈ ਕੀਤੀ, ਪਰ ਕੋਚ ਸਾਹਿਬ ਨੂੰ ਕੁੜੀਆਂ ਦੀ ਖੇਡ ਤੋਂ ਸੰਤੁਸ਼ਟੀ ਨਾ ਹੋਈ। ਗੁੱਸੇ ਵਿੱਚ ਆਪਣੀ

ਕੁਰਸੀ ਤੋਂ ਉੱਠ, ਕੋਚ ਸਾਹਿਬ ਟੀਮ ਕੋਲ ਆ, ਵਿਸ਼ੇਸ਼ਣੀ ਭਾਸ਼ਾ ਵਿੱਚ ਪ੍ਰਵਚਨ ਕਰਨ ਲੱਗੇ। ਇਹ ਐਸੇ ਪ੍ਰਵਚਨ ਹੁੰਦੇ, ਜਿਨ੍ਹਾਂ ਨੂੰ ਸੁਣ ਬਾਹਰ ਖੜ੍ਹਾ ਸਰੋਤਾ ਵੀ ਕੰਨਾਂ 'ਚ ਉਂਗਲਾਂ ਪਾ ਲੈਂਦਾ। ਪਰ ਕੋਚ ਸਾਹਿਬ ਆਪਣੇ ਸੁਭਾਅ ਅਨੁਸਾਰ ਨਿਰੰਤਰ ਸੁਣਾ ਰਹੇ ਸਨ ਤੇ ਆਖਰ ਆਪਣਾ ਤੁਗਲਕੀ ਫਰਮਾਣ ਸੁਣਾਇਆ- "ਚਲੋ ਬਾਜੀਆਂ ਲਾਓ, ਸਾਰੇ ਗਰਾਊਂਡ 'ਚ। ਕੁੜੀਆਂ ਮੈਚ ਜਿੱਤ ਕੇ ਵੀ ਹਾਰੀ ਟੀਮ ਅਤੇ ਦਰਸ਼ਕਾਂ ਸਾਹਮਣੇ ਬਾਜੀਆਂ ਲਾ ਰਹੀਆਂ ਸਨ। ਦੂਜੇ ਪਾਸੇ ਟੂਰਨਾਮੈਂਟ ਪ੍ਰਬੰਧਕ ਕਮੇਟੀ ਪਹਿਲਾ ਇਨਾਮ ਦੇਣ ਲਈ ਬਾਰ-ਬਾਰ ਐਲਾਨ ਕਰ ਰਹੀ ਸੀ। ਪਰ ਕੋਚ ਸਾਹਿਬ ਨੂੰ ਕੌਣ ਕਹੇ, "ਇਨ੍ਹਾਂ ਨੂੰ ਮੁਆਫ਼ ਕਰ ਦੋ, ਜਾ ਕੇ ਇਨਾਮ ਲੈ ਆਉਣ।" ਕੋਚ ਸਾਹਿਬ ਨੂੰ ਜਾਨਣ ਵਾਲੇ ਸਾਰੇ ਜਾਣਦੇ ਸੀ ਕਿ 'ਸਜ਼ਾ ਤੇ ਹੁਣ ਕੁੜੀਆਂ ਨੂੰ ਪੂਰੀ ਕਰਨੀ ਹੀ ਪਵੇਗੀ ਤੇ ਇਨਾਮ ਦੇਣ ਵਾਲਿਆਂ ਨੂੰ ਲੰਬੀ ਉਡੀਕ!' ਜੇ ਕੋਚ ਸਾਹਿਬ ਇਸ ਤਰ੍ਹਾਂ ਆਪਣੇ ਫੈਸਲੇ ਬਦਲਣ ਲੱਗ ਜਾਂਦੇ ਤਾਂ ਹਾਕੀ 'ਚ ਆਮ ਗ਼ਰੀਬ ਤੇ ਅਨਾਥ ਕੁੜੀਆਂ ਓਲੰਪੀਅਨ ਖਿਡਾਰਨਾਂ ਨਾ ਬਣਦੀਆਂ।

ਭਾਰਤੀ ਖੇਡ ਜਗਤ ਨਾਲ ਜੁੜਿਆ ਹਰ ਸ਼ਖ਼ਸ ਜਾਣਦਾ ਹੈ ਕਿ ਬਲਦੇਵ ਸਿੰਘ ਕੋਚ ਦੀ ਕਸਵੱਟੀ 'ਤੇ ਜੋ ਪੂਰਾ ਉੱਤਰ ਗਿਆ, ਓ ਪਲੇਅਰ ਬਣ ਗਿਆ। ਇਸ ਕਸਵੱਟੀ 'ਤੇ ਮਾਰਾਂ ਖਾਣ ਵਾਲੇ ਖਿਡਾਰੀਆਂ ਦੇ ਤਜ਼ਰਬਿਆਂ ਦੇ ਬੜੇ ਕਿੱਸੇ ਹਨ। ਕੋਚ ਸਾਹਿਬ ਦਾ ਪ੍ਰੈਕਟਿਸ ਤੋਂ ਬਹਾਨਾ ਬਣਾਉਣ ਵਾਲਿਆਂ ਪ੍ਰਤੀ ਰਵੱਈਆ ਬੜਾ ਸਖ਼ਤ ਰਿਹਾ ਹੈ। ਜੇ ਕਿਸੇ ਮੁੰਡੇ ਜਾਂ ਕੁੜੀ ਨੇ ਆ ਕਹਿਣਾ- "ਕੋਚ ਸਾਹਬ ਪੈਰ ਜਾਂ ਲੱਤ ਦੁੱਖਦੀ ਹੈ।"

"ਪੁੱਛਣਾ ਕਿਹੜੀ ?"

"ਜੀ, ਸੱਜੀ"

"ਚੱਲ, ਖੱਬੀ ਲੱਤ ਨਾਲ ਗੇੜੇ ਲਾ, ਸੱਜੀ ਚੁੱਕ ਕੇ ਰੱਖ।"

ਜਦੋਂ ਦੋ ਤਿੰਨ ਗੇੜਿਆਂ ਤੋਂ ਬਾਅਦ ਖੱਬੀ ਲੱਤ ਜ਼ਿਆਦਾ ਦੁੱਖ ਰਹੀ ਹੁੰਦੀ ਤਾਂ ਵਾਜ ਮਾਰ ਪੁੱਛਦੇ- "ਜੇ ਹੁਣ ਸੱਜੀ ਲੱਤ ਠੀਕ ਲੱਗ ਰਹੀ ਹੈ, ਤਾਂ ਦੋਵੇਂ ਲੱਤਾਂ ਨਾਲ ਰਨਿੰਗ ਕਰ ਲੈ।" ਇਸ ਸਜ਼ਾ ਤੋਂ ਬਾਅਦ ਪਲੇਅਰ ਸਾਰੀ ਜ਼ਿੰਦਗੀ ਇਹ ਬਹਾਨਾ ਨਾ ਮਾਰਦਾ ਕਿ ਲੱਤ ਜਾਂ ਪੈਰ ਪੀੜ ਹੁੰਦਾ ਹੈ। ਖਿਡਾਰੀ ਅਨੁਸ਼ਾਸਨ ਤੋੜ ਦੇਵੇ ਇਹ ਤਾਂ ਹੋ ਨਹੀਂ ਸਕਦਾ। ਜੇ ਗਰਾਊਂਡ ਦਾ ਸਮਾਂ ਚਾਰ ਵਜੇ ਸਵੇਰੇ ਹੈ ਤਾਂ ਪਲੇਅਰ ਵੀਹ ਮਿੰਟ ਪਹਿਲਾਂ ਆ ਬੈਠੇ ਹੁੰਦੇ ਨਾਮਧਾਰੀ ਟੀਮ ਦੇ ਇੱਕ ਖਿਡਾਰੀ ਨੇ ਗੱਲਬਾਤ ਕਰਦਿਆਂ ਦੱਸਿਆ- "ਇੱਕ ਦਿਨ ਕੋਚ ਸਾਹਿਬ ਨੇ ਸਾਨੂੰ ਕਿਹਾ, ਮੈਂ ਸਵੇਰੇ ਨਹੀਂ ਆਉਣਾ, ਤੁਸੀਂ ਸਮੇਂ ਨਾਲ ਆ ਕੇ ਅਭਿਆਸ ਸ਼ੁਰੂ ਕਰ ਦੇਣਾ। ਦੂਜੇ ਦਿਨ ਸਵੇਰੇ ਨਿਸ਼ਚਿੰਤ ਹੋ

ਗਰਾਊਂਡ ਆ, ਸਟਿੱਕ ਬੈਗ ਰੱਖ, ਬੈਠ ਗਏ, ਗੱਪਾਂ ਮਾਰਨ। ਸੂਰਜ ਚੜ੍ਹ ਆਇਆ, ਪਰ ਸਾਡੇ ਵਿੱਚੋਂ ਕਿਸੇ ਨੇ ਵੀ ਬੈਗ ਵਿੱਚੋਂ ਹਾਕੀ ਤੱਕ ਨਾ ਕੱਢੀ, ਨਾ ਬੂਟ ਪਾਏ। ਜਿਸ ਰੁੱਖ ਥੱਲੇ ਅਸੀਂ ਸਾਰੇ ਮੂੰਹ ਹਨ੍ਹੇਰੇ ਆ ਬੈਠੇ ਸੀ, ਹੁਣ ਸੂਰਜ ਦੀਆਂ ਕਿਰਨਾਂ ਨਾਲ ਗਰਮੀ ਵੱਧਦੀ ਵੇਖ, ਆਰਾਮ ਫ਼ਰਮਾਣ ਲਈ ਸਾਡੇ ਇੱਕ ਸਾਥੀ ਨੇ ਲੰਮੇ ਪੈ ਲੱਕ ਸਿੱਧਾ ਕਰਨ ਲਈ ਜਦੋਂ ਸਿਰ ਧਰਤੀ ਨਾਲ ਲਾਇਆ ਤਾਂ ਰੁੱਖ ਦੀ ਇੱਕ ਟਾਹਣੀ 'ਤੇ ਕੋਚ ਸਾਹਬ ਬੈਠੇ ਨਜ਼ਰ ਆਏ। ਫਿਰ ਕੀ ਸੀ–

ਵੋਹ ਆਏ ਮਹਿਫ਼ਲ ਮੇਂ ਇਤਨਾ ਤੋ ਮੀਰ ਨੇ ਦੇਖਾ
ਉਸ ਕੇ ਬਾਅਦ ਚਿਰਾਗੋਂ ਮੇ ਰੌਸ਼ਨੀ ਨਾ ਰਹੀ।

ਅਨਮੋਲਕ ਸਿੰਘ ਦੱਸਦਾ ਹੈ ਕਿ ਇੱਕ ਵਾਰੀ ਜਰਖੜ ਟੂਰਨਾਮੈਂਟ ਵਿੱਚ ਵਿਰੋਧੀ ਟੀਮ ਬਹੁਤ ਮਾੜੀ ਸੀ। ਅਸੀਂ ਸੋਚਿਆ ਕਾਹਦੇ ਲਈ ਜ਼ੋਰ ਲਾਉਣਾ ਹੈ। ਅਗਲੇ ਮੈਚਾਂ ਵਿੱਚ ਲਾਵਾਂਗੇ। ਨਾਲੇ ਕੋਚ ਸਾਹਿਬ ਕਿਹੜਾ ਨਾਲ ਆਏ ਸੀ? ਇਸ ਕਰਕੇ ਅਸੀਂ ਖੜ੍ਹੇ-ਖੜ੍ਹੇ ਹੀ ਇੱਕ ਦੂਜੇ ਨੂੰ ਪਾਸ ਦੇ ਟਾਈਮ ਪਾਸ ਕਰਨ ਲੱਗੇ। ਅਜੇ ਦਸ ਮਿੰਟ ਹੋਏ ਸੀ ਕਿ ਸਾਡੇ ਕਿਸੇ ਸਾਥੀ ਦੀ ਨਜ਼ਰ ਦਰਸ਼ਕਾਂ ਵਿੱਚ ਬੈਠੇ ਕੋਚ ਸਾਹਿਬ 'ਤੇ ਜਾ ਪਈ। ਅਸੀਂ ਇੱਕ ਦਮ ਆਪਣੀ ਗੇਮ ਖੇਡਣ ਲੱਗ ਪਏ। ਕੋਚ ਸਾਹਿਬ ਦੇ ਅੱਗੇ ਕਦੇ ਕਿਸੇ ਦੀ ਦਲੀਲ-ਅਪੀਲ-ਵਕੀਲ ਨਹੀਂ ਚੱਲਦੀ। ਕੋਚ ਸਾਹਿਬ ਨੇ ਆਪਣੀਆਂ ਸੇਵਾਵਾਂ ਲਈ ਬਹੁਤਾ ਸਮਾਂ ਨਾਮਧਾਰੀ ਸਪੋਰਟਸ ਅਕੈਡਮੀ ਅਤੇ ਸ਼ਾਹਬਾਦ ਨੂੰ ਦਿੱਤਾ। ਇਨ੍ਹਾਂ ਦੋਵਾਂ ਟੀਮਾਂ ਦੇ ਰਿਜ਼ਲਟ ਤੋਂ ਤੁਸੀਂ ਕੋਚ ਸਾਹਬ ਦੀ ਮਹਾਨਤਾ ਦਾ ਅੰਦਾਜ਼ਾ ਲਾ ਸਕਦੇ ਹੋ। ਇਸ ਤਰ੍ਹਾਂ ਦੇ ਮਹੱਤਵਕਾਂਸੀ ਕੋਚ ਦੀ ਪ੍ਰਤਿਭਾ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਈ ਸਾਲ ਪਹਿਲਾਂ ਹੀ ਪਛਾਣ ਲਿਆ ਸੀ। ਇਸ ਕਰਕੇ ਨਾਮਧਾਰੀ ਟੀਮ ਦੀ ਵਾਗਡੋਰ ਇਨ੍ਹਾਂ ਦੇ ਹਵਾਲੇ ਕੀਤੀ ਗਈ। ਬਹੁਤ ਸਾਰੇ ਟਾਈਟਲ ਨਾਮਧਾਰੀ ਟੀਮ ਨੇ ਕੋਚ ਸਾਹਬ ਦੀ ਅਗਵਾਈ ਅਧੀਨ ਪ੍ਰਾਪਤ ਕੀਤੇ।

ਇੱਕ ਟੂਰਨਾਮੈਂਟ ਤੋਂ ਬਾਅਦ ਨਾਮਧਾਰੀ ਟੀਮ ਵੱਡੀ ਸਾਰੀ ਟਰਾਫੀ ਅਤੇ ਇਨਾਮੀ ਰਾਸ਼ੀ ਦੇ ਚੈੱਕ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਆਈ। ਕੋਚ ਸਾਹਿਬ ਨੇ ਦੱਸਿਆ, "ਗੁਰੂ ਜੀ, ਆਪ ਜੀ ਦੀ ਕਿਰਪਾ ਨਾਲ ਸਾਰੇ ਮੁੰਡੇ ਟੂਰਨਾਮੈਂਟ ਵਿੱਚ ਬਹੁਤ ਚੰਗਾ ਖੇਡੇ।" ਤੇ ਚੈੱਕ ਚਰਨਾਂ ਵਿਚ ਧਰਦਿਆਂ ਕਿਹਾ, "ਇਹ ਮੁੰਡਿਆਂ ਦਾ ਇਨਾਮ ਆਪ ਜੀ ਆਪਣੇ ਹੱਥਾਂ ਨਾਲ ਮੁੰਡਿਆਂ ਨੂੰ ਦਵੋ।"

ਸਤਿਗੁਰੂ ਜੀ ਬਚਨ ਕੀਤਾ, "ਕੋਚ ਸਾਹਿਬ! ਤੁਹਾਡਾ ਇਨਾਮ?"

ਇਸ ਤੋਂ ਪਹਿਲਾਂ ਕਿ ਕੋਈ ਹੋਰ ਬੋਲਦਾ, ਸਤਿਗੁਰੂ ਜੀ ਨੇ ਸੇਵਕ ਭੇਜ ਇੱਕ ਸੋਨੇ ਦੀ ਚੈਨ ਅਤੇ ਇੱਕੀ ਹਜ਼ਾਰ ਰੁਪਇਆ ਮੰਗਵਾ ਕੇ, ਕੋਚ ਸਹਿਬ ਨੂੰ ਭੇਟ ਕੀਤਾ। ਕੋਚ ਸਾਹਿਬ ਨੇ ਸੋਨੇ ਦੀ ਚੈਨ ਅਸ਼ੀਰਵਾਦ ਵਜੋਂ ਰੱਖ ਲਈ, ਪਰ ਪੈਸੇ ਸਤਿਗੁਰੂ ਜੀ

ਨੂੰ ਵਾਪਸ ਮੱਥਾ ਟੇਕ ਦਿੱਤੇ। ਸਤਿਗੁਰੂ ਜੀ ਸਮੇਤ ਹਰ ਹਾਕੀ ਪ੍ਰੇਮੀ ਜਾਣਦਾ ਹੈ ਕਿ ਜਿੰਨਾ ਜ਼ੋਰ ਮੈਚ ਵਿੱਚ ਖਿਡਾਰੀ ਲਾ ਰਹੇ ਹੁੰਦੇ ਹਨ, ਉਸ ਨਾਲੋਂ ਦੂਣਾ ਜ਼ੋਰ ਆਪਣੀ ਟੀਮ ਲਈ ਬਲਦੇਵ ਕੋਚ ਬਾਹਰੋਂ ਲਾ ਦਿੰਦਾ ਹੈ। ਆਪਣੇ ਬਹੁਤਾ ਬੋਲਣ ਬਾਰੇ ਦੱਸਦਿਆਂ ਹੋਇਆਂ ਕੋਚ ਸਾਹਿਬ ਨੇ ਪੱਤਰਕਾਰ ਅਮਰਿੰਦਰ ਗਿੱਦਾ ਨੂੰ ਕਿਹਾ- "ਮੈਚ ਜਿਤਾਉਣ ਲਈ ਕੋਚ ਦਾ ਵੀ ਪੂਰਾ ਜ਼ੋਰ ਲੱਗਦਾ ਹੈ ਤੇ ਹੱਸਦਿਆਂ ਕਿਹਾ, ਮੈਂ ਤਾਂ ਕੁਝ ਜ਼ਿਆਦਾ ਹੀ ਬੋਲਦਾਂ, ਲੋਕ ਵੀ ਕਹਿੰਦੇ ਨੇ ਰੌਲਾ ਬਹੁਤ ਪਾਉਂਦੈ, ਪਰ ਜਿਸ ਦਿਨ ਮੈਂ ਰੌਲਾ ਪਾਉਂਦਾ ਡਿੱਗ ਗਿਆ, ਮੁੜ ਨਾ ਉੱਠਿਆ ਤਾਂ ਉਸ ਦਿਨ ਸ਼ਾਇਦ ਯਾਦ ਕਰਨਗੇ।"

ਇਹ ਗੱਲ ਬਿਲਕੁਲ ਠੀਕ ਹੈ ਹਾਕੀ ਦੇ ਇਤਿਹਾਸ ਵਿੱਚ ਕੋਚ ਸਾਹਿਬ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਰਹੇਗਾ। ਬਲਦੇਵ ਕੋਚ ਇੱਕ ਕ੍ਰਾਂਤੀਕਾਰੀ ਸ਼ਖ਼ਸ ਹੈ। ਜਿਸ ਤਰ੍ਹਾਂ ਭਾਰਤ ਵਿੱਚ ਕੁੜੀਆਂ ਦੀ ਹਾਕੀ ਵਿੱਚ ਪਰਿਵਰਤਨ ਆਇਆ ਹੈ, ਇਹ ਗੱਲ ਕਿਸੇ ਵੀ ਖੇਡ ਪ੍ਰੇਮੀ ਤੋਂ ਲੁਕੀ ਹੋਈ ਨਹੀਂ। ਹਰਿਆਣਾ ਸਰਕਾਰ ਨੇ ਜਦੋਂ ਕੋਚ ਸਾਹਿਬ ਨੂੰ ਨੌਕਰੀ ਦਿੱਤੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਅਕੈਡਮੀ ਨਾਲ ਟਿਕੇ ਰਹਿਣ ਲਈ ਵੱਧ ਪੈਸਿਆਂ ਦੀ ਪੇਸ਼ਕਸ਼ ਵੀ ਕੀਤੀ, ਪਰ ਕੋਚ ਸਾਹਿਬ ਸਰਕਾਰੀ ਨੌਕਰੀ ਕਰਨ ਦਾ ਮਨ ਬਣਾ ਚੁੱਕੇ ਸਨ। ਪਰ ਇੱਕ ਰਸਤਾ ਨਿਕਲ ਆਇਆ, ਕੋਚ ਸਾਹਿਬ ਨੇ ਪੋਸਟਿੰਗ ਸਿਰਸਾ ਕਰਾ ਲਈ ਤੇ ਜੀਵਨ ਨਗਰ ਆ ਨਾਮਧਾਰੀ ਮੁੰਡਿਆਂ ਨੂੰ ਕੋਚਿੰਗ ਦਿੰਦੇ ਰਹੇ। ਨੌਕਰੀ ਦਾ ਸਮਾਂ 2008 ਵਿੱਚ ਪੂਰਾ ਹੋ ਗਿਆ ਪਰ ਹਰਿਆਣਾ ਸਰਕਾਰ ਇਕ -ਇਕ ਕਰਕੇ ਅੱਠ ਸਾਲ extension ਦਿੰਦੀ ਰਹੀ। ਹਰਿਆਣਾ ਸਰਕਾਰ ਖੇਡ ਜਗਤ ਵਿੱਚ ਸ਼ਾਹਬਾਦ ਦਾ ਨਾਮ ਪੂਰੀ ਦੁਨੀਆਂ ਵਿੱਚ ਚਮਕਾਉਣ ਵਾਲੇ ਕੋਚ ਨੂੰ ਗਵਾਉਣਾ ਨਹੀਂ ਚਾਹੁੰਦੀ ਸੀ ਆਖਰ ਕੋਚ ਸਾਹਬ ਨੇ ਆਪ ਹੀ ਸੇਵਾ ਮੁਕਤੀ ਲਈ। ਕੋਚ ਸਾਹਬ ਨੂੰ ਇਹ ਮਾਣ ਪ੍ਰਾਪਤ ਹੈ ਕਿ ਉਹਨਾਂ ਦੇ ਪੰਜ ਸ਼ਗਿਰਦ ਭਾਰਤੀ ਹਾਕੀ ਟੀਮ ਦੇ ਕਪਤਾਨ ਬਣੇ। ਇਨ੍ਹਾਂ ਸਾਰੀਆਂ ਸੇਵਾਵਾਂ ਨੂੰ ਮੁੱਖ ਰੱਖ 2009 ਈ. ਵਿੱਚ ਭਾਰਤ ਸਰਕਾਰ ਨੇ ਉਹਨਾਂ ਨੂੰ ਦਰੋਣਾਚਾਰੀਆ ਐਵਾਰਡ ਦਿੱਤਾ। ਇੱਕ ਹੋਰ ਐਵਾਰਡ ਦਾ ਜ਼ਿਕਰ ਕਰਦੇ ਹੋਏ ਕੋਚ ਸਾਹਿਬ ਕਹਿੰਦੇ ਹਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਿੱਤੀ ਹੋਈ ਸੋਨੇ ਦੀ ਚੈਨ ਮੈਂ ਅੱਜ ਵੀ ਸਾਂਭ ਰੱਖੀ ਹੋਈ ਹੈ ਤੇ ਘਰ ਵਾਲਿਆਂ ਨੂੰ ਕਿਹਾ ਹੈ "ਮੇਰੇ ਇਸ ਸੰਸਾਰ ਤੋਂ ਜਾਣ ਬਾਅਦ ਵੀ ਇਸ ਨੂੰ ਨਾ ਵੇਚਿਆ ਜਾਵੇ ਇਹ ਗੁਰੂ ਜੀ ਦੀ ਨਿਸ਼ਾਨੀ ਹੈ, ਜੋ ਉਹਨਾਂ ਮੈਨੂੰ ਖ਼ੁਸ਼ ਹੋ ਦਿੱਤੀ।"

ਭਾਰਤੀ ਸੰਸਕ੍ਰਿਤੀ ਦੀ ਪਛਾਣ: ਨਾਮਧਾਰੀ ਹਾਕੀ ਟੀਮ

-ਗੁਰਮੁਖ ਸਿੰਘ ਰਹਿਬਰ
(ਸਾਬਕਾ ਮੈਨੇਜਰ, ਨਾਮਧਾਰੀ ਹਾਕੀ ਟੀਮ)

ਨਾਮਧਾਰੀ ਹਾਕੀ ਟੀਮ ਗਰੀਬ ਨਿਵਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਹੀ ਸੀ। ਸਤਿਗੁਰੂ ਜੀ ਦੀ ਕਿਰਪਾ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹੁੰਦੇ ਸਨ ਕਿ ਜੇਕਰ ਨਾਮ-ਸਿਮਰਨ ਹੈ, ਸਿੱਖੀ ਕਾਇਮ ਹੈ ਤਾਂ ਹਾਕੀ ਟੀਮ ਹੈ, ਜੇਕਰ ਨਾਮ ਸਿਮਰਨ ਨਹੀਂ ਰਿਹਾ, ਮਰਿਯਾਦਾ ਨਾ ਰਹੀ ਤਾਂ ਹਾਕੀ ਟੀਮ ਦਾ ਕੋਈ ਮਤਲਬ ਨਹੀਂ।

ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ॥

ਉਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖਿਡਾਰੀਆਂ ਨੂੰ ਸਿੱਖੀ-ਸਰੂਪ ਵਿਚ ਸਾਬਤ-ਸੂਰਤ ਵੇਖਣਾ ਚਾਹਿਆ ਤਾਂ ਹਾਕੀ ਟੀਮ ਵਜੂਦ ਵਿੱਚ ਆਈ। ਸ੍ਰੀ ਸਤਿਗੁਰੂ ਜੀ ਨੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਵਿੱਚ ਹਾਕੀ ਦੀ ਸ਼ੁਰੂਆਤ ਕਰਵਾਈ। ਪਹਿਲੇ ਕੋਚ ਸ. ਪਾਲ ਸਿੰਘ ਜੀ ਸਨ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਵੱਧ ਤੋਂ ਵੱਧ ਬੱਚੇ ਹਾਕੀ ਖੇਡਣ। ਸੋ ਇਸ ਕਰਕੇ ਬਹੁਤ ਸਾਰੇ ਬੱਚਿਆਂ ਨੇ ਹਾਕੀ ਸ਼ੁਰੂ ਕੀਤੀ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਪੰਜ ਬੱਚੇ ਪਟਿਆਲੇ ਭੇਜੇ Selection ਵਾਸਤੇ ਕਿ ਕੋਈ ਨਾ ਕੋਈ Select ਹੋ ਜਾਵੇ। ਉੱਥੇ ਜਿਹੜਾ ਕੋਚ ਸੀ, ਉਹ ਸਰਦਾਰ ਜੀ ਸਨ, ਉਸਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਨਿੱਕਰ ਪਾਉਗੇ ਤਾਂ ਹੀ ਮੈਦਾਨ ਵਿੱਚ ਆ ਸਕਦੇ ਹੋ। ਇਹ ਸੁਣ ਕੇ ਸਤਿਗੁਰੂ ਜੀ ਨੂੰ ਇਹ ਵਿਚਾਰ ਆਇਆ ਕਿ ਅਸੀਂ ਪੂਰੀ ਦੀ ਪੂਰੀ ਟੀਮ ਹੀ ਸਿੱਖੀ-ਸਰੂਪ ਵਾਲੀ ਬਣਾਵਾਂਗੇ।

ਇਹ ਇੱਕ ਨਾਮਧਾਰੀ ਟੀਮ ਸ਼ੁਰੂ ਕਰਨ ਦਾ ਕਾਰਨ ਬਣਿਆ। ਸ੍ਰੀ ਜੀਵਨ ਨਗਰ ਤੇ ਸੰਤ ਨਗਰ ਤੋਂ ਚੁਣ ਕੇ ਬੱਚੇ ਹਾਕੀ ਖੇਡਣ ਵਾਸਤੇ ਰੱਖੇ। ਨਾਲ ਦੀ ਨਾਲ ਪੜ੍ਹਾਈ ਵੀ ਜਾਰੀ ਰੱਖੀ। ਸ੍ਰੀ ਸਤਿਗੁਰੂ ਜੀ ਨੇ ਕੋਚ ਦੀ ਚੋਣ ਵੀ ਆਪ ਹੀ ਕੀਤੀ। ਪਹਿਲਾਂ ਫੌਜੀ ਹਰਬੰਸ ਸਿੰਘ ਜੀ ਨੂੰ Manager ਨਿਯੁਕਤ ਕੀਤਾ ਗਿਆ। 1976 ਈ. ਵਿੱਚ ਫੌਜੀ ਸਾਹਿਬ ਨੇ ਟੀਮ ਦੀ ਸੇਵਾ ਸ਼ੁਰੂ ਕੀਤੀ, ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1980 ਵਿੱਚ ਮੈਨੂੰ ਹੁਕਮ ਕੀਤਾ ਕਿ ਸਾਡੀ ਹਾਕੀ ਟੀਮ ਬਿਨਾਂ ਕੋਚ ਤੇ Manager ਤੋਂ ਘੁੰਮ ਰਹੀ ਹੈ। ਗੁਰਮੁਖ ਸਿੰਘ ਜੀ ਤੁਸੀਂ 2-4 ਮਹੀਨਿਆਂ ਲਈ ਟੀਮ ਨੂੰ ਸਾਂਭੋ। ਮੈਂ ਸਤ ਬਚਨ ਕਰਕੇ ਕੰਮ ਸ਼ੁਰੂ ਕਰਦਿਆਂ, ਇੱਕ ਯੋਗ ਕੋਚ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਸ. ਮੇਜਰ ਸਿੰਘ ਕੋਚ ਦਾ ਪਤਾ ਕੀਤਾ, ਪਰ ਉਹ ਗੁਰੂ ਜੀ

ਨੂੰ ਜਵਾਬ ਦੇ ਗਿਆ। ਫਿਰ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਤੇ ਸੰਤ ਤਰਸੇਮ ਸਿੰਘ ਜੀ ਨੂੰ ਗੱਡੀ ਦੇ ਕੇ ਭੇਜਿਆ ਪਨਿਹਾਰੀ ਤੋਂ ਸੰਤ ਜਗਤਾਰ ਜੀ ਦੇ ਚਾਚੇ ਸ. ਗੁਰਦਿਆਲ ਸਿੰਘ ਜੋ ਕਿ ਫੌਜੀ ਰਿਟਾਇਰ ਸਨ, ਨੂੰ ਲਿਆਉਣ ਵਾਸਤੇ ਹੁਕਮ ਕੀਤਾ। ਸਤਿਗੁਰੂ ਜੀ ਹੁਕਮ ਕੀਤਾ ਕਿ ਇਹ ਬੰਦਾ ਬਹੁਤ ਵਧੀਆ ਹੈ। ਅਸੀਂ ਉਹਨਾਂ ਨੂੰ ਲਿਆ ਕੇ ਗਰਾਊਂਡ ਵਿਚ ਪ੍ਰੈਕਟਿਸ ਸ਼ੁਰੂ ਕੀਤੀ। ਪਰ ਕੋਚ ਸਹਿਬ ਕਹਿਣ ਲੱਗੇ ਕਿ "ਕੰਮ ਬੜਾ ਖਰਾਬ ਹੈ ਰਹਿਬਰ ਸਾਹਿਬ! ਸਤਿਗੁਰੂ ਜੀ ਤੋਂ ਪੁੱਛ ਕੇ, ਕਿਤੇ ਬਾਹਰ (ਮੰਡੀ ਹਿਮਾਚਲ) ਕੈਂਪ ਲਾਈਏ, ਫਿਰ ਗੱਲ ਬਣੇਗੀ।" ਅਸੀਂ ਆਗਿਆ ਲੈ ਕੇ ਮੰਡੀ ਟੀਮ ਲੈ ਕੇ ਚਲੇ ਗਏ। ਇਕ ਮਹੀਨਾ ਮੰਡੀ ਤੇ 15 ਦਿਨ ਮਨਾਲੀ ਜਾ ਕੇ ਟੀਮ ਦਾ ਮੂੰਹ ਮੁੜੰਗਾ ਠੀਕ ਕੀਤਾ ਤੇ ਆਉਂਦਿਆਂ ਹੀ ਚੰਡੀਗੜ ਵਿੱਚ ਗੁਰਮੀਤ ਹਾਕੀ ਟੂਰਨਾਮੈਂਟ ਸੀ।

ਅਸੀਂ ਪਹਿਲੇ ਮੈਚ ਲਈ ਆਗਿਆ ਲੈ ਕੇ ਗਏ ਤਾਂ ਸਤਿਗੁਰੂ ਜੀ ਹੁਕਮ ਕੀਤਾ ਕਿ ਖੇਡ ਵਧੀਆ ਹੋਣੀ ਚਾਹੀਦੀ ਏ ਨਾ ਕਿ ਜਿੱਤ। ਦੋ ਮੈਚਾਂ ਤੋਂ ਬਾਅਦ ਟੀਮ ਨੂੰ ਦੇਖਣ ਲਈ ਪਬਲਿਕ ਵੱਧ ਆਉਣ ਲੱਗੀ। ਜਿਦਬਾਜੀ ਹੋ ਗਈ, ਤੀਜਾ ਮੈਚ ਸਾਡਾ EME ਨਾਲ ਸੀ, ਆਪਣੀ ਟੀਮ 4-0 ਨਾਲ ਜਿੱਤੀ। ਅਖੀਰ Semi final ਮੈਚ Punjab Police ਨਾਲ ਪੈ ਗਿਆ। ਉਹਨਾਂ ਨੇ 6 ਖਿਡਾਰੀ ਦਿੱਲੀਓਂ ਬੁਲਾਏ ਕਿ ਸਾਡਾ ਮੈਚ ਨਾਮਧਾਰੀ ਟੀਮ ਨਾਲ ਪੈ ਗਿਆ ਹੈ। ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਜਦੋਂ ਟੀਮ ਮੈਦਾਨ ਵਿੱਚ ਦਾਖਲ ਹੋਈ ਤਾਂ ਹਰ ਪਾਸੇ ਨਾਮਧਾਰੀ ਬਾਬਿਆਂ ਦੀ ਟੀਮ ਦੇ ਚਰਚੇ ਸਨ। ਸਾਰਾ ਚੰਡੀਗੜ੍ਹ ਜਿਵੇਂ ਮੈਚ ਵੇਖਣ ਆ ਗਿਆ ਸੀ। ਸਾਡੀ ਟੀਮ ਦੇ ਇੱਕ ਗੱਲ ਸੀ ਕਿ Play to the whistle only ਝਗੜਾ ਨਹੀਂ ਕਰਨਾ। ਸ਼ੁਰੂ ਤੋਂ ਪਹਿਲਾਂ ਅਰਦਾਸ ਕਰਨੀ, ਫਿਰ ਸਮਾਪਤੀ ਤੇ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉੱਚੀ ਉੱਚੀ ਜੈਕਾਰੇ ਲਗਾਉਣੇ। ਬੇਸ਼ੱਕ ਅਸੀਂ 0-1 ਨਾਲ ਹਾਰ ਗਏ ਪਰ ਟੀਮ ਦਾ ਇੱਕ ਨਾਮ ਪੈਦਾ ਹੋ ਗਿਆ, ਜੋ ਸ੍ਰੀ ਸਤਿਗੁਰੂ ਜੀ ਚਾਹੁੰਦੇ ਸਨ। ਸਵੇਰੇ ਨਾਮ ਸਿਮਰਨ ਕਰਨਾ, ਸ਼ਾਮ ਨੂੰ ਕੀਰਤਨ ਸੋਹਿਲਾ ਪੜ੍ਹ ਕੇ ਸੌਣਾ। ਇਹ ਸਾਡਾ ਨਿਤਨੇਮ ਸੀ। ਸ੍ਰੀ ਸਤਿਗੁਰੂ ਜੀ ਦੀ ਹੀ ਸਾਰੀ ਕਿਰਪਾ ਸੀ ਕਿ ਬੱਚਿਆਂ ਨੂੰ ਇੱਕ ਗੱਲ ਸਿਖਾਈ ਸੀ ਕਿ ਜਿੱਤ ਜਾਂ ਹਾਰ ਸਤਿਗੁਰੂ ਜੀ ਨੇ ਦੇਣੀ ਹੈ, ਆਪਾਂ ਵਧੀਆ ਖੇਡਣਾ ਹੈ।

ਇਸ ਤੋਂ ਬਾਅਦ ਛੋਟੇ ਵੱਡੇ ਮੈਚ ਖੇਡਦੇ ਰਹੇ ਸਤਿਗੁਰੂ ਜੀ ਦੀ ਰਜ਼ਾ ਮੁਤਾਬਿਕ ਜਿੱਤ-ਹਾਰ ਮਿਲੀ। 1982 ਵਿੱਚ ਨੈਸ਼ਨਲ ਹੋ ਰਹੀ ਸੀ, ਜਬਲਪੁਰ। ਅਰਜ਼ ਕੀਤੀ ਤਾਂ ਹੁਕਮ ਹੋਇਆ- "ਅਰਦਾਸ ਕਰਕੇ ਖੇਡਿਓ।" ਸੀਟਾਂ ਬੁਕ ਕਰਵਾਈਆਂ। ਇੱਕ ਦਿਨ ਪਹਿਲਾਂ ਮੈਂ ਮਾਇਆ ਦੀ ਅਰਜ਼ ਕੀਤੀ ਤਾਂ ਸਤਿਗੁਰੂ ਜੀ ਕਹਿੰਦੇ ਮੇਰੇ ਕੋਲ ਤੇ ਹੈ ਨਹੀਂ। ਮੈਂ ਚੁੱਪ ਕਰਕੇ ਵਾਪਸ ਆ ਗਿਆ। ਕੋਚ ਸਾਹਿਬ ਪਿੰਡ ਗਏ ਹੋਏ ਸਨ, ਤਿਆਰੀ ਕਰਨ। ਮੈਂ ਟੀਮ ਨੂੰ ਖਿਡਾ ਰਿਹਾ ਸੀ। ਗਰੀਬ ਨਿਵਾਜ ਜੀ ਗਰਾਊਂਡ

ਵਿੱਚ ਆ ਗਏ। ਪੂਰਬਾ ਜੀ ਨੇ ਮੈਨੂੰ ਆਵਾਜ਼ ਮਾਰੀ, ਮੈਚ ਫਸਿਆ ਹੋਇਆ ਸੀ, ਮੈਂ ਲਾਂਗ ਵਿਸਲ ਮਾਰ ਕੇ ਗੇਮ ਰੋਕ ਦਿੱਤੀ। ਸਾਰੇ ਬੱਚਿਆਂ ਜੋੜੇ ਲਾਹ ਕੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਪੂਰਬਾ ਜੀ ਨੂੰ ਇਸ਼ਾਰਾ ਕੀਤਾ। ਪੂਰਬਾ ਜੀ ਨੇ ਮੇਰੀ ਜੇਬ ਵਿੱਚ ਮਾਇਆ ਪਾ ਦਿੱਤੀ। ਮੇਰਾ ਮਤਲਬ ਕਹਿਣ ਤੋਂ ਇਹ ਹੈ ਕਿ ਸ੍ਰੀ ਸਤਿਗੁਰੂ ਜੀ ਨੂੰ ਹਾਕੀ ਟੀਮ ਦੀ ਬਹੁਤ ਚਿੰਤਾ ਸੀ। ਦੁਪਹਿਰ ਵੇਲੇ ਪੈਸੇ ਹੈ ਨਹੀਂ, ਕਿੱਥੋਂ ਲਿਆਂਦੇ ਸ਼ਾਮ ਨੂੰ ਪਤਾ ਨਹੀਂ, ਪਰ ਮਾਇਆ ਹਾਜ਼ਰ ਹੈ। ਸਤਿਗੁਰੂ ਜੀ ਨੇ ਕਿਰਪਾ ਕੀਤੀ ਸਾਰੀ ਟੀਮ ਨੂੰ ਨਿਹਾਰਦੇ ਹੋਏ ਹੁਕਮ ਕੀਤਾ ਕਿ ਨਿਤਨੇਮ ਤੇ ਅੰਮ੍ਰਿਤ ਵੇਲੇ ਉੱਠਣਾ ਨਹੀਂ ਛੱਡਣਾ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨਗੇ।

ਅਸੀਂ ਜਬਲਪੁਰ ਚਲੇ ਗਏ। ਅਸੀਂ ਠਿਕਾਣਾ ਇੱਕ ਧਰਮਸ਼ਾਲਾ ਦੇ ਨੇੜੇ ਕੀਤਾ ਕਿਉਂਕਿ ਅਸੀਂ ਪਾਣੀ ਖੂਹੀ ਦਾ ਹੀ ਵਰਤਦੇ ਸੀ। ਤਿੰਨ ਮੈਚ ਅਸੀਂ ਸਤਿਗੁਰੂ ਜੀ ਦੀ ਕਿਰਪਾ ਨਾਲ ਜਿੱਤ ਗਏ। ਟੀਮ ਦਾ Discipline ਬਹੁਤ ਵਧੀਆ ਸੀ। ਸਾਰਾ ਸ਼ਹਿਰ ਸਾਡਾ ਮੈਚ ਦੇਖਣ ਆਉਂਦਾ। ਸਾਡਾ Semifinal ਮੈਚ Punjab ਨਾਲ ਪੈ ਗਿਆ। ਮੈਚ ਸ਼ੁਰੂ ਹੋਇਆ, ਉਹਨਾਂ ਦੇ ਕੋਚ ਤੇ Manager ਪਹਿਲਾਂ ਹੀ ਥੋੜ੍ਹੇ ਜਿਹੇ ਸਾਡੇ 'ਤੇ ਔਖੇ ਸਨ। ਉਹ ਕਹਿੰਦੇ- ਅੱਜ 'ਗੜਵੇ' ਤੇ 'ਬਾਜ਼' ਦਾ ਮੁਕਾਬਲਾ ਹੈ, ਪਤਾ ਲੱਗ ਜਾਏਗਾ। ਉਹਨਾਂ ਦੇ ਲੜਕੇ ਨੇ ਸਾਡੇ ਮੁੰਡੇ ਗੁਰਨਾਮ ਦੇ ਗਿੱਟੇ ਤੇ ਹਾਕੀ ਮਾਰੀ, ਫਿਰ ਬਾਈ ਦੇ, ਫਿਰ ਗੁਰਮੇਜ ਦੇ। ਅਸੀਂ ਸਾਰੇ ਸਾਈਡ ਤੇ ਖੜ੍ਹੇ ਜੋ ਕੇ ਵੇਖ ਰਹੇ ਸਾਂ, ਪਰ ਸਾਡੇ ਵੱਲੋਂ ਇਹੀ ਸੀ ਕਿ Play to the whistle ਪਰ ਮੈਚ ਰੁਕ ਗਿਆ। ਲੋਕਾਂ ਨੇ ਰੌਲਾ ਪਾ ਦਿੱਤਾ ਕਿ ਪੰਜਾਬ ਦੀ ਟੀਮ ਨੂੰ Scratch ਕਰੋ, ਫਿਰ Saini Sahib ਕਹਿਣ ਲੱਗੇ ਅੱਗੇ ਤੋਂ ਅਸੀਂ ਕੋਈ ਗਲਤੀ ਨਹੀਂ ਕਰਾਂਗੇ। ਆਪਣੀ ਟੀਮ 1-0 ਨਾਲ ਜਿੱਤ ਗਈ। ਅਸੀਂ ਸਤਿਗੁਰੂ ਜੀ ਦੇ ਨਾਮ ਦਾ ਜੈਕਾਰਾ ਲਾਇਆ, ਧੰਨ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਅਰਾ ਲਾਇਆ।

ਅਸੀਂ ਆਪਣੇ ਡੇਰੇ ਆ ਗਏ ਤਾਂ ਪਤਾ ਲੱਗਿਆ ਕਿ ਲੋਕਾਂ ਵਿੱਚ ਏਨਾ ਗੁੱਸਾ ਸੀ ਕਿ ਪੰਜਾਬ ਦੀ ਟੀਮ ਨੇ ਕਿਉਂ ਮਾਰਿਆ ਹਰਿਆਣੇ ਦੀ ਟੀਮ ਨੂੰ। (ਸਾਡੀ ਟੀਮ ਟੂਰਨਾਮੈਂਟ ਵਿੱਚ ਹਰਿਆਣੇ ਵੱਲੋਂ enter ਕੀਤੀ ਸੀ।) ਅਸੀਂ ਪੰਜਾਬ ਦੀ ਟੀਮ ਨੂੰ ਛੱਡਣਾ ਨਹੀਂ। ਤੇਲ ਦਾ ਵੱਡਾ ਟੀਨ ਲੈ ਕੇ ਲੋਕ ਆ ਗਏ। ਪੰਜਾਬ ਦੇ ਕੋਚ ਤੇ ਮੈਨੇਜਰ ਸਾਡੇ ਵੱਲ ਭੱਜੇ ਕਿ ਸਾਨੂੰ ਬਚਾਓ। ਫਿਰ ਬਾਹਰ ਜਾ ਕੇ ਪੁਲਿਸ ਬੁਲਾਈ ਤੇ ਲੋਕਾਂ ਨੇ ਪੰਜਾਬ ਦੀ ਟੀਮ ਤੋਂ ਮੁਆਫੀ ਮੰਗਵਾ ਕੇ ਜਾਨ ਛੱਡੀ। ਲੋਕ ਕਹਿਣ- 'ਬਾਜ਼' ਨਹੀਂ 'ਗੜਵੇ' ਦੀ ਜਿੱਤ ਹੋਈ ਹੈ।

ਉਸ ਤੋਂ ਬਾਅਦ ਉਜੈਨ ਟੂਰਨਾਮੈਂਟ ਸੀ। ਅਸੀਂ ਪਹੁੰਚ ਗਏ। ਉਜੈਨ ਦੇ ਇੱਕ ਹੋਟਲ ਵਿੱਚ ਪ੍ਰਬੰਧ ਕੀਤਾ ਸੀ। ਮੈਂ ਪੁੱਛਿਆ ਕੂੰਆਂ ਕਹਾਂ ਹੈ। ਉਹ ਕਹਿੰਦੇ-

ਖੂਹ ਤਾਂ ਦੂਰ ਹੈ। ਅਸੀਂ ਜਾ ਕੇ ਵੇਖਿਆ ਤਾਂ ਧਰਮਸ਼ਾਲਾ ਵਿੱਚ ਖੂਹ ਸੀ। ਅਸੀਂ ਗੁਰੂ ਜੀ ਪਾਸ ਅਰਜ਼ ਕੀਤੀ ਤਾਂ ਹੁਕਮ ਹੋਇਆ ਕਿ ਖੂਹ ਦੇ ਨੇੜੇ ਹੀ ਡੇਰਾ ਲਗਾ ਲਵੋ। ਸੋ ਹੋਟਲ ਛੱਡ ਕੇ ਧਰਮਸ਼ਾਲਾ ਰਹਿਣ ਚਲੇ ਗਏ। ਅਗਲੇ ਦਿਨ ਸਾਡਾ ਮੈਚ ਸੀ ਫੌਜੀਆਂ ਦੀ ਟੀਮ ਨਾਲ। ਸਾਨੂੰ ਪਤਾ ਸੀ, ਗਰਾਊਂਡ ਚੱਟ ਹੈ। ਸ਼ਾਮ ਨੂੰ ਗੁਰੂ ਜੀ ਨੂੰ ਅਰਜ਼ ਹੋਈ ਤਾਂ ਹੁਕਮ ਹੋਇਆ ਸਤਿਗੁਰੂ ਜੀ ਦਾ ਨਾਮ ਲੈ ਕੇ ਫੀਲਡ ਕਰੋ ਟੀਮ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਦੁਆਰਾ ਬੱਚੇ ਗਰਾਊਂਡ ਵਿੱਚ ਆਏ ਤਾਂ ਸਾਰਿਆਂ ਗੜਵੇ ਫੜ੍ਹੇ ਹੋਏ ਸਨ, ਸਪੀਕਰ ਵਿੱਚ ਅਨਾਊਂਸਮੈਂਟ ਹੋ ਰਹੀ ਸੀ ਕਿ "ਇਨਕੇ ਕਰਮੰਡਲੋਂ (ਗੜਵਿਆਂ) ਮੇਂ ਮੰਤਰ ਕੀਆ ਹੂਆ ਪਾਨੀ ਹੈ। ਜਿਸਕੀ ਵਜਹ ਸੇ ਇਨਕੀ ਜੀਤ ਹੋ ਜਾਤੀ ਹੈ।" ਇਹ ਖੂਹ ਦੇ ਜਲ ਦੀ ਕਰਾਮਾਤ ਤੇ ਸਤਿਗੁਰੂ ਜੀ ਦੇ ਹੁਕਮ ਦਾ ਕਮਾਲ ਹੀ ਸੀ। ਅਸੀਂ ਉੱਥੇ ਤਿੰਨ ਮੈਚ ਜਿੱਤ ਲਏ। ਫਿਰ ਅਸੀਂ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ।

1984 ਵਿੱਚ ਅਸੀਂ ਥਾਈਲੈਂਡ ਗਏ। ਉੱਥੇ ਵੀ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਟੀਮ ਨੇ ਜਿੱਤ ਪ੍ਰਾਪਤ ਕੀਤੀ। ਫਿਰ 1985 ਵਿੱਚ ਤਨਜ਼ਾਨੀਆ ਗਏ, ਓਥੇ ਵੀ ਸ੍ਰੀ ਸਤਿਗੁਰੂ ਜੀ ਦੀ ਬਹੁਤ ਕਿਰਪਾ ਰਹੀ। ਉਹਨਾਂ ਦੀ ਕਿਰਪਾ ਸਦਕਾ ਹੀ ਨਾਮਧਾਰੀ ਹਾਕੀ ਟੀਮ ਬੁਲੰਦੀਆਂ 'ਤੇ ਰਹੀ ਹੈ। ਅੱਜ ਵੀ ਟੀਮ ਦੀਆਂ ਜਿੱਤਾਂ ਨੂੰ ਯਾਦ ਕਰਕੇ ਫ਼ਖਰ ਨਾਲ ਸਿਰ ਉੱਚਾ ਹੋ ਜਾਂਦਾ ਹੈ।

ਨਾਮਧਾਰੀ ਹਾਕੀ ਟੀਮ ਤੇ ਗੁਰੂ ਕਿਰਪਾ

–ਗੁਰਸੇਵਕ ਸਿੰਘ ਕਵੀਸ਼ਰ

ਨਾਮਧਾਰੀ ਹਾਕੀ ਟੀਮ ਨੇ ਸਮੇਂ-ਸਮੇਂ ਅਨੁਸਾਰ ਦੇਸ਼ਾਂ ਵਿਦੇਸ਼ਾਂ ਵਿੱਚ ਮਾਣ-ਮੱਤਾ ਇਤਿਹਾਸ ਸਿਰਜਿਆ। ਸੈਂਕੜੇ ਵਿਰੋਧੀ ਟੀਮਾਂ ਨੂੰ ਹਰਾ ਕੇ ਸ਼ਾਨਦਾਰ ਜਿੱਤਾਂ ਹਾਸਲ ਕੀਤੀਆਂ। ਉਸ ਸਮੇਂ ਜਦੋਂ ਨਾਮਧਾਰੀ ਹਾਕੀ ਟੀਮ ਦਾ ਮੈਚ ਟੀ. ਵੀ. 'ਤੇ ਚੱਲਦਾ ਸੀ ਤਾਂ ਸੈਂਕੜੇ ਲੋਕ ਆਪਣੇ ਕੰਮਕਾਰ ਵਿੱਚੇ ਛੱਡ ਕੇ ਟੀ. ਵੀ. ਅੱਗੇ ਬੈਠ ਜਾਂਦੇ ਸਨ। ਇੱਕ ਦੂਸਰੇ ਨੂੰ ਆਖਦੇ ਸਨ, "ਓਏ ਅੱਜ ਕੰਮ ਟਾਈਮ ਨਾਲ ਨਿਬੇੜ ਲਵੀਂ, ਅੱਜ ਨਾਮਧਾਰੀ ਬਾਬਿਆਂ ਦਾ ਮੈਚ ਆਉਣਾ, ਵੇਖਿਓ ਅੱਜ ਨਾਮਧਾਰੀ ਬਾਬੇ ਹੀ ਜਿੱਤਣਗੇ।" ਜਿਸ ਤਰ੍ਹਾਂ ਲੋਕ ਨਾਮਧਾਰੀ ਹਾਕੀ ਟੀਮ ਬਾਰੇ ਗੱਲਾਂ ਕਰਦੇ ਸਨ, ਉਹ ਗੱਲਾਂ ਸੱਚ ਹੋ ਜਾਂਦੀਆਂ ਸਨ। ਇਸ ਪਿੱਛੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਹੁਤ ਵੱਡੀ ਕਿਰਪਾ ਸੀ, ਉਹ ਨਾਮਧਾਰੀ ਹਾਕੀ ਖਿਡਾਰੀਆਂ ਨੂੰ ਆਪ ਪਿਆਰ ਬਖਸ਼ਦੇ ਤੇ ਜੀਵਨ ਜਿਊਣ ਦੀਆਂ ਜੁਗਤਾਂ ਸਮਝਾਉਂਦੇ ਸਨ।

ਮਈ ਸੰਨ 1990 ਈ. ਵਿੱਚ ਛੋਟੀ ਹਾਕੀ ਟੀਮ ਦਾ ਹਾਕੀ ਕੈਂਪ ਬੈਂਗਲੌਰ ਫਾਰਮ ਵਿਖੇ ਲੱਗਿਆ। ਜਿੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਚਾਹੁੰਦੇ ਸਨ ਕਿ ਟੀਮ ਦੇ ਨੌਜਵਾਨ ਗੁਰਸਿੱਖੀ ਜੀਵਨ ਬਤੀਤ ਕਰਨ ਇਹਨਾਂ ਅੰਦਰ ਵੀ ਸਿੱਖੀ ਵਾਲੇ ਗੁਣ ਹੋਣ ਅਤੇ ਬਾਹਰ ਵੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਵੀ ਹਾਕੀ ਟੀਮ ਦੇ ਨੌਜਵਾਨਾਂ ਨੂੰ ਦਰਸ਼ਨ ਦੇਣ ਵਾਸਤੇ ਆਉਂਦੇ ਤਾਂ ਹੁਕਮ ਕਰਦੇ ਅੰਮ੍ਰਿਤ ਵੇਲੇ ਉੱਠਕੇ ਸਾਰੇ ਸਣੇ ਕੇਸੀਂ ਇਸ਼ਨਾਨ ਕਰਕੇ ਗਰਾਊਂਡ ਵਿੱਚ ਪ੍ਰੈਕਟਿਸ ਲਈ ਆਇਆ ਕਰੋ। ਰੋਜ਼ਾਨਾ ਇੱਕ ਘੰਟਾ ਨਾਮ ਸਿਮਰਨ ਜ਼ਰੂਰ ਕਰਿਆ ਕਰੋ। ਬੈਂਗਲੌਰ ਫਾਰਮ ਵਿੱਚ ਸਤਿਗੁਰੂ ਜੀ ਰੋਜ਼ਾਨਾ ਖਿਡਾਰੀਆਂ ਨੂੰ ਸ਼ਬਦ ਪੜ੍ਹਨ ਲਈ ਦਿੰਦੇ ਕਿ ਇਸ ਨੂੰ ਸਾਰੇ ਖਿਡਾਰੀ ਕੰਠ ਕਰਨ। ਨਿਤਨੇਮ ਤੋਂ ਬਾਅਦ ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਨ ਲਈ ਹੁਕਮ ਕਰਦੇ ਸਨ। ਸਾਰੇ ਖਿਡਾਰੀ ਹਾਰਮੋਨੀਅਮ ਤੇ ਢੋਲਕ ਛੈਣਿਆਂ ਨਾਲ ਸ਼ਬਦ ਪੜ੍ਹਦੇ ਸਨ। ਸਤਿਗੁਰੂ ਜੀ ਜਦੋਂ ਵੀ ਖਿਡਾਰੀਆਂ ਨੂੰ ਵੇਖਦੇ ਤਾਂ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਤੇ ਇੱਕ ਖਾਸ ਹੁਕਮ ਕਰਦੇ ਕਿ ਸਾਰਿਆਂ ਦੇ ਕਛਹਿਰੇ ਗੋਡਿਆਂ ਤੱਕ ਹੋਣੇ ਚਾਹੀਦੇ ਹਨ। ਕਛਹਿਰੇ ਗੋਡਿਆਂ ਤੋਂ ਉੱਚੇ ਨਹੀਂ ਹੋਣੇ ਚਾਹੀਦੇ। ਕਈ ਵਾਰੀ ਕਿਸੇ ਸਿੱਖ ਦੀ ਉਦਾਹਰਣ ਦੇ ਕੇ ਖਿਡਾਰੀਆਂ ਨੂੰ ਸਮਝਾਉਂਦੇ ਕਿ ਫਲਾਣਾ ਸਿੱਖ ਸੋਧ ਮਰਯਾਦਾ ਰੱਖਦਾ ਹੈ, ਮਹੀਨੇ ਦਾ ਇੱਕ ਪਾਠ ਕਰਦਾ ਹੈ ਅਤੇ ਰੋਜ਼ਾਨਾ ਨਾਮ ਸਿਮਰਨ ਕਰਦਾ ਹੈ। ਤੁਸੀਂ ਵੀ ਉਸ ਵਾਂਗੂੰ ਜੀਵਨ ਬਤੀਤ ਕਰਨ ਦੀ ਜਾਚ ਸਿੱਖੋ।

ਸ੍ਰੀ ਸਤਿਗੁਰੂ ਜੀ ਦਾ ਬੱਚਿਆਂ ਨੂੰ ਖਿਡਾਉਣ ਦਾ ਇੱਕੋ-ਇੱਕ ਮਕਸਦ ਸੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਜ਼ਾ ਅਨੁਸਾਰ ਖਿੱਦੋ-ਖੂੰਡੀ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੀ ਰਵਾਇਤੀ ਖੇਡ ਨੂੰ ਪ੍ਰਫੁੱਲਤ ਕੀਤਾ ਜਾ ਸਕੇ, ਉਸਦਾ ਮਾਣ ਵਧਾਇਆ ਜਾਵੇ। ਸੰਸਾਰ ਨੂੰ ਵਖਾਇਆ ਜਾਵੇ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਤਿਆਰ ਕੀਤੇ ਗਏ, ਸਿੱਖੀ-ਸਰੂਪ ਵਿੱਚ ਰਹਿ ਕੇ ਅਤੇ ਸ਼ੁੱਧ ਸ਼ਾਕਾਹਾਰੀ ਭੋਜਨ ਖਾ ਕੇ, ਸੋਧ ਮਰਯਾਦਾ ਵਿੱਚ ਰਹਿ ਕੇ ਵੀ ਸੰਸਾਰ ਪੱਧਰ 'ਤੇ ਉੱਚ ਦਰਜੇ ਦੀਆਂ ਖੇਡਾਂ ਖੇਡੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਖਿਡਾਰੀ ਸਤਿਗੁਰੂ ਜੀ ਵੱਲੋਂ ਵਾਰ-ਵਾਰ ਧਿਆਨ ਦੇਣ ਤੇ ਉਪਦੇਸ਼ ਕਰਨ ਤੇ ਜੇਕਰ ਕਿਸੇ ਸਮੇਂ ਲੀਹੋਂ ਲੱਥਣ ਲੱਗਦੇ ਤਾਂ ਵੀ ਵਾਪਸ ਰਸਤੇ 'ਤੇ ਆ ਜਾਂਦੇ। ਸ੍ਰੀ ਸਤਿਗੁਰੂ ਜੀ ਕਈ ਵਾਰ ਹੁਕਮ ਵੀ ਕਰਦੇ ਕਿ ਸਾਰੀ ਟੀਮ ਸੋਧ ਰੱਖੇ, ਮੈਂ ਟੀਮ ਨਾਲ ਸੋਧ ਦੇ ਲਾਂਗਰੀਆਂ ਦਾ ਅਤੇ ਜਲ ਪਾਣੀ ਦਾ ਪੂਰਾ ਪ੍ਰਬੰਧ ਕਰ ਦੇਵਾਂਗਾ। ਤੀਸਰੇ ਬੈਚ ਦੇ ਖਿਡਾਰੀਆਂ ਵਿੱਚ ਇੱਕ ਖਿਡਾਰੀ ਬਲਵੰਤ ਸਿੰਘ (ਬੰਤੂ) ਸੀ। ਸ੍ਰੀ ਸਤਿਗੁਰੂ ਜੀ ਨੇ ਜਦੋਂ ਵੀ ਟੀਮ ਨੂੰ ਦਰਸ਼ਨ ਦੇਣ ਆਉਣਾ ਤਾਂ ਉਸਦਾ ਕਛਹਿਰਾ ਵੇਖ ਕੇ ਮੁਸਕਰਾਉਣਾ ਤੇ ਆਪਣੇ ਕਛਹਿਰੇ ਨੂੰ ਹੱਥ ਲਾ ਕੇ ਆਖਣਾ ਕਛਹਿਰਾ ਗੋਡਿਆਂ ਤੱਕ ਹੋਣਾ ਚਾਹੀਦਾ ਹੈ। ਬਲਵੰਤ ਸਿੰਘ ਦਾ ਕਛਹਿਰਾ ਗੋਡਿਆਂ ਤੋਂ ਉੱਚਾ ਹੁੰਦਾ ਸੀ, ਇਸ ਕਰਕੇ ਉਸਨੂੰ ਕਿਸੇ ਨਾ ਕਿਸੇ ਬਹਾਨੇ ਸਤਿਗੁਰੂ ਜੀ ਸਮਝਾਉਂਦੇ ਸਨ।

ਏਸੇ ਬੈਚ ਦੇ ਸਾਰੇ ਖਿਡਾਰੀ ਸ੍ਰੀ ਅੰਮ੍ਰਿਤਸਰ ਵਿਖੇ ਮਹਾਰਾਜਾ ਰਣਜੀਤ ਸਿੰਘ ਗੋਲਡ ਕੱਪ (1994) ਜਦੋਂ ਖੇਡਣ ਗਏ ਤਾਂ ਇਹਨਾਂ ਦਾ ਮੁਕਾਬਲਾ ਬੀ. ਐਸ. ਐਫ. ਦੀ ਟੀਮ ਨਾਲ ਸੀ। ਟੀਮ ਪਹਿਲੇ ਅੱਧ ਤੋਂ ਪਹਿਲਾਂ ਇੱਕ ਗੋਲ ਨਾਲ ਹਾਰ ਰਹੀ ਸੀ। ਸ੍ਰੀ ਸਤਿਗੁਰੂ ਜੀ ਨੂੰ ਜਦੋਂ ਪਤਾ ਲੱਗਾ ਕਿ ਟੀਮ ਹਾਰ ਰਹੀ ਹੈ ਤਾਂ ਸਤਿਗੁਰੂ ਜੀ ਨੇ ਤੁਰੰਤ ਸਾਧ ਸੰਗਤ ਨੂੰ ਨਾਮ-ਸਿਮਰਨ, ਹਵਨ-ਵਰਨੀ ਕਰਨ ਦਾ ਹੁਕਮ ਦਿੱਤਾ। ਗੁਰੂ ਕਿਰਪਾ ਨਾਲ ਅੱਧ ਤੋਂ ਬਾਅਦ ਟੀਮ ਨੇ ਗੋਲ ਉਤਾਰ ਦਿੱਤਾ। ਖੇਡ ਦਾ ਸਮਾਂ ਸਮਾਪਤ ਹੋ ਗਿਆ। ਬਾਅਦ ਵਿੱਚ 1-1 ਡਰਾਅ ਹੋਣ 'ਤੇ ਸਟੋਕਾਂ 'ਤੇ ਨਾਮਧਾਰੀ ਟੀਮ ਮੈਚ ਜਿੱਤ ਗਈ। ਮੈਚ ਜਿੱਤ ਕੇ ਜਦੋਂ ਟੀਮ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਪਹੁੰਚੀ ਤਾਂ ਸਤਿਗੁਰੂ ਜੀ ਨੇ ਖਿਡਾਰੀਆਂ ਦਾ ਹੌਂਸਲਾ ਵਧਾਉਣ ਵਾਸਤੇ ਇੱਕ-ਇੱਕ ਪੀਪਾ ਦੇਸੀ ਘਿਉ ਦਾ, ਇੱਕ-ਇੱਕ ਘੜੀ, ਇੱਕ-ਇੱਕ ਕੋਟੀ ਸ੍ਰੀ ਹਰੀ ਮੰਦਰ ਵਿਖੇ ਸਾਰੇ ਖਿਡਾਰੀਆਂ ਨੂੰ ਦੇ ਕੇ ਖੁਸ਼ੀਆਂ ਬਖਸ਼ੀਆਂ।

ਇੱਕ ਵਾਰੀ ਸ੍ਰੀ ਸਤਿਗੁਰੂ ਜੀ ਨੇ ਗੁਰਮੀਤ ਸਿੰਘ ਮਦਾਰ ਨੂੰ ਘਰੋਂ ਬੁਲਾ ਕੇ ਹੁਕਮ ਕੀਤਾ ਕਿ ਟੀਮ ਨੂੰ ਸਵੇਰੇ ਪ੍ਰਯੋਗ ਵਿੱਚ ਲੈ ਕੇ ਆਇਆ ਕਰ। ਉਸ ਸਮੇਂ ਸਤਿਗੁਰੂ ਜੀ ਪ੍ਰਤਾਪ ਮੰਦਰ ਵਿੱਚ ਬੈਡਮਿੰਟਨ ਖੇਡ ਰਹੇ ਸਨ। ਜਦੋਂ ਗੁਰਮੀਤ ਸਿੰਘ ਮਦਾਰ ਨੇ ਹਾਕੀ ਖਿਡਾਰੀਆਂ ਨੂੰ ਸਤਿਗੁਰੂ ਜੀ ਦਾ ਬਚਨ ਸੁਣਾਇਆ ਤਾਂ ਕਾਫ਼ੀ

ਪਲੇਅਰ ਸਵੇਰੇ ਦੋ ਵਜੇ ਪ੍ਰਯੋਗ ਵਿੱਚ ਜਾਂਦੇ। ਸ੍ਰੀ ਸਤਿਗੁਰੂ ਜੀ ਏਨਾ ਧਿਆਨ ਰੱਖਦੇ ਕਿ ਡੇਢ ਦੋ ਘੰਟੇ ਬਾਅਦ ਬੈਟਰੀ ਜਗਾ ਕੇ ਗੁਰਮੀਤ ਸਿੰਘ ਨੂੰ ਇਸ਼ਾਰਾ ਕਰ ਦਿੰਦੇ ਕਿ ਹੁਣ ਤੁਸੀਂ ਚਲੇ ਜਾਓ। ਸਤਿਗੁਰੂ ਜੀ ਜਲਦੀ ਛੁੱਟੀ ਇਸ ਕਰਕੇ ਦਿੰਦੇ ਸਨ ਕਿ ਖਿਡਾਰੀ ਕੁਝ ਸਮਾਂ ਜਾ ਕੇ ਅਰਾਮ ਕਰ ਲੈਣ ਅਤੇ ਫੇਰ ਗਰਾਊਂਡ ਵਿੱਚ ਅਭਿਆਸ ਕਰਨ ਵਾਸਤੇ ਚਲੇ ਜਾਣ।

ਇੱਕ ਵਾਰੀ ਬੈਂਗਲੌਰ ਵਾਲੀ ਕੋਠੀ ਵਿੱਚ ਨਾਮ ਸਿਮਰਨ ਹੋ ਰਿਹਾ ਸੀ। ਸਤਿਗੁਰੂ ਜੀ ਸੰਗਤ ਵਿੱਚ ਬਿਰਾਜਮਾਨ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਉਪਦੇਸ਼ ਚੱਲ ਰਿਹਾ ਸੀ। ਉਪਦੇਸ਼ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰ ਰਹੇ ਸਨ ਕਿ ਨੌਜਵਾਨਾਂ ਨੂੰ ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਸੇਵਾ ਦੀ ਵਾਗਡੋਰ ਨੌਜਵਾਨਾਂ ਨੂੰ ਆਪਣੇ ਹੱਥ ਲੈਣੀ ਚਾਹੀਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਰੇ ਖਿਡਾਰੀਆਂ ਵੱਲ ਓਸੇ ਵਕਤ ਇਸ਼ਾਰਾ ਕੀਤਾ, ਜੋ ਕਿ ਅਸੀਂ ਉਪਦੇਸ਼ ਸਰਵਣ ਕਰ ਰਹੇ ਸੀ।

ਨਾਮਧਾਰੀ ਚਾਰ-ਪੰਜ ਹਾਕੀ ਖਿਡਾਰੀ ਕਾਲਜਾਂ ਵੱਲੋਂ ਦਿੱਲੀ ਵਿਖੇ ਨਹਿਰੂ ਟੂਰਨਾਮੈਂਟ ਖੇਡਣ ਗਏ। ਰਾਂਚੀ ਕਾਲਜ ਉੜੀਸਾ ਨਾਲ ਫਾਇਨਲ ਮੈਚ ਚੱਲ ਰਿਹਾ ਸੀ ਨਾਮਧਾਰੀ ਖਿਡਾਰੀ ਸ੍ਰੀ ਗੁਰੂ ਹਰਿਗੋਬਿੰਦ ਖਾਲਸਾ ਕਾਲਜ ਸੁਧਾਰ ਵੱਲੋਂ ਖੇਡ ਰਹੇ ਸਨ। ਮੈਚ ਦਾ ਦੂਰ-ਦਰਸ਼ਨ ਚੈਨਲ ਤੋਂ ਸਿੱਧਾ ਪ੍ਰਸਾਰਨ ਸਾਰੇ ਭਾਰਤ ਵਿੱਚ ਹੋ ਰਿਹਾ ਸੀ। ਮੈਚ ਬਰਾਬਰੀ ਤੇ ਸੀ, ਅਖੀਰਲੇ ਪਲਾਂ ਵਿੱਚ ਮੈਚ ਸੀ, ਅਚਾਨਕ ਰੈਫਰੀ ਨੇ ਗੋਲ ਦਾ ਗਲਤ ਫੈਸਲਾ ਦੇ ਦਿੱਤਾ। ਇਸ ਵਜ੍ਹਾ ਕਾਰਨ ਖਾਲਸਾ ਕਾਲਜ ਦੇ ਖਿਡਾਰੀ ਭੜਕ ਗਏ। ਖਿਡਾਰੀਆਂ ਨੇ ਰੈਫਰੀ ’ਤੇ ਹਾਕੀਆਂ ਨਾਲ ਹਮਲਾ ਕਰ ਦਿੱਤਾ। ਇਸ ਮੈਚ ਵਿੱਚ ਜੋ ਨਾਮਧਾਰੀ ਪਲੇਅਰ ਖੇਡ ਰਹੇ ਸਨ, ਉਹ ਚਿੱਟੀਆਂ ਦਸਤਾਰਾਂ ਸਜਾ ਕੇ ਅਤੇ ਕਛਹਿਰੇ ਪਹਿਨ ਕੇ ਖੇਡ ਰਹੇ ਸਨ। ਜਿਸ ਤੋਂ ਸਾਰਿਆਂ ਨੂੰ ਸਪੱਸ਼ਟ ਪਤਾ ਲੱਗਦਾ ਸੀ ਕਿ ਉਹ ਨਾਮਧਾਰੀ ਖਿਡਾਰੀ ਹਨ। ਜਦੋਂ ਖਿਡਾਰੀਆਂ ਨੇ ਰੈਫਰੀ ਨਾਲ ਇਸ ਤਰ੍ਹਾਂ ਦਾ ਬਦ-ਸਲੂਕ ਕੀਤਾ ਤਾਂ ਟੂਰਨਾਮੈਂਟ ਕਮੇਟੀ ਨੇ ਟੀਮ ਦੇ ਸਾਰੇ ਇਨਸੈਨਟਿਵ (ਇਨਾਮ) ਕੱਟ ਲਏ ਅਤੇ ਨਾਲ ਨਾਮਧਾਰੀ ਖਿਡਾਰੀਆਂ ’ਤੇ ਹੀ ਬੈਨ ਲਗਾਉਣ ਦਾ ਫੈਸਲਾ ਲੈਣ ਲਈ ਤਿਆਰੀ ਕਰ ਲਈ। ਇਸ ਬਾਰੇ ਓਲੰਪੀਅਨ ਖਿਡਾਰੀ ਸ. ਅਜੀਤਪਾਲ ਸਿੰਘ ਅਤੇ ਓਲੰਪੀਅਨ ਜ਼ਫ਼ਰ ਇਕਬਾਲ ਜੀ ਨੇ ਅਪਣੱਤ ਦੇ ਤੌਰ ’ਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੂੰ ਦੱਸਿਆ।

ਕੁਝ ਦਿਨਾਂ ਬਾਅਦ ਹੰਸਪਾਲ ਜੀ ਸ੍ਰੀ ਭੈਣੀ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਆਏ। ਉਹਨਾਂ ਨੇ ਇਸ ਮਾਮਲੇ ਬਾਰੇ ਸਾਰੀ ਅਰਜ਼ ਸ੍ਰੀ ਸਤਿਗੁਰੂ ਜੀ ਕੋਲ ਕੀਤੀ। ਸਤਿਗੁਰੂ ਜੀ ਨੇ ਉਸੇ ਸਮੇਂ ਗੁਰਮੀਤ ਸਿੰਘ ਮਦਾਰ ਜੋ ਕਿ

ਖੇਡਣ ਵਾਲੇ ਖਿਡਾਰੀਆਂ ਵਿੱਚ ਸ਼ਾਮਿਲ ਸੀ, ਨੂੰ ਬੁਲਾਇਆ ਤੇ ਮੈਚ ਵਿੱਚ ਹੋਈ ਘਟਨਾ ਬਾਰੇ ਪੁੱਛਿਆ। ਗੁਰਮੀਤ ਸਿੰਘ ਨੇ ਸਾਰੀ ਘਟਨਾ ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕਰ ਦਿੱਤੀ ਕਿ ਕੁਝ ਕੁ ਆਪਣੇ ਨਾਮਧਾਰੀ ਖਿਡਾਰੀਆਂ ਦਾ ਵੀ ਇਸ ਵਿੱਚ ਰੋਲ ਹੈ, ਪਰ ਇਸ ਵਿੱਚ ਬਹੁਤਾ ਰੋਲ ਦੂਸਰੇ ਖਿਡਾਰੀਆਂ ਦਾ ਹੈ। ਪਰ ਬੈਨ ਸਿਰਫ਼ ਨਾਮਧਾਰੀ ਖਿਡਾਰੀਆਂ ਨੂੰ ਹੀ ਕਰ ਰਹੇ ਹਨ। ਇਸ ਲਈ ਕਿ ਉਹ ਨਾਮਧਾਰੀ ਖਿਡਾਰੀ ਹਨ। ਸਤਿਗੁਰੂ ਜੀ ਨੇ ਸਾਰੀ ਅਰਜ਼ ਸੁਣ ਕੇ ਹੰਸਪਾਲ ਜੀ ਨੂੰ ਹੁਕਮ ਕੀਤਾ, ਹੰਸਪਾਲ ਜੀ ਤੁਸੀਂ ਦਿੱਲੀ ਜਾ ਕੇ ਟੂਨਾਮੈਂਟ ਵਾਲਿਆਂ ਨੂੰ ਕਹਿਣਾ ਕਿ ਸਾਨੂੰ ਰਿਕਾਰਡਿੰਗ ਦਿਖਾਓ। ਰਿਕਾਰਡਿੰਗ ਦੇਖ ਕੇ ਉਹਨਾਂ ਨੂੰ ਫਿਰ ਪੁੱਛਣਾ ਕਿ ਨਾਮਧਾਰੀ ਖਿਡਾਰੀਆਂ ਤੋਂ ਬਿਨਾਂ ਆਹ ਜਿਹੜੇ ਦੂਸਰੇ ਖਿਡਾਰੀ ਮੁੰਡਿਆਂ ਦਾ ਕਸੂਰ ਹੈ, ਉਨ੍ਹਾਂ ਤੇ ਤੁਸੀਂ ਕਾਰਵਾਈ ਕਿਉਂ ਨਹੀਂ ਕੀਤੀ?

ਪੰਜਾਬ ਤੋਂ ਬਾਹਰ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਦੇ ਆਮ ਸ਼ਹਿਰਾਂ ਵਿੱਚ ਜਦੋਂ ਕਿਤੇ ਟੀਮ ਟੂਰਨਾਮੈਂਟ ਖੇਡਣ ਜਾਂਦੀ ਤਾਂ ਪਬਲਿਕ ਬਹੁਤ ਉਤਸ਼ਾਹ ਨਾਲ ਨਾਮਧਾਰੀ ਟੀਮ ਦਾ ਮੈਚ ਵੇਖਣ ਲਈ ਪਹੁੰਚਦੀ ਸੀ। ਚਿੱਟੀ ਵਰਦੀ ਤੇ ਕਛਹਿਰਿਆਂ ਵਿੱਚ ਟੀਮ ਦੀ ਵੱਖਰੀ ਪਛਾਣ ਉਨ੍ਹਾਂ ਨੂੰ ਸੋਹਣੀ ਲੱਗਦੀ ਸੀ। ਕਈ ਲੋਕ ਹੈਰਾਨ ਹੋ ਕੇ ਟੀਮ ਦੇ ਖਿਡਾਰੀਆਂ ਕੋਲੋਂ ਪੁੱਛਦੇ ਇਹ ਨਾਮਧਾਰੀ ਕੀ ਹੈ, ਕੋਈ ਫਰਮ ਹੈ ਜਾਂ ਫੈਕਟਰੀ ਹੈ? ਇਸ ਤਰ੍ਹਾਂ ਦੇ ਕਈ ਸਵਾਲ ਕਰਦੇ ਕਿਉਂਕਿ ਨਾਮਧਾਰੀਆਂ ਬਾਰੇ ਉਨ੍ਹਾਂ ਨੂੰ ਗਿਆਨ ਨਹੀਂ ਸੀ। ਫਿਰ ਉਹਨਾਂ ਨੂੰ ਨਾਮਧਾਰੀ ਲਹਿਰ ਬਾਰੇ ਜਾਣਕਾਰੀ ਦੇ ਕੇ ਜੰਗੇ ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਦੱਸ ਕੇ ਨਾਮਧਾਰੀ ਟੀਮ ਦੀ ਜਾਣ-ਪਛਾਣ ਕਰਵਾਈ ਜਾਂਦੀ। ਲੋਕ ਸੁਣ ਕੇ ਬਹੁਤ ਹੈਰਾਨ ਹੁੰਦੇ ਕਿਉਂਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਪਿਛੋਕੜ ਪਹਿਲਾਂ ਕਦੇ ਸੁਣਿਆ ਹੀ ਨਹੀਂ ਸੀ।

ਸ੍ਰੀ ਸਤਿਗੁਰੂ ਜੀ ਨੇ ਇੱਕ ਵਾਰ ਹਰੀ ਮੰਦਰ, ਸ੍ਰੀ ਭੈਣੀ ਸਾਹਿਬ ਵਿਖੇ ਨਿਤਨੇਮ ਤੋਂ ਬਾਅਦ ਸਾਰੀ ਸੰਗਤ ਨੂੰ ਹੁਕਮ ਕੀਤਾ ਕਿ ਬੈਠ ਜਾਓ। ਸੇਵਕ ਹਰਪਾਲ ਸਿੰਘ ਦੁਆਰਾ ਸੰਗਤ ਨੂੰ ਹੁਕਮ ਕਰਵਾਇਆ ਕਿ ਨਲਕੇ ਦਾ ਪਾਣੀ ਨਾ ਪੀਓ, ਹੋਟਲ ਬਜ਼ਾਰ ਦਾ ਖਾਣਾ ਨਾ ਖਾਓ। ਫਿਰ ਹੁਕਮ ਹੋਇਆ ਸੋਧ ਰੱਖੋ। ਨਾਲ ਹੀ ਹੁਕਮ ਹੋਇਆ ਜਿਹੜੇ ਬਾਜ਼ਾਰ ਦਾ ਖਾਂਦੇ ਹਨ, ਉਹ ਨੇੜੇ ਆ ਕੇ ਦੱਸਣ। ਕਈਆਂ ਨੇ ਜਾ ਕੇ ਆਖਿਆ ਜੀ ਅਸੀਂ ਖਾਂਦੇ ਹਾਂ ਜੀ, ਤੇ ਅੱਗੇ ਤੋਂ ਨਹੀਂ ਖਾਵਾਂਗੇ। ਇਸ ਪਿੱਛੋਂ ਇਹ ਹੁਕਮ ਹੋਇਆ ਕਿ ਹੁਣ ਜਿਹੜੇ ਛੱਡਣ ਲਈ ਨਹੀਂ ਖੜ੍ਹੇ ਹੋਏ, ਉਹ ਆ ਜਾਓ। ਚਾਰ ਪੰਜ ਪਲੇਅਰ ਸੰਗਤ ਵਿੱਚ ਬੈਠੇ ਸਨ, ਜਿਨ੍ਹਾਂ ਵਿੱਚ ਪਹਿਲ ਗੁਰਮੀਤ ਸਿੰਘ, ਗੁਰਮੁੱਖ ਸਿੰਘ ਵਿੰਕਲ ਬੈਡਮਿੰਟਨ ਪਲੇਅਰ ਆਦਿ ਨੇ ਕੀਤੀ। ਜਦੋਂ ਸਤਿਗੁਰੂ ਜੀ ਕੋਲ ਗਏ ਤਾਂ ਸਤਿਗੁਰੂ ਜੀ ਹੁਕਮ ਕੀਤਾ ਕਿ ਘਰੋਂ ਕੁਝ ਦਿਨਾਂ ਲਈ ਕੋਈ ਚੀਜ਼ ਬਣਾ ਕੇ ਲੈ ਜਾਇਆ ਕਰੋ। ਪਰ ਬਾਹਰੋਂ ਨਾ ਖਾਇਆ ਕਰੋ। ਗੁਰਮੁੱਖ ਸਿੰਘ ਨੇ ਅਰਜ਼ ਕੀਤੀ ਕਿ

ਜ਼ਿਆਦਾ ਦਿਨ ਬਾਹਰ ਰਹਿਣ ਕਰਕੇ ਰੋਟੀ ਹੋਟਲ ਤੋਂ ਖਾਣੀ ਪੈਂਦੀ ਹੈ। ਸਤਿਗੁਰੂ ਜੀ ਹੁਕਮ ਕੀਤਾ ਕਿ ਜੇਕਰ ਰੋਟੀ ਬਾਹਰੋਂ ਖਾਣੀ ਪਵੇ ਤਾਂ ਭਾਂਡੇ ਵਿੱਚ ਪਵਾ ਕੇ ਕਮਰੇ ਵਿੱਚ ਲਿਆ ਕੇ ਖਾ ਲਿਆ ਕਰੋ। ਹੋਟਲ ਤੇ ਬੈਠ ਕੇ ਜਾਂ ਬਾਜ਼ਾਰ ਵਿੱਚ ਖਾਂਦੇ ਚੰਗੇ ਨਹੀਂ ਲੱਗਦੇ।

ਦਸੰਬਰ 1989 ਈ. ਨੂੰ ਜਰਖੜ ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਸਾਹਿਬ ਕੌਰ ਕਲੱਬ ਜਰਖੜ ਵੱਲੋਂ ਹਰ ਸਾਲ ਦੀ ਤਰ੍ਹਾਂ ਟੂਰਨਾਮੈਂਟ ਕਰਵਾਇਆ ਜਾ ਰਿਹਾ ਸੀ। ਉਸ ਸਮੇਂ ਪੰਜਾਬ ਦੇ ਹਾਲਾਤ ਬਹੁਤ ਖਰਾਬ ਸਨ। ਓਥੇ ਕਬੱਡੀ ਆਦਿ ਖੇਡਾਂ ਦੇ ਨਾਲ ਟੂਰਨਾਮੈਂਟ ਦੀ ਮੁੱਖ ਖੇਡ ਹਾਕੀ ਸੀ। ਏਥੇ ਹਾਕੀ ਦੇ ਦੋ ਤਰ੍ਹਾਂ ਦੇ ਮੈਚ ਸਨ, ਇੱਕ ਸਕੂਲਾਂ ਦੇ ਤੇ ਇੱਕ ਸੀਨੀਅਰ ਟੀਮਾਂ ਦੇ। ਉੱਥੇ ਪੰਜਾਬ ਹਾਕੀ ਦੀਆਂ ਡਿਪਾਰਟਮੈਂਟਲ, ਕਲੱਬ ਅਤੇ ਕਾਲਜਾਂ ਆਦਿ ਦੀਆਂ ਚੰਗੀਆਂ ਟੀਮਾਂ ਭਾਗ ਲੈਂਦੀਆਂ ਹਨ। ਪਹਿਲਾਂ ਟੀਮ ਨੇ ਸਕੂਲਾਂ ਦੇ ਮੁਕਾਬਲੇ ਵਿੱਚ ਜੂਨੀਅਰ ਟੂਰਨਾਮੈਂਟ ਜਿੱਤ ਲਿਆ। ਠੰਢ ਦਾ ਮਹੀਨਾ ਤੇ ਧੁੰਦ ਕਾਰਨ ਟੀਮ ਨੇ ਰਾਤ ਦੀ ਰਹਾਇਸ਼ ਜਰਖੜ ਵਿਖੇ ਹੀ ਰੱਖੀ। ਅਗਲੇ ਦਿਨ ਸੀਨੀਅਰ ਮੁਕਾਬਲਿਆਂ ਵਿੱਚ ਟੀਮ ਵਿੱਚ ਦੋ ਕੁ ਖਿਡਾਰੀਆਂ ਦਾ ਬਦਲਾਅ ਕਰਕੇ ਖੇਡਣਾ ਸੀ। ਟੀਮ ਨੂੰ ਸਿੱਖੀ ਸਿਧਾਂਤਾਂ ਵਿੱਚ ਹੋਣ ਕਾਰਨ ਟੀਮ ਦੀ ਰਹਾਇਸ਼ ਪਿੰਡ ਦੇ ਗੁਰਦੁਆਰਾ ਸਾਹਿਬ ਜੋ ਕਿ ਖੇਡ ਮੈਦਾਨ ਦੇ ਨਾਲ ਹੀ ਸਥਿਤ ਸੀ, ਵਿਖੇ ਕਰਵਾ ਦਿੱਤੀ ਗਈ। ਜਦੋਂ ਕਿ ਬਾਕੀ ਸਭ ਟੀਮਾਂ ਨੂੰ ਸਕੂਲਾਂ ਆਦਿ ਵਿੱਚ ਠਹਿਰਾਇਆ ਗਿਆ।

ਇਹ ਇਤਿਹਾਸਕ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਦੇ ਨਾਮ ’ਤੇ ਹੈ। ਏਥੇ ਉਸ ਸਮੇਂ ਪ੍ਰਬੰਧ ਮਾਤਾ ਸੁਰਜੀਤ ਕੌਰ ਦਾ ਸੀ। ਜੋ ਕਿ ਆਪ ਅੰਮ੍ਰਿਤ ਵੇਲੇ ਉੱਠ ਕੇ ਭਜਨ ਬੰਦਗੀ ਕਰਦੇ ਸਨ ਤੇ ਗੁਰਸਿੱਖੀ ਸਰੂਪ ਵਿੱਚ ਸਨ। ਉਹਨਾਂ ਨੇ ਵਿਆਹ ਨਹੀਂ ਸੀ ਕਰਵਾਇਆ। ਸੰਗਤ ਉਹਨਾਂ ਦਾ ਬਹੁਤ ਅਦਬ ਸਤਿਕਾਰ ਕਰਦੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰੂ ਕਿਰਪਾ ਖਿਡਾਰੀਆਂ ਉੱਪਰ ਪੂਰਨ ਤੌਰ ’ਤੇ ਭਰਪੂਰ ਸੀ। ਖਿਡਾਰੀ ਜਿੱਥੇ ਵੀ ਜਾਂਦੇ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ, ਨਾਮ ਸਿਮਰਨ ਕਰਕੇ ਫੇਰ ਦੂਸਰਾ ਕੰਮ ਕਰਦੇ ਸਨ। ਏਥੇ ਵੀ ਖਿਡਾਰੀਆਂ ਨੇ ਸਵੇਰੇ ਉੱਠ ਕੇ ਇਸ਼ਨਾਨ ਕੀਤਾ, ਨਾਮ ਸਿਮਰਨ ਕੀਤਾ। ਜਦੋਂ ਦਿਨ ਚੜ੍ਹਿਆ ਤਾਂ ਮਾਤਾ ਸੁਰਜੀਤ ਕੌਰ ਉਚੇਚੇ ਤੌਰ ’ਤੇ ਟੀਮ ਨੂੰ ਮਿਲਣ ਵਾਸਤੇ ਆਏ। ਖਿਡਾਰੀਆਂ ਨੂੰ ਗੁਰਸਿੱਖੀ ਸਰੂਪ ਵਿੱਚ ਵੇਖ ਬੜੇ ਖੁਸ਼ ਹੋਏ ਤਾਂ ਕਹਿਣ ਲੱਗੇ ਕਿ ਮੈਂ ਤੁਹਾਨੂੰ ਵੇਖ ਕੇ ਬੜੀ ਖੁਸ਼ ਹਾਂ। ਤੁਸੀਂ ਸਵੇਰੇ ਉੱਠ ਕੇ ਇਸ਼ਨਾਨ ਕਰਕੇ ਭਜਨ ਕੀਤਾ ਹੈ। ਤੁਹਾਡੀ ਟੀਮ ਵੀ ਪੂਰੀ ਗੁਰਸਿੱਖੀ ਸਰੂਪ ਤੇ ਕਛਹਿਰਿਆਂ, ਦਸਤਾਰਾਂ ਸਹਿਤ ਖੇਡਦੀ ਹੈ। ਮਾਤਾ ਸੁਰਜੀਤ ਕੌਰ ਜੀ ਬੰਦਗੀ ਕਰਨ ਵਾਲੇ ਸਨ, ਉਨ੍ਹਾਂ ਬਚਨ ਕੀਤਾ, “ਇਸ ਤਰ੍ਹਾਂ ਦੀ ਟੀਮ ਨੂੰ ਕੌਣ ਹਰਾ ਸਕਦਾ ਹੈ, ਏਥੇ ਤੁਸੀਂ ਹੀ ਜਿੱਤੋਗੇ।” ਸੋ ਦਿਨੇ ਜਦੋਂ ਮੈਚ

ਹੋਇਆ ਤਾਂ ਮਾਤਾ ਜੀ ਨੇ ਗੁਰਦੁਆਰੇ ਦੀ ਬੌਂਡਰੀ ਵਾਲੀ ਕੰਧ ਕੋਲ ਖਲੋ ਕੇ ਸਾਰਾ ਮੈਚ ਅੱਖੀਂ ਵੇਖਿਆ।

ਮੈਚ ਵਿੱਚ ਇੱਕ ਰੈਫਰੀ ਨੇ ਹੇਰਾਫੇਰੀ ਕਰਕੇ ਸ਼ਰੇਆਮ ਟੀਮ ਨੂੰ ਹਰਾਉਣ ਦੀ ਕੋਸ਼ਿਸ਼ ਕੀਤੀ। ਪਲੇਅਰਾਂ ਨੂੰ ਲਾਲ ਕਾਰਡ ਦੇ ਕੇ ਬਾਹਰ ਬਿਠਾ ਦਿੱਤਾ। ਪਰ ਟੀਮ ਹਾਰਦੀ ਹੋਈ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਜਿੱਤ ਗਈ। ਉਸ ਰੈਫਰੀ ਨੇ ਇੱਕ ਪਲੇਅਰ ਨਾਲ ਹੱਥੋ-ਪਾਈ ਵੀ ਕੀਤੀ। ਟੂਰਨਾਮੈਂਟ ਕਮੇਟੀ ਨੇ ਇੱਕ ਤਰਫ਼ਾ ਫੈਸਲਾ ਕਰਕੇ ਟੀਮ ਨੂੰ ਬਾਹਰ ਕਰ ਦਿੱਤਾ। ਪਰ ਟੀਮ ਗਰਾਊਂਡ ਵਿੱਚ ਡੇਰਾ ਲਾ ਕੇ ਬੈਠ ਗਈ ਕਿ ਅਸੀਂ ਜਿੱਤੇ ਹਾਂ ਤੇ ਅੱਗੇ ਵੀ ਖੇਡਾਂਗੇ। ਮਾਤਾ ਸੁਰਜੀਤ ਕੌਰ ਨੇ ਵੀ ਕਮੇਟੀ ਨੂੰ ਆ ਕੇ ਆਖਿਆ ਕਿ ਇਹ ਟੀਮ ਬਾਹਰ ਨਹੀਂ ਕਰਨੀ, ਇਹ ਖੇਡੇਗੀ। ਉਸ ਸਮੇਂ ਪੰਜਾਬ ਦੇ ਹਾਲਾਤ ਬਹੁਤ ਬਦਤਰ ਸਨ। ਬੰਦਿਆਂ ਦਾ ਜਾਨਵਰਾਂ ਜਿੰਨਾ ਵੀ ਮੁੱਲ ਨਹੀਂ ਸੀ ਪੈਂਦਾ। ਕਾਲੇ ਦਿਨਾਂ ਦਾ ਦੌਰ ਸੀ। ਟੂਰਨਾਮੈਂਟ ਕਰਵਾਉਣ ਵਾਲੀ ਕਮੇਟੀ ਕੋਲ ਕੁਝ ਖਾੜਕੂ ਧਿਰਾਂ ਸਟੇਜ ਉੱਪਰ ਬੈਠੀਆਂ ਸਨ। ਜਦੋਂ ਉਨ੍ਹਾਂ ਦੇਖਿਆ ਕਿ ਨਾਮਧਾਰੀ ਖਿਡਾਰੀ ਗਰਾਊਂਡ ਨਹੀਂ ਛੱਡ ਰਹੇ ਤਾਂ ਉਨ੍ਹਾਂ ਫੈਸਲਾ ਕੀਤਾ ਕਿ ਹਥਿਆਰ ਲਿਆ ਕੇ ਇਹਨਾਂ ਨੂੰ ਮਾਰ ਮੁਕਾ ਦਿਓ। ਪਰੰਤੂ ਜਗਰੂਪ ਸਿੰਘ ਜਰਖੜ ਜੋ ਕਿ ਟੂਰਨਾਮੈਂਟ ਦੇ ਮੋਢੀ ਸਨ, ਉਨ੍ਹਾਂ ਖਾੜਕੂ ਨੌਜਵਾਨਾਂ ਨੂੰ ਬੇਨਤੀ ਕੀਤੀ ਕਿ ਇਸ ਤਰ੍ਹਾਂ ਨਾ ਕਰੋ, ਲੋਕਾਂ ਅਤੇ ਖਿਡਾਰੀਆਂ ਦਾ ਨੁਕਸਾਨ ਹੋਵੇਗਾ ਤਾਂ ਉਹ ਟਲ ਗਏ। ਉਸ ਸਮੇਂ ਇਹ ਹਾਦਸਾ ਕੋਈ ਟਲਣ ਵਲਾ ਨਹੀਂ ਸੀ। ਰੋਜ਼ਾਨਾ ਪੰਜਾਬ ਵਿੱਚ ਸਮੂਹਿਕ ਹੱਤਿਆਵਾਂ ਹੁੰਦੀਆਂ ਸਨ। ਇਹ ਤਾਂ ਸਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸੀ। ਜੋ ਹਮੇਸ਼ਾਂ ਖਿਡਾਰੀਆਂ ਤੋਂ ਕਿਸੇ ਨਾ ਕਿਸੇ ਤਰ੍ਹਾਂ ਗੁਰਸਿੱਖੀ ਅਸੂਲਾਂ ਦੀ ਪਾਲਣਾ ਕਰਵਾਉਂਦੇ ਸਨ ਤੇ ਆਪ ਕਿਰਪਾ ਕਰਕੇ ਇਸ ਤਰ੍ਹਾਂ ਦੇ ਭਿਆਨਕ ਸਮੇਂ ਵਿੱਚ ਸਿੱਖਾਂ ਦੀ ਰੱਖਿਆ ਕਰਦੇ ਸਨ। ਸੋ ਟੀਮ ਸੀਨੀਅਰ ਪ੍ਰਤੀਯੋਗਤਾ ਵੀ ਲਗਾਤਾਰ ਖੇਡੀ ਅਤੇ ਫਾਈਨਲ ਮੈਚ ਜਿੱਤਿਆ। ਅਗਲੇ ਦਿਨ ਦੀ ਅਖ਼ਬਾਰ ਵਿੱਚ ਇਹ ਸੁਰਖੀ ਸੀ- 'ਜਰਖੜ ਦੇ ਖੇਡ ਮੇਲੇ ਵਿੱਚ ਨਾਮਧਾਰੀਆਂ ਦੀ ਝੰਡੀ ਰਹੀ'। ਉਸ ਭਿਆਨਕ ਸਮੇਂ ਵਿੱਚ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖਿਡਾਰੀਆਂ ਦੀ ਲਾਜ ਰੱਖੀ ਤੇ ਟੀਮ ਨੂੰ ਜਤਾਇਆ।

ਨਾਮਧਾਰੀ ਹਾਕੀ ਟੀਮ ਦੇ ਦੂਸਰੇ ਬੈਚ ਵਿੱਚ ਖੇਡ ਚੁੱਕੇ ਖਿਡਾਰੀ ਧਿਆਨ ਸਿੰਘ ਦੱਸਦੇ ਹਨ ਕਿ 1984 ਵਿੱਚ ਅਸੀਂ ਥਾਈਲੈਂਡ ਹਾਕੀ ਖੇਡਣ ਵਾਸਤੇ ਜਾਣਾ ਸੀ। ਓਥੇ ਜਾਣ ਤੋਂ ਪਹਿਲਾਂ ਬੈਂਗਲੌਰ ਵਿਖੇ ਸਾਡੀ ਟੀਮ ਦਾ ਕੈਂਪ ਲੱਗਾ ਹੋਇਆ ਸੀ। ਮੇਰੇ ਪਿਤਾ ਸੂਬਾ ਧਰਮ ਸਿੰਘ ਮੁਕਤਾ ਵੀ ਮੇਰੇ ਨਾਲ ਬੈਂਗਲੌਰ ਗਏ ਹੋਏ ਸਨ। ਉਸ ਵਕਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਬੈਂਗਲੌਰ ਵਿਖੇ ਦਰਸ਼ਨ ਦੇ ਰਹੇ ਸਨ। 29 ਜੂਨ ਨੂੰ ਮੈਂ ਤੇ ਮੇਰੇ ਪਿਤਾ ਜੀ ਤੇ ਹੋਰ ਖਿਡਾਰੀ ਬੈਂਗਲੌਰ ਤੋਂ ਆਪੋ-ਆਪਣੇ ਘਰਾਂ (ਜੀਵਨ

ਨਗਰ) ਇਲਾਕੇ ਨੂੰ ਜਾਣ ਵਾਸਤੇ ਤਿਆਰੀ ਕੀਤੀ। ਬੈਂਗਲੌਰ ਬਿੜਦੀ ਫਾਰਮ ਤੋਂ ਇੱਕ ਟਰੈਕਟਰ ਟਰਾਲੀ ਰਾਹੀਂ ਅਸੀਂ ਰੇਲਵੇ ਸਟੇਸ਼ਨ ਉੱਤੇ ਬੈਠਣ ਲਈ ਜਾ ਰਹੇ ਸਾਂ ਕਿ ਰਸਤੇ ਵਿੱਚ ਇਕ ਭਿਆਨਕ ਹਾਦਸਾ ਹੋ ਗਿਆ, ਜਿਸ ਵਿੱਚ ਮੇਰੇ ਪਿਤਾ ਸੂਬਾ ਧਰਮ ਸਿੰਘ ਮੌਕੇ 'ਤੇ ਹੀ ਚੜ੍ਹਾਈ ਕਰ ਗਏ। ਉਹਨਾਂ ਦਾ ਸਸਕਾਰ ਕੀਤਾ ਗਿਆ। ਪਰਿਵਾਰ ਦੇ ਮੈਂਬਰਾਂ ਨੇ ਸ੍ਰੀ ਸਤਿਗੁਰੂ ਜੀ ਪਾਸ ਅਰਜ਼ ਕੀਤੀ ਕਿ ਧਿਆਨ ਸਿੰਘ ਨੂੰ ਏਥੇ ਸਾਡੇ ਕੋਲ ਰਹਿਣ ਦਿਓ, ਥਾਈਲੈਂਡ ਨਾ ਲੈ ਕੇ ਜਾਓ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ, "ਮੈਂ ਧਿਆਨ ਸਿੰਘ ਨੂੰ ਨਾਲ ਲੈ ਕੇ ਜਾਣਾ ਹੈ, ਤੇ ਸੂਬਾ ਧਰਮ ਸਿੰਘ ਜੀ ਦਾ ਭੋਗ ਮੈਂ ਥਾਈਲੈਂਡ ਤੋਂ ਆ ਕੇ ਹੀ ਪਾਵਾਂਗਾ। ਤੇ ਅਸੀਂ ਸਾਰੇ 5 ਜੁਲਾਈ ਨੂੰ ਬੈਂਕੋਕ ਜਾਣ ਵਾਸਤੇ ਤਿਆਰ ਹੋਏ।

ਬੈਂਕੋਕ ਪਹੁੰਚ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਧਿਆਨ ਸਿੰਘ ਨੂੰ ਜ਼ਿਆਦਾਤਰ ਆਪਣੇ ਕੋਲ ਹੀ ਰੱਖਿਆ। ਜਿਸ ਕਮਰੇ ਵਿੱਚ ਸਤਿਗੁਰੂ ਜੀ ਦਾ ਨਿਵਾਸ ਸੀ, ਉਸ ਕਮਰੇ ਵਿੱਚ ਉਸਨੂੰ ਬੁਲਾ ਲੈਂਦੇ। ਇੱਕ ਦਿਨ ਸ੍ਰੀ ਸਤਿਗੁਰੂ ਜੀ ਨੇ ਬੈਠਿਆਂ-ਬੈਠਿਆਂ ਹੁਕਮ ਕੀਤਾ, "ਧਿਆਨ, ਆਹ! ਸੇਠ ਸਮਰ ਸਿੰਘ ਜੀ ਦੀ ਕੋਠੀ ਕਿੰਨੀ ਸੋਹਣੀ ਹੈ, ਇਸ ਵਿੱਚ ਸਾਰੇ ਸੁਖ ਸਹੂਲਤਾਂ ਹਨ। ਧਿਆਨ, ਮੇਰਾ ਜੀਅ ਕਰਦਾ ਹੈ, ਇਸ ਤਰ੍ਹਾਂ ਦੀ ਕੋਠੀ ਤੇ ਸਾਰੀਆਂ ਸਹੂਲਤਾਂ ਮੇਰੀ ਹਾਕੀ ਟੀਮ ਦੇ ਹਰੇਕ ਖਿਡਾਰੀ ਕੋਲ ਹੋਣ।" ਸਮਾਂ ਪਾ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਹ ਬਚਨ ਪੂਰਾ ਹੋਇਆ। ਜਿਹੜੀ ਦੂਸਰੇ ਬੈਚ ਦੀ ਹਾਕੀ ਟੀਮ ਦੇ ਖਿਡਾਰੀ ਸਨ ਜਾਂ ਹੋਰ ਵੀ ਖਿਡਾਰੀ ਸਨ, ਉਹ ਚੰਗੀਆਂ ਨੌਕਰੀਆਂ ਤੇ ਲੱਗ ਗਏ, ਤੇ ਉਹਨਾਂ ਕੋਲ ਕੋਠੀਆਂ ਕਾਰਾਂ ਤੇ ਹੋਰ ਅਨਮੋਲ ਵਸਤੂਆਂ ਦੇ ਖਜ਼ਾਨੇ ਆ ਗਏ। ਉਹ ਸਾਰੇ ਖਿਡਾਰੀ ਹੁਣ ਸੁਖੀ ਤੇ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ ਅਤੇ ਅੱਗੋਂ ਉਹਨਾਂ ਦੇ ਬੱਚੇ ਵੀ ਸੁਖਮਈ ਜੀਵਨ ਗੁਜ਼ਾਰ ਰਹੇ ਹਨ। ਤੀਸਰੇ ਬੈਚ ਦੇ ਇੱਕ ਖਿਡਾਰੀ ਕਾਬਲ ਸਿੰਘ ਦੱਸਦੇ ਹਨ ਕਿ ਅਸੀਂ ਕਈ ਵਾਰ ਨਿਤਨੇਮ ਵਿੱਚ ਜਾਣ ਤੋਂ ਅਣਗਹਿਲੀ ਕਰਦੇ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਕੰਨ ਤੋਂ ਫੜਕੇ ਆਖਦੇ, "ਨਿਤਨੇਮ 'ਚ ਜਾਇਆ ਕਰੋ, ਸੇਵਾ ਕਰਿਆ ਕਰੋ, ਗੁਰਬਾਣੀ ਪੜ੍ਹਿਆ ਕਰੋ।" ਕਾਬਲ ਸਿੰਘ ਹੁਰੀਂ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਹੇ ਹੋਏ ਇੱਕ-ਇੱਕ ਬਚਨ ਅੱਜ ਵੀ ਸਾਡੇ ਕੰਨਾਂ ਵਿੱਚ ਗੂੰਜਦੇ ਹਨ, ਤੇ ਅਸੀਂ ਸਾਰੇ ਤਾ ਉਮਰ ਤੱਕ ਉਹਨਾਂ ਦੇ ਰਿਣੀ ਰਹਾਂਗੇ।

ਸੰਨ 2009 ਦੇ ਸਿੰਧੀਆ ਗੋਲਡ ਕੱਪ ਵਿੱਚ ਨਾਮਧਾਰੀ ਹਾਕੀ ਟੀਮ ਫਾਈਨਲ ਵਿੱਚ ਪਹੁੰਚ ਗਈ। ਸ਼ੇਰ ਸਿੰਘ, ਗੁਰਵਿੰਦਰ ਸਿੰਘ ਤੇ ਕਰਮਜੀਤ ਸਿੰਘ ਇਹ ਤਿੰਨੇ ਫਾਰਵਰਡ ਪਲੇਅਰ ਮੈਚ ਤੋਂ ਪਹਿਲਾਂ ਟੀਮ ਨੂੰ ਛੱਡ ਕੇ ਕਨੇਡਾ ਚਲੇ ਗਏ ਤੇ ਟੀਮ ਫਾਈਨਲ ਮੈਚ ਹਾਰ ਗਈ। ਇਹ ਤਿੰਨੇ ਖਿਡਾਰੀ ਡਰਦੇ ਸ੍ਰੀ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਫੋਨ ਨਾ ਕਰਨ ਕਿ ਸਾਨੂੰ ਝਿੜਕਾਂ

ਪੈਣਗੀਆਂ। ਇਹਨਾਂ ਨੇ ਇੱਕ ਦਿਨ ਹੌਂਸਲਾ ਜਿਹਾ ਕਰਕੇ ਫੋਨ ਕਰ ਲਿਆ, ਤੇ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੇ ਬਚਨ ਕੀਤਾ, "ਤੁਹਾਡੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਬਖਸ਼ਿਸ਼ ਕੀਤੀ। ਤੁਹਾਡੇ ਤੇ ਮੈਨੂੰ ਬਹੁਤ ਮਾਣ ਸੀ, ਤੁਹਾਨੂੰ ਮੈਚ ਵਿੱਚ ਛੱਡਕੇ ਨਹੀਂ ਸੀ ਜਾਣਾ ਚਾਹੀਦਾ। ਅੱਗੇ ਤੋਂ ਧਿਆਨ ਰੱਖਿਓ ਇਸ ਤਰ੍ਹਾਂ ਨਾ ਹੋਵੇ।"

ਸੰਨ 2015 ਵਿੱਚ ਸ਼ੇਰ ਸਿੰਘ ਅਮਰੀਕਾ ਚਲਾ ਗਿਆ। ਇੱਕ ਦਿਨ ਉਸਨੇ ਸਤਿਗੁਰੂ ਉਦੇ ਸਿੰਘ ਜੀ ਨੂੰ ਫੋਨ ਕੀਤਾ। ਸਤਿਗੁਰੂ ਜੀ ਨੇ (ਹਾਲ-ਚਾਲ) ਪੁੱਛਿਆ ਤੇ ਬਚਨ ਕੀਤਾ, "ਸ਼ੇਰ ਸਿੰਘ ਹਾਕੀ ਖੇਡਣੀ ਨਹੀਂ ਛੱਡਣੀ, ਹਾਕੀ ਨਾਲ ਜੁੜੇ ਰਹਿਣਾ ਹੈ।" ਇਸ ਤਰ੍ਹਾਂ ਸਤਿਗੁਰੂ ਜੀ ਹਾਕੀ ਖਿਡਾਰੀਆਂ ਦਾ ਵਿਸ਼ੇਸ਼ ਧਿਆਨ ਰੱਖਦੇ ਸਨ। ਹਾਕੀ ਖਿਡਾਰੀਆਂ ਨੂੰ ਪਹਿਲਾਂ ਹਾਕੀ ਸਿਖਾਉਣ, ਫਿਰ ਖਿਡਾਉਣ ਤੇ ਫਿਰ ਉਹਨਾਂ ਨੂੰ ਆਪੋ-ਆਪਣੇ ਕੰਮਾਂ ਵਿਚ ਥਾਓਂ-ਥਾਈਂ ਸੈੱਟ ਕਰਨ ਵਿੱਚ ਸਤਿਗੁਰੂ ਜੀ ਨੇ ਖਾਸ ਕਿਰਪਾ ਕੀਤੀ। ਇਹ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੁਭਾਅ ਹੀ ਸੀ ਕਿ ਉਹ ਜਿਸ ਨੂੰ ਵੀ ਕੋਈ ਗੁਣ ਬਖਸ਼ਦੇ ਉਸ ਗੁਣ ਦੀ ਕਦਰ ਵੀ ਕਰਦੇ। ਅੱਜ ਸਤਿਗੁਰੂ ਜੀ ਦੀ ਕਿਰਪਾ ਨਾਲ ਸਾਰੇ ਹਾਕੀ ਖਿਡਾਰੀ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਨ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਹਨ।

ਅੱਖੀਂ ਵੇਖਿਆ ਕੈਲ ਕੱਪ ਹਾਕੀ ਟੂਰਨਾਮੈਂਟ

(ਕੈਲੀਫੋਰਨੀਆ 2007)

-ਜਗਰੂਪ ਸਿੰਘ ਜਰਖੜ

ਵੈਸੇ ਤਾਂ ਅਮਰੀਕਾ-ਕੈਨੇਡਾ ਵਰਗੇ ਮੁਲਕਾਂ ਵਿਚ ਕਬੱਡੀ ਖਿਡਾਰੀਆਂ ਦੀ ਚਾਂਦੀ ਹੁੰਦੀ ਹੈ, ਪਰ ਹੁਣ ਇਨ੍ਹਾਂ ਮੁਲਕਾਂ ਵਿਚ ਹਾਕੀ ਵਾਲਿਆਂ ਨੂੰ ਟੂਰਨਾਮੈਂਟ ਖੇਡਣ ਦੇ ਸੱਦੇ ਆਉਣ ਲੱਗ ਪਏ ਹਨ। ਮਾਮਲਾ ਉਸ ਵੇਲੇ ਵਿਗੜ ਜਾਂਦਾ ਹੈ, ਜਦੋਂ ਖੇਡਣ ਗਏ ਖਿਡਾਰੀ ਉਥੇ ਜਾ ਕੇ ਉਡਾਰੀ ਮਾਰ ਜਾਂਦੇ ਹਨ। ਫੇਰ ਕਈ ਦੂਸਰੇ ਖਿਡਾਰੀਆਂ ਨੂੰ ਵੀਜ਼ਿਆਂ ਦੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਅਤੇ ਖੇਡ ਮੇਲਿਆਂ ਦੇ ਪ੍ਰਬੰਧਕਾਂ ਲਈ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਿਲਾਂ ਖੜ੍ਹੀਆਂ ਹੋ ਜਾਂਦੀਆਂ ਹਨ। ਪਰ ਕੈਲ ਕੱਪ ਹਾਕੀ ਦਾ ਹਾਲ ਦੱਸਣ ਤੋਂ ਪਹਿਲਾਂ ਦੱਸ ਦੇਵਾਂ ਕਿ ਹਾਕੀ ਖੇਡਣ ਗਏ ਨਾਮਧਾਰੀਆਂ ਦੇ ਸਾਰੇ ਖਿਡਾਰੀ ਸੁੱਖੀ-ਸਾਂਦੀ 4 ਜੂਨ 2007 ਨੂੰ ਵਾਪਸ ਵਤਨ ਪਰਤ ਆਏ ਹਨ। ਇਹ ਇਕ ਵਧੀਆ ਤੇ ਖੁਸ਼ਖਬਰੀ ਵਾਲੀ ਗੱਲ ਹੈ।

ਪਿਛਲੇ ਸਾਲ ਵਾਪਸ ਪਰਤਣ ਕਾਰਨ ਨਾਮਧਾਰੀਆਂ ਦੇ ਬਹੁਤੇ ਖਿਡਾਰੀਆਂ ਨੂੰ ਅਮਰੀਕਾ ਵਾਲਿਆਂ ਨੇ ਇਸ ਵਾਰ ਵੀਜ਼ੇ ਵੀ 10-10 ਸਾਲ ਦੇ ਦਿੱਤੇ ਹਨ। ਗੱਲ ਕਰੀਏ ਕੈਲ ਕੱਪ ਹਾਕੀ ਦੀ। ਪੰਜਾਬੀਆਂ ਦੀ ਚਰਚਿਤ ਅਤੇ ਇਕ ਵੱਖਰੀ ਪਹਿਰਾਵੇ ਅਤੇ ਆਪਣੀ ਵੱਖਰੀ ਪਹਿਚਾਣ ਵਾਲੀ 'ਨਾਮਧਾਰੀ ਹਾਕੀ ਇਲੈਵਨ' ਟੀਮ ਨੂੰ ਕੈਲ ਕੱਪ ਹਾਕੀ ਟੂਰਨਾਮੈਂਟ ਦੇ ਪ੍ਰਬੰਧਕਾਂ ਵੱਲੋਂ ਇਸ ਵਾਰ ਪੂਰੇ 37 ਸਾਲਾਂ ਤੋਂ ਚੱਲੇ ਆ ਰਹੇ ਟਰਨਾਮੈਂਟ ਖੇਡਣ ਦਾ ਸੱਦਾ ਮਿਲਿਆ। ਟੀਮ ਦੇ ਨਾਲ ਜਾਣ ਦਾ ਮੇਰਾ ਵੀ ਐਵੇਂ ਗੱਲਾਂਬਾਤਾਂ ਵਿਚ ਹੀ ਸਬੱਬ ਬਣ ਗਿਆ। ਵੀਜ਼ੇ ਲਗਵਾਉਣ ਗਏ ਤਾਂ ਅੰਬੈਸੀ ਵਾਲਿਆਂ ਨੇ ਉਲੰਪੀਅਨ ਹਰਦੀਪ ਸਿੰਘ ਨੀਟਾ ਅਤੇ ਮੈਨੇਜਰ ਗੁਰਚਰਨ ਸਿੰਘ ਦੇ ਵੀਜ਼ੇ ਇਸ ਕਰਕੇ ਰੋਕ ਲਏ ਕਿ ਉਨ੍ਹਾਂ ਦੀ ਫੋਟੋ ਕਿਸੇ ਗਲਤ ਅਨਸਰ ਨਾਲ ਮਿਲਦੀ-ਜੁਲਦੀ ਹੈ। ਹਾਲਾਂਕਿ ਦੋਵੇਂ ਖਿਡਾਰੀ ਕਈ-ਕਈ ਵਾਰ ਅਮਰੀਕਾ ਜਾ ਚੁੱਕੇ ਹਨ। ਭਾਵੇਂ ਪੰਜ ਹਫ਼ਤੇ ਬਾਅਦ ਇਨ੍ਹਾਂ ਦੇ ਵੀਜ਼ੇ ਦਾ ਮਾਮਲਾ ਠੀਕ ਵੀ ਹੋ ਗਿਆ ਸੀ, ਪਰ ਜਦ ਨੂੰ ਨਾਮਧਾਰੀ ਟੀਮ ਨੇ ਅਮਰੀਕਾ ਨੂੰ ਚਾਲੇ ਪਾ ਦਿੱਤੇ ਸਨ।

21 ਮਈ 2007 ਨੂੰ ਸਵੇਰੇ 7 ਵਜੇ ਦੇ ਕਰੀਬ ਜਹਾਜ਼ ਨੇ ਫਰੈਂਕਫਰਟ, ਜਰਮਨੀ ਦੀ ਉਡਾਰੀ ਮਾਰੀ। ਜਹਾਜ਼ ਦੇ ਵਿਚ ਨਾਮਧਾਰੀਆਂ ਦੇ ਪਹਿਰਾਵੇ ਅਤੇ ਸਟਿੱਕ ਬੈਗਾਂ ਨੂੰ ਦੇਖ ਕੇ ਹਰ ਕੋਈ ਬਜ਼ੁਰਗ ਇਹ ਪੁੱਛੇ, 'ਬਾਈ ਜੀ ਅਮਰੀਕਾ ਕੀਰਤਨ ਕਰਨ ਚੱਲੇ ਹੋ? ਜਦੋਂ ਆਖੀਏ ਕਿ ਅਸੀਂ ਤਾਂ ਹਾਕੀ ਖੇਡਣ ਚੱਲੇ ਹਾਂ ਤਾਂ ਹਰ ਕੋਈ ਪੈਰ ਤੋਂ ਸਿਰ ਤੱਕ ਅਚੰਭੇ ਨਾਲ ਝਾਕੇ, ਬਈ ਇਹ ਕਿਸ ਤਰ੍ਹਾਂ ਦੇ ਖਿਡਾਰੀ ਨੇ।

30 ਘੰਟਿਆਂ ਦੇ ਲੰਬੇ ਸਫ਼ਰ ਦੌਰਾਨ 30 ਘੰਟਿਆਂ ਵਾਲੀਆਂ ਬੰਨ੍ਹੀਆਂ ਪੱਗਾਂ ਨੇ ਵੀ ਵਾਹਵਾ ਥਕਾਵਟ ਦਿੱਤੀ। ਦੂਸਰੇ ਪਾਸੇ ਕੋਚ ਬਲਦੇਵ ਸਿੰਘ ਨੇ ਟਿੱਚਰਾਂ ਰਾਹੀਂ ਨਾ ਹੀ ਜਹਾਜ਼ ਦੇ ਕਿਸੇ ਮੁਲਾਜ਼ਮ ਨੂੰ ਬਖਸ਼ਿਆ, ਨਾ ਹੀ ਸਾਨੂੰ ਸੌਣ ਦਿੱਤਾ। ਅਖੀਰ ਡਿਗਦੇ-ਢਹਿੰਦੇ, ਥੱਕਦੇ-ਥਕਾਉਂਦੇ ਅਸੀਂ 21 ਮਈ ਨੂੰ ਲਾਸ ਏਂਜਲਸ ਪਹੁੰਚੇ। ਅਮਰੀਕਾ ਦਾ 13 ਘੰਟਿਆਂ ਦਾ ਸਮਾਂ ਆਪਣੇ ਮਗਰ ਹੋਣ ਕਾਰਨ ਸਾਡੀ ਤਾਂ 21 ਮਈ ਹੀ ਨਹੀਂ ਮੁੱਕੀ। ਏਅਰ ਪੋਰਟ ਤੇ ਗੋਰਿਆਂ ਨੇ ਵਾਹਵਾ ਚੈਕਿੰਗ ਕੀਤੀ, ਕਿਉਂਕਿ ਸਾਡੇ ਖਿਡਾਰੀਆਂ ਦੀਆਂ ਚਿੱਟੀਆਂ ਪੱਗਾਂ ਉਨ੍ਹਾਂ ਨੂੰ ਤਾਲਿਬਾਨੀਆਂ ਦਾ ਭੁਲੇਖਾ ਪਾਉਂਦੀਆਂ ਸਨ। ਅਖੀਰ, ਚੈਕਿੰਗ ਤੋਂ ਬਾਅਦ ਜਦੋਂ ਅਸੀਂ ਏਅਰਪੋਰਟ ਤੋਂ ਬਾਹਰ ਨਿਕਲੇ ਤਾਂ ਨਾਮਧਾਰੀ ਸੰਪਰਦਾ ਦੀ ਸੰਗਤ ਤੇ ਹਾਕੀ ਚਹੇਤੇ ਨਰਿੰਦਰ ਸਿੰਘ, ਜਤਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਹੋਰਾਂ ਨੇ ਟੀਮ ਨੂੰ ਜੀ ਆਇਆਂ ਆਖਦਿਆਂ ਆਪੋ-ਆਪਣੀਆਂ ਗੱਡੀਆਂ ਵਿਚ ਬਿਠਾਇਆ। 9 ਵਜੇ ਦੇ ਕਰੀਬ ਨਰਿੰਦਰ ਸਿੰਘ ਦੇ ਘਰ ਲੰਗਰ ਪਾਣੀ ਛਕ ਕੇ ਟੀਮ ਸਿਮੀ ਵੈਲੀ ਸ਼ਹਿਰ ਦੇ ਗਰੈਂਡ ਵਿਸਟਾ ਹੋਟਲ ਪਹੁੰਚੀ। ਹੋਟਲ ਵਿਚ ਸਾਨੂੰ ਸਹੂਲਤਾਂ ਕਿਸੇ ਫਾਈਵ ਸਟਾਰ ਹੋਟਲ ਤੋਂ ਘੱਟ ਨਹੀਂ ਸਨ।

ਸਵੇਰੇ ਨਾਸ਼ਤਾ ਕਰਨ ਉਪਰੰਤ ਅਸੀਂ ਮੂਰ ਪਾਰਕ (Moor Park) ਕਾਲਜ ਦੇ ਫੀਲਡ ਹਾਕੀ ਸਟੇਡੀਅਮ ਵਿਚ ਗਏ। ਨਾਮਧਾਰੀ ਟੀਮ ਨੇ ਲੰਮਾ-ਚੌੜਾ ਅਭਿਆਸ ਕੀਤਾ। ਲਾਸ ਏਂਜਲਸ ਦੇ ਮੂਰਕ ਪਾਰਕ ਬੈਠਿਆਂ ਭਾਰਤੀ ਹਾਕੀ ਟੀਮ ਦੀ ਇਕ ਇਤਿਹਾਸਕ ਘਟਨਾ ਸਾਨੂੰ ਯਾਦ ਆਈ, ਜਦੋਂ ਇਸੇ ਸ਼ਹਿਰ ਈਸਟ ਯੂਨੀਵਰਸਿਟੀ ਦੇ ਹਾਕੀ ਮੈਦਾਨ ਵਿਚ 1932 ਦੀਆਂ ਉਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੇ ਅਮਰੀਕਾ ਨੂੰ 24-1 ਗੋਲਾਂ ਨਾਲ ਹਰਾ ਕੇ ਸੋਨ ਤਗਮਾ ਜਿੱਤ ਕੇ ਅਜਿਹਾ ਕੀਰਤੀਮਾਨ ਇਤਿਹਾਸ ਰਚਿਆ ਸੀ ਕਿ ਅੱਜ ਤੱਕ ਕੋਈ ਵੀ ਟੀਮ ਕਿਸੇ ਉਲੰਪਿਕ ’ਚ ਅਜਿਹੀ ਵੱਡੀ ਜਿੱਤ ਹਾਸਿਲ ਨਹੀਂ ਕਰ ਸਕੀ। ਭਾਰਤੀ ਟੀਮ ਦੇ ਚੈਂਪੀਅਨ ਬਨਣ ਤੋਂ ਬਾਅਦ ਧਿਆਨ ਚੰਦ, ਰੂਪ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਤਾਰੀਫ਼ ਕਰਦਿਆਂ ਅਮਰੀਕਨ ਮੀਡੀਆ ਨੇ ਉਸ ਵੇਲੇ ਅਖਬਾਰਾਂ ਵਿਚ ਲਿਖਿਆ ਸੀ ਕਿ “ਪੂਰਬ ਵਿਚੋਂ ਹਾਕੀ ਦਾ ਇਕ ਅਜਿਹਾ ਤੂਫ਼ਾਨ ਉੱਠ ਕੇ ਲਾਸ ਏਂਜਲਸ ਉਲੰਪਿਕ ਖੇਡਾਂ ਵਿਚ ਆਇਆ, ਜੋ ਅਮਰੀਕਾ ਅਤੇ ਜਪਾਨ ਦੀ ਹਾਕੀ ਨੂੰ ਤਬਾਹ ਕਰ ਗਿਆ। ਅਮਰੀਕਾ ਹੁਣ ਜਾਂ ਤਾਂ ਹਾਕੀ ਖੇਡਣਾ ਛੱਡ ਦੇਵੇ ਜਾਂ ਫੇਰ ਭਾਰਤੀ ਹਾਕੀ ਟੀਮ ਬਰਫ ਵਾਲੇ ਬੂਟ ਪਾ ਕੇ (ice hockey) ਇਕ ਹੱਥ ਨਾਲ ਹਾਕੀ ਖੇਡੇ। ਸ਼ਾਇਦ ਫਿਰ ਅਮਰੀਕਾ ਦੀ ਹਾਕੀ ਭਾਰਤ ਦਾ ਮੁਕਾਬਲਾ ਕਰ ਸਕੇ। ਇਹ ਘਟਨਾ ਅਸੀਂ ਜਦੋਂ ਨਾਮਧਾਰੀ ਹਾਕੀ ਖਿਡਾਰੀਆਂ ਨੂੰ ਦੱਸੀ ਤਾਂ ਉਨ੍ਹਾਂ ਸਾਰਿਆਂ ਨੇ ਆਪਣੇ ਜੁਝਾਰੂਪਨ ਦੀ ਭਾਵਨਾ ਦਰਸਾਉਂਦਿਆਂ ਆਖਿਆ, “ਸਾਡੇ ਲਈ ਕੈਲ ਕੱਪ ਜਿੱਤਣਾ ਜ਼ਿੰਦਗੀ ਅਤੇ ਮੌਤ ਦਾ ਸਵਾਲ ਹੈ, ਅਸੀਂ ਭਾਰਤੀ ਹਾਕੀ ਦੀ ਲਾਜ ਬਚਾਵਾਂਗੇ।”

ਟੂਰਨਾਮੈਂਟ ਸ਼ੁਰੂ ਹੋਇਆ। ਟੂਰਨਾਮੈਂਟ ਕੀ ਸੀ, ਵਾਕਿਆ ਹੀ ਹਾਕੀ ਦਾ ਇਕ ਹੜ੍ਹ ਸੀ। ਮੈਂ ਤਾਂ ਹੁਣ ਤੱਕ ਭਾਰਤ ਵਿਚ ਵੀ ਇਸ ਤਰ੍ਹਾਂ ਦੀ ਤੇ ਇਨੀ ਵਧੀਆ ਹਾਕੀ ਨਹੀਂ ਦੇਖੀ। 9 ਸਾਲ ਦੀ ਉਮਰ ਵਰਗ ਤੋਂ ਲੈ ਕੇ 55 ਸਾਲ ਵਰਗ ਦੇ ਵੱਖ-ਵੱਖ 16 ਵਰਗਾਂ ਦੇ ਮੁਕਾਬਲੇ ਸ਼ੁਰੂ ਹੋਏ । ਕੁੱਲ 133 ਟੀਮਾਂ ਖੇਡੀਆਂ। ਸਭ ਤੋਂ ਵੱਧ ਖਿੱਚ ਦਾ ਕੇਂਦਰ ਮਰਦਾਂ ਤੇ ਇਸਤਰੀਆਂ ਦੀ ਸੁਪਰ ਲੀਗ ਹਾਕੀ ਸੀ। ਮਰਦਾਂ ਵਿਚ ਨਾਮਧਾਰੀਆਂ ਨੇ ਜਦੋਂ ਉਲੰਪੀਅਨ ਹਰਪਾਲ ਸਿੰਘ ਦੀ ਕਪਤਾਨੀ ਹੇਠ ਸਨਫਰਾਂਸਿਸਕੋ ਕਲੱਬ ਨੂੰ 10-1 ਨਾਲ (ਇਸ ਮੈਚ ਵਿੱਚ ਨਾਮਧਾਰੀ ਟੀਮ ਵੱਲੋਂ ਰਵੀਪਾਲ ਸਿੰਘ ਨੇ 2, ਬਚਿੱਤਰ ਮੰਡ, ਗੁਰਵਿੰਦਰ, ਕਰਮਜੀਤ, ਅਵਤਾਰ, ਸ਼ੇਰ, ਅਨਮੋਲਕ, ਹਰਪਾਲ ਤੇ ਜਤਿੰਦਰਪਾਲ ਸਿੰਘ ਨੇ 1-1 ਗੋਲ ਕੀਤਾ), ਡਰਟੀ ਬਰਡਸ ਕਲੱਬ ਕੈਨੇਡਾ ਨੂੰ 2-0 ਨਾਲ (ਇਸ ਮੈਚ ਵਿੱਚ ਕਰਮਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੇ 1-1 ਗੋਲ ਕੀਤਾ), ਪੈਸੇਫਿਕ ਕਲੱਬ ਨੂੰ 7-1 ਨਾਲ (ਇਸ ਮੈਚ ਵਿੱਚ ਗੁਰਪ੍ਰੀਤ ਨੇ 2 ਗੋਲ, ਹਰਪਾਲ, ਰਵੀਪਾਲ, ਅਨਮੋਲਕ, ਸ਼ੇਰ ਤੇ ਅਵਤਾਰ ਸਿੰਘ ਨੇ 1-1 ਗੋਲ ਕੀਤਾ), ਮਿਸਟਰੀ ਕਲੱਬ ਨੂੰ 8-1 ਨਾਲ ਜਿੱਤ ਦਾ ਹੂੰਝਾ ਫੇਰਿਆ (ਗੁਰਵਿੰਦਰ ਸਿੰਘ ਨੇ 2 ਗੋਲ, ਹਰਵਿੰਦਰ, ਜਸਵੇਦ, ਸ਼ੇਰ, ਅਜਮੇਰ, ਗੁਰਚਰਨ, ਕਰਮਜੀਤ ਸਿੰਘ ਨੇ 1-1 ਗੋਲ ਕੀਤਾ)। ਲੱਗਿਆ ਕਿ ਮਾਮਲਾ ਸੌਖਾ ਹੀ ਫਤਹਿ ਹੋ ਜਾਊ। ਪਰ ਲੀਗ ਦੇ ਵਿਚ ਵਿਚਾਲੇ ਅਰਜਨਟਾਈਨਾ ਦੀ ਹਾਕੀ ਟੀਮ ਦਾ ਗੜ੍ਹ ਅਤੇ ਉਨ੍ਹਾਂ ਦੀ ਕੌਮਾਂਤਰੀ ਖਿਡਾਰੀਆਂ ਨਾਲ ਸਜੀ ਬਿਊਨਿਸ ਆਇਰਸ ਕਲੱਬ ਅਰਜਨਟਾਈਨਾ ਨੇ ਨਾਮਧਾਰੀਆਂ ਨੂੰ 2-1 ਨਾਲ ਚਿਤ ਕਰ ਦਿੱਤਾ (ਇਸ ਮੈਚ ਵਿੱਚ ਇੱਕੋ-ਇੱਕ ਗੋਲ ਅਨਮੋਲਕ ਸਿੰਘ ਨੇ ਕੀਤਾ)।

ਇਕ ਵਾਰ ਤਾਂ ਕੰਬਣੀ ਜਿਹੀ ਹੀ ਛਿੜ ਪਈ। ਅਖੀਰ ਫਾਈਨਲ ਮੁਕਾਬਲੇ ਦੀ ਵਾਰੀ ਆਈ। ਮਰਦਾਂ ਦੇ ਫਾਈਨਲ ਤੋਂ ਪਹਿਲਾਂ ਅਰਜਨਟਾਈਨਾ ਦੀਆਂ ਕੁੜੀਆਂ ਨੇ ਅਮਰੀਕਾ ਨੂੰ 4-0 ਨਾਲ ਹਰਾ ਕੇ ਬਾਜ਼ੀ ਜਿੱਤੀ। ਦੋਹਾਂ ਮੁਲਕਾਂ ਦੇ ਰਾਸ਼ਟਰੀ ਗਾਇਨ ਤੋਂ ਬਾਅਦ ਫਾਈਨਲ ਮੁਕਾਬਲਾ ਸ਼ੁਰੂ ਹੋਇਆ। ਕਿਆ ਸਵਾਦ ਵਾਲਾ ਮੈਚ ਸੀ। ਉਥੇ ਚਾਰ ਹਜ਼ਾਰ ਦੇ ਕਰੀਬ ਦਰਸ਼ਕ-ਹਾਕੀ ਪ੍ਰੇਮੀ ਦੋਹਾਂ ਟੀਮਾਂ ਦੀ ਤੇਜ਼-ਤਰਾਰ ਅਤੇ ਕਲਾਤਮਕ ਹਾਕੀ ਦੇਖ ਕੇ ਅਸ਼-ਅਸ਼ ਕਰ ਉੱਠੇ। ਨਾਮਧਾਰੀਆਂ ਨੇ ਅਰਜਨਟਾਈਨਾ ਦੀ ਰੱਖਿਆ ਪੰਕਤੀ ਦੀ ਚੱਕਰੀ ਤਾਂ ਚੰਗੀ ਘੁਮਾਈ, ਪਰ ਅਰਜਨਟਾਈਨਾ ਦੇ ਗੋਲਕੀਪਰ ਦੀ ਖੇਡ ਦਾ ਵੀ ਕੋਈ ਜਵਾਬ ਨਹੀਂ। ਅਖੀਰ ਨਾਮਧਾਰੀ ਇਲੈਵਨ 3-2 ਨਾਲ ਜੇਤੂ ਬਣੀ (ਇਸ ਮੈਚ ਵਿੱਚ 22ਵੇਂ ਮਿੰਟ ਵਿੱਚ ਸਾਬੂ ਵਰਕੀ ਦੇ ਪਾਸ 'ਤੇ ਕਰਮਜੀਤ ਸਿੰਘ ਨੇ ਪਹਿਲਾ ਗੋਲ ਕੀਤਾ, ਇਸ ਤੋਂ ਬਾਅਦ ਜੌਨ ਪਾਬਲੋ ਨੇ 45ਵੇਂ ਮਿੰਟ ਵਿੱਚ ਅਰਜਨਟੀਨਾ ਵੱਲੋਂ ਗੋਲ ਕੀਤਾ, 50ਵੇਂ ਮਿੰਟ ਵਿੱਚ ਪੈਲਨਟੀ ਕਾਰਨਰ 'ਤੇ ਗੁਰਪ੍ਰੀਤ ਸਿੰਘ ਨੇ ਨਾਮਧਾਰੀ ਟੀਮ ਵੱਲੋਂ ਗੋਲ ਕੀਤਾ, 61 ਵੇਂ

ਮਿੰਟ 'ਤੇ ਰਵੀਪਾਲ ਦੇ ਪਾਸ ਤੇ ਕਰਮਜੀਤ ਸਿੰਘ ਨੇ ਗੋਲ ਕੀਤਾ, ਫਿਰ ਆਖਰੀ ਮਿੰਟਾਂ ਵਿੱਚ ਅਰਜਨਟੀਨਾ ਦੀ ਟੀਮ ਨੇ ਇੱਕ ਹੋਰ ਗੋਲ ਕੀਤਾ)। ਪੰਜਾਬੀਆਂ ਦਾ ਹਾਕੀ ਮੋਹ ਦੇਖਣ ਵਾਲਾ ਸੀ। ਉਹ ਜਿੱਤ ਤੋਂ ਬਾਅਦ ਇਕ ਦੂਜੇ ਨੂੰ ਇਸ ਤਰ੍ਹਾਂ ਵਧਾਈਆਂ ਦੇ ਰਹੇ ਸਨ, ਜਿਸ ਤਰ੍ਹਾਂ ਭਾਰਤੀ ਹਾਕੀ ਟੀਮ ਨੇ ਵਿਸ਼ਵ ਕੱਪ ਜਾਂ ਉਲੰਪਿਕ ਜਿੱਤ ਲਈ ਹੋਵੇ।

ਇਕ ਵੱਡਾ ਸਾਰਾ ਝੁਰਮੁਟ ਠਾਕੁਰ ਉਦੈ ਸਿੰਘ ਨਾਮਧਾਰੀ ਨੂੰ ਵਧਾਈ ਦਿੰਦਿਆਂ ਸਵਾਲ ਕਰ ਰਿਹਾ ਸੀ ਕਿ ਭਾਰਤੀ ਹਾਕੀ ਟੀਮ ਦੀ ਜਿੱਤ ਨੂੰ ਕੀ ਘੁਣ ਲੱਗ ਗਿਆ ਹੈ? ਤਾਂ ਠਾਕੁਰ ਜੀ ਬੜੇ ਆਤਮ-ਵਿਸ਼ਵਾਸ ਨਾਲ ਆਖ ਰਹੇ ਸਨ ਕਿ ਮੈਂ ਤਾਂ ਦੋ ਸਾਲ ਪਹਿਲਾਂ ਹੀ ਜੋਤੀ ਕੁਮਾਰਨ ਨੂੰ ਆਖਿਆ ਸੀ ਕਿ ਤਿੰਨ ਸਾਲ ਟੀਮ ਨਾਮਧਾਰੀਆਂ ਦੇ ਹਵਾਲੇ ਕਰ ਦਿਓ, 2008 ਉਲੰਪਿਕ ਖੇਡਾਂ ਵਿਚ ਕੋਈ ਇਕ ਮੈਡਲ ਸਾਡੇ ਤੋਂ ਲੈ ਲਿਓ, ਪਰ ਕੋਈ ਸੁਣੇ ਤਾਂ ਸਹੀ। ਚੰਨਾ ਆਲਮਗੀਰ ਸਿਆਟਲ, ਗੁਰਦੀਪ ਬਾਈ, ਬੱਗਾ ਸਿੰਘ (ਦੋਵੇਂ ਪੁਰਾਣੇ ਨਾਮਧਾਰੀ ਹਾਕੀ ਖਿਡਾਰੀ), ਬੂਟਾ ਸਿੰਘ ਜੋਹਲ, ਪਾਲੀ ਪੀ. ਏ. ਯੂ. ਵਾਲਾ, ਐਸ. ਐਸ. ਬਾਜਵਾ, ਪਾਲਾ ਪਟਿਆਲੇ ਵਾਲਾ, ਚੰਨੀ, ਸ਼ਿਲੀ, ਜੱਗੀ ਗੁੱਜਰਵਾਲ ਤੋਂ ਇਲਾਵਾ ਕਈ ਪੁਰਾਣੇ ਨਾਮੀ ਖਿਡਾਰੀ ਆਪੋ-ਆਪਣੇ ਟਿਕਾਣਿਆਂ ਤੋਂ ਕੈਲ ਕੱਪ ਨੂੰ ਦੇਖਣ ਲਈ ਉਚੇਚੇ ਤੌਰ 'ਤੇ ਪਹੁੰਚੇ। ਅਸੀਂ ਰਾਤੋ-ਰਾਤ ਲਾਸ ਏਂਜਲਸ ਤੋਂ ਸੈਕਰਾਮੈਂਟੋ ਨੂੰ ਚਾਲੇ ਪਾਏ ਅਤੇ ਅੱਧੀ ਰਾਤ ਜਾ ਕੇ ਫਰਿਜ਼ਨੋਂ ਤੋਂ ਖ਼ਬਰਾਂ ਅਖ਼ਬਾਰਾਂ ਨੂੰ ਭੇਜੀਆਂ ਅਤੇ ਤੜਕੇ ਦੇ ਕਰੀਬ ਜਾ ਕੇ ਬੂਟਾ ਸਿੰਘ ਤੇਹਿੰਗ ਦੇ ਘਰ ਰਾਤ ਕੱਟੀ ਅਤੇ ਕੈਲ ਕੱਪ ਹਾਕੀ ਦੀਆਂ ਕਈ ਘਟਨਾਵਾਂ ਸਦਾ ਲਈ ਚੇਤੇ ਵਿਚ ਸਮਾ ਗਈਆਂ।

ਨਾਮਧਾਰੀ ਬਾਬਿਆਂ ਦੀ ਹਾਕੀ ਖੇਡ

(ਸਰੀ ਦਾ ਟੂਰਨਾਮੈਂਟ)

-ਜਸਬੀਰ ਸਰਾਂ (ਕਨੇਡਾ)

2008 ਵਿੱਚ ਸਾਡੇ ਸੱਜਣਾਂ ਮਿੱਤਰਾਂ ਸਰੀ ਲਾਇਨਜ਼ ਵਾਲਿਆਂ ਨੇ ਰਲ ਕੇ ਇੱਕ ਵਧੀਆ ਹਾਕੀ ਟੂਰਨਾਮੈਂਟ ਕਰਵਾਉਣ ਦਾ ਸੋਚਿਆ। ਇਸ ਲਈ ਕਾਫੀ ਕੰਮ ਕਰਨ ਦੀ ਜ਼ਰੂਰਤ ਸੀ ਕਿਉਂਕਿ ਹਾਕੀ ਦਾ ਟੂਰਨਾਮੈਂਟ ਕੈਨੇਡਾ ਵਿੱਚ ਕਰਵਾਉਣਾ ਇੱਕ ਨਵੀਂ ਗੱਲ ਸੀ। ਕਿਉਂਕਿ ਇਸ ਤੋਂ ਪਹਿਲਾਂ ਸਿਰਫ ਤੇ ਸਿਰਫ ਕਬੱਡੀ ਦੇ ਟੂਰਨਾਮੈਂਟ ਹੀ ਹੁੰਦੇ ਸਨ। ਹਾਕੀ ਵੱਲ ਕਿਸੇ ਦਾ ਧਿਆਨ ਹੀ ਨਹੀਂ ਗਿਆ ਸੀ। ਸਾਡੀ ਸਰੀ ਲਾਇਨਜ਼ ਦੀ ਟੀਮ ਜਨਵਰੀ 2008 ਵਿੱਚ ਅਮਰੀਕਾ ਦੇ ਸ਼ਹਿਰ phoenix ਹਾਕੀ ਦਾ ਟੂਰਨਾਮੈਂਟ ਖੇਡਣ ਗਈ ਸੀ। ਸਬੱਬੀਂ ਨਾਮਧਾਰੀਆਂ ਦਾ ਇੱਕ ਖਿਡਾਰੀ ਅਨਮੋਲਕ ਸਿੰਘ (ਬਿੱਲਾ) ਵੀ ਉੱਥੇ ਸਿਕੰਦਰ ਸਿੰਘ ਹੁਰਾਂ ਨਾਲ ਪਹੁੰਚਿਆ ਸੀ। ਅਨਮੋਲਕ ਸਿੰਘ ਨੂੰ ਮੈਂ ਪਹਿਲਾਂ ਜਾਣਦਾ ਸੀ। ਇਸ ਟੂਰਨਾਮੈਂਟ ਵਿੱਚ ਅਨਮੋਲਕ ਸਿੰਘ ਸਾਡੀ ਟੀਮ ਵਲੋਂ ਬਹੁਤ ਵਧੀਆ ਖੇਡਿਆ। ਅਸੀਂ ਉਸ ਨਾਲ ਵੀ ਕੈਨੇਡਾ ਟੂਰਨਾਮੈਂਟ ਕਰਵਾਉਣ ਬਾਰੇ ਗੱਲ ਕੀਤੀ। ਉਹ ਕਹਿੰਦਾ ਕੋਈ ਗੱਲ ਨਹੀਂ, ਦੱਸਿਓ ਜਦੋਂ ਕਰਵਾਉਣਾ ਹੋਇਆ ਆਪਾਂ ਜ਼ਰੂਰ ਆਵਾਂਗੇ।

ਅਸੀਂ 2008 ਦੇ ਅੱਧ ਵਿੱਚ ਅਨਮੋਲਕ ਸਿੰਘ ਤੇ ਸ਼ੇਰ ਸਿੰਘ ਨੂੰ ਸਪਾਂਸਰਸ਼ਿਪ ਭੇਜੀ। ਉਹ ਦੋਵੇਂ ਹੀ 2008 ਦਾ ਕੈਲੀਫੋਰਨੀਆਂ ਕੱਪ (ਅਮਰੀਕਾ) ਜਿੱਤਣ ਤੋਂ ਬਾਅਦ ਸਾਡੇ ਕੋਲ ਸਰੀ ਆਏ। ਅਸੀਂ ਸਾਰੇ ਕਲੱਬ ਮੈਂਬਰਾਂ ਨੇ ਮੀਟਿੰਗ ਕਰਨ ਤੋਂ ਬਾਅਦ ਟੂਰਨਾਮੈਂਟ ਦੀ ਰੂਪਰੇਖਾ ਤਿਆਰ ਕੀਤੀ। ਵੱਖ-ਵੱਖ ਅਦਾਰਿਆਂ, ਪਰਿਵਾਰਾਂ, ਵਪਾਰੀ ਮਿੱਤਰਾਂ ਤੇ ਪੁਰਾਣੇ ਖਿਡਾਰੀਆਂ ਨੂੰ ਮਦਦ ਲਈ ਪ੍ਰੇਰਿਆ ਗਿਆ। ਸਾਡੀ ਸਾਰਿਆਂ ਦੀ ਮਿਹਨਤ ਰੰਗ ਲਿਆਈ। ਅਸੀਂ ਲੋੜ ਕੁ ਜੋਗੇ ਡਾਲਰ ਟੂਰਨਾਮੈਂਟ ਕਰਵਾਉਣ ਲਈ ਇਕੱਠੇ ਕਰ ਲਏ। ਟੂਰਨਾਮੈਂਟ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸਾਰੇ ਮੈਂਬਰਾਂ ਨੇ ਆਪਣੇ ਕੰਮ ਤੇ ਜਾਣਾ ਜਾਂ ਤਾਂ ਘੱਟ ਕਰ ਦਿੱਤਾ ਜਾਂ ਬੰਦ ਹੀ ਕਰ ਦਿੱਤਾ ਕਿਉਂਕਿ ਏਡਾ ਵੱਡਾ ਟੂਰਨਾਮੈਂਟ ਮੈਂਬਰਾਂ ਦੀ ਮਿਹਨਤ ਨਾਲ ਹੀ ਸਿਰੇ ਚੜ੍ਹ ਸਕਦਾ ਸੀ।

ਅਮਰੀਕਾ, ਮੈਕਸੀਕੋ, ਪੂਰੇ ਕੈਨੇਡਾ ਤੋਂ ਵਧੀਆ ਹਾਕੀ ਟੀਮਾਂ ਨੂੰ ਸੱਦੇ ਭੇਜੇ ਗਏ। ਅਮਰੀਕਾ ਤੋਂ Freemont, LA Tigers, Sacramento, Sanjose Khalsa, Phoenix Scorpians ਆਦਿ ਟੀਮਾਂ ਨੇ ਟੂਰਨਾਮੈਂਟ ਵਿੱਚ ਹਾਜ਼ਰੀ ਦੀ ਹਾਮੀ ਭਰੀ। ਇੱਕ ਕਲੱਬ ਮੈਕਸੀਕੋ ਤੋਂ ਵੀ ਤਿਆਰ ਹੋ ਗਿਆ। ਟੋਰਾਂਟੋ ਤੋਂ ਵੀ ਦੋ ਟੀਮਾਂ ਨੇ

ਕਮਰਕੱਸੇ ਕੱਸ ਲਏ। ਸਰੀ ਤੋਂ ਵੀ ਦੋ ਤਿੰਨ ਟੀਮਾਂ ਤਿਆਰ ਸਨ। ਇਹਨਾਂ ਟੀਮਾਂ ਵਿੱਚ ਕਈ ਅੰਤਰਰਾਸ਼ਟਰੀ ਖਿਡਾਰੀ ਵੀ ਸਾਡੇ ਟੂਰਨਾਮੈਂਟ ਤੇ ਆ ਰਹੇ ਸਨ। ਅਸੀਂ ਅਖਬਾਰਾਂ, ਰੇਡੀਓ ਤੇ ਜਾ ਕੇ ਵੀ ਲੋਕਾਂ ਨੂੰ ਟੂਰਨਾਮੈਂਟ ਤੇ ਆਉਣ ਲਈ ਅਪੀਲ ਕੀਤੀ। ਸਾਰੇ ਮੈਂਬਰਾਂ ਨੂੰ ਵਿਆਹ ਜਿੰਨਾ ਚਾਅ ਸੀ ਟੂਰਨਾਮੈਂਟ ਦਾ। ਸ. ਪਰਗਟ ਸਿੰਘ (ਹਾਕੀ ਉਲੰਪੀਅਨ) ਹੁਰਾਂ ਨੂੰ ਭਾਰਤ ਤੋਂ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਵਜੋਂ ਆਉਣ ਦਾ ਸੱਦਾ ਦਿੱਤਾ ਗਿਆ, ਜੋ ਕਿ ਉਨ੍ਹਾਂ ਨੇ ਖਿੜ੍ਹੇ ਮੱਥੇ ਪ੍ਰਵਾਨ ਕਰ ਲਿਆ। ਸਾਰਾ ਸਟੇਡੀਅਮ ਬਹੁਤ ਵਧੀਆ ਤਰੀਕੇ ਨਾਲ ਸਜਾ ਦਿੱਤਾ ਗਿਆ।

ਟੂਰਨਾਮੈਂਟ ਦਾ ਰਸਮੀ ਉਦਘਾਟਨ ਮੈਚ Freemont ਦੀ ਟੀਮ ਤੇ Burn by ਦੀ ਟੀਮ ਵਿਚਕਾਰ ਹੋਇਆ। Freemont ਵੱਲੋਂ 4 ਨਾਮਧਾਰੀ ਖਿਡਾਰੀ ਸਰਦਾਰ ਸਿੰਘ (ਭਾਰਤੀ ਕਪਤਾਨ), ਸ਼ੇਰ ਸਿੰਘ, ਅਨਮੋਲਕ ਸਿੰਘ ਤੇ ਜਸਵੇਦ ਸਿੰਘ ਖੇਡ ਰਹੇ ਸਨ। ਨਾਮਧਾਰੀ ਖਿਡਾਰੀਆਂ ਦੀ ਖੇਡ ਬਹੁਤ ਹੀ ਸ਼ਲਾਘਾਯੋਗ ਸੀ, ਵਿਸ਼ੇਸ਼ ਕਰਕੇ ਬਜ਼ੁਰਗਾਂ ਨੇ ਇਨ੍ਹਾਂ ਦੀ ਖੇਡ ਨੂੰ ਬਹੁਤ ਸਲਾਹਿਆ। ਅਖੀਰ ਨਾਮਧਾਰੀ ਖਿਡਾਰੀਆਂ ਨਾਲ ਸਜੀ ਫਰੀਮੌਂਟ ਦੀ ਟੀਮ ਟੂਰਨਾਮੈਂਟ ਜਿੱਤ ਗਈ। ਫਾਈਨਲ ਮੈਂਚ ਯੂਨਾਈਟਿਡ ਬ੍ਰਦਰਜ਼ ਦੀ ਟੀਮ ਨਾਲ ਬਹੁਤ ਹੀ ਆਹਲਾ ਦਰਜੇ ਦਾ ਹੋਇਆ, ਜਿਸ ਵਿੱਚ ਭਾਰਤ ਵਲੋਂ ਖੇਡੇ ਕਈ ਪੁਰਾਣੇ ਅੰਤਰਰਾਸ਼ਟਰੀ ਖਿਡਾਰੀ ਖੇਡ ਰਹੇ ਸਨ। ਇਸ ਤਰ੍ਹਾਂ 2008 ਦਾ ਸਾਡਾ ਤੇ ਪੂਰੇ ਕੈਨੇਡਾ ਦਾ ਪਹਿਲਾ ਅੰਤਰ-ਰਾਸ਼ਟਰੀ ਹਾਕੀ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਹੋਇਆ ਸਾਨੂੰ ਅਗਲੇ ਸਾਲ ਹੋਰ ਵਧੀਆ ਟੂਰਨਾਮੈਂਟ ਕਰਨ ਲਈ ਪ੍ਰੇਰਨਾ ਕਰ ਸਮਾਪਤ ਹੋ ਗਿਆ।

ਸਾਰੇ ਕਲੱਬ ਮੈਂਬਰਾਂ ਨੇ 2009 ਵਿੱਚ ਟੂਰਨਾਮੈਂਟ ਹੋਰ ਵੀ ਵਧੀਆ ਪ੍ਰਬੰਧ ਕਰਕੇ ਕਰਾਉਣ ਦੀ ਵਿਉਂਤਬੰਦੀ ਕੀਤੀ। ਇਸ ਵਿੱਚ ਸਭ ਤੋਂ ਪਹਿਲਾ ਕੰਮ ਦਰਸ਼ਕਾਂ ਦੀ ਭਾਰੀ ਮੰਗ ’ਤੇ ਪੂਰੀ ਨਾਮਧਾਰੀ ਟੀਮ ਨੂੰ ਸੱਦਣ ਦਾ ਸੀ। ਸਾਡੀ ਇਹ ਇੱਛਾ ਠਾਕਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਅਰਜ਼ ਕਰਨ ਤੋਂ ਬਾਅਦ ਪ੍ਰਵਾਨ ਹੋਈ।

ਸਾਲ 2009 ਵਿੱਚ ਜਰਮਨੀ ਤੋਂ ਇੱਕ ਕਲੱਬ, ਅਰਜਨਟੀਨਾ ਤੋਂ ਇੱਕ ਕਲੱਬ, ਤਿੰਨ ਟੀਮਾਂ ਅਮਰੀਕਾ ਤੋਂ ਤੇ ਚਾਰ ਟੀਮਾਂ ਕੈਨੇਡਾ ਤੋਂ ਇਲਾਵਾ ਭਾਰਤ ਤੋਂ ਟੂਰਨਾਮੈਂਟ ਦੀ ਸਭ ਤੋਂ ਚਰਚਿਤ ਟੀਮ ਨਾਮਧਾਰੀ ਬਾਬਿਆਂ ਦੀ ਆਪਣੇ ਰਵਾਇਤੀ ਦਸਤਾਰ ਤੇ ਕਛਹਿਰਿਆਂ ਵਿੱਚ ਸਜੀ ਪਹੁੰਚ ਗਈ। ਸਾਰੀਆਂ ਟੀਮਾਂ ਦਾ ਪ੍ਰਬੰਧ Holiday Inn Express ਹੋਟਲ ਵਿੱਚ ਕੀਤਾ ਗਿਆ। ਪਰ ਨਾਮਧਾਰੀ ਟੀਮ ਦਾ ਸਾਰਾ ਪ੍ਰਬੰਧ ਸੂਬਾ ਬਲਬੀਰ ਸਿੰਘ ਤੇ ਸੁਰਿੰਦਰ ਸਿੰਘ ਕੰਗ ਦੀ ਅਗਵਾਈ ਹੇਠ ਨਾਮਧਾਰੀ ਸੰਗਤ ਵੈਨਕੂਵਰ ਕੈਨੇਡਾ ਨੇ ਕੀਤਾ। ਟੂਰਨਾਮੈਂਟ ਤੋਂ 15 ਕੁ ਦਿਨ ਪਹਿਲਾਂ ਸਾਰੀ

ਨਾਮਧਾਰੀ ਟੀਮ ਕਨੇਡਾ ਦੇ ਸ਼ਹਿਰ ਸਰੀ ਪਹੁੰਚ ਗਈ ਸੀ। ਕੈਨੇਡਾ ਦੀ ਨੈਸ਼ਨਲ ਟੀਮ ਦਾ Pan-Am Games ਵਾਸਤੇ ਕੈਂਪ ਲੱਗਿਆ ਹੋਇਆ ਸੀ। ਅਸੀਂ ਕੈਨੇਡਾ ਦੀ ਟੀਮ ਦਾ ਇੱਕ ਮੈਚ ਨਾਮਧਾਰੀ ਟੀਮ ਨਾਲ ਰੱਖ ਲਿਆ। ਦਰਸ਼ਕਾਂ ਵਿੱਚ ਕਾਫੀ ਉਤਸ਼ਾਹ ਸੀ। ਕੈਨੇਡਾ ਦੀ ਟੀਮ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਅਭਿਆਸ ਕਰ ਰਹੀ ਸੀ ਤੇ ਨਾਮਧਾਰੀ ਖਿਡਾਰੀ ਸਿੱਧੇ ਹੀ ਮੈਦਾਨ ਵਿੱਚ ਮੈਚ ਖੇਡਣ ਹਾਜ਼ਰ ਹੋਏ ਸਨ। ਕੈਨੇਡਾ ਦੀ ਟੀਮ ਨੇ ਵਧੀਆ ਖੇਡ ਦਿਖਾਉਂਦੇ ਹੋਏ ਨਾਮਧਾਰੀ ਟੀਮ ਨੂੰ 5-3 ਨਾਲ ਹਰਾਇਆ। ਨਾਮਧਾਰੀ ਖਿਡਾਰੀਆਂ ਨੇ ਇਸ ਤੋਂ ਬਾਅਦ ਟੂਰਨਾਮੈਂਟ ਦੀ ਤਿਆਰੀ ਹੋਰ ਚੰਗੀ ਤਰ੍ਹਾਂ ਸ਼ੁਰੂ ਕਰ ਦਿੱਤੀ ਕਿਉਂਕਿ ਨਾਮਧਾਰੀ ਟੀਮ ਦਾ ਆਪਣਾ ਇੱਕ Reputation ਹੈ। ਲਗਾਤਾਰ ਇੱਕ ਹਫਤਾ ਦੋਵੇਂ ਟਾਈਮ ਖਿਡਾਰੀਆਂ ਦੀ ਸਖ਼ਤ ਮਿਹਨਤ ਟੂਰਨਾਮੈਂਟ ਵਿੱਚ ਸਾਫ਼ ਦਿਸਦੀ ਸੀ।

ਟੂਰਨਾਮੈਂਟ ਸ਼ੁਰੂ ਹੋਣ ਤੋਂ ਪਹਿਲਾਂ ਸੂਬਾ ਬਲਬੀਰ ਸਿੰਘ, ਸੁਰਿੰਦਰ ਕੰਗ, ਸੁਰਿੰਦਰ ਹੇਅਰ, ਦਾਰਾ ਹੇਅਰ ਕਈ ਰੇਡੀਓ ਪ੍ਰੋਗਰਾਮਾਂ ਵਿੱਚ ਵੀ ਹਾਜ਼ਰ ਹੋ ਕੇ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦੇ ਰਹੇ। ਇਸ ਵਾਰ ਅਸੀਂ ਮੁੱਖ ਮਹਿਮਾਨ ਵਜੋਂ ਸ. ਬਲਬੀਰ ਸਿੰਘ (ਉਲੰਪੀਅਨ) ਤੇ ਧਨਰਾਜ ਪਿੱਲੇ ਨੂੰ ਬੇਨਤੀ ਕੀਤੀ ਸੀ, ਜਿਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਕੇ ਟੂਰਨਾਮੈਂਟ ’ਤੇ ਆਉਣ ਦੀ ਹਾਮੀ ਭਰੀ। ਹਾਕੀ ਸਟੇਡੀਅਮ ਦਾ ਐਡਰੈੱਸ -126th street, 64 Avenue Surrey BC ’ਤੇ ਸਥਿਤ Tamanawis Park ਹੈ। ਟੂਰਨਾਮੈਂਟ ਵਿੱਚ Super (men) section ਤੋਂ ਬਿਨਾ Social ਟੀਮਾਂ ਦੇ ਮੁਕਾਬਲੇ ਵੀ ਰੱਖੇ ਗਏ ਸਨ। ਰਸਮੀ ਉਦਘਾਟਨ ਤੋਂ ਬਾਅਦ ਪਹਿਲਾ ਮੈਚ ਸ਼ੁਰੂ ਹੋਇਆ ਜੋ ਕਿ ਸਫੈਦ ਪੁਸ਼ਾਕਾਂ ਵਿੱਚ ਹਾਜ਼ਰ ਨਾਮਧਾਰੀ ਹਾਕੀ ਟੀਮ ਤੇ ਖਾਲਸ ਪੱਛਮੀ ਮੂਲ ਦੇ ਗੋਰਿਆਂ ਨਾਲ ਸਜੀ Vancouver Hawks ਵਿਚਕਾਰ ਸ਼ੁਰੂ ਹੋਇਆ। ਨਾਮਧਾਰੀ ਖਿਡਾਰੀਆਂ ਨੇ ਸ਼ੁਰੂ ਤੋਂ ਹੀ ਹਮਲਾਵਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਹੋਇਆ ਇਹ ਮੁਕਾਬਲਾ 4-1 ਨਾਲ ਜਿੱਤਿਆ, ਜਿਸ ਵਿੱਚ ਟੀਮ ਵਲੋਂ ਕਰਮਜੀਤ ਸਿੰਘ, ਗੁਰਵਿੰਦਰ ਸਿੰਘ, ਸ਼ੇਰ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਇੱਕ-ਇੱਕ ਗੋਲ ਕੀਤੇ। ਨਾਮਧਾਰੀ ਟੀਮ ਦੇ ਮੈਚਾਂ ਵਿੱਚ ਨਾਮਧਾਰੀ ਸੰਗਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਦਰਸ਼ਕ ਮੌਜੂਦ ਹੁੰਦੇ ਸਨ। ਨਾਮਧਾਰੀਆਂ ਦੇ ਮੈਚ ਵਿੱਚ ਸਭ ਤੋਂ ਜ਼ਿਆਦਾ ਭੀੜ ਹੁੰਦੀ ਸੀ। ਟੂਰਨਾਮੈਂਟ ਤਿੰਨ ਦਿਨਾਂ ਦਾ ਸੀ ਤੇ ਤਿੰਨੇ ਦਿਨ ਸਰੀ ਗੁਰਦੁਆਰਾ ਸਾਹਿਬ ਵੱਲੋਂ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

ਨਾਮਧਾਰੀ ਟੀਮ ਦਾ ਦੂਸਰਾ ਮੈਚ Surrey Sharks ਟੀਮ ਨਾਲ ਹੋਇਆ, ਜਿਸ ਵਿੱਚ ਪਹਿਲੇ ਅੱਧ ਵਿੱਚ ਗੁਰਸੇਵ ਸਿੰਘ ਦੇ ਗੋਲ ਦੀ ਬਦੌਲਤ ਟੀਮ ਇੱਕ ਗੋਲ ਨਾਲ ਜਿੱਤ ਰਹੀ ਸੀ। ਫਿਰ ਦੂਸਰੇ ਅੱਧ ਵਿੱਚ ਨਾਮਧਾਰੀ ਖਿਡਾਰੀਆਂ ਨੇ ਅੱਗੜ-ਪਿੱਛੜ ਤਿੰਨ ਗੋਲ ਕਰਕੇ ਮੈਚ 4-0 ਨਾਲ ਜਿੱਤਿਆ। ਇਹ ਗੋਲ ਸ਼ੇਰ ਸਿੰਘ,

ਗੁਰਵਿੰਦਰ ਸਿੰਘ ਤੇ ਕਰਮਜੀਤ ਸਿੰਘ ਨੇ ਕੀਤੇ। ਬਜ਼ੁਰਗ ਨਾਮਧਾਰੀ ਟੀਮ ਦੀ ਖੇਡ ਦੀ ਖਾਸ ਪ੍ਰਸੰਸਾ ਕਰ ਰਹੇ ਸਨ, ਤੇ ਉਨ੍ਹਾਂ ਨੂੰ ਚਿੱਟੀਆਂ ਦਸਤਾਰਾਂ ਤੇ ਕਛਹਿਰਿਆਂ ਵਿੱਚ ਖੇਡਦਿਆਂ ਵੇਖ ਕੇ, ਪੂਰੀ ਸਿੱਖੀ ਮਰਯਾਦਾ ਵਿੱਚ ਹੋਣ ਕਰਕੇ ਹੈਰਾਨ ਵੀ ਹੋ ਰਹੇ ਸਨ।

ਨਾਮਧਾਰੀ ਸੰਗਤ ਸਾਡਾ ਪਹਿਲਾਂ ਵੀ ਬਹੁਤ ਸਹਿਯੋਗ ਦਿੰਦੀ ਸੀ ਪਰ ਇਸ ਵਾਰ ਨਾਮਧਾਰੀ ਹਾਕੀ ਟੀਮ ਆਉਣ ਕਰਕੇ ਉਹ ਹਰ ਤਰ੍ਹਾਂ ਨਾਲ ਸਾਡੀ ਮਦਦ ਲਈ ਤਿਆਰ ਰਹਿੰਦੇ ਸਨ। ਜਿਨ੍ਹਾਂ ਵਿੱਚ ਸੂਬਾ ਬਲਬੀਰ ਸਿੰਘ, ਸੁਰਿੰਦਰ ਕੰਗ, ਕੰਵਲਜੀਤ ਸਿੰਘ, ਭਵਰਾਜ ਸਿੰਘ ਨਿੱਝਰ ਆਦਿ ਦਾ ਜ਼ਿਕਰ ਵਰਣਨਯੋਗ ਹੈ। ਨਾਮਧਾਰੀ ਟੀਮ ਤੋਂ ਇਲਾਵਾ LA Tigers ਤੇ ਯੂਨਾਈਟਡ ਬ੍ਰਦਰਜ਼ ਦੀਆਂ ਟੀਮਾਂ ਵੀ ਟੂਰਨਾਮੈਂਟ ਵਿੱਚ ਲਗਾਤਾਰ ਮੈਚ ਜਿੱਤਦੀਆਂ ਅੱਗੇ ਵਧ ਰਹੀਆਂ ਸਨ। ਧਨਰਾਜ ਪਿੱਲੇ ਤੇ ਸ. ਬਲਬੀਰ ਸਿੰਘ ਸਮੇਂ-ਸਮੇਂ ਛੋਟੇ ਬੱਚਿਆਂ ਨਾਲ ਆਪਣਾ Experience Share ਕਰ ਰਹੇ ਸਨ। ਪੁਰਾਣੇ ਹਾਕੀ ਖਿਡਾਰੀ ਨਾਮਧਾਰੀ ਟੀਮ ਦੀ ਖੇਡ ਦੀ ਵਿਸ਼ੇਸ਼ ਸ਼ਲਾਘਾ ਕਰ ਰਹੇ ਸਨ।

ਤੀਸਰੇ ਮੈਚ ਵਿੱਚ ਨਾਮਧਾਰੀਆਂ ਨੇ Toronto lions ਦੀ ਟੀਮ ਨੂੰ ਇੱਕ ਪਾਸੜ ਮੁਕਾਬਲੇ ਵਿੱਚ 8-0 ਨਾਲ ਹਰਾਇਆ, ਜਿਸ ਵਿੱਚ ਗੁਰਪ੍ਰੀਤ ਸਿੰਘ ਨੇ ਦੋ, ਗੁਰਵਿੰਦਰ, ਸ਼ੇਰ, ਗੁਰਚਰਨ, ਹਰਵਿੰਦਰ, ਗੁਰਸੇਵ ਤੇ ਕਰਮਜੀਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਨਾਮਧਾਰੀ ਟੀਮ ਨੇ ਆਪਣੇ ਚੌਥੇ ਮੈਚ ਵਿੱਚ ਐਡਮਿੰਟਨ ਦੀ ਟੀਮ ਨੂੰ 2-0 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ। ਇਸ ਮੈਚ ਵਿੱਚ ਵਿਸ਼ੇਸ਼ ਕਰਕੇ ਧਨਰਾਜ ਪਿੱਲੇ ਨਾਮਧਾਰੀ ਟੀਮ ਵਲੋਂ ਮੈਦਾਨ ਵਿੱਚ ਖੇਡਿਆ ਤੇ ਵਧੀਆ ਪ੍ਰਦਰਸ਼ਨ ਕੀਤਾ। ਇਸ ਮੈਚ ਵਿੱਚ ਗੋਲ ਅਨਮੋਲਕ ਸਿੰਘ ਤੇ ਜਸਵੇਦ ਸਿੰਘ ਨੇ ਕੀਤੇ।

ਤੀਸਰੇ ਦਿਨ ਸਵੇਰ ਦੇ ਟਾਈਮ ਨਾਮਧਾਰੀ ਟੀਮ ਦਾ ਪਹਿਲੇ ਸੈਮੀਫਾਈਨਲ ਵਿੱਚ LA Tigers ਨਾਲ ਮੁਕਾਬਲਾ ਸ਼ੁਰੂ ਹੋਇਆ। ਪਹਿਲਾ ਹਾਫ ਦੋਵਾਂ ਟੀਮਾਂ ਵਲੋਂ ਸੁਸਤ ਖੇਡ ਦਾ ਪ੍ਰਦਰਸ਼ਨ ਕੀਤਾ ਗਿਆ। ਮੈਚ ਦੇ 40ਵੇਂ ਮਿੰਟ ਵਿੱਚ LA Tigers ਨੇ ਪੈਲਨਟੀ ਕਾਰਨਰ ਤੇ ਨਾਮਧਾਰੀਆਂ ਸਿਰ ਇੱਕ ਗੋਲ ਕਰ ਦਿੱਤਾ। ਇਸ ਤੋਂ ਬਾਅਦ ਨਾਮਧਾਰੀ ਖਿਡਾਰੀਆਂ ਨੇ ਤੇਜ਼ੀ ਫੜ੍ਹੀ ਤੇ 47ਵੇਂ, 52ਵੇਂ, 57ਵੇਂ ਤੇ 66ਵੇਂ ਮਿੰਟ ਵਿੱਚ ਚਾਰ ਗੋਲ ਗੁਰਚਰਨ ਸਿੰਘ, ਸ਼ੇਰ ਸਿੰਘ, ਅਜਮੇਰ ਸਿੰਘ ਤੇ ਅਨਮੋਲਕ ਸਿੰਘ ਵੱਲੋਂ ਕੀਤੇ ਗਏ। ਜਿਸ ਨਾਲ ਨਾਮਧਰੀ ਟੀਮ 4-1 ਨਾਲ ਪਹਿਲਾ ਸੈਮੀਫਾਈਨਲ ਜਿੱਤ ਕੇ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਟੀਮ ਬਣ ਗਈ।

ਦੂਸਰੇ ਸੈਮੀਫਾਈਨਲ ਵਿੱਚ ਸਾਬਕਾ ਅੰਤਰਰਾਸ਼ਟਰੀ ਖਿਡਾਰੀਆਂ ਨਾਲ ਸਜੀ ਯੂਨਾਈਟਡ ਬ੍ਰਦਰਜ਼ ਦੀ ਟੀਮ ਨੇ Mexico ਦੇ ਕਲੱਬ ਨੂੰ 3-2 ਨਾਲ ਬਹੁਤ ਹੀ

ਸੰਘਰਸ਼ਪੂਰਨ ਮੁਕਾਬਲੇ ਵਿੱਚ ਮਾਤ ਦੇ ਕੇ ਨਾਮਧਾਰੀਆਂ ਨਾਲ ਫਾਈਨਲ ਵਿੱਚ ਜਗ੍ਹਾ ਪੱਕੀ ਕੀਤੀ। ਨਾਮਧਾਰੀ ਟੀਮ ਦੀ ਖੇਡ ਵੇਖਣ ਲਈ ਲੋਕ ਵਿਸ਼ੇਸ਼ ਤੋਰ ਤੇ ਪਹੁੰਚਦੇ। ਸਾਡੇ ਸਕਿਉਰਟੀ ਵਾਲੇ ਤੇ ਬੱਸ ਚਲਾਉਣ ਵਾਲੇ ਵਲੰਟੀਅਰ ਅਕਸਰ ਸਾਨੂੰ ਇਹ ਗੱਲ ਕਹਿੰਦੇ ਕਿ ਪਲੀਜ਼ ਸਾਥੋਂ ਭਾਵੇਂ ਸਾਰਾ ਦਿਨ ਕੰਮ ਕਰਵਾਈ ਚੱਲੋ, ਪਰ ਜਦੋਂ ਬਾਬਿਆਂ ਦੀ ਟੀਮ ਦਾ ਮੈਚ ਹੋਵੇ, ਉਦੋਂ ਸਾਨੂੰ ਮੈਚ ਵੇਖ ਲੈਣ ਦਾ ਟਾਈਮ ਦੇ ਦਿਓ ਕਿਉਂਕਿ ਬਾਬਿਆਂ ਦੀ ਖੇਡ ਦਾ ਆਪਣਾ ਹੀ ਮਜ਼ਾ ਹੈ।

ਟੂਰਨਾਮੈਂਟ ਦੇ ਆਖਰੀ ਦਿਨ ਸ਼ਾਮ ਨੂੰ ਜਿਵੇਂ ਦਰਸ਼ਕਾਂ ਦਾ ਹੜ੍ਹ ਹੀ ਫਾਈਨਲ ਵੇਖਣ ਆ ਗਿਆ ਹੋਵੇ। ਸਾਡੇ ਸਾਰੇ ਪ੍ਰਬੰਧ ਥੋੜ੍ਹੇ ਪੈ ਗਏ ਸਨ। ਫਾਈਨਲ ਮੈਚ ਸ਼ੁਰੂ ਹੁੰਦਿਆਂ ਹੀ ਦੋਵੇਂ ਪਾਸਿਓਂ ਤੇਜ਼ ਤਰਾਰ ਹਮਲੇ ਸ਼ੁਰੂ ਹੋ ਗਏ। ਯੂਨਾਈਟਡ ਬ੍ਰਦਰਜ਼ ਵਲੋਂ ਕੈਨੇਡੀਅਨ ਉਲੰਪੀਅਨ ਗੱਬਰ ਸਿੰਘ ਤੋਂ ਇਲਾਵਾ ਰਵੀ ਅਗਨੀਹੋਤਰੀ, ਗੁਰਿੰਦਰ ਸਿੰਘ, ਬਿੱਲਾ, ਮਾਲੜੀ ਆਦਿ ਖੇਡ ਰਹੇ ਸਨ। ਫਾਈਨਲ ਦਾ ਪਹਿਲਾ ਗੋਲ ਸ਼ੇਰ ਸਿੰਘ ਦੇ ਬਹੁਤ ਹੀ ਖੁਬਸੂਰਤ ਪਾਸ ਤੇ ਕਰਮਜੀਤ ਸਿੰਘ ਨੇ ਕੀਤਾ। ਨਾਮਧਾਰੀ ਟੀਮ ਅਜੇ ਗੋਲ ਕਰਕੇ ਵਾਪਸ ਪਰਤੀ ਹੀ ਸੀ ਕਿ ਯੂਨਾਈਟਡ ਬ੍ਰਦਰਜ਼ ਦੀ ਟੀਮ ਨੂੰ ਇੱਕ ਪੈਲਨਟੀ ਕਾਰਨਰ ਮਿਲ ਗਿਆ, ਜਿਸ ਨੂੰ ਗੱਬਰ ਸਿੰਘ ਨੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਗੋਲ ਵਿੱਚ ਬਦਲ ਕੇ ਮੈਚ ਨੂੰ ਬਰਾਬਰੀ ਤੇ ਲੈ ਆਂਦਾ। ਮੈਚ ਵਿੱਚ ਦੋਵੇਂ ਟੀਮਾਂ ਬਹੁਤ ਹੀ ਤੇਜ਼ ਤਰਾਰ ਮਾਡਰਨ ਹਾਕੀ ਦਾ ਨਮੂਨਾ ਪੇਸ਼ ਕਰ ਰਹੀਆਂ ਸਨ। ਮੈਚ ਦੇ 28ਵੇਂ ਮਿੰਟ ਵਿੱਚ ਨਾਮਧਾਰੀ ਟੀਮ ਨੂੰ ਮਿਲੇ ਤੀਸਰੇ ਪੈਲਨਟੀ ਕਾਰਨਰ ਤੇ ਗੁਰਵਿੰਦਰ ਸਿੰਘ ਨੇ ਗੋਲ ਕਰਕੇ ਨਾਮਧਾਰੀ ਟੀਮ ਨੂੰ 2-1 ਨਾਲ ਅੱਗੇ ਕਰ ਦਿੱਤਾ। ਨਾਮਧਾਰੀ ਸੰਗਤ ਤੇ ਸਾਰੇ ਦਰਸ਼ਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਕਿਉਂਕਿ ਨਾਮਧਾਰੀ ਟੀਮ ਦਰਸ਼ਕਾਂ ਦੀ ਮਨਪਸੰਦ ਟੀਮ ਸੀ। ਪਰ ਪਹਿਲੇ ਅੱਧ ਦੇ ਆਖਰੀ ਮਿੰਟ ਵਿੱਚ ਯੂਨਾਈਟਡ ਬ੍ਰਦਰਜ਼ ਦੀ ਟੀਮ ਨੇ ਅੰਤਰ ਰਾਸ਼ਟਰੀ ਖਿਡਾਰੀ ਰਵੀ ਅਗਨੀਹੋਤਰੀ ਦੇ ਬਹੁਤ ਹੀ ਸੁੰਦਰ ਗੋਲ ਦੀ ਬਦੌਲਤ ਬਰਾਬਰੀ ਹਾਸਲ ਕਰ ਲਈ। ਪਹਿਲਾ ਹਾਫ 2-2 ਗੋਲਾਂ ਨਾਲ ਬਰਾਬਰ ਸਮਾਪਤ ਹੋ ਗਿਆ। ਟੀਮਾਂ ਨਵੇਂ ਦਮ ਹੋ ਕੇ ਦੂਸਰੇ ਹਾਫ ਦੀ ਤਿਆਰੀ ਕਰ ਰਹੀਆਂ ਸਨ। ਦਰਸ਼ਕ ਸੁੰਨਸਾਨ ਬੈਠੇ ਸਨ, ਅਜੇ ਤੱਕ ਕੋਈ ਵੀ ਇਹ ਅੰਦਾਜ਼ਾ ਨਹੀਂ ਲਾ ਸਕਦਾ ਸੀ ਕਿ ਕਿਹੜੀ ਟੀਮ ਜੇਤੂ ਬਣੇਗੀ।

ਦੂਸਰਾ ਅੱਧ ਸ਼ੁਰੂ ਹੁੰਦਿਆ ਹੀ ਨਾਮਧਾਰੀ ਟੀਮ ਨੇ ਲਗਾਤਾਰ ਦੋ ਗੋਲ ਕਰਕੇ 4-2 ਦੀ ਲੀਡ ਹਾਸਲ ਕਰ ਲਈ। ਇਹ ਗੋਲ ਗੁਰਸੇਵ ਸਿੰਘ ਤੇ ਗੁਰਵਿੰਦਰ ਸਿੰਘ ਨੇ ਕੀਤੇ। ਸਾਰੇ ਦਰਸ਼ਕ ਖੁਸ਼ੀ ਵਿੱਚ ਰੌਲਾ ਪਾਉਣ ਲਗੇ। ਪਰ ਯੂਨਾਈਟਡ ਬ੍ਰਦਰਜ਼ ਦੀ ਟੀਮ ਸਥਿਰ ਖੇਡ ਦਾ ਪ੍ਰਦਰਸ਼ਨ ਕਰ ਰਹੀ ਸੀ। ਮੈਚ ਦੇ 57ਵੇਂ ਮਿੰਟ ਵਿਚ ਯੂਨਾਈਟਡ ਬ੍ਰਦਰਜ਼ ਦੀ ਟੀਮ ਨੇ ਇਕ ਗੋਲ ਉਤਾਰ ਦਿੱਤਾ। ਹੁਣ ਮੈਚ ਦਾ ਸਕੋਰ 4-3 ਨਾਮਧਾਰੀ ਟੀਮ ਦੇ ਹੱਕ ਵਿਚ ਸੀ। ਯੂਨਾਈਟਡ ਬ੍ਰਦਰਜ਼ ਦੀ ਟੀਮ ਹੁਣ all out

ਹਾਕੀ ਖੇਡਣ ਲੱਗ ਪਈ ਸੀ ਨਾਮਧਾਰੀ ਟੀਮ ਥੋੜ੍ਹੀ defensive ਹੋ ਗਈ ਸੀ। ਯੂਨਾਈਟਡ ਬ੍ਰਦਰਜ਼ ਦੀ ਟੀਮ ਬੁਹਤ ਜ਼ਿਆਦਾ ਉਪਰ ਚੜ ਕੇ ਖੇਡ ਰਹੀ ਸੀ। ਇਸ ਦਾ ਬਰਾਬਰ ਫਾਇਦਾ ਨਾਮਧਾਰੀ ਟੀਮ ਨੇ ਚੁੱਕਿਆ ਤੇ ਮੈਚ ਦੇ 68ਵੇਂ ਮਿੰਟ ਵਿਚ ਬੁਹਤ ਹੀ ਸੁੰਦਰ ਮੈਦਾਨੀ ਗੋਲ ਸ਼ੇਰ ਸਿੰਘ ਨੇ ਕੀਤਾ, ਤੇ ਇਸ ਗੋਲ ਨਾਲ ਹੀ ਨਾਮਧਾਰੀ ਟੀਮ ਦੀ ਜਿੱਤ ਤੇ ਮੋਹਰ ਲੱਗ ਗਈ। ਇਸ ਤਰ੍ਹਾਂ ਨਾਮਧਾਰੀ ਟੀਮ ਨੇ ਬਹੁਤ ਵਧੀਆ ਤੇ Sipirited ਖੇਡ ਦੀ ਬਦੌਲਤ 5-3 ਨਾਲ ਮੈਚ ਜਿੱਤਿਆ ਤੇ ਸਾਰੇ ਦਰਸ਼ਕਾਂ ਤੇ ਵਿਸ਼ੇਸ਼ ਕਰਕੇ ਨਾਮਧਾਰੀ ਸੰਗਤ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰੀ ਨਾਮਧਾਰੀ ਸੰਗਤ ਆਪਣੀ ਟੀਮ ਨੂੰ ਵਧਾਈ ਦੇਣ ਲਈ ਮੈਦਾਨ ਵਿੱਚ ਦਾਖਲ ਹੋ ਗਈ। ਆਖੀਰ ਵਿੱਚ ਇਨਾਮਾਂ ਦੀ ਵੰਡ ਸ. ਬਲਬੀਰ ਸਿੰਘ ਓਲੰਪੀਅਨ, ਸੁੱਖ ਧਾਲੀਵਾਲ (MP), ਧਨਰਾਜ ਪਿੱਲੇ ਨੇ ਕੀਤੀ। ਨਾਮਧਾਰੀ ਟੀਮ ਦੇ ਖਿਡਾਰੀ ਗੁਰਵਿੰਦਰ ਸਿੰਘ ਤੇ ਸ਼ੇਰ ਸਿੰਘ ਨੂੰ ਸਰਵੋਤਮ ਖਿਡਾਰੀ ਐਲਾਨਿਆ ਗਿਆ। ਧਨਰਾਜ ਪਿੱਲੇ ਤੇ ਸ. ਬਲਬੀਰ ਸਿੰਘ ਨੇ ਵਿਸ਼ੇਸ਼ ਤੌਰ ਤੇ ਨਾਮਧਾਰੀ ਟੀਮ ਦੀ ਖੇਡ ਦੀ ਸ਼ਲਾਘਾ ਕੀਤੀ। ਪੰਜਾਬੀ ਬਜ਼ੁਰਗਾਂ ਨੇ ਵਿਸ਼ੇਸ਼ ਕਰਕੇ ਨਾਮਧਾਰੀ ਖਿਡਾਰੀਆਂ ਨੂੰ ਆ ਕੇ ਵਧਾਈਆਂ ਤੇ ਆਸ਼ੀਰਵਾਦ ਦਿੱਤੇ। ਨਾਮਧਾਰੀ ਟੀਮ ਵਲੋਂ ਨਵਪ੍ਰੀਤ ਸਿੰਘ ਗੋਲਕੀਪਰ, ਅਨਮੋਲਕ ਸਿੰਘ, ਅਜਮੇਰ ਸਿੰਘ, ਜਗਜੀਤ ਸਿੰਘ ਫੁੱਲਬੈਕ, ਗੁਰਚਰਨ ਸਿੰਘ ਤੇ ਜਸਵੇਦ ਸਿੰਘ, ਹਰਵਿੰਦਰ ਸਿੰਘ, ਗੁਰਸੇਵ ਸਿੰਘ ਹਾਫ ਬੈਕ, ਕਰਮਜੀਤ ਸਿੰਘ, ਸ਼ੇਰ ਸਿੰਘ, ਗੁਰਵਿੰਦਰ ਸਿੰਘ, ਆਸਾ ਸਿੰਘ (ਅਮਰੀਕਾ), ਗੁਰਵਿੰਦਰ ਸਿੰਘ ਸੀਨੀਅਰ, ਰੂਪ ਸਿੰਘ ਨੇ ਟੂਰਨਾਮੈਂਟ ਵਿੱਚ ਭਾਗ ਲਿਆ। ਹਰਮਿੰਦਰ ਪਾਲ ਸਿੰਘ ਟੀਮ ਨਾਲ ਕੋਚ ਸਨ।

ਟੂਰਨਾਮੈਂਟ ਜਿੱਤਣ ’ਤੇ ਨਾਮਧਾਰੀ ਟੀਮ ਨੂੰ $5100 ਤੇ ਟਰਾਫੀ ਪ੍ਰਦਾਨ ਕੀਤੀ ਗਈ। ਨਾਮਧਾਰੀ ਟੀਮ ਦਾ ਸਨਮਾਨ ਨਾਮਧਾਰੀ ਸੰਗਤ ਵੈਨਕੂਵਰ ਵੱਲੋਂ ਵੀ ਨਾਮਧਾਰੀ ਗੁਰਦੁਆਰੇ ਕੀਤਾ ਗਿਆ। ਜਿਸ ਵਿੱਚ ਸਾਰੀ ਟੀਮ ਨੂੰ ਸਪੋਰਟਸ ਘੜੀਆਂ ਪ੍ਰਦਾਨ ਕੀਤੀਆਂ ਗਈਆਂ। ਬਾਅਦ ਵਿੱਚ ਸੂਬਾ ਬਲਬੀਰ ਸਿੰਘ ਨਾਮਧਾਰੀ ਨੇ ਸਾਰੀ ਟੀਮ ਦਾ ਦੋ ਦੋ ਤੋਲੇ ਸੋਨੇ ਦੇ ਕੜਿਆਂ ਨਾਲ ਵਿਸ਼ੇਸ਼ ਸਨਮਾਨ ਕੀਤਾ। ਨਾਮਧਾਰੀ ਟੀਮ ਦੀ ਜਿੱਤ ਦੀ ਖੁਸ਼ੀ ਵਿੱਚ Desi junction Restaurant ਵਾਲਿਆਂ ਨੇ ਟੀਮ ਦਾ ਵਿਸ਼ੇਸ਼ ਡਿਨਰ ਦਾ ਇੰਤਜ਼ਾਮ ਕੀਤਾ। ਬਾਅਦ ਵਿੱਚ ਰੈਸਟੋਰੈਂਟ ਵਾਲਿਆ ਨੇ ਨਾਮਧਾਰੀ ਟੀਮ ਦੀ ਇੱਕ ਫੋਟੋ ਵੱਡੀ ਕਰਕੇ ਆਪਣੇ ਰੈਸਟੋਰੈਂਟ ਵਿੱਚ ਬਣਵਾ ਕੇ ਲਗਾਈ।

ਟੂਰਨਾਮੈਂਟ ਖਤਮ ਹੋਣ ਤੋਂ ਬਾਅਦ ਸਾਡੇ ਸਾਰੇ ਮੈਂਬਰਾਂ ਨੇ ਸਲਾਹ ਕਰਕੇ ਨਾਮਧਾਰੀ ਸੰਗਤ ਦੇ ਸਹਿਯੋਗ ਨਾਲ ਟੀਮ ਨੂੰ ਘੁੰਮਾਉਣ ਦਾ ਪ੍ਰੋਗਰਾਮ ਬਣਾਇਆ। ਸ਼ਨੀਵਾਰ ਤੇ ਐਤਵਾਰ ਦੋ ਦਿਨਾਂ ਦੀ ਚੋਣ ਕੀਤੀ ਗਈ। ਸ਼ਨੀਵਾਰ ਨੂੰ ਵਿਸਲਰ ਮਾਊਂਟੇਂਨ ਤੇ ਐਤਵਾਰ ਨੂੰ ਵਿਕਟੋਰੀਆ ਆਈਲੈਂਡ ਦਾ ਪ੍ਰੋਗਰਾਮ ਤੈਅ ਕੀਤਾ ਗਿਆ।

ਸਾਨੂੰ ਵਿਸ਼ੇਸ਼ ਚਾਅ ਸੀ ਕਿ ਅਸੀਂ ਵੀ ਦੋ ਦਿਨ ਨਾਮਧਾਰੀ ਟੀਮ ਨਾਲ ਘੁੰਮਣ ਜਾਵਾਂਗੇ।

ਇਸ ਤਰ੍ਹਾਂ ਨਾਮਧਾਰੀ ਟੀਮ ਨੇ ਇਸ ਟੂਰਨਾਮੈਂਟ ਵਿੱਚ ਪਹੁੰਚ ਕੇ ਸਾਡੀ ਵੀ ਕੈਨੇਡਾ ਹਾਕੀ ਵਿੱਚ ਚੰਗੀ ਪਹਿਚਾਣ ਬਣਾਈ। ਅਸੀਂ ਵਿਸ਼ੇਸ਼ ਤੌਰ ’ਤੇ ਠਾਕਰ ਉਦੇ ਸਿੰਘ ਜੀ ਦਾ ਧੰਨਵਾਦ ਕੀਤਾ। ਇਸ ਤੋਂ ਇਲਾਵਾ ਨਾਮਧਾਰੀ ਟੀਮ 2012, 2014 ਵਿੱਚ ਵੀ ਟੂਰਨਾਮੈਂਟ ਵਿੱਚ ਪਹੁੰਚਦੀ ਰਹੀ। 2014 ਵਿੱਚ ਟੀਮ ਨੇ ਫਿਰ ਟੂਰਨਾਮੈਂਟ ਜਿੱਤਿਆ। 2012 ਵਿੱਚ ਟੀਮ ਸਿਰਫ ਸੈਮੀਫਾਈਨਲ ਤੱਕ ਹੀ ਪਹੁੰਚ ਸਕੀ। ਇਸ ਤੋਂ ਉਪਰੰਤ ਕਈ ਨਾਮਧਾਰੀ ਖਿਡਾਰੀ ਚੰਗੇ ਭਵਿਖ ਲਈ ਕੈਨੇਡਾ move ਹੋ ਗਏ। ਜੋ ਕਿ ਅੱਜ ਤੱਕ ਸਾਡੇ ਹੀ ਕਲੱਬ ਲਈ ਖੇਡਦੇ ਹਨ, ਜਿਨ੍ਹਾਂ ਵਿੱਚ ਗੁਰਵਿੰਦਰ, ਕਰਮਜੀਤ, ਹਰਪ੍ਰੀਤ, ਦਿਲਬਾਗ, ਸੁਖਚੈਨ, ਮਨਪ੍ਰੀਤ, ਲਖਵਿੰਦਰ, ਲੱਖਾ, ਬਲਵਿੰਦਰ, ਪ੍ਰਿੰਸ, ਗੁਰਮੀਤ ਆਦਿ ਖਿਡਾਰੀ ਅੱਜ ਵੀ ਸਾਡੇ ਕਲੱਬ ਦੀ ਸ਼ਾਨ ਹਨ। ਜੋ ਕਿ ਸਾਰਾ ਸਾਲ ਸਾਡੇ ਕਲੱਬ ਵਲੋਂ ਲੀਗ ਖੇਡਦੇ ਹਨ। ਇਸ ਤੋਂ ਇਲਾਵਾ ਇਹ ਖਿਡਾਰੀ ਅਮਰੀਕਾ ਵਿੱਚ ਹੋਣ ਵਾਲੇ ਹਾਕੀ ਟੂਰਨਾਮੈਂਟਾਂ ਵਿਚ ਵੀ ਸਾਡੇ ਕਲੱਬ ਵਲੋਂ ਸ਼ਮੂਲੀਅਤ ਕਰਦੇ ਹਨ।

ਅਸੀਂ ਸਮੁੱਚੇ ਨਾਮਧਾਰੀ ਪੰਥ ਦਾ ਵਿਸ਼ੇਸ਼ ਕਰਕੇ ਸਤਿਗੁਰੂ ਜੀ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਆਪਣੀ ਪਹਿਚਾਣ ਦੇ ਨਾਲ ਨਾਲ ਸਾਡੇ ਕਲੱਬ ਦੀ ਪਹਿਚਾਣ ਵੀ ਨਾਮਧਾਰੀ ਖਿਡਾਰੀਆਂ ਦੁਆਰਾ ਕਰਵਾਈ।

ਸਰੀ ਦੇ ਦਰਸ਼ਕ ਸਾਨੂੰ ਹਰ ਟੂਰਨਾਮੈਂਟ ’ਤੇ ਨਾਮਧਾਰੀ ਟੀਮ ਦੇ ਆਉਣ ਬਾਰੇ ਜ਼ਰੂਰ ਪੁੱਛਦੇ ਰਹਿੰਦੇ ਹਨ। ਜੇਕਰ ਅਸੀਂ ਇਹ ਦੱਸ ਦਿੰਦੇ ਹਾਂ ਕਿ ਟੀਮ ਆ ਰਹੀ ਹੈ, ਉਹ ਖੁਸ਼ ਹੋ ਜਾਂਦੇ ਹਨ, ਜਦੋਂ ਅਸੀਂ ਟੀਮ ਦੇ ਨਾ ਆਉਣ ਬਾਰੇ ਦੱਸਦੇ ਤਾਂ ਉਹ ਅਕਸਰ ਇਹ ਕਹਿੰਦੇ ਹਨ ਕਿ ਨਾਮਧਾਰੀ ਟੀਮ ਤੇ ਆਉਣੀ ਹੀ ਨਹੀਂ, ਇਸ ਵਾਰ ਟੂਰਨਾਮੈਂਟ ਦਾ ਸਵਾਦ ਨਹੀਂ ਆਉਣਾ। ਨਾਮਧਾਰੀ ਹਾਕੀ ਟੀਮ ਦੀ ਖੇਡ ਦੀ ਚਰਚਾ ਸਰੀ ਵਿੱਚ ਹਰ ਉਸ ਥਾਂ ’ਤੇ ਹੁੰਦੀ ਹੈ, ਜਿੱਥੇ ਚਾਰ ਕੁ ਹਾਕੀ ਵਾਲੇ ਇਕੱਠੇ ਹੋ ਜਾਣ।

ਨਾਮਧਾਰੀ ਸੰਸਥਾ ਦੇ ਹਾਕੀ ਵਿੱਚ ਯੋਗਦਾਨ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਾਡੀਆਂ ਸ਼ੁਭ ਇਛਾਵਾਂ ਸਦਾ ਨਾਮਧਾਰੀ ਸੰਸਥਾ ਤੇ ਨਾਮਧਾਰੀ ਟੀਮ ਨਾਲ ਹਨ, ਪਰਮਾਤਮਾ ਨਾਮਧਾਰੀ ਸੰਸਥਾ ਨੂੰ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਦੇਵੇ।

ਹਾਕੀ ਦੇ ਹੁਨਰ ਦੀ ਉਦਾਹਰਣ : ਨਾਮਧਾਰੀ ਹਾਕੀ ਅਕਾਦਮੀ

–ਅਮਰਿੰਦਰ ਗਿੱਦਾ

ਏਸ਼ੀਆ ਵਿੱਚ ਹਾਕੀ ਦੇ ਖੇਤਰ 'ਚ ਅਜੇ ਵੀ ਕਾਫ਼ੀ ਜ਼ਿਆਦਾ ਹਾਕੀ ਦੇ ਮੈਦਾਨ ਅਜਿਹੇ ਨੇ ਜਿਨ੍ਹਾਂ 'ਚ ਐਸਟੋਟਰਫ ਲਗਵਾਉਣ ਦੀ ਮੰਗ ਕਾਫ਼ੀ ਲੰਬੇ ਸਮੇਂ ਤੋਂ ਜਾਰੀ ਹੈ ਅਤੇ ਕਈ ਦਹਾਕਿਆਂ ਤੋਂ ਇਸ ਮੰਗ ਨੂੰ ਬੂਰ ਪੈਂਦਾ ਕਿਧਰੇ ਨਹੀਂ ਦਿਖ ਰਿਹਾ। ਜੇਕਰ ਹਾਕੀ ਦੇ ਖੇਤਰ 'ਚ ਹਾਕੀ ਨੂੰ ਪ੍ਰਫੁੱਲਿਤ ਕਰਨ ਵਾਲੀਆਂ ਨਿੱਜੀ ਸੰਸਥਾਵਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਲਈ ਹਾਕੀ ਦੇ ਮੈਦਾਨ 'ਚ ਐਸਟੋਟਰਫ ਲਗਵਾਉਣਾ ਤਾਂ ਕਿਸੇ ਸੁਪਨੇ ਦੇ ਸੱਚ ਹੋਣ ਵਾਂਗ ਹੋਵੇਗਾ, ਕਿਉਂਕਿ ਭਾਰਤੀ ਹਾਕੀ ਦੇ ਰੁਝਾਨਾਂ ਅਨੁਸਾਰ ਐਸਟੋਟਰਫ ਦੀ ਮੰਗ ਬਹੁਤੀ ਵਾਰ ਸਮੇਂ ਦੀਆਂ ਸਰਕਾਰਾਂ ਵੀ ਪੂਰੀਆਂ ਨਹੀਂ ਕਰਦੀਆਂ, ਫਿਰ ਭਾਵੇਂ ਅਸੀਂ ਅੱਜ ਦੇ ਸਮੇਂ ਦੀ ਗੱਲ ਕਰੀਏ ਜਾਂ ਫਿਰ ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਦੀ। ਪਰ ਖਿੱਦੋ-ਖੂੰਡੀ ਨੂੰ ਸੰਭਾਲਣ ਲਈ ਨਾਮਧਾਰੀ ਸਮਾਜ ਵੱਲੋਂ ਬਹੁਤ ਹੀ ਖਾਸ ਯਤਨ ਕੀਤੇ ਗਏ। ਹਾਲਾਂਕਿ ਕਹਿਣ ਵਾਲੇ ਇਹ ਵੀ ਕਹਿ ਸਕਦੇ ਨੇ ਕਿ ਇਸ ਵਿਚ ਨਿੱਜੀ ਹਿੱਤ ਹੋਣ, ਪਰ ਖੇਡ ਸ਼ੁਰੂ ਕਰਨ ਵੇਲੇ ਅਹੁਦੇਦਾਰਾਂ ਕੋਲ ਹੋਰ ਵੀ ਵਿਕਲਪ ਸਨ, ਜਿਨ੍ਹਾਂ ਉਤੇ ਘੱਟ ਖਰਚਾ ਕਰਨ ਨਾਲ ਵਧੇਰੇ ਵਾਹ-ਵਾਹ ਖੱਟੀ ਜਾ ਸਕਦੀ ਸੀ। ਮਿਸਾਲ ਦੇ ਤੌਰ 'ਤੇ ਕ੍ਰਿਕਟ ਵਰਗੀਆਂ ਖੇਡਾਂ, ਜਿਨ੍ਹਾਂ ਖੇਡਾਂ ਨੂੰ ਲੈ ਕੇ ਆਮ ਲੋਕਾਂ 'ਚ ਬਹੁਤ ਰੁਝਾਨ ਹੈ। ਹਾਕੀ ਦੇ ਮੈਦਾਨ ਨੂੰ ਤਿਆਰ ਕਰਨ ਲਈ ਐਸਟੋਟਰਫ ਵਰਗੇ ਵੱਡੇ ਖਰਚੇ ਤੋਂ ਵੀ ਬਚਿਆ ਜਾ ਸਕਦਾ ਸੀ। ਇਨ੍ਹਾਂ ਸਭ ਔਕੜਾਂ ਦੇ ਬਾਵਜੂਦ ਵੀ ਨਾਮਧਾਰੀਆਂ ਵੱਲੋਂ ਸਾਲ 1977-78 'ਚ ਹਾਕੀ ਅਕਾਦਮੀ ਦੀ ਸ਼ੁਰੂਆਤ ਕਰਨ ਦੀ ਗੱਲ ਕੀਤੀ ਗਈ।

ਨਾਮਧਾਰੀ ਹਾਕੀ ਅਕਾਦਮੀ ਦੀ ਸਥਾਪਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਵੱਲੋਂ ਕੀਤੀ ਗਈ ਅਤੇ ਉਨ੍ਹਾਂ ਤੋਂ ਬਾਅਦ ਇਸਦਾ ਜਿੰਮਾ ਸਤਿਗੁਰੂ ਉਦੇ ਸਿੰਘ ਹੋਰਾਂ ਨੇ ਸਾਂਭਿਆ। ਸਭ ਤੋਂ ਪਹਿਲਾਂ ਨਾਮਧਾਰੀ ਹਾਕੀ ਦੀ ਸ਼ੁਰੂਆਤ ਜੀਵਨ ਨਗਰ ਦੇ ਖੇਤਰ 'ਚ ਪੈਂਦੇ ਦੋ ਪਿੰਡਾਂ (ਸੰਤ ਨਗਰ ਅਤੇ ਜੀਵਨ ਨਗਰ) ਤੋਂ ਹੋਈ ਅਤੇ ਕਾਫ਼ੀ ਖਿਡਾਰੀ ਸੰਤ ਨਗਰ ਤੋਂ ਸਨ। ਨਾਮਧਾਰੀ ਹਾਕੀ ਅਕਾਦਮੀ 'ਚ ਆਏ ਪਹਿਲੇ ਬੱਚਿਆਂ 'ਚੋਂ ਓਲੰਪਿਕ ਤੱਕ ਗਏ ਦੀਦਾਰ ਸਿੰਘ (ਕੋਚ) ਨੇ ਗੱਲਬਾਤ ਦੌਰਾਨ ਦੱਸਿਆ ਕਿ ਸੰਤ ਨਗਰ ਕਾਫ਼ੀ ਵੱਡਾ ਪਿੰਡ ਹੈ ਅਤੇ ਤਕਰੀਬਨ 6000 ਦੇ ਕਰੀਬ ਵੋਟਾਂ ਨੇ। ਪਰ ਫਿਰ ਵੀ ਇੱਕ ਜਾਂ ਦੋ ਪਿੰਡਾਂ 'ਚੋਂ ਵਿਸ਼ਵ ਪੱਧਰ ਦੇ ਖਿਡਾਰੀ ਅਤੇ ਨਾਲ ਹੀ ਵਿਸ਼ਵ ਪੱਧਰ ਦੀਆਂ ਟੀਮਾਂ ਨੂੰ ਇੱਕ ਜਾਂ ਦੋ ਪਿੰਡਾਂ ਦੀ ਬਣੀ ਟੀਮ ਵੱਲੋਂ ਚਣੌਤੀ ਦੇਣਾ ਆਪਣੇ ਆਪ 'ਚ ਵੱਡੀ ਗੱਲ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹਾਕੀ ਦੇ ਵਿਕਾਸ ਦੀ ਜ਼ਿੰਮੇਵਾਰੀ, ਠਾਕੁਰ ਉਦੇ ਸਿੰਘ ਹੋਰਾਂ ਨੂੰ ਦਿੱਤੀ ਸੀ, ਜੋ ਕਿ ਅੱਜ ਨਾਮਧਾਰੀ ਮੁਖੀ ਵਜੋਂ

ਸੇਵਾਵਾਂ ਦੇ ਰਹੇ ਹਨ। ਸਤਿਗੁਰੂ ਸ੍ਰੀ ਉਦੇ ਸਿੰਘ ਹੋਰਾਂ ਇਸ ਜ਼ਿੰਮੇਵਾਰੀ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਨਿਭਾਇਆ। ਖਿਡਾਰੀਆਂ ਨੂੰ ਹਾਕੀ ਦੇ ਗੁਰ ਸਿਖਾਉਣ ਦੇ ਨਾਲ-ਨਾਲ ਉਨ੍ਹਾਂ ਨੇ ਖਿਡਾਰੀਆਂ ਦੀ ਪੜ੍ਹਾਈ ਦਾ ਵੀ ਪੂਰਾ ਖਿਆਲ ਰੱਖਿਆ ਅਤੇ ਨਾਮਧਾਰੀ ਹਾਕੀ ਟੀਮ ਦੇ ਹਰ ਇੱਕ ਖਿਡਾਰੀ ਨੂੰ ਬੀ.ਏ. ਤੱਕ ਦੀ ਘੱਟੋ-ਘੱਟ ਵਿੱਦਿਆ ਹਾਸਿਲ ਕਰਵਾਉਣ 'ਚ ਨਾਮਧਾਰੀ ਹਾਕੀ ਅਕਾਦਮੀ ਵੱਲੋਂ ਬਹੁਤ ਵੱਡਾ ਯੋਗਦਾਨ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਹਾਕੀ ਨੂੰ ਰਾਜਨੀਤੀ ਤੋਂ ਵੀ ਬਹੁਤ ਦੂਰ ਰੱਖਿਆ ਪਰ ਇਸਦੇ ਨਾਲ ਹੀ ਭਾਰਤੀ ਹਾਕੀ ਦੇ ਸਾਬਕਾ ਹਾਕੀ ਖਿਡਾਰੀਆਂ ਨੂੰ ਸਮੇਂ-ਸਮੇਂ ਸੱਦਾ ਦੇ ਕੇ ਸਨਮਾਨਿਤ ਜ਼ਰੂਰ ਕੀਤਾ, ਜੋ ਕਿ ਆਪਣੇ ਆਪ 'ਚ ਇੱਕ ਵੱਡੀ ਉਦਾਹਰਣ ਹੈ। ਖੇਡਾਂ ਨੂੰ ਰਾਜਨੀਤੀ ਤੋਂ ਦੂਰ ਰੱਖਣਾ ਬਹੁਤ ਜ਼ਰੂਰੀ ਹੈ ਅਤੇ ਮੇਰਾ ਆਪਣਾ ਮੰਨਣਾ ਵੀ ਅਜਿਹਾ ਹੀ ਹੈ।

ਖੈਰ ਸ਼ੁਰੂਆਤੀ ਦਿਨਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼ੁਰੂਆਤ 'ਚ ਆਏ ਹੋਏ ਬੱਚਿਆਂ ਨੂੰ ਇੱਕ ਸਾਲ ਬਾਅਦ ਭੈਣੀ ਸਾਹਿਬ ਵਿਖੇ ਭੇਜ ਦਿੱਤਾ ਗਿਆ ਅਤੇ ਉਨ੍ਹਾਂ 25 ਬੱਚਿਆਂ 'ਚੋਂ 13-14 ਬੱਚੇ ਬਹੁਤ ਵਧੀਆ ਨਿੱਕਲੇ ਅਤੇ ਇਨ੍ਹਾਂ ਬੱਚਿਆਂ 'ਚੋਂ ਕੁਝ ਖਿਡਾਰੀਆਂ ਨੇ ਉਲੰਪਿਕ ਤੱਕ ਦਾ ਸਫ਼ਰ ਵੀ ਤੈਅ ਕੀਤਾ। ਉਨ੍ਹਾਂ ਦੱਸਿਆ ਕਿ ਬੱਚਿਆਂ ਵੱਲੋਂ ਵੀ ਖ਼ੂਬ ਮਿਹਨਤ ਕੀਤੀ ਗਈ ਅਤੇ ਉਨ੍ਹਾਂ ਦੇ ਪਰਿਵਾਰ ਨੇ ਇਸ ਉੱਦਮ 'ਚ ਸਾਡਾ ਸਾਥ ਦਿੱਤਾ। ਇਸ ਪੂਰੇ ਕਾਰਜ 'ਚ ਕਿਤੇ ਨਾ ਕਿਤੇ ਇਹ ਵੀ ਮਿੱਥਿਆ ਗਿਆ ਸੀ ਕਿ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਹੂਲਤ 'ਚ ਕੋਈ ਵੀ ਸਮਝੌਤਾ ਨਾ ਕੀਤਾ ਜਾਵੇ। ਇਸੇ ਸਿਧਾਂਤ ਨੂੰ ਮੁੱਖ ਰੱਖਦਿਆਂ, ਐਸਟੋਟਰਫ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਸਮਝਿਆ ਗਿਆ ਅਤੇ ਇਸ ਕੰਮ ਨੂੰ ਸ਼ੁਰੂਆਤੀ ਦਿਨਾਂ 'ਚ ਸਰਕਾਰੀ ਸਹਾਇਤਾ ਨਾਲ ਨੇਪਰੇ ਚਾੜ੍ਹਿਆ ਗਿਆ। ਪਰ ਐਸਟੋਟਰਫ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਕਾਰਨ ਇਸਨੂੰ ਦੁਬਾਰਾ ਬਦਲਣ ਦੀ ਗੱਲ 'ਤੇ ਵਿਚਾਰ ਕੀਤਾ ਗਿਆ ਅਤੇ ਬਹੁਤ ਜਲਦ ਇਸ ਵਿਚਾਰ ਨੂੰ ਅਮਲੀ ਜਾਮਾ ਵੀ ਪਹਿਨਾਇਆ ਗਿਆ। ਨਾਮਧਾਰੀ ਹਾਕੀ ਅਕਾਦਮੀ ਵੱਲੋਂ ਇਸ ਵਾਰ ਬੰਗਲੌਰ ਤੋਂ ਐਸਟੋਟਰਫ ਦਾ ਇੰਤਜ਼ਾਮ ਕੀਤਾ ਗਿਆ ਸੀ। ਮੈਂ ਗੱਲਾਂ-ਗੱਲਾਂ 'ਚ ਦੀਦਾਰ ਸਿੰਘ ਹੋਰਾਂ ਨੂੰ ਪੁੱਛ ਬੈਠਾ ਕਿ "ਅਜੇ ਵੀ ਉਹੀ ਐਸਟੋਟਰਫ ਹੈ", ਤਾਂ ਉਨ੍ਹਾਂ ਨੇ ਕਿਹਾ- "ਹਾਂ ਜੀ ਅਜੇ ਵੀ ਉਹੀ ਹੈ ਅਤੇ ਹੁਣ ਇਸ 'ਤੇ ਕਾਫ਼ੀ ਹੌਲੀ ਹਾਕੀ ਖੇਡ ਹੁੰਦੀ ਹੈ ਅਤੇ ਸਾਨੂੰ ਇਸਨੂੰ ਬਦਲਣਾ ਪਵੇਗਾ ਤਾਂ ਕਿ ਖਿਡਾਰੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕੇ।" ਇਸ ਸਬੰਧੀ ਇਹ ਵੀ ਦੇਖਣਾ ਹੋਵੇਗਾ ਕਿ ਅਜੇ ਤੱਕ ਬਿਨਾਂ ਕਿਸੇ ਸਰਕਾਰੀ ਸਹਾਇਤਾ ਤੋਂ ਹਾਕੀ ਨੂੰ ਹੁਲਾਰਾ ਦੇਣ ਵਾਲੀ ਨਾਮਧਾਰੀ ਹਾਕੀ ਅਕਾਦਮੀ ਜੇਕਰ ਹੁਣ ਨਵਾਂ ਐਸਟੋਟਰਫ ਚਾਹੁੰਦੀ ਹੈ ਤਾਂ ਉਸ 'ਚ ਸਰਕਾਰ ਦਾ ਕੀ ਯੋਗਦਾਨ ਰਹੇਗਾ। ਕਿਤੇ ਅਜਿਹਾ ਨਾ ਹੋਵੇ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਵਾਰ-ਵਾਰ ਅਣਗੌਲਿਆਂ ਕਰਨ 'ਤੇ ਨਾਮਧਾਰੀ ਹਾਕੀ ਅਕਾਦਮੀ

ਪੰਜਾਬ ਤੋਂ ਆਪਣਾ ਮੁੱਖ ਹੀ ਮੋੜ ਲਵੇ। ਖ਼ੈਰ ਆਉਣ ਵਾਲਾ ਸਮਾਂ ਕਿਸ ਗੱਲ ਦੀ ਹਾਮੀ ਭਰਦਾ ਹੈ, ਇਹ ਦੇਖਣਯੋਗ ਹੋਵੇਗਾ।

1990 ਤੋਂ ਪਹਿਲਾਂ ਨਾਮਧਾਰੀ ਅਕਾਦਮੀ 'ਚ ਖੇਡਣ ਵਾਲੇ ਖਿਡਾਰੀਆਂ ਦੀ ਵਰਦੀ ਨੂੰ ਲੈ ਕੇ ਨਿਯਮ ਕੁਝ ਵੱਖਰੇ ਸਨ, ਜਿਸ ਅਨੁਸਾਰ ਅਕਾਦਮੀ ਵੱਲੋਂ ਖਿਡਾਰੀਆਂ ਨੂੰ ਸਿਰਫ਼ ਕਛਹਿਰੇ 'ਚ ਹੀ ਖੇਡਣ ਲਈ ਕਿਹਾ ਗਿਆ ਸੀ ਅਤੇ ਖਿਡਾਰੀ ਵੀ ਨਾਮਧਾਰੀ ਅਕਾਦਮੀ ਨਾਲ ਪੱਕੇ ਤੌਰ 'ਤੇ ਅਤੇ ਨਾਮਧਾਰੀ ਪਰਿਵਾਰਾਂ 'ਚੋਂ ਹੋਣ ਕਾਰਨ ਇਸ ਨਿਯਮ ਨੂੰ ਹੱਸਕੇ ਅਪਣਾਉਂਦੇ ਸਨ। ਇਸ ਕਾਰਨ ਕਈ ਖਿਡਾਰੀ ਭਾਰਤ ਵੱਲੋਂ ਨਾ ਖੇਡ ਸਕੇ, ਪਰ ਇਸ ਗੱਲ ਉੱਤੇ ਖਾਸ ਧਿਆਨ ਦਿੱਤਾ ਗਿਆ ਅਤੇ ਕਾਫੀ ਵਿਚਾਰ ਹੋਏ। 1990 'ਚ ਹੋਈਆਂ ਕਈ ਮੀਟਿੰਗਾਂ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਕਿ ਖਿਡਾਰੀ ਹਾਕੀ ਦੀ ਪੂਰੀ ਕਿੱਟ 'ਚ ਖੇਡ ਸਕਦੇ ਨੇ। ਇਸ ਇਤਿਹਾਸਿਕ ਫੈਸਲੇ ਤੋਂ ਬਾਅਦ ਹੀ ਨਾਮਧਾਰੀ ਹਾਕੀ ਦੇ ਇੱਕ ਤੋਂ ਬਾਅਦ ਇੱਕ ਚਮਕਦੇ ਸਿਤਾਰੇ ਅੰਤਰਰਾਸ਼ਟਰੀ ਹਾਕੀ ਦੇ ਖੇਡ ਮੈਦਾਨ 'ਚ ਆਏ ਅਤੇ ਉਨ੍ਹਾਂ ਵੱਲੋਂ ਦੁਨੀਆਂ ਨੂੰ ਨਾਮਧਾਰੀ ਹਾਕੀ ਅਕਾਦਮੀ ਦਾ ਹੁਨਰ ਦਿਖਾਇਆ ਗਿਆ। ਨਾਮਧਾਰੀ ਹਾਕੀ ਅਕਾਦਮੀ ਦੇ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਸੀਡਜ਼ ਦੇ ਦਫਤਰ 'ਚ ਬੈਠਕੇ ਗੱਲਬਾਤ ਜਾਰੀ ਸੀ ਅਤੇ ਦੀਦਾਰ ਸਿੰਘ ਬਾਖ਼ੂਬੀ ਨਾਮਧਾਰੀ ਹਾਕੀ ਦਾ ਹਰ ਪਹਿਲੂ ਦੱਸ ਰਹੇ ਸਨ। ਨਾਮਧਾਰੀ ਹਾਕੀ ਦੇ ਵਿਕਾਸ ਦੀਆਂ ਗੱਲਾਂ ਹੋ ਹੀ ਰਹੀਆਂ ਸਨ ਕਿ ਇੰਨੇ ਨੂੰ ਦਫਤਰ 'ਚ ਸ਼ੇਰ ਸਿੰਘ (ਅੱਜ ਕੱਲ੍ਹ ਨਾਮਧਾਰੀ ਸਪੋਰਟਸ ਇੰਚਾਰਜ) ਵੀ ਦਾਖ਼ਲ ਹੋ ਗਿਆ ਅਤੇ ਆਉਂਦੇ ਹੀ ਦੀਦਾਰ ਸਿੰਘ ਨਾਲ ਮਿਲ ਕੇ ਨਾਮਧਾਰੀ ਹਾਕੀ ਦੇ ਸਫ਼ਲਤਾਵਾਂ ਭਰੇ ਸਫ਼ਰ ਦੀ ਬਾਤ ਪਾਉਣ ਲੱਗਾ। ਨਾਮਧਾਰੀ ਹਾਕੀ ਦੇ ਪਹਿਲੇ ਪੂਰ ਦੇ ਬੱਚਿਆਂ ਤੋਂ ਬਾਅਦ 1995 'ਚ ਆਏ ਦੂਸਰੇ ਪੂਰ ਦੀ ਗੱਲ ਹੋਣ ਲੱਗੀ। ਦੀਦਾਰ ਸਿੰਘ ਨੇ ਦੱਸਿਆ ਕਿ ਇਸ ਪੂਰ ਨਾਲ ਸਾਨੂੰ ਕੋਈ ਜ਼ਿਆਦਾ ਕਾਮਯਾਬੀ ਨਹੀਂ ਮਿਲੀ, ਪਰ ਅਸੀਂ ਆਪਣੀ ਕੋਸ਼ਿਸ਼ ਜਾਰੀ ਰੱਖੀ।

1998 'ਚ ਬੱਚਿਆਂ ਦੇ ਇੱਕ ਹੋਰ ਪੂਰ ਨੂੰ ਚੁਣਿਆ ਗਿਆ। ਨਾਮਧਾਰੀ ਹਾਕੀ ਅਕਾਦਮੀ ਵੱਲੋਂ ਬੱਚਿਆਂ ਦਾ ਚੁਣਿਆ ਗਿਆ ਇਹ ਪੂਰ ਬਹੁਤ ਹੀ ਮਹੱਤਵਪੂਰਨ ਸੀ, ਕਿਉਂਕਿ ਇਸਦੇ ਨਾਲ ਨਾਮਧਾਰੀ ਹਾਕੀ ਅਕਾਦਮੀ ਦੇ ਵਿਕਾਸ ਨੂੰ ਲੈ ਕੇ ਕਈ ਬਹੁਤ ਹੀ ਮਹੱਤਵਪੂਰਨ ਫ਼ੈਸਲੇ ਵੀ ਲਏ ਗਏ। ਇਨ੍ਹਾਂ ਫ਼ੈਸਲਿਆਂ ਤੋਂ ਪਹਿਲਾਂ ਕਿੱਟ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਨਾਲ ਖ਼ਤਮ ਕੀਤਾ ਜਾ ਚੁੱਕਾ ਸੀ। ਨਵੇਂ ਹੋਏ ਫ਼ੈਸਲਿਆਂ 'ਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਜੇਕਰ ਨਾਮਧਾਰੀ ਹਾਕੀ ਅਕਾਦਮੀ ਦੇ ਕਿਸੇ ਵੀ ਖਿਡਾਰੀ ਨੂੰ ਚੰਗੀ ਪੱਕੀ ਨੌਕਰੀ ਮਿਲਦੀ ਹੈ ਤਾਂ ਉਸਨੂੰ ਅਕਾਦਮੀ ਤੋਂ ਬਿਨਾਂ ਕਿਸੇ ਸ਼ਰਤ ਜਾਣ ਦਿੱਤਾ ਜਾਵੇਗਾ। ਇਸਤੋਂ ਪਹਿਲਾਂ ਨਾਮਧਾਰੀ ਹਾਕੀ ਅਕਾਦਮੀ 'ਚ ਕੋਈ ਵੀ ਖਿਡਾਰੀ ਬਾਹਰੋਂ ਨਹੀਂ ਸੀ ਲਿਆ ਜਾਂਦਾ, ਪਰ ਇੱਕ ਹੋਰ ਇਤਿਹਾਸਕ

ਫੈਸਲਾ ਲਿਆ ਗਿਆ, ਜਿਸਦੇ ਤਹਿਤ ਇਹ ਵੀ ਨਿਸ਼ਚਿਤ ਕੀਤਾ ਗਿਆ ਕਿ ਨਾਮਧਾਰੀ ਹਾਕੀ ਅਕਾਦਮੀ 'ਚ ਬਾਹਰੋਂ ਵੀ ਖਿਡਾਰੀ ਨੂੰ ਸ਼ਾਮਿਲ ਕੀਤਾ ਜਾ ਸਕਦਾ, ਭਾਵੇਂ ਉਹ ਨਾਮਧਾਰੀ ਸਿੱਖ ਨਾ ਵੀ ਹੋਵੇ ਪਰ ਸ਼ਾਕਾਹਾਰੀ ਜ਼ਰੂਰ ਹੋਵੇ। ਨਾਮਧਾਰੀ ਹਾਕੀ ਅਕਾਦਮੀ ਵੱਲੋਂ ਖੇਡਣ ਵਾਲੇ ਖਿਡਾਰੀਆਂ ਦੇ ਪੜ੍ਹਾਈ ਦੀ ਜ਼ਿੰਮੇਵਾਰੀ, ਖੇਡਣ ਲਈ ਕਿੱਟ ਅਤੇ ਨਾਲ ਹੀ ਵਿਦੇਸ਼ੀ ਦੌਰੇ ਤੱਕ ਦੀ ਸਾਰੀ ਜ਼ਿੰਮੇਵਾਰੀ ਅਤੇ ਖਰਚੇ ਚੁੱਕੇ ਜਾਂਦੇ ਨੇ।

ਭਾਰਤ ਦੇ ਕਈ ਨਾਮੀ ਕੋਚ ਨਾਮਧਾਰੀ ਹਾਕੀ ਦੇ ਖਿਡਾਰੀਆਂ ਨੂੰ ਖਾਸ ਤੌਰ 'ਤੇ ਪਸੰਦ ਕਰਦੇ ਨੇ। ਨਾਮਧਾਰੀ ਹਾਕੀ ਦੇ ਖਿਡਾਰੀਆਂ 'ਚ ਅਨੁਸ਼ਾਸਨ ਬਹੁਤ ਜ਼ਿਆਦਾ ਦੇਖਣ ਨੂੰ ਮਿਲਦਾ ਹੈ, ਹਾਲਾਂਕਿ ਬਹੁਤੀ ਵਾਰ ਆਪਣੇ ਹੱਕਾਂ ਲਈ ਆਵਾਜ਼ ਚੁੱਕਣ ਲਈ ਉਨ੍ਹਾਂ ਨੂੰ ਲੜਾਕੂ ਵੀ ਕਿਹਾ ਜਾਂਦਾ ਰਿਹਾ ਹੈ। ਦੀਦਾਰ ਸਿੰਘ ਨੇ ਇਸ ਗੱਲ ਨੂੰ ਸਿਰੇ ਤੋਂ ਖਾਰਜ ਹੀ ਕੀਤਾ ਅਤੇ ਉਨ੍ਹਾਂ ਕਿਹਾ ਕਿ ਜੇਕਰ ਨਾਮਧਾਰੀ ਹਾਕੀ ਅਕਾਦਮੀ ਦੇ ਕਿਸੇ ਵੀ ਖਿਡਾਰੀ ਨੂੰ ਇਹ ਕਿਹਾ ਜਾਵੇ ਕਿ ਤੂੰ ਸੱਤ ਵਜੇ ਸੌਂ ਜਾ ਤਾਂ ਉਹ ਸੱਤ ਵੱਜ ਕੇ ਇੱਕ ਮਿੰਟ ਤੇ ਸੁੱਤਾ ਮਿਲੇਗਾ ਅਤੇ ਜੇਕਰ ਕੋਚ ਦੀ ਮੰਗ ਹੋਵੇ ਕਿ ਸਵੇਰੇ ਚਾਰ ਵਜੇ ਹਾਕੀ ਦੇ ਮੈਦਾਨ 'ਚ ਹਾਜ਼ਰ ਹੋਣੇ ਚਾਹੀਦੇ ਓ, ਤਾਂ ਵੀ ਨਾਮਧਾਰੀ ਹਾਕੀ ਦੇ ਖਿਡਾਰੀ ਮੈਦਾਨ 'ਚ ਮਿਲਣਗੇ। ਉਨ੍ਹਾਂ ਕਿਹਾ ਕਿ ਸਾਡੇ ਖਿਡਾਰੀ ਅੱਜ ਤੱਕ ਜਿੱਥੇ ਵੀ ਖੇਡੇ ਨੇ ਹਮੇਸ਼ਾਂ ਹੀ ਪਹਿਲੇ ਗਿਆਰਾਂ ਖਿਡਾਰੀਆਂ 'ਚ ਜ਼ਰੂਰ ਸ਼ਾਮਿਲ ਹੁੰਦੇ ਨੇ। ਲੰਡਨ ਉਲੰਪਿਕ ਖੇਡਾਂ 'ਚ ਭਾਵੇਂ ਭਾਰਤੀ ਹਾਕੀ ਟੀਮ ਨੂੰ ਕੋਈ ਬਹੁਤੀ ਵੱਡੀ ਸਫ਼ਲਤਾ ਨਾ ਮਿਲੀ ਹੋਵੇ ਪਰ ਮੈਨੂੰ ਅੱਜ ਵੀ ਯਾਦ ਹੈ ਕਿ ਭਾਰਤ ਜਦੋਂ ਆਪਣਾ ਪਹਿਲਾ ਮੈਚ ਖੇਡ ਰਿਹਾ ਸੀ ਤਾਂ ਕਮੈਂਟਰੀ ਕਰਨ ਵਾਲਿਆਂ ਨੇ ਸਰਦਾਰ ਸਿੰਘ ਦੀ ਖੇਡ ਦੇਖਕੇ ਕਿਹਾ– "Look at that, Sardar Singh is the Engine of Indian Hockey Team" ਬਿਨਾਂ ਸ਼ੱਕ ਸਰਦਾਰ ਦੀ ਖੇਡ ਤੇ ਅਸੀਂ ਸਾਰੇ ਮਾਣ ਕਰਦੇ ਹਾਂ, ਪਰ ਨਾਲ ਹੀ ਸਰਦਾਰ ਵਰਗੇ ਖਿਡਾਰੀਆਂ ਨੂੰ ਸੰਭਾਲਣ ਲਈ ਅਤੇ ਇਥੋਂ ਤੱਕ ਕਿ ਇਨ੍ਹਾਂ ਖਿਡਾਰੀਆਂ ਨੂੰ ਵਧੀਆ ਸਹੂਲਤਾਂ ਦੇ ਕੇ ਤਿਆਰ ਕਰਨ 'ਚ ਵੀ ਅਦਾ ਕੀਤੀ ਗਈ ਭੂਮਿਕਾ 'ਤੇ ਵੀ ਮਾਣ ਕਰਨਾ ਬਣਦਾ ਹੈ ਅਤੇ ਨਾਮਧਾਰੀ ਹਾਕੀ ਅਕਾਦਮੀ 'ਤੇ ਵੀ।

ਦੀਦਾਰ ਸਿੰਘ ਹੋਰਾਂ ਨਾਲ ਕਾਫ਼ੀ ਲੰਬੀ ਗੱਲਬਾਤ ਚੱਲੀ ਤੇ ਉਨ੍ਹਾਂ ਵੱਲੋਂ ਬਹੁਤ ਹੀ ਵਿਸਥਾਰ ਨਾਲ ਨਾਮਧਾਰੀ ਹਾਕੀ ਅਕਾਦਮੀ ਦੀਆਂ ਸਫ਼ਲਤਾਵਾਂ ਅਤੇ ਸਾਹਮਣੇ ਆਉਂਦੀਆਂ ਮੁਸ਼ਕਿਲਾਂ ਦਾ ਖੁੱਲ੍ਹ ਕੇ ਜ਼ਿਕਰ ਕੀਤਾ ਪਰ ਨਾਲ ਹੀ ਉਨ੍ਹਾਂ ਨੇ ਠਾਕੁਰ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਅਤੇ ਵਾਰ–ਵਾਰ ਉਨ੍ਹਾਂ ਵੱਲੋਂ ਸੰਭਾਲੇ ਗਏ ਇਸ ਕਾਰਜ ਅਤੇ ਜ਼ਿੰਮੇਵਾਰੀ ਨੂੰ ਸਜਦਾ ਕੀਤਾ। ਗੱਲਬਾਤ ਕਰਦਿਆਂ–ਕਰਦਿਆਂ ਮੈਂ ਪੁੱਛਿਆ, "ਭਾਜੀ ਅਜੇ ਤੱਕ ਕਿੰਨੇ ਕੁ ਖਿਡਾਰੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚੇ ਨੇ" ਤਾਂ ਉਨ੍ਹਾਂ ਕਿਹਾ, "ਅਮਰਿੰਦਰ ਸਿੰਘ

ਜੀ! ਲਿਸਟ ਲੰਬੀ ਹੈ, ਪਰ ਅਨਮੋਲਕ ਸਿੰਘ ਇਸ ਪੱਖੋਂ ਤੁਹਾਡੀ ਪੂਰੀ ਮਦਦ ਕਰੇਗਾ, ਕਿਉਂਕਿ ਉਹ ਪੂਰਾ ਰਿਕਾਰਡ ਸੰਭਾਲਦਾ ਹੈ। ਨਾਮਧਾਰੀ ਹਾਕੀ ਅਕਾਦਮੀ 'ਚੋਂ ਨਿਕਲੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖਿਡਾਰੀਆਂ ਦੀ ਲਿਸਟ ਉੱਤੇ ਵੀ ਨਜ਼ਰ ਮਾਰ ਲੈਂਦੇ ਹਾਂ।

ਉਲੰਪਿਕ 'ਚ ਭਾਰਤੀ ਹਾਕੀ ਟੀਮ ਦਾ ਹਿੱਸਾ ਬਣੇ ਖਿਡਾਰੀ

ਹਰਦੀਪ ਸਿੰਘ ਗਰੇਵਾਲ, ਦੀਦਾਰ ਸਿੰਘ, ਹਰਪਾਲ ਸਿੰਘ, ਸਰਦਾਰ ਸਿੰਘ, ਗੁਰਨਾਮ ਸਿੰਘ (ਸਟੈਂਡਬਾਏ ਖਿਡਾਰੀ)

ਅੰਤਰਰਾਸ਼ਟਰੀ ਪੱਧਰ 'ਤੇ ਭਾਰਤੀ ਹਾਕੀ ਦਾ ਹਿੱਸਾ ਰਹੇ ਖਿਡਾਰੀ

ਦੀਦਾਰ ਸਿੰਘ (ਸਰਦਾਰ ਸਿੰਘ ਦਾ ਵੱਡਾ ਭਰਾ), ਅਜਮੇਰ ਸਿੰਘ, ਗੁਰਵਿੰਦਰ ਸਿੰਘ, ਕਰਮਜੀਤ ਸਿੰਘ, ਗੁਰਚਰਨ ਸਿੰਘ, ਜੋਗਾ ਸਿੰਘ, ਸਵਿੰਦਰ ਸਿੰਘ, ਅਵਤਾਰ ਸਿੰਘ, ਮਾਲਕ ਸਿੰਘ, ਨਾਨਕ ਸਿੰਘ, ਹਰਪ੍ਰੀਤ ਸਿੰਘ (ਨਾਗਰਾ), ਗੁਰਮੇਲ ਸਿੰਘ, ਸੰਤਾ ਸਿੰਘ, ਅਕਾਸ਼ਦੀਪ ਸਿੰਘ।

ਇਨਾਂ ਤੋਂ ਇਲਾਵਾ ਕਾਫ਼ੀ ਅਜਿਹੇ ਖਿਡਾਰੀ ਨੇ, ਜੋ ਭਾਰਤੀ ਹਾਕੀ ਟੀਮ ਦੇ ਕੈਂਪਾਂ ਦਾ ਹਿੱਸਾ ਬਣੇ, ਪਰ ਭਾਰਤੀ ਟੀਮ ਦਾ ਹਿੱਸਾ ਨਾ ਬਣ ਸਕੇ।

ਭਾਰਤੀ ਯੂਨੀਵਰਸਿਟੀਆਂ ਦੀ ਸਾਂਝੀ ਬਣੀ ਟੀਮ ਲਈ ਖੇਡੇ ਖਿਡਾਰੀ

ਜਸਵੇਦ ਸਿੰਘ, ਅਨਮੋਲਕ ਸਿੰਘ, ਭਗਤ ਸਿੰਘ, ਜਸਵੰਤ ਸਿੰਘ।

PHL, WSH, HIL 'ਚ ਖੇਡੇ ਖਿਡਾਰੀ

ਸਰਦਾਰ ਸਿੰਘ, ਹਰਪਾਲ ਸਿੰਘ, ਦੀਦਾਰ ਸਿੰਘ, ਸ਼ੇਰ ਸਿੰਘ, ਗੁਰਚਰਨ ਸਿੰਘ, ਅਜਮੇਰ ਸਿੰਘ, ਕਰਮਜੀਤ ਸਿੰਘ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜੋਗਾ ਸਿੰਘ, ਸਵਿੰਦਰ ਸਿੰਘ, ਅਨਮੋਲਕ ਸਿੰਘ, ਅਵਤਾਰ ਸਿੰਘ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ, ਮਾਲਕ ਸਿੰਘ, ਗੁਰਮੇਲ ਸਿੰਘ।

ਇਸੇ ਹੀ ਕਿਤਾਬ 'ਚ ਸ਼ਾਮਿਲ ਇੱਕ ਕਿਰਦਾਰ ਸ਼੍ਰੀ ਬਲਦੇਵ ਸਿੰਘ ਨੇ ਵੀ ਨਾਮਧਾਰੀ ਟੀਮ ਦੇ ਨਾਲ ਕੋਚ ਦੀ ਭੂਮਿਕਾ ਅਦਾ ਕੀਤੀ ਹੈ ਤੇ ਉਨ੍ਹਾਂ ਨੇ ਵੀ ਕਿਹਾ ਕਿ ਨਾਮਧਾਰੀ ਹਾਕੀ ਟੀਮ ਬਹੁਤ ਵਧੀਆ ਟੀਮ ਹੈ ਅਤੇ ਹਾਕੀ ਪ੍ਰਤੀ ਉਨ੍ਹਾਂ 'ਚ ਕਾਫ਼ੀ ਲਗਨ ਹੈ। ਨਾਲ ਹੀ ਉਨ੍ਹਾਂ ਸੰਤ ਨਗਰ ਦਾ ਵੀ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਕਿ ਬਹੁਤੇ ਖਿਡਾਰੀ ਸੰਤ ਨਗਰ ਤੋਂ ਨੇ। ਅੱਜ ਵੀ ਸ਼ਾਮ ਦੇ ਵੇਲੇ ਸੰਤ ਨਗਰ 'ਚ ਹਾਕੀ ਖੇਡਣ

ਵਾਲੇ ਬੱਚਿਆਂ ਦਾ ਮੇਲਾ ਲੱਗਦਾ ਹੈ, ਜਿੱਥੇ ਅੱਜ ਵੀ ਬੱਚੇ ਖ਼ੂਬ ਮਿਹਨਤ ਕਰਦੇ ਹਨ ਅਤੇ ਦੀਦਾਰ ਸਿੰਘ ਹੋਰਾਂ ਦੇ ਦੱਸਣ ਮੁਤਾਬਿਕ ਤਕਰੀਬਨ 100 ਕੁ ਬੱਚੇ ਸੰਤ ਨਗਰ 'ਚ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਉਮੀਦ ਕਰਦੇ ਹਾਂ ਇਨ੍ਹਾਂ ਬੱਚਿਆਂ 'ਚੋਂ ਵੀ ਕੋਈ ਨਾ ਕੋਈ ਉਲੰਪਿਕ ਤੱਕ ਦਾ ਸਫ਼ਰ ਜ਼ਰੂਰ ਤੈਅ ਕਰੇਗਾ। ਦੀਦਾਰ ਸਿੰਘ ਹੋਰਾਂ ਨਾਲ ਗੱਲ ਕਰਦਿਆਂ ਮੈਂ ਕਿਹਾ ਕਿ "ਸ਼ਾਬਾਸ਼! ਤੁਹਾਡੇ, ਹਾਕੀ ਲਈ ਇੰਨੀ ਨਿਸ਼ਕਾਮ ਸੇਵਾ ਲਈ" ਤਾਂ ਉਨ੍ਹਾਂ ਨੇ ਪਲਟਦਿਆਂ ਕਿਹਾ ਕਿ "ਸਾਨੂੰ ਹਾਕੀ ਦੇ ਗ੍ਰਾਸ ਰੂਟ ਪੱਧਰ ਤੱਕ ਅਜੇ ਹੋਰ ਮਿਹਨਤ ਕਰਨ ਦੀ ਜ਼ਰੂਰਤ ਹੈ।" ਉਨ੍ਹਾਂ ਕਿਹਾ ਕਿ ਹਾਕੀ 'ਚ ਮੁਕਾਬਲਾ ਹੋਰ ਵੀ ਦਿਲਚਸਪ ਹੋਣਾ ਚਾਹੀਦਾ ਹੈ, ਜੋ ਹਾਕੀ ਲੀਗ ਹੁੰਦੀ ਹੈ, ਉਸ 'ਚ ਹੋਰ ਭਾਰਤੀ ਖਿਡਾਰੀਆਂ ਨੂੰ ਮੌਕਾ ਮਿਲਣਾ ਚਾਹੀਦਾ ਹੈ, ਜਿਸ ਨਾਲ ਪ੍ਰਸ਼ੰਸਕਾਂ ਦੀ ਗਿਣਤੀ ਵਧੇਗੀ ਅਤੇ ਹਾਕੀ ਦਾ ਹੋਰ ਵਿਕਾਸ ਹੋਵੇਗਾ।

ਨਾਮਧਾਰੀ ਹਾਕੀ ਅਕਾਦਮੀ ਵੱਲੋਂ ਗ੍ਰਾਸ ਰੂਟ ਹਾਕੀ ਦੇ ਵਿਕਾਸ ਨੂੰ ਧਿਆਨ 'ਚ ਰੱਖਦਿਆਂ ਇੱਕ ਹੋਰ ਉਪਰਾਲਾ ਕੀਤਾ ਗਿਆ ਹੈ। ਹਾਕੀ ਅਕਾਦਮੀ ਵੱਲੋਂ ਹੁਣ ਨਾਮਧਾਰੀ ਹਾਕੀ ਅਕਾਦਮੀ ਦੇ ਸੰਸਥਾਪਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਹੋਰਾਂ ਦੀ ਯਾਦ 'ਚ ਸਾਲਾਨਾ ਆਲ ਇੰਡੀਆ ਅੰਡਰ-21 ਟਰਨਾਮੈਂਟ ਕਰਵਾਇਆ ਜਾਂਦਾ ਹੈ। ਇਸ ਟੂਰਨਾਮੈਂਟ ਦਾ ਖਰਚਾ ਲੱਗਭਗ 10 ਲੱਖ ਦੇ ਕਰੀਬ ਹੈ ਅਤੇ ਇਸ 'ਚ ਦੇਸ਼ ਭਰ ਦੀਆਂ ਉੱਤਮ ਦਰਜੇ ਦੀਆਂ 10 ਤੋਂ 12 ਟੀਮਾਂ ਹਿੱਸਾ ਲੈਂਦੀਆਂ ਹਨ ਅਤੇ ਮੁਕਾਬਲੇ ਦੇਖਣਯੋਗ ਹੁੰਦੇ ਹਨ। ਟੂਰਨਾਮੈਂਟ 'ਚ ਬੱਚਿਆਂ ਦਾ ਹੌਂਸਲਾ ਵਧਾਉਣ ਲਈ ਹਰ ਹਿੱਸਾ ਲੈਣ ਵਾਲੀ ਟੀਮ ਨੂੰ ਕੁਝ ਨਾ ਕੁਝ ਇਨਾਮੀ ਰਾਸ਼ੀ ਜ਼ਰੂਰ ਦਿੱਤੀ ਜਾਂਦੀ ਹੈ, ਪਰ ਟੂਰਨਾਮੈਂਟ 'ਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 1 ਲੱਖ, 75 ਹਜ਼ਾਰ ਅਤੇ 50 ਹਜ਼ਾਰ ਦੀ ਇਨਾਮੀ ਰਾਸ਼ੀ ਦਿੱਤੀ ਜਾਂਦੀ ਹੈ।

ਨਾਮਧਾਰੀ ਹਾਕੀ ਅਕਾਦਮੀ ਦੇ ਖਿਡਾਰੀ ਭਾਰਤ 'ਚ ਵੱਖ-ਵੱਖ ਵਿਭਾਗਾਂ ਦੀਆਂ ਹਾਕੀ ਟੀਮਾਂ ਦਾ ਹਿੱਸਾ ਵੀ ਬਣੇ ਹੋਏ ਹਨ ਅਤੇ ਜੇਕਰ ਨਜ਼ਰ ਮਾਰੀਏ ਤਾਂ ਤਕਰੀਬਨ ਹਰ ਇੱਕ ਵਿਭਾਗ ਵੱਲੋਂ ਹੀ ਨਾਮਧਾਰੀ ਹਾਕੀ ਅਕਾਦਮੀ ਦੇ ਖਿਡਾਰੀਆਂ ਨੂੰ ਆਪਣੀਆਂ ਟੀਮਾਂ 'ਚ ਸ਼ਾਮਿਲ ਕੀਤਾ ਗਿਆ ਹੈ। ਭਾਰਤ ਪੈਟਰੋਲੀਅਮ, ਏਅਰ ਇੰਡੀਆ, ਪੰਜਾਬ ਐਂਡ ਸਿੰਧ ਬੈਂਕ, ਪੰਜਾਬ ਨੈਸ਼ਨਲ ਬੈਂਕ, ਓ.ਐਨ.ਜੀ.ਸੀ., ਇੰਡੀਅਨ ਆਇਲ, ਭਾਰਤੀ ਰੇਲਵੇ ਅਤੇ ਹਰਿਆਣਾ ਅਤੇ ਪੰਜਾਬ ਦੇ ਆਡਿਟ ਵਿਭਾਗਾਂ 'ਚ ਨਾਮਧਾਰੀ ਖਿਡਾਰੀ ਆਪਣੀ ਖੇਡ ਨਾਲ ਨਾਮਧਾਰੀ ਹਾਕੀ ਅਕਾਦਮੀ ਦਾ ਨਾਮ ਹੋਰ ਉੱਚਾ ਕਰ ਰਹੇ ਹਨ। ਇਸ ਤੋਂ ਇਲਾਵਾ ਨਾਮਧਾਰੀ ਹਾਕੀ ਅਕਾਦਮੀ ਦੇ ਖਿਡਾਰੀਆਂ ਨੇ ਵਿਦੇਸ਼ਾਂ 'ਚ ਜਾ ਕੇ ਉਥੋਂ ਦੀਆਂ ਹਾਕੀ ਲੀਗਾਂ 'ਚ ਆਪਣੀ ਖ਼ਾਸ ਜਗ੍ਹਾ ਬਣਾਈ ਹੈ। ਕੈਨੇਡਾ ਦੇ ਸਰੀ ਸ਼ਹਿਰ ਦੇ ਸਰੀ ਲਾਇਨਜ਼ ਹਾਕੀ ਕਲੱਬ (ਅੱਜ ਕੱਲ੍ਹ ਸੁਰਿੰਦਰ ਲਾਇਨਜ਼ ਹਾਕੀ ਕਲੱਬ) 'ਚ ਨਾਮਧਾਰੀ ਹਾਕੀ ਅਕਾਦਮੀ ਦੇ 12-13

ਖਿਡਾਰੀ, ਇਸੇ ਹੀ ਸ਼ਹਿਰ ਦੇ ਇੱਕ ਹੋਰ ਕਲੱਬ ਵੈਸਟ ਕੋਸਟ ਕਿੰਗਜ਼ ਵੱਲੋਂ 3-4, ਹਾਂਗਕਾਂਗ ਲੀਗ ਚ 3-4 ਖਿਡਾਰੀ ਅਤੇ ਇਸੇ ਤਰ੍ਹਾਂ 3-4 ਇੰਗਲੈਂਡ ਦੀ ਹਾਕੀ ਲੀਗ ਤੋਂ ਇਲਾਵਾ ਆਸਟ੍ਰੇਲੀਆ ਦੇ ਕੁਝ ਕਲੱਬਾਂ ਵੱਲੋਂ ਵੀ ਖੇਡ ਚੁੱਕੇ ਹਨ। ਹਾਲ ਦੀ ਘੜੀ ਅਨਮੋਲਕ ਸਿੰਘ ਨਿਊਯਾਰਕ ਦੇ 'Pelham high school' 'ਚ ਬਤੌਰ ਕੋਚਿੰਗ ਵੀ ਆਪਣੀਆਂ ਸੇਵਾਵਾਂ ਅਦਾ ਕਰਦੇ ਹੋਇਆਂ ਨਾਮਧਾਰੀ ਹਾਕੀ ਅਕਾਦਮੀ ਦਾ ਨਾਮ ਹੋਰ ਰੁਸ਼ਨਾ ਰਿਹਾ ਹੈ।

2003 ਤੋਂ ਲੈ ਕੇ 2008 ਤੱਕ ਨਾਮਧਾਰੀ ਹਾਕੀ ਅਕਾਦਮੀ ਦੀ ਟੀਮ ਨੇ ਭਾਰਤੀ ਹਾਕੀ ਟੀਮ 'ਚ ਖ਼ਾਸ ਹਲਚਲ ਪੈਦਾ ਕੀਤੀ ਅਤੇ ਕਈ ਨਾਮੀ ਟੂਰਨਾਮੈਂਟਾਂ 'ਚ ਬਹੁਤ ਖ਼ੂਬ ਪ੍ਰਦਰਸ਼ਨ ਕੀਤਾ। ਇਨ੍ਹਾਂ ਸਾਲਾਂ ਦੌਰਾਨ ਕੀਤੀ ਗਈ ਮਿਹਨਤ ਅਤੇ ਨਤੀਜਿਆਂ 'ਤੇ ਵੀ ਨਿਗ੍ਹਾ ਮਾਰਨਾ ਜ਼ਰੂਰੀ ਹੈ। ਇਨ੍ਹਾਂ ਹੀ ਖਿਡਾਰੀਆਂ 'ਚ ਸਰਦਾਰ ਸਿੰਘ ਵਰਗੇ ਖਿਡਾਰੀ ਸ਼ਾਮਿਲ ਸਨ। ਇਨ੍ਹਾਂ ਸਾਲਾਂ ਦੌਰਾਨ ਕੋਈ ਅਜਿਹਾ ਟੂਰਨਾਮੈਂਟ ਨਹੀਂ ਸੀ, ਜਿਸ 'ਚ ਨਾਮਧਾਰੀ ਹਾਕੀ ਅਕਾਦਮੀ ਨੇ ਆਪਣੇ ਪ੍ਰਦਰਸ਼ਨ ਨਾਲ ਵਾਹ-ਵਾਹ ਨਾ ਖੱਟੀ ਹੋਵੇ। ਇਥੋਂ ਤੱਕ ਕਿ ਪਦਮ ਸ਼੍ਰੀ ਪਰਗਟ ਸਿੰਘ ਹੁਰਾਂ ਨੇ ਨਾਮਧਾਰੀ ਟੀਮ ਦੀ ਖ਼ਾਸ ਪ੍ਰਸ਼ੰਸਾ ਕਰਦਿਆਂ ਕਿਹਾ, "ਨਾਮਧਾਰੀ ਟੀਮ ਅਨੁਭਵੀ ਖਿਡਾਰੀਆਂ ਨਾਲ ਭਰਪੂਰ ਹੈ, ਜੇ ਇਹ ਟੀਮ ਇਸ ਲੈਅ ਵਿੱਚ ਹੀ ਖੇਡਦੀ ਰਹੀ ਤਾਂ ਦੁਨੀਆਂ ਦੀ ਕੋਈ ਵੀ ਟੀਮ ਇਨ੍ਹਾਂ ਨੂੰ ਨਹੀਂ ਰੋਕ ਸਕੇਗੀ। ਨਾਮਧਾਰੀ ਖਿਡਾਰੀਆਂ ਦੀ ਫਿੱਟਨੈਸ ਇਨ੍ਹਾਂ ਦਾ ਸਭ ਤੋਂ ਵੱਡਾ ਹਥਿਆਰ ਹੈ।" ਇਹ ਰਿਕਾਰਡ ਨਾਮਧਾਰੀ ਹਾਕੀ ਦੇ ਪ੍ਰਦਰਸ਼ਨ ਦੀ ਮੂੰਹ ਬੋਲਦੀ ਤਸਵੀਰ ਹੈ। ਇਸ 'ਚ ਅਸੀਂ ਦੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਇੱਕ ਪੇਂਡੂ ਅਕਾਦਮੀ ਦੀ ਟੀਮ ਨੇ ਵਧੀਆ ਹਾਕੀ ਦਾ ਪ੍ਰਦਰਸ਼ਨ ਕਰਦਿਆਂ ਵੱਡੀਆਂ ਅਤੇ ਨਾਮੀ ਟੀਮਾਂ ਨੂੰ ਵੀ ਬਰਾਬਰ ਦੀ ਟੱਕਰ ਦਿੱਤੀ ਅਤੇ ਜਿੱਤ ਵੀ ਹਾਸਿਲ ਕੀਤੀ। ਅਨਮੋਲਕ ਸਿੰਘ ਨੇ ਨਾਮਧਾਰੀ ਹਾਕੀ ਅਕਾਦਮੀ ਦੇ ਰਿਕਾਰਡ ਨੂੰ ਸੰਭਾਲਣ ਦੀ ਸਫ਼ਲ ਕੋਸ਼ਿਸ਼ ਕੀਤੀ, ਪਰ ਮੈਂ ਮਹਿਸੂਸ ਕਰਦਾ ਹਾਂ ਕਿ ਰਿਕਾਰਡ ਸੰਭਾਲਣ ਨੂੰ ਲੈ ਕੇ ਥੋੜ੍ਹੀ ਹੋਰ ਮਿਹਨਤ ਕਰਨ ਦੀ ਜ਼ਰੂਰਤ ਹੈ, ਜਿਸ ਨਾਲ ਨਾਮਧਾਰੀ ਹਾਕੀ ਅਕਾਦਮੀ ਵੀ ਜ਼ਰੂਰ ਸਹਿਮਤ ਹੋਵੇਗੀ ਅਤੇ ਉਮੀਦ ਕਰਦਾ ਹਾਂ ਕਿ ਜ਼ਰੂਰ ਇਸ ਕੰਮ ਵੱਲ ਤਵੱਜੋਂ ਦਿੱਤੀ ਜਾਵੇਗੀ। ਨਾਮਧਾਰੀ ਹਾਕੀ ਅਕਾਦਮੀ ਵੱਲੋਂ ਅੰਤਰਰਾਸ਼ਟਰੀ ਦੌਰਿਆਂ ਦੇ ਮਾਧਿਅਮ ਨਾਲ ਵੀ ਖਿਡਾਰੀਆਂ ਨੂੰ ਨਿਖਾਰਿਆ ਜਾਂਦਾ ਹੈ। ਅਜੇ ਤੱਕ ਨਾਮਧਾਰੀ ਹਾਕੀ ਅਕਾਦਮੀ ਵੱਲੋਂ ਸਤਿਗੁਰੂ ਸ੍ਰੀ ਉਦੇ ਸਿੰਘ ਹੁਰਾਂ ਦੀ ਅਗਵਾਈ ਹੇਠ ਕਾਫ਼ੀ ਵਿਦੇਸ਼ੀ ਦੌਰੇ ਕੀਤੇ ਜਾ ਚੁੱਕੇ ਹਨ।

- 1984 ਥਾਈਲੈਂਡ
- 1985 ਤਨਜ਼ਾਨੀਆ
- 1989 ਇੰਗਲੈਂਡ ਅਤੇ ਸਪੇਨ

- 1990 ਕੀਨੀਆਂ
- 1992 ਯੂਰਪ (ਹੌਲੈਂਡ ਅਤੇ ਬੈਲਜੀਅਮ)
- 2005 ਅਮਰੀਕਾ (ਕੈਲੇਫੋਰਨੀਆ ਕੱਪ, ਤੀਸਰਾ ਸਥਾਨ)
- 2005 ਥਾਈਲੈਂਡ
- 2006 ਮਲੇਸ਼ੀਆ
- 2007 ਅਮਰੀਕਾ
- 2008 ਅਮਰੀਕਾ
- 2009 ਕੈਨੇਡਾ
- 2012 ਕੈਨੇਡਾ
- 2014 ਕੈਨੇਡਾ

ਗੱਲਾਂ ਕਰਦਿਆਂ ਸਮਾਂ ਬੀਤ ਰਿਹਾ ਸੀ ਤੇ ਮੈਂ ਆਪਣੇ ਵੱਲੋਂ ਹਾਕੀ ਦਾ ਮੈਦਾਨ ਜਾ ਕੇ ਦੇਖਣ ਦੀ ਇੱਛਾ ਪ੍ਰਗਟਾਈ। ਦੀਦਾਰ ਸਿੰਘ ਹੁਰਾਂ ਕਿਹਾ, "ਭਾਜੀ ਜ਼ਰੂਰ ਦਿਖਾਉਂਦੇ ਹਾਂ ਅਤੇ ਨਾਲ ਹੀ ਤੁਸੀਂ ਬਾਕੀ ਖੇਡੀਆਂ ਜਾਂਦੀਆਂ ਖੇਡਾਂ ਵੀ ਜ਼ਰੂਰ ਦੇਖਿਓ।" ਮੈਂ ਗੱਲ ਪੁਖ਼ਤਾ ਕਰਨ ਲਈ ਪੁੱਛਿਆ, "ਹੁਣ ਹਾਕੀ ਤੋਂ ਬਿਨਾਂ ਫੁੱਟਬਾਲ, ਲਾੱਨ ਟੈਨਿਸ, ਬੈਡਮਿੰਟਨ ਤੇ ਬਾਸਕਟ ਬਾਲ ਖੇਡਾਂ 'ਚ ਵੀ ਬੱਚਿਆਂ ਨੂੰ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਹੈ" ਤਾਂ ਉਨ੍ਹਾਂ ਕਿਹਾ, "ਹਾਂਜੀ ਭਾਜੀ ਬੈਡਮਿੰਟਨ, ਲਾਅਨ ਟੈਨਿਸ ਅਤੇ ਅਥਲੈਟਿਕਸ 'ਚ ਵੀ ਬੱਚਿਆਂ ਨੂੰ ਸਿਖਲਾਈ ਦੇਣੀ ਸ਼ੁਰੂ ਕੀਤੀ ਹੈ।" ਹੁਣ ਜਿਥੇ ਇੱਕ ਪਾਸੇ ਬਿਨਾਂ ਕਿਸੇ ਸਰਕਾਰੀ ਮਦਦ ਦੇ ਹਾਕੀ ਦੀ ਖੇਡ ਵਿੱਚ ਨਾਮਧਾਰੀ ਹਾਕੀ ਅਕਾਦਮੀ ਪੂਰੇ ਜ਼ੋਰਾਂ 'ਤੇ ਹੈ, ਉਥੇ ਨਾਲ ਹੀ ਵੱਡੇ ਖਰਚੇ ਤੋਂ ਬਾਅਦ ਹੋਰ ਖੇਡਾਂ ਨੂੰ ਵੀ ਪ੍ਰਫੁੱਲਿਤ ਕਰਨ ਦਾ ਬੀੜਾ ਚੁੱਕਣਾ ਹੌਂਸਲੇ ਤੇ ਹਿੰਮਤ ਦੀ ਗੱਲ ਹੈ।

ਸਮੇਂ ਦੀਆਂ ਸਰਕਾਰਾਂ ਨੂੰ ਇਹੋ ਜਿਹੇ ਉੱਦਮਾਂ ਨੂੰ ਸੰਭਾਲਣ ਦੀ ਜ਼ਰੂਰਤ ਹੈ, ਤਾਂ ਜੋ ਖੇਡਾਂ ਦਾ ਵਿਕਾਸ ਹੋ ਸਕੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਆਉਣ ਵਾਲੇ ਸਮੇਂ 'ਚ ਸਾਨੂੰ ਅਜਿਹੀਆਂ ਖ਼ਬਰਾਂ ਵੀ ਸੁਨਣ ਨੂੰ ਮਿਲ ਸਕਦੀਆਂ ਹਨ, ਜਿਸ ਤਰਾਂ ਜੇ.ਸੀ.ਟੀ. ਨੇ ਫੁੱਟਬਾਲ ਤੋਂ ਆਪਣੇ ਹੱਥ ਖਿੱਚੇ ਸਨ। ਹਾਕੀ ਇੰਡੀਆ ਵੱਲੋਂ ਸ਼ਾਇਦ ਇਸੇ ਹੀ ਸਮਝ ਦੇ ਨਾਲ ਨਾਮਧਾਰੀ ਹਾਕੀ ਅਕਾਦਮੀ ਨੂੰ ਮੁੱਢਲੀ ਮੈਂਬਰਸ਼ਿਪ ਦਿੱਤੀ ਗਈ ਸੀ, ਪਰ ਇਸ ਕਦਮ ਨੂੰ ਹੋਰ ਅੱਗੇ ਲਿਜਾਣ ਦੀ ਜ਼ਰੂਰਤ ਹੈ। ਨਾਮਧਾਰੀ ਹਾਕੀ ਅਕਾਦਮੀ ਦੇ ਇਨ੍ਹਾਂ ਯਤਨਾਂ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਸੰਸਥਾ ਵੱਲੋਂ ਹਾਕੀ ਦੇ ਵਿਕਾਸ ਅਤੇ ਹਾਕੀ ਦੇ ਹੁਨਰ ਦੀ ਬਹੁਤ ਹੀ ਵਧੀਆ ਉਦਾਹਰਣ ਪੇਸ਼ ਕੀਤੀ ਗਈ ਹੈ ਅਤੇ ਸਾਨੂੰ ਸਾਰਿਆਂ ਨੂੰ ਸਾਥ ਦੇਣ ਦੀ ਜ਼ਰੂਰਤ ਹੈ।

ਸਿੱਖੀ ਸਰੂਪ ਵਿੱਚ ਹਾਕੀ

–ਗੁਰਦੇਵ ਸਿੰਘ ਚੀਮਾ

ਸਤਿਗੁਰੂ ਜਗਜੀਤ ਸਿੰਘ ਜੀ ਬਹੁ ਪੱਖੀ ਸ਼ਖਸ਼ੀਅਤ ਸਨ। ਉਹਨਾਂ ਆਪਣੇ ਸਮੇਂ ਵਿੱਚ ਨਾਮਧਾਰੀ ਪੰਥ ਦੀ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਪੱਧਰ ’ਤੇ ਪਛਾਣ ਬਣਾਈ। ਜਿਹਨਾਂ ਵਿਚੋਂ ਹਾਕੀ ਨੂੰ ਵਿਸ਼ਵ ਪੱਧਰ ਤੇ ਲਿਆਉਣਾ ਉਹਨਾਂ ਦਾ ਇਕ ਯਤਨ ਹੈ। ਉਹ ਹਾਕੀ ਦੀ ਖੇਡ ਰਾਹੀਂ ਸਿੱਖੀ ਸਰੂਪ ਨੂੰ ਵਿਸ਼ਵ ਪੱਧਰ ਤੇ ਲੈ ਜਾਣਾ ਚਾਹੁੰਦੇ ਸਨ। ਉਹਨਾਂ ਨੇ 1976–77 ਈ. ਵਿੱਚ ਨਾਮਧਾਰੀ ਹਾਕੀ ਟੀਮ ਦੀ ਸ਼ੁਰੂਆਤ ਕੀਤੀ। ਛੋਟੇ-ਛੋਟੇ ਬੱਚਿਆਂ ਨੂੰ ਜਿੱਥੇ ਹਾਕੀ ਦੇ ਗੁਰ ਦੱਸਣ ਵਾਸਤੇ ਕੋਚ ਰੱਖੇ, ਉੱਥੇ ਸਿੱਖੀ ਮਰਿਯਾਦਾ ਵਿੱਚ ਪਰਪੱਕ ਕਰਨ ਲਈ ਖਾਸ ਧਿਆਨ ਦਿੰਦੇ।

ਸਿੱਖੀ ਸਰੂਪ ਵਿੱਚ ਸੱਜੀ ਨਾਮਧਾਰੀ ਹਾਕੀ ਟੀਮ ਜਦੋਂ ਕੁਝ ਸਾਲਾਂ ਬਾਅਦ ਵੱਡੇ ਟੂਰਨਾਮੈਂਟ ਖੇਡਣ ਲੱਗੀ ਤਾਂ ਉਹਨਾਂ ਨੇ ਭਾਰਤ ਦੀਆਂ ਨਾਮਵਰ ਟੀਮਾਂ ਦੇ ਦੰਦ ਖੱਟੇ ਕਰਨੇ ਸ਼ੁਰੂ ਕਰ ਦਿੱਤੇ। ਇਹ ਖਿਡਾਰੀ ਆਪ ਤੋਂ ਵੱਡੀ ਉਮਰ ਦੇ ਖਿਡਾਰੀਆਂ ਨਾਲ ਵੀ ਬੁਲੰਦ ਹੋਸਲਿਆਂ ਨਾਲ ਖੇਡਦੇ ਤੇ ਜਿੱਤਾਂ ਪ੍ਰਾਪਤ ਕਰਦੇ। ਜਦੋਂ ਵੀ ਟੀਮ ਜਿੱਤ ਪ੍ਰਪਾਤ ਕਰਕੇ ਆਉਂਦੀ ਤਾਂ ਸਤਿਗੁਰੂ ਜੀ ਉਹਨਾਂ ਨੂੰ ਅਥਾਹ ਖੁਸ਼ੀਆਂ ਬਖ਼ਸ਼ਦੇ।

ਸਿੱਖੀ ਪਹਿਰਾਵੇ ਵਿੱਚ ਖੇਡਦੇ ਨਾਮਧਾਰੀ ਖਿਡਾਰੀਆਂ ਦੀ ਅਲੱਗ ਜਿਹੀ ਦਿੱਖ ਨੂੰ ਵੇਖ ਲੋਕ ਆਕ੍ਰਸ਼ਿਤ ਹੁੰਦੇ ਤੇ ਇਹਨਾਂ ਦਾ ਮੈਚ ਦੇਖਣ ਲੱਗ ਜਾਂਦੇ। ਜਦੋਂ ਕੁਝ ਮਿੰਟ ਹੀ ਇਹਨਾਂ ਖਿਡਾਰੀਆਂ ਦਾ ਮੈਚ ਦੇਖਦਿਆਂ ਬਤੀਤ ਹੁੰਦੇ ਤਾਂ ਦਰਸ਼ਕ ਇਹਨਾਂ ਦੀ ਖੇਡ ਦੇ ਆਸ਼ਿਕ ਬਣ ਜਾਂਦੇ। ਇਹ ਟੀਮ ਆਪਣੀ ਚੰਗੀ ਖੇਡ ਕਰਕੇ ਲੋਕਾਂ ਵਿੱਚ ਏਨੀ ਹਰਮਨ ਪਿਆਰੀ ਹੋ ਗਈ ਕਿ ਜਦੋਂ ਕਿਸੇ ਥਾਂ ਇਸ ਟੀਮ ਦਾ ਮੈਚ ਹੋਣਾ ਤਾਂ ਲੋਕ ਆਪਣੇ ਕੰਮ ਵਿੱਚੇ ਛੱਡ ਗਰਾਊਂਡ ਵੱਲ ਵਹੀਰਾਂ ਘੱਤ ਦਿੰਦੇ। ਇਸ ਟੀਮ ਬਾਰੇ ਲੋਕਾਂ ਵਿੱਚ ਕਈ ਕਿੱਸੇ ਪ੍ਰਚਲਿੱਤ ਹਨ। ਚਾਚਾ ਚੰਡੀਗੜੀਆ (ਗੁਰਨਾਮ ਸਿੰਘ ਤੀਰ) ਟੀਮ ਬਾਰੇ ਇੱਕ ਰੌਚਕ ਕਿੱਸਾ ਲਿਖਦਾ ਹੈ–

ਇੱਕ ਵਾਰ ਗਿਆਨੀ ਜ਼ੈਲ ਸਿੰਘ ਨੇ ਸਾਰੇ ਅਫ਼ਸਰਾਂ, ਖਿਡਾਰੀਆਂ ਤੇ ਵਰਕਰਾਂ ਦੀ ਇੱਕ ਉੱਚ ਪੱਧਰੀ ਮੀਟਿੰਗ ਕੀਤੀ, ਜਿਸ ਦਾ ਮਨੋਰਥ ਹਿੰਦੁਸਤਾਨ

ਦੀ ਹਾਕੀ ਨੂੰ ਨਵੇਂ ਸਿਰੇ ਪੁਰਾਣੀ ਮਹਾਨਤਾ ਵੱਲ ਲੈ ਜਾਣਾ ਸੀ। ਸਾਰੇ ਲੋਕ ਆਪੋ ਆਪਣੇ ਵਿਚਾਰ ਪੇਸ਼ ਕਰਦੇ ਗਏ। ਜਦੋਂ ਚਾਚਾ ਚੰਡੀਗੜ੍ਹੀਆ ਦੀ ਵਾਰੀ ਆਈ ਤਾਂ ਉਹਨਾਂ ਨੇ ਉੱਠ ਕੇ ਕਿਹਾ, "ਗਿਆਨੀ ਜੀ ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤੀ ਹਾਕੀ ਟੀਮ ਦੀ ਚੋਣ ਦਾ ਬੁਨਿਆਦੀ ਸਿਸਟਮ ਹੀ ਗਲਤ ਹੈ। ਤੁਸੀਂ ਇਸ ਦੀ ਚੋਣ ਇਸ ਤਰ੍ਹਾਂ ਕਰਦੇ ਹੋ ਜਿਵੇਂ ਭਾਰਤ ਦੀ ਪਾਰਲੀਮੈਂਟ ਦੇ ਮੈਬਰਾਂ ਦੀ ਕੀਤੀ ਜਾਂਦੀ ਹੈ। ਇੰਨੇ ਹਿੰਦੂ, ਇੰਨੇ ਬੰਗਾਲੀ, ਇੰਨੇ ਮੁਸਲਮਾਨ, ਇੰਨੇ ਪੰਜਾਬੀ, ਇੰਨੇ ਹਰੀਜਨ ਤੇ ਇਸ ਭਾਸ਼ਾ ਨੂੰ ਬੋਲਣ ਵਾਲੇ ਲੋਕ ਇਸ ਵਿੱਚ ਪਾਏ ਜਾਣ। ਇਹ ਤੁਸੀਂ ਕਦੇ ਵੇਖਿਆ ਹੀ ਨਹੀਂ ਕਿ ਇਨ੍ਹਾਂ ਵਿੱਚ ਹਾਕੀ ਖੇਡਣ ਵਾਲੇ ਕਿੰਨੇ ਹਨ। ਦਿਨੋ-ਦਿਨ ਹਾਕੀ ਦੀ ਦੁਰਦਸ਼ਾ ਕਿਉਂ ਹੋ ਰਹੀ ਹੈ? ਤੁਸੀਂ ਜੇ ਹਾਕੀ ਦੀ ਟੀਮ ਭੇਜੇ ਬਗੈਰ ਨਹੀਂ ਰਹਿ ਸਕਦੇ, ਤਾਂ ਕਿਰਪਾ ਕਰਕੇ ਭਾਰਤ ਦੀ ਹਾਕੀ ਟੀਮ ਭੇਜਣ ਦੀ ਥਾਂ ਨਾਮਧਾਰੀ ਹਾਕੀ ਟੀਮ ਭੇਜ ਦਿਓ। ਉਹ ਤੁਹਾਨੂੰ ਓਲੰਪਿਕ ਜਿੱਤ ਕੇ ਲਿਆ ਦੇਣਗੇ।"

ਗਿਆਨੀ ਜੀ ਹੱਸ ਪਏ, ਕਹਿਣ ਲੱਗੇ, "ਨਾਮਧਾਰੀ ਟੀਮ ਦੇ ਖਿਲਾੜੀ ਵਾਕਿਆ ਹੀ ਵਹਿੜਕਿਆਂ ਵਰਗੇ ਹਨ। ਇਹਨਾਂ ਦੇ ਕੋਈ ਵਾਹ ਲੱਗਦਿਆਂ ਨੇੜੇ ਨਹੀਂ ਲੱਗ ਸਕਦਾ। ਇੱਕ ਵਾਰ ਇਨ੍ਹਾਂ ਦੀ ਟੀਮ ਵਿੱਚੋਂ ਕੁਝ ਖਿਡਾਰੀ ਬਾਹਰ ਭੇਜਣ ਦਾ ਵਿਚਾਰ ਆਇਆ, ਪਰ ਕਛਹਿਰੇ ਤੇ ਆ ਕੇ ਗੱਲ ਅੜ ਗਈ। ਇਹ ਕਹਿਣ ਲੱਗੇ ਕਛਹਿਰਾ ਸਾਨੂੰ ਸਾਡੇ ਗੁਰੂ ਨੇ ਦਿੱਤਾ ਹੈ। ਇਹ ਅਸੀਂ ਲਾਹ ਨਹੀਂ ਸਕਦੇ। ਨਾ ਇਹਦੀ ਥਾਂ ਕੋਈ ਹੋਰ ਚੀਜ਼ ਪਹਿਨ ਸਕਦੇ ਹਾਂ। ਹਾਕੀ ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ, "ਤੁਸੀਂ ਕਛਹਿਰੇ ਨਾ ਲਾਹੋ ਪਰ ਇਹਦੇ ਉੱਤੇ ਨਿੱਕਰ ਪਾ ਲਓ। ਉਹਨਾਂ ਖਿਡਾਰੀਆਂ ਵਿੱਚੋਂ ਇੱਕ ਕਹਿਣ ਲੱਗਾ, ਜੇ ਇਹ ਗੱਲ ਹੈ ਤਾਂ ਇਸ ਤਰ੍ਹਾਂ ਕਰਦੇ ਹਾਂ ਨਿੱਕਰ ਹੇਠਾਂ ਪਾ ਲੈਂਦੇ ਹਾਂ। ਕਛਹਿਰੇ ਉੱਪਰ ਪਾ ਲੈਂਦੇ ਹਾਂ। ਦੋਵੇਂ ਜ਼ਿੰਮੇਵਾਰੀਆਂ ਪੂਰੀਆਂ ਹੋ ਜਾਣਗੀਆਂ।"

ਗੁਰੂ ਗੋਬਿੰਦ ਸਿੰਘ ਮਹਾਰਾਜ ਵਲੋਂ ਬਖਸ਼ੇ ਗਏ ਕਛਹਿਰੇ ਦੇ ਸਨਮਾਨ ਨੇ ਨਾਮਧਾਰੀ ਟੀਮ ਨੂੰ ਭਾਰਤ ਦੀ ਹਾਕੀ ਟੀਮ ਨਾਲ ਮਿਲਵਰਤਣ ਦੇਣ ਤੋਂ ਵਾਂਝਿਆਂ ਰੱਖਿਆ, ਵਰਨਾ ਭਾਰਤ ਦੀ ਹਾਕੀ ਟੀਮ ਦੁਨੀਆਂ ਵਿੱਚ ਮੁੜ ਖੁੱਸਿਆ ਵਕਾਰ ਬਣਾ ਸਕਦੀ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਸਿਖਾਂਦਰੂ ਹਾਕੀ ਬੱਚਿਆਂ ਨਾਲ ਸਨੇਹ

–ਗੁਰਚਰਨ ਸਿੰਘ ਧਾਲੀਵਾਲ

ਮੇਰਾ ਜਨਮ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਵਸਾਏ ਪਿੰਡ ਜੀਵਨ ਨਗਰ ਵਿੱਚ ਅਗਸਤ 1963 ਨੂੰ ਹੋਇਆ। ਮੇਰੇ ਪਿਤਾ ਜੀ ਸੰਤ ਮੱਘਰ ਸਿੰਘ ਜੀ ਪਿੰਡ ਸੈਦੋਕੇ ਜ਼ਿਲ੍ਹਾ ਮੋਗਾ ਰਹਿੰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਮੇਰਾ ਨਾਨਕਾ ਤੇ ਦਾਦਕਾ ਪਰਵਾਰ ਨਾਮਧਾਰੀ ਪੰਥ ਵਿੱਚ ਸ਼ਾਮਲ ਹੋ ਚੁੱਕਾ ਸੀ। ਸਤਿਗੁਰੂ ਜੀ ਦੇ ਨਾਲ ਜਲਾਵਤਨ ਹੋਣ ਵਾਲੇ ਦਸ ਪ੍ਰਮੁੱਖ ਸੂਬਿਆਂ ਵਿੱਚੋਂ ਇੱਕ ਸੂਬਾ ਮਾਨ ਸਿੰਘ ਜੀ ਮੇਰੇ ਵਡੇਰਿਆਂ ਦੇ ਸ਼ਰੀਕੇ ਭਾਈਚਾਰੇ ਵਿੱਚੋਂ ਸਨ। ਮੇਰੀ ਮਾਤਾ ਗੁਰਦੇਵ ਕੋਰ ਪਿੰਡ ਖੋਟੇ ਦੇ ਉਸ ਕੂਕਾ ਪਰਵਾਰ ਨਾਲ ਸੰਬੰਧਤ ਸੀ, ਜਿਸਦੇ ਪੁਰਖਿਆਂ ਨੇ ਸੂਬਾ ਸਮੁੰਦ ਸਿੰਘ ਦੀ ਅਗਵਾਈ ਹੇਠ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿੱਚ ਅਨੰਦ ਮਰਯਾਦਾ ਦਾ ਮੁੱਢ ਬੰਨ੍ਹਣ ਵਿੱਚ ਆਪਣੀ ਭੂਮਿਕਾ ਨਿਭਾਈ ਸੀ।

ਦੇਸ਼ ਦੀ ਵੰਡ ਬਾਅਦ ਜਦੋਂ ਇਲਾਕਾ ਜੀਵਨ ਨਗਰ ਵਿੱਚ ਟਿਕਾਣਾ ਬਣਿਆ ਤੇ ਮੇਰੇ ਪਿਤਾ ਜੀ ਵੀ ਏਥੇ ਆ ਗਏ ਸਨ। ਸਤਿਗੁਰੂ ਜੀ ਨੇ ਹੁਕਮ ਕਰਕੇ ਮਹਾਰਾਜ ਬੀਰ ਸਿੰਘ ਜੀ ਦੁਆਰਾ ਉਡਾਏ ਜਾਂਦੇ ਜ਼ਹਾਜ਼ ਵਿਚ ਪਿਤਾ ਜੀ ਨੂੰ ਸਵਾਰੀ ਕਰਨ ਦਾ ਮੌਕਾ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਉਹ ਗਊਆਂ ਦੀ ਸੇਵਾ ਕਰਦੇ ਰਹੇ। ਸਰਬ ਹਿੰਦ ਪਸ਼ੂ ਪ੍ਰਦਰਸ਼ਨੀ ਵਿੱਚ ਦੁੱਧ ਦੇਣ ਦੇ ਮੁਕਾਬਲੇ ਵਿੱਚ ਲਗਾਤਾਰ ਤਿੰਨ ਸਾਲ ਪਹਿਲਾ ਇਨਾਮ ਲੈਣ ਵਾਲੀ 'ਪੁਤਲੀ' ਨਾਮੀ ਗਊ ਨੂੰ ਉਹ ਹੀ ਸਾਂਭਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਨੂੰ ਬੇਅੰਤ ਖੁਸ਼ੀਆਂ ਨਾਲ ਨਿਵਾਜ਼ਿਆ ਕਰਦੇ ਸਨ। 'ਪੁਤਲੀ' ਦੀ ਸੇਵਾ ਤੋਂ ਖੁਸ਼ ਹੋ ਕੇ ਸਤਿਗੁਰੂ ਜੀ ਦੁਆਰਾ ਮਿਲਿਆ, ਦੇਸੀ ਘਿਓ ਦਾ ਪੀਪਾ ਆਪ ਛਕਣ ਦੀ ਥਾਂ ਉਹਨਾਂ ਗਊ ਨੂੰ ਹੀ ਖਵਾ ਦਿੱਤਾ।

ਇਸ ਤਰ੍ਹਾਂ ਸਮਾਂ ਬੀਤ ਰਿਹਾ ਸੀ। ਮੈਂ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਵਿੱਚ ਅੱਠਵੀਂ ਦਾ ਵਿਦਿਆਰਥੀ ਸਾਂ। ਇਹ ਉਹ ਸਮਾਂ ਸੀ ਜਦੋਂ ਸਤਿਗੁਰੂ ਜੀ ਛੋਟੀ ਉਮਰ ਦੇ ਨਾਮਧਾਰੀ ਬਚਿਆਂ ਨੂੰ ਹਾਕੀ ਵਾਲੇ ਪਾਸੇ ਲਾ ਕੇ ਵਧੀਆ ਖਿਡਾਰੀ ਬਣਾਉਣ ਦਾ ਮੁੱਢ ਬੰਨ੍ਹ ਰਹੇ ਸਨ। ਜਿਹੜੇ ਬੱਚੇ ਆਪ ਦੀ ਪਾਰਖੂ

ਨਜ਼ਰ ਵਿਚ ਆ ਜਾਂਦੇ, ਉਨ੍ਹਾਂ ਨੂੰ ਹਾਕੀ ਦੀ ਸਿਖਲਾਈ ਲਈ ਸ੍ਰੀ ਭੈਣੀ ਸਾਹਿਬ ਬੁਲਾ ਲਿਆ ਜਾਂਦਾ ਸੀ। ਇਸ ਤਰ੍ਹਾਂ ਮੇਰੇ ਸਮੇਤ ਇਸ ਇਲਾਕੇ ਦੇ ਕੋਈ 30 ਕੁ ਬੱਚੇ 1977-78 ਈ. ਵਿੱਚ ਸ੍ਰੀ ਭੈਣੀ ਸਾਹਿਬ ਪੁੱਜ ਗਏ। ਸਾਡੇ ਨਾਲ ਹੀ ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਵੀ ਸ੍ਰੀ ਭੈਣੀ ਸਾਹਿਬ ਆ ਗਏ। ਉਹਨਾਂ ਦੀ ਨਿਗਰਾਨੀ ਹੇਠ ਅਧਿਆਪਕਾਂ ਦੀ ਇੱਕ ਟੀਮ ਸਾਡੀ ਸਕੂਲੀ ਪੜ੍ਹਾਈ ਕਰਵਾਉਂਦੀ ਸੀ।

ਦਾਖਲਾ ਸਾਡਾ ਜੀਵਨ ਨਗਰ ਦੇ ਵਿਦਿਆਲੇ ਵਿੱਚ ਹੀ ਸੀ। ਅੱਠਵੀਂ ਅਤੇ ਦਸਵੀਂ ਦੇ ਬੋਰਡ ਇਮਤਿਹਾਨ ਹਰਿਆਣਾ ਬੋਰਡ ਵੱਲੋਂ ਹੀ ਦਵਾਏ ਜਾਂਦੇ ਸਨ। ਇਸੇ ਦੌਰਾਨ ਇੱਕ ਅਜੇਹੀ ਘਟਨਾ ਵਾਪਰੀ, ਜਿਸ ਦੇ ਪਰਛਾਵੇਂ ਅੱਜ ਵੀ ਸਾਡੇ ਮਨ ਮਸਤਕ 'ਤੇ ਡੂੰਘੇ ਉਕਰੇ ਹੋਏ ਹਨ। ਉਸ ਸਮੇਂ ਦੇ ਟੀਮ ਮੈਨੇਜਰ ਨੇ ਬਿਨਾਂ ਸੋਚ ਵਿਚਾਰ ਕੀਤਿਆਂ ਮੇਰੇ ਸਮੇਤ ਸਾਰੇ ਹਾਕੀ ਵਿਦਿਆਰਥੀਆਂ ਨੂੰ ਅਯੋਗ ਸਜ਼ਾ ਦਿੱਤੀ, ਜਿਸ ਨੂੰ ਵੇਖਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਹਿਰਦਾ ਦ੍ਰਵਿਤ ਹੋ ਉੱਠਿਆ। ਉਹਨਾਂ ਨਾ ਸਿਰਫ਼ ਸਾਨੂੰ ਪਿਆਰਿਆ-ਦੁਲਾਰਿਆ ਸਗੋਂ ਮੈਨੇਜਰ ਸਾਹਿਬ ਨੂੰ ਵੀ ਸੇਵਾ ਤੋਂ ਮੁਕਤ ਕਰ ਦਿੱਤਾ। ਸਾਨੂੰ ਸਾਰਿਆਂ ਨੂੰ ਉਸ ਦਿਨ ਸਤਿਗੁਰੂ ਜੀ ਦੇ ਵਾਤਸਲ ਸਰੂਪ ਅਤੇ ਬਿਰਦ ਪਾਲਕ ਹੋਣ ਦੇ ਦਰਸ਼ਨ ਹੋਏ।

ਏਸੇ ਦੌਰਾਨ ਪੰਜਾਬ ਦੇ ਨੌਜਵਾਨ ਵਿਦਿਆਰਥੀਆਂ ਵਿੱਚ ਇੱਕ ਗਰਮ ਸੋਚ ਵਾਲਾ 'ਸੁਰਖ ਰੇਖਾ' ਨਾਮ ਦਾ ਰਸਾਲਾ ਕਾਫ਼ੀ ਪੜ੍ਹਿਆ ਜਾਂਦਾ ਸੀ। ਕਿਸੇ ਤਰ੍ਹਾਂ ਇਹ ਪਰਚਾ ਮੇਰੇ ਕੋਲ ਵੀ ਆਉਣ ਲੱਗ ਪਿਆ। ਮੇਰੀ ਉਸ ਦੀਆਂ ਲਿਖਤਾਂ ਵਿੱਚ ਦਿਲਚਸਪੀ ਵਧਦੀ ਗਈ। ਮੈਂ ਉਸ ਵੇਲੇ ਦਸਵੀਂ ਦਾ ਵਿਦਿਆਰਥੀ ਸਾਂ। ਮੇਰੇ ਕਮਰੇ ਵਿੱਚ 'ਸੁਰਖ ਰੇਖਾ' ਦੇ ਪੁਰਾਣੇ ਅੰਕ ਵੀ ਪਏ ਰਹਿੰਦੇ। ਮੈਨੇਜਰ ਸਾਹਿਬ ਨੇ ਇਹ ਵੇਖ ਲਏ ਅਤੇ ਸ੍ਰੀ ਸਤਿਗੁਰੂ ਜੀ ਪਾਸ ਸ਼ਕਾਇਤ ਜਾ ਕੀਤੀ ਕਿ 'ਪੱਪੂ' (ਮੇਰਾ ਬਚਪਨ ਦਾ ਨਾਮ) ਕਾਮਰੇਡਾਂ ਦੀਆਂ ਕਿਤਾਬਾਂ ਪੜ੍ਹਦਾ ਹੈ। ਸ਼ਾਮ ਦੇ ਦੀਵਾਨ ਦੇ ਭੋਗ ਤੋਂ ਬਾਅਦ ਕੋਠੀ ਨੰ. 2 ਦੇ ਸਾਹਮਣੇ ਪਾਰਕ ਵਿੱਚ ਮੈਨੂੰ ਇਕੱਲੇ ਨੂੰ ਬੁਲਾ ਲਿਆ। ਮੈਂ ਮੱਥਾ ਟੇਕ ਕੇ ਪਾਸ ਬੈਠ ਗਿਆ। ਸ੍ਰੀ ਸਤਿਗੁਰੂ ਜੀ ਨੇ ਫਰਮਾਇਆ, "ਪੱਪੂ! ਤੇਰਾ ਪਿਤਾ ਮੱਘਰ ਸਿੰਘ ਕਿੰਨਾ ਸਾਧੂ ਹੈ, ਕਿਤਨੀ ਭਜਨ ਬੰਦਗੀ ਤੇ ਸੇਵਾ ਕਰਦਾ ਏ, ਤੂੰ ਉਸ ਦਾ ਪੁੱਤਰ ਹੋ ਕੇ ਕਾਮਰੇਡਾਂ ਦੀਆਂ ਕਿਤਾਬਾਂ ਪੜ੍ਹਦਾ ਏਂ?" ਇਸ ਦੇ ਨਾਲ ਹੀ ਪ੍ਰਸ਼ਨ ਸੂਚਕ

ਨਜ਼ਰਾਂ ਨਾਲ ਮੇਰੇ ਵੱਲ ਵੇਖਿਆ। ਮੈਂ ਕਿਹਾ, "ਪਾਤਸ਼ਾਹ ਜੀ, ਨਿਤਨੇਮ ਦੀਆਂ ਬਾਣੀਆਂ ਜਪੁਜੀ, ਜਾਪ ਸਾਹਿਬ, ਦੋਹਾਂ ਦੇ ਹਜ਼ਾਰੇ, ਆਸਾ ਦੀ ਵਾਰ, ਰਹਿਰਾਸ ਅਤੇ ਕੀਰਤਨ ਸੋਹਿਲਾ, ਇਹ ਮੈਨੂੰ ਕੰਠ ਹਨ ਤੇ ਰੋਜ਼ਾਨਾ ਪਾਠ ਵੀ ਕਰਦਾ ਹਾਂ। ਕਾਮਰੇਡਾਂ ਦੀਆਂ ਕਿਤਾਬਾਂ ਤਾਂ ਮੈਂ ਆਪਣੇ ਆਲੇ ਦੁਆਲੇ ਦਾ ਗਿਆਨ ਹਾਸਲ ਕਰਨ ਵਾਸਤੇ ਪੜ੍ਹਦਾ ਹਾਂ।" ਇਸ ਸਾਰੇ ਵਾਰਤਾਲਾਪ ਦੇ ਦੌਰਾਨ ਸ੍ਰੀ ਸਤਿਗੁਰੂ ਜੀ ਨੇ ਆਪਣਾ ਹਸਤ ਕਮਲ ਮੇਰੀ ਕੰਡ 'ਤੇ ਫੇਰਦੇ ਰਹੇ। ਮੇਰੇ ਵੱਲ ਮੁਸਕਰਾਹਟ ਬਿਖੇਰਦਿਆਂ ਤੱਕਿਆ ਅਤੇ ਫਰਮਾਇਆ, "ਮੈਂ ਤਾਂ ਕਹਿਨਾ, ਨਾ ਪੜ੍ਹਿਆ ਕਰ..............।" ਅਤੇ ਉਸੇ ਤਰ੍ਹਾਂ ਮੇਰੀ ਕੰਡ ਪਲੋਸਣੀ ਜਾਰੀ ਰੱਖੀ। ਮੈਨੂੰ ਉਹਨਾਂ ਦੇ ਪੋਟਿਆਂ ਦੀ ਛੋਹ ਤੋਂ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕਹਿ ਰਹੇ ਹੋਣ ਜੇ ਤੈਨੂੰ ਚੰਗਾ ਲੱਗਦਾ ਏ ਤਾਂ ਪੜ੍ਹ ਲਿਆ ਕਰ। ਇਸ ਘਟਨਾ ਵਿੱਚੋਂ ਵੀ ਮੈਨੂੰ ਸਤਿਗੁਰੂ ਜੀ ਦੀ ਉਸ ਸਰਬ ਕਲਾ ਸ਼ਖ਼ਸੀਅਤ ਦੇ ਦਰਸ਼ਨ ਹੁੰਦੇ ਹਨ, ਜੋ ਹਰ ਸਮੇਂ ਸਥਾਨ ਅਤੇ ਵਿਚਾਰ ਨਾਲ ਰਾਬਤਾ ਕਾਇਮ ਕਰ ਸਕਦੇ ਹਨ।

ਇਹ ਵੀ ਸ੍ਰੀ ਸਤਿਗੁਰੂ ਜੀ ਦਾ ਹਾਕੀ ਟੀਮ ਤੇ ਇੱਕ ਵੱਡਾ ਉਪਕਾਰ ਸੀ ਕਿ ਸ੍ਰੀ ਉਦੇ ਸਿੰਘ ਜੀ (ਵਰਤਮਾਨ ਸਤਿਗੁਰੂ ਜੀ) ਨੂੰ ਆਪ ਨੇ ਹਾਕੀ ਟੀਮ ਦੀ ਜੁੰਮੇਵਾਰੀ ਸੌਂਪ ਦਿੱਤੀ ਅਤੇ ਆਪ ਦੀ ਸੁਯੋਗ ਅਗਵਾਈ ਹੇਠ ਹਾਕੀ ਟੀਮ ਨੇ ਜਿਸ ਤਰ੍ਹਾਂ ਨਵੀਆਂ ਮੰਜ਼ਿਲਾਂ ਸਰ ਕੀਤੀਆਂ, ਉਹ ਇੱਕ ਲੰਮੀ ਗਾਥਾ ਹੈ, ਜਿਸ ਤੇ ਮੇਰੇ ਹੋਰ ਸਾਥੀਆਂ ਨੇ ਧਿਆਨ ਦਿਵਾਇਆ ਹੈ। ਸਤਿਗੁਰੂ ਜੀ ਅਪਣੀ ਵਿਕਾਸ ਮੁਖੀ ਦ੍ਰਿਸ਼ਟੀ ਵਾਸਤੇ ਹਮੇਸ਼ਾ ਯਾਦ ਕੀਤੇ ਜਾਣਗੇ।

ਬੀਤੇ ਦੀਆਂ ਪੈੜਾਂ ’ਚੋਂ ਨਾਮਧਾਰੀ ਹਾਕੀ ਟੀਮ ਬਾਰੇ

–ਪ੍ਰੀਤਮ ਸਿੰਘ ਕਵੀ

ਬੀਤੇ ਦੀਆਂ ਪੈੜਾਂ, ਕਵੀ ਪ੍ਰੀਤਮ ਸਿੰਘ ਹੋਰਾਂ ਵੱਲੋਂ 1976 ਤੋਂ 1992 ਤੱਕ ਡਾਇਰੀ ਰੂਪ ਵਿੱਚ ਲਿਖਿਆ ਹੋਇਆ ਪ੍ਰਮਾਣਿਕ ਇਤਿਹਾਸਕ ਦਸਤਾਵੇਜ਼ ਹੈ। ਕਵੀ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਕਾਲ ਨੂੰ ਲਿਖਣ ਦੇ ਨਾਲ–ਨਾਲ ਨਾਮਧਾਰੀ ਜੀਵਨ–ਜਾਚ, ਰਹਿਣ–ਸਹਿਣ ਆਦਿ ਨੂੰ ਬਾਖ਼ੂਬੀ ਚਿਤਰਿਆ ਹੈ। ਇਸ ਤੋਂ ਇਲਾਵਾ ਨਾਮਧਾਰੀ ਹਾਕੀ ਟੀਮ ਬਾਰੇ ਵੀ ਕਵੀ ਜੀ ਨੇ ਵਿਸ਼ੇਸ਼ ਤੌਰ ’ਤੇ ਰਿਪੋਰਟਾਂ ਛਾਪੀਆਂ ਹਨ। ਇਨ੍ਹਾਂ ਰਿਪੋਰਟਾਂ ਵਿੱਚ ਉਹਨਾਂ ਨੇ ਹਾਕੀ ਟੀਮ ਦੀ ਪਰੈਕਟਿਸ, ਜਿੱਤਾਂ, ਵਿਦੇਸ਼ ਦੌਰਿਆਂ, ਲੋਕ ਟਿੱਪਣੀਆਂ, ਅਖ਼ਬਾਰੀ ਖ਼ਬਰਾਂ ਅਤੇ ਹਾਕੀ ਕੋਚਾਂ ਦੇ ਸੰਖੇਪ ਜੀਵਨ ਸਕੈਚ ਆਦਿ ਕਾਫ਼ੀ ਕੁਝ ਉਲੀਕਿਆ ਹੈ। ਹੁਣ ਤੱਕ ਛਪ ਚੁੱਕੇ ‘ਬੀਤੇ ਦੀਆਂ ਪੈੜਾਂ’ ਦੇ 17 ਭਾਗਾਂ ਵਿੱਚੋਂ ਨਾਮਧਾਰੀ ਹਾਕੀ ਟੀਮ ਬਾਰੇ ਕੁਝ ਵਿਸ਼ੇਸ਼ ਘਟਨਾਵਾਂ, ਉਹਨਾਂ ਦੀਆਂ ਸਫ਼ਲਤਾਵਾਂ ਅਤੇ ਕਵੀ ਜੀ ਵੱਲੋਂ ਵੇਖੇ ਨਾਮਧਾਰੀ ਹਾਕੀ ਟੀਮ ਦੇ ਮੈਚਾਂ ਦੇ ਕੁਝ ਚੋਣਵੇਂ ਦ੍ਰਿਸ਼ਾਂ ਦਾ ਵਰਨਣ ਪੇਸ਼ ਹੈ।

–ਸੰਪਾਦਕ

5 ਨਵੰਬਰ 1977, ਨਵੀਂ ਦਿੱਲੀ

ਸ਼ਿਵਾ ਜੀ ਸਟੇਡੀਅਮ ਵਿੱਚ– ਅੱਜ ਇਸ ਹਰਿਆਣਾ ਜਮਾ ਨਾਮਧਾਰੀ ਹਾਕੀ ਟੀਮ ਦਾ ਮੁਕਾਬਲਾ ਬੰਗਲੌਰ ਦੀ ਟੀਮ ਨਾਲ ਸੀ। 25–30 ਨਾਮਧਾਰੀ ਖੇਡ–ਸ਼ੌਕੀਨ ਪਹੁੰਚੇ ਹੋਏ ਸਨ। ਨਾਮਧਾਰੀ ਬੱਚੇ ਵਧੀਆ ਖੇਡੇ, ਬੰਗਲੌਰ ਦੀ ਟੀਮ ਸਿਰ 8 ਗੋਲ ਕਰ ਦਿੱਤੇ। ਹਾਫ ਟਾਈਮ ਤੱਕ 5 ਗੋਲ ਕੀਤੇ ਜਾ ਚੁੱਕੇ ਸਨ। ਠਾਕਰ ਉਦੇ ਸਿੰਘ (ਮਹਾਰਾਜਾ ਬੀਰ ਸਿੰਘ ਜੀ ਦੇ ਛੋਟੇ ਸਪੁੱਤਰ) ਅੱਜ ਹੀ ਆਏ ਹਨ। ਇਹਨਾਂ ਦੀ ਸਰਦਾਰੀ ਹੇਠ ਹੀ ਇਹ ਟੀਮ ਤਿਆਰੀ ਕਰਦੀ ਰਹੀ ਸੀ ਕਿ ਅੱਜ ਕੱਲ੍ਹ ਸਤਿਗੁਰੂ ਜੀ ਨੇ ਇਸ ਟੀਮ ਦੇ ਕਪਤਾਨ ਠਾਕੁਰ ਉਦੈ ਸਿੰਘ ਨੂੰ ਖੁੱਲ੍ਹਾ ਖਰਚ ਕਰਨ ਦੇ ਅਧਿਕਾਰ ਦਿੱਤੇ ਹੋਏ ਹਨ ਅਤੇ ਠਾਕਰ ਜੀ ਵਿਸ਼ੇਸ਼ ਕੋਚਾਂ ਦੁਆਰਾ ਬੱਚਿਆਂ ਨੂੰ ਹਾਕੀ ਟਰੇਨਿੰਗ ਦਿਵਾ ਰਹੇ ਹਨ।

ਸ਼ਿਵਾ ਜੀ ਸਟੇਡੀਅਮ ਵਿਚ– ਸ. ਹੰਸਪਾਲ ਤੋਂ ਪਤਾ ਲੱਗਾ ਕਿ 12–11–77 ਨੂੰ ਸ਼ਿਵਾ ਜੀ ਸਟੇਡੀਅਮ ਵਿੱਚ... ਠਾਕੁਰ ਉਦੈ ਸਿੰਘ ਜੀ ਦੀ ਸਰਦਾਰੀ ਹੇਠ ਤਿਆਰ ਹੋਈ ਨਾਮਧਾਰੀ ਹਾਕੀ ਟੀਮ ਜੁ ਏਥੇ ਨਹਿਰੂ ਜੂਨੀਅਰ ਹਾਕੀ ਮੁਕਾਬਲਿਆਂ

ਵਿਚ ਭਾਗ ਲੈ ਰਹੀ ਹੈ, ਦੀ ਖੇਡ ਵੈਸਟ ਜਰਮਨ ਸਕੂਲ ਨਾਲ ਟਾਕਰੇ ਵਿਚ ਆਈ। ਜਰਮਨੀ ਦੇ ਮੁੰਡੇ ਲੰਮੇ ਲੰਮੇ ਤੇ ਭਰਵੇਂ ਜੁੱਸਿਆਂ ਵਾਲੇ ਸਨ। ਇਸ ਦਿਨ ਨਾਮਧਾਰੀ ਸੰਗਤਾਂ ਵੀ ਕਾਫ਼ੀ ਵੱਡੀ ਗਿਣਤੀ ਵਿਚ ਮੈਚ ਵੇਖਣ ਨੂੰ ਗਈਆਂ। ਸ੍ਰੀ ਸਤਿਗੁਰੂ ਜੀ ਵੀ ਆਪਣੇ ਜਵਾਨ ਬੱਚਿਆਂ ਦਾ ਕਰਤੱਵ ਤੱਕਣ ਸ਼ਿਵਾ ਜੀ ਸਟੇਡੀਅਮ ਪਧਾਰੇ। ਸ੍ਰੀ ਸਤਿਗੁਰੂ ਹਰੀ ਸਿੰਘ ਵਿਦਿਆਲਾ ਦੀ ਹਾਕੀ ਟੀਮ ਦੇ ਝੰਡੇ ਹੇਠ ਗਈ ਇਸ ਟੀਮ ਨੇ ਜਰਮਨਾਂ ਦੇ ਦੋ ਗੋਲਾਂ ਦੇ ਟਾਕਰੇ ਇਕੋ ਗੋਲ ਕਰਕੇ ਹਾਰ ਪਰਵਾਨ ਕਰ ਲਈ। ਪਰ ਨਾਮਧਾਰੀਆਂ ਨੂੰ ਰੋਹ ਸੀ ਕਿ ਐਮਪਾਇਰ ਨੇ ਇਕ ਗਲਤ ਮੌਕਾ ਜਰਮਨਾਂ ਨੂੰ ਦਿੱਤਾ, ਜੇ ਉਹ ਨਾ ਦਿੰਦਾ ਤਾਂ ਇਹਨਾਂ ਦੀ ਟੀਮ ਨੂੰ ਆਪਣੀ ਹਾਰ ਨੂੰ ਜਿੱਤ ਵਿਚ ਬਦਲਣ ਦਾ ਮੌਕਾ ਮਿਲ ਜਾਣਾ ਸੀ।

16 ਅਤੇ 17 ਨਵੰਬਰ 1977 ਬੁੱਧਵਾਰ ਅਤੇ ਵੀਰਵਾਰ, ਨਵੀਂ ਦਿੱਲੀ

ਸ਼ਿਵਾ ਜੀ ਸਟੇਡੀਅਮ– ਇਹਨੀਂ ਦਿਨੀਂ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੀ ਹਾਕੀ ਟੀਮ ਦਾ ਮੈਚ ਕੰਬਾਈਂਡ ਯੂਨੀਵਰਸਿਟੀਜ਼ ਨਾਲ ਸ਼ਿਵਾ ਜੀ ਸਟੇਡੀਅਮ ਨਵੀਂ ਦਿੱਲੀ ਵਿੱਚ ਸੀ। ਪਹਿਲੇ ਦਿਨ ਤਾਂ ਦੋਵੇਂ ਟੀਮਾਂ ਬਰਾਬਰ ਰਹੀਆਂ, ਸਾਢੇ ਸੱਤ ਮਿੰਟ ਵਾਧੂ ਵੀ ਹਾਰ ਜਿੱਤ ਲਈ ਮਿਲੇ ਪਰ ਕੋਈ ਕਿਸੇ ਨੂੰ ਜਿੱਤ ਨਾ ਸਕਿਆ। ਅਗਲੇ ਦਿਨ ਫਿਰ ਇੱਕ ਮੈਚ, ਪਹਿਲੇ ਵਾਲੀ ਜਗਹ 'ਤੇ ਪਹਿਲੇ ਵਾਲੇ ਵੇਲੇ ਹੀ ਹੋਇਆ, ਪਰ ਅੱਜ ਇੱਕ ਗੋਲ ਕਰਕੇ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੀ ਟੀਮ ਜੇਤੂ ਹੋ ਗਈ। ਕੱਲ੍ਹ ਤਾਂ ਬੀ. ਐਸ. ਐਫ. ਦੇ ਇੰਸਪੈਕਟਰ ਜਨਰਲ ਕੁਮਾਰ ਸਾਹਿਬ ਵੀ ਮੌਜੂਦ ਸਨ।... ਠਾਕਰ ਉਦੇ ਸਿੰਘ ਆਪਣੀ ਟੀਮ ਨੂੰ ਸ਼ਾਬਾਸ਼ ਤੇ ਲੋੜੀਂਦੀ ਦੇਖਭਾਲ ਦਿੰਦੇ ਰਹੇ। ਸ. ਹੰਸਪਾਲ, ਸ. ਤੀਰਥ ਸਿੰਘ ਚੰਡੀਗੜ, ਡਾ. ਅਮਰ ਭਾਰਤੀ, ਗੁਰਦੇਵ ਸਿੰਘ ਸਰੋਦ ਤੇ ਹੋਰ ਅਨੇਕਾਂ ਨਾਮਧਾਰੀ ਮੌਕੇ 'ਤੇ ਉਪਸਥਿਤ ਸਨ।

ਨਾਮਧਾਰੀ ਹਾਕੀ ਟੀਮ ਬਾਰੇ– 27 ਸਤੰਬਰ 1978 ਨੂੰ ਜਲੰਧਰ ਵਿਖੇ ਮੈਂ ਠਾਕੁਰ ਜੀ ਨੂੰ ਪੁੱਛਿਆ ਕਿ ਉਹਨਾਂ ਦੀ "ਅੰਡਰ ਸਿਕਸਟੀਨ ਟੀਮ" (ਸੋਲਾਂ ਸਾਲ ਤੋਂ ਘੱਟ ਉਮਰ ਦੇ ਖਿਡਾਰੀ) ਦੀਆਂ ਕੀ ਪ੍ਰਾਪਤੀਆਂ ਹਨ। ਉਨ੍ਹਾਂ ਦੱਸਿਆ- 17 ਸਾਲ ਤੋਂ ਘੱਟ ਆਯੂ ਦੇ ਬੱਚਿਆਂ ਲਈ ਹਰ ਸਾਲ ਸਰਬ ਹਿੰਦ ਪੱਧਰ 'ਤੇ ਜੂਨੀਅਰ ਨਹਿਰੂ ਹਾਕੀ ਮੁਕਾਬਲੇ ਕਰਵਾਏ ਜਾਂਦੇ ਹਨ। ਜਿਸ ਵਿਚ ਪਹਿਲਾਂ ਜ਼ਿਲਿਆਂ ਵਿਚੋਂ ਅਤੇ ਫਿਰ ਪ੍ਰਾਂਤਾਂ ਵਿਚੋਂ ਚੁਣੀਆਂ ਟੀਮਾਂ ਹਾਕੀ ਮੁਕਾਬਲੇ ਵਿਚ ਉਤਰਦੀਆਂ ਹਨ ।

"ਨਾਮਧਾਰੀ ਬੱਚਿਆਂ ਨੂੰ ਗੁਰਸਿਖੀ ਦੇ ਅਸੂਲਾਂ ਵਿਚ ਪਾਰੰਗਤ ਕਰਕੇ, ਦਸਤਾਰ ਬੰਨ੍ਹ ਅਤੇ ਕਛਹਿਰੇ (ਨਿੱਕਰਾਂ ਨਹੀਂ) ਪਹਿਨਾਕੇ, ਵਧੀਆ ਖਿਡਾ ਕੇ, ਚੰਗਾ ਨਾਮਣਾ ਪ੍ਰਾਪਤ ਕੀਤਾ ਹੈ। ਪੰ. ਨਹਿਰੂ ਚੈਂਪੀਅਨਸ਼ਿਪ ਪਹਿਲਾਂ ਤਾਂ ਛੇਤੀ-ਛੇਤੀ ਇਕ ਦੋ ਟੀਮਾਂ ਦੇ ਮੁਕਾਬਲੇ ਕਰਵਾਕੇ ਲੈ ਲਈ ਜਾਂਦੀ ਸੀ, ਇਸ ਵਾਰ ਜ਼ਿਲਿਆਂ ਵਿਚ

ਮੁਕਾਬਲੇ ਹੋ ਕੇ, ਨੈਸ਼ਨਲ ਮੁਕਾਬਲਿਆਂ ਵਿਚ ਭਾਗ ਲਿਆ ਜਾਵੇਗਾ। ਹਰਿਆਣੇ ਦੇ ਹਾਕੀ ਮੁਕਾਬਲੇ 'ਰਾਈ' ਵਿਚ ਮੋਤੀ ਲਾਲ ਨਹਿਰੂ ਸਕੂਲ ਦੇ ਵਧੀਆ ਸਟੇਡੀਅਮ ਵਿਚ ਹੋਣਗੇ ।

"ਸਾਡੀ ਟੀਮ ਦੇ ਸਰਸੇ ਵਿਚ 25-26 ਤਾਰੀਖ਼ ਨੂੰ ਮੁਕਾਬਲੇ ਹੋਏ। ਇਹ ਜ਼ਿਲਾ ਪੱਧਰ ਦੇ ਸਨ। ਅਸੀਂ ਪਹਿਲਾ ਮੈਚ ਆਰ. ਐਸ. ਡੀ. ਸਕੂਲ ਤੋਂ 4 ਗੋਲਾਂ ਨਾਲ ਜਿੱਤਿਆ ਹੈ। ਫਿਰ ਨਕੌੜੇ ਦੀ ਟੀਮ ਨੂੰ 3 ਗੋਲਾਂ ਨਾਲ ਹਰਾਇਆ ਹੈ। ਫਾਈਨਲ ਮੈਚ ਦੀ ਅਜੇ ਇਤਲਾਹ ਨਹੀਂ ਮਿਲੀ। ਉਮੀਦ ਹੈ, ਸਤਿਗੁਰਾਂ ਦੀ ਕਿਰਪਾ ਨਾਲ ਅਸੀਂ ਜ਼ਿਲ੍ਹੇ ਵਿਚ ਸਭ ਨੂੰ ਜਿੱਤ ਕੇ ਅੱਗੇ ਜਾਵਾਂਗੇ।"

ਫਿਰ ਮੈਂ ਨਾਮਧਾਰੀ ਹਾਕੀ ਟੀਮ ਦੇ ਖਿਡਾਰੀਆਂ ਅਤੇ ਬੱਚਿਆਂ ਦੇ ਨਾਂ ਪੁੱਛੇ। ਠਾਕੁਰ ਜੀ ਨੇ ਦੱਸਿਆ- ਸੱਚੇ ਪਾਤਸ਼ਾਹ ਜੀ ਨੇ ਕਰੀਬ ਡੇਢ ਸਾਲ ਪਹਿਲਾਂ 20-25 ਬੱਚਿਆਂ ਨੂੰ ਆਪਣੇ ਪਾਸ ਬੁਲਾਇਆ। ਪਹਿਲੀ ਕੋਚਿੰਗ ਸ. ਮੋਹਨਜੀਤ ਸਿੰਘ ਨੇ ਬੜੀ ਲਗਨ ਅਤੇ ਮਿਹਨਤ ਨਾਲ ਦਿੱਤੀ। ਅੱਜ ਤੱਕ ਇਹਨਾਂ ਬੱਚਿਆਂ ਨੇ ਚੰਗੀ ਸ਼ੁਹਰਤ ਖੱਟੀ ਹੈ। ਫਾਈਨਲ ਵਿਚ ਵੀ ਇਕ ਬੱਚਾ (ਸੰਤ ਹਜ਼ੂਰ ਸਿੰਘ ਸੰਤ ਨਗਰ ਦਾ) 12 ਸਾਲ ਦੀ ਉਮਰ ਦਾ ਖੇਡਿਆ ਹੈ ।

ਇਹ ਬੱਚੇ ਧਰਮ ਕਰਮ ਵਿਚ ਵੀ ਪੂਰੇ ਹਨ। ਰੋਜ਼ਾਨਾ ਅੰਮ੍ਰਿਤ ਵੇਲੇ ਉੱਠ ਸਕੇਸ਼ ਸ਼ਨਾਨ ਕਰਦੇ ਹਨ। ਭਜਨ-ਸਿਮਰਨ ਕਰਦੇ ਤੇ ਨਿਤਨੇਮ ਦੀਆਂ ਬਾਣੀਆਂ ਪੜ੍ਹਦੇ ਹਨ। ਹੁਣ ਸਤਿਗੁਰਾਂ ਦੀ ਆਗਿਆ ਅਨੁਸਾਰ ਆਸਾ ਦੀ ਵਾਰ ਕੰਠ ਕਰ ਰਹੇ ਹਨ। ਨਲਕੇ ਦਾ ਪਾਣੀ ਨਹੀਂ ਪੀਂਦੇ, ਖੂਹ ਦਾ ਜਲ ਵਰਤਦੇ ਹਨ। ਹਾਕੀ ਦਾ ਬਹੁਤ ਵਧੀਆ ਪ੍ਰਦਰਸ਼ਨ ਦਿੰਦੇ ਹਨ।

ਪਰ ਇਹਨਾਂ ਵਿਚ ਕੁਝ ਤਾਂ ਬਹੁਤੇ ਗ਼ਰੀਬ ਘਰਾਂ ਦੇ ਬੱਚੇ ਹਨ। ਖਿਡਾਰੀਆਂ ਵਿਚ ਬਹੁਤਾਤ ਸੰਤ ਨਗਰ (ਸਰਸਾ ਜ਼ਿਲਾ) ਦੇ ਲੜਕਿਆਂ ਦੀ ਹੈ। ਧਰਮਪੁਰਾ, ਜੀਵਨ ਨਗਰ ਦੇ ਵੀ ਕੁਛ ਬੱਚੇ ਹਨ। ਇਹਨਾਂ ਵਿਚੋਂ ਹੀ ਇਕ ਗੁਰਮੇਜ ਸਿੰਘ ਨਾਂ ਦੇ ਕਿਸ਼ੋਰ ਨੇ ਪੰਜਾਬ ਚੈਂਪੀਅਨਸ਼ਿਪ ਵਿਚ ਜਲੰਧਰ ਦੀ ਟੀਮ ਸਿਰ ਗੋਲ ਵੀ ਕੀਤਾ ਹੋਇਆ ਹੈ। ਸਤਿਗੁਰੂ ਜੀ ਵੱਲੋਂ ਖਿਡਾਰੀ ਬੱਚਿਆਂ ਨੂੰ ਦੁੱਧ, ਘਿਉ, ਖੁਰਾਕ, ਕਿਤਾਬਾਂ ਕੱਪੜੇ ਆਦਿ ਦਾ ਸਾਰਾ ਖਰਚਾ ਦਿਤਾ ਜਾਂਦਾ ਹੈ। ਜਿੱਥੇ ਵੀ ਬੱਚੇ ਜਾਂਦੇ ਹਨ, ਸਕੂਲ ਮਾਸਟਰ ਵੀ ਨਾਲ ਹੀ ਜਾਂਦੇ ਹਨ। ਪੜ੍ਹਾਈ ਜਾਰੀ ਰਹਿੰਦੀ ਹੈ। ਸਰਦੇ ਪੁਜਦੇ ਮਾਪੇ ਆਪਣੇ ਬੱਚਿਆਂ ਲਈ ਘਿਉ ਜਾਂ ਪੈਸੇ ਵਗੈਰਾ ਵੀ ਘੱਲਦੇ ਹਨ।

ਟੀਮ ਦੇ ਬੱਚਿਆਂ ਦੇ ਨਾਮ ਇਸ ਪਰਕਾਰ ਹਨ- ਗੁਰਦੀਪ ਸਿੰਘ ਧਰਮਪੁਰ, ਗੁਰਚਰਨ ਸਿੰਘ, ਸੁਖਵਿੰਦਰ ਸਿੰਘ, ਬੱਗਾ ਸਿੰਘ, ਜਸਵੰਤ ਸਿੰਘ, ਸੁਖਦੇਵ ਸਿੰਘ,

ਗੁਰਨਾਮ ਸਿੰਘ, ਸੁਖਵਿੰਦਰ ਸਿੰਘ ਜੂਨੀਅਰ, ਦਰਸ਼ਨ ਸਿੰਘ, ਹਰਵਿੰਦਰ ਸਿੰਘ, ਗੁਰਮੇਜ ਸਿੰਘ, ਬਲਵਿੰਦਰ ਸਿੰਘ, ਜਸਵਿੰਦਰ ਸਿੰਘ, ਗੁਰਚਰਨ ਸਿੰਘ ਗੋਲ੍ਹੀ, ਅਮਰੀਕ ਸਿੰਘ, ਦੇਵਿੰਦਰ ਸਿੰਘ ਸੈਣੀ, ਸਵਿੰਦਰ ਸਿੰਘ (ਪੋਤਰਾ ਸ: ਹੀਰਾ ਸਿੰਘ ਸਰਪੰਚ ਸੰਤ ਨਗਰ) ਸੇਵਾ ਸਿੰਘ, ਗੁਰਬਖ਼ਸ਼ ਸਿੰਘ ਸੈਣੀ, ਧਿਆਨ ਸਿੰਘ, ਬਲਦੇਵ ਸਿੰਘ, ਕੇਵਲ ਸਿੰਘ ਬੁਰਜ ਹਰੀ ਸਿੰਘ ਦਾ।

30 ਨਵੰਬਰ 1978, ਵੀਰਵਾਰ, ਨਵੀਂ ਦਿੱਲੀ

ਜੀਵਨ ਨਗਰ ਦੇ ਬੱਚੇ ਦਿੱਲੀ ਵਿਚ– ਮੈਨੂੰ ਅੱਜ ਇਕ ਸੰਦੇਸ਼ ਮਿਲਿਆ ਕਿ ਰਾਤ ਨੂੰ ਬੱਚਿਆਂ ਦਾ ਕਵੀ ਦਰਬਾਰ ਹੈ, ਮੈਂ ਉਸਦੀ ਸਕੱਤਰੀ ਕਰਾਂ। ਇਹ ਬੱਚੇ ਨਾਮਧਾਰੀ ਮਹਾਂ ਵਿਦਿਆਲਾ, ਜਿਸਦਾ ਨਾਮ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਹੈ, ਦੇ 16 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀ ਹਨ। ਇਹਨਾਂ ਨੂੰ ਹਾਕੀ ਵਾਸਤੇ ਟਰੇਂਡ ਕੀਤਾ ਜਾ ਰਿਹਾ ਹੈ। ਇਹ ਬੱਚੇ ਅਪਣੇ ਅਧਿਆਪਕਾਂ ਅਤੇ ਕੋਚ ਨਾਲ ਕੁਛ ਦਿਨਾਂ ਦੇ ਦਿੱਲੀ ਆਏ ਹੋਏ ਹਨ। ਏਥੇ ਸ਼ਿਵਾ ਜੀ ਸਟੇਡੀਅਮ ਵਿੱਚ ਹਾਕੀ ਮੁਕਾਬਲੇ ਵੇਖ ਰਹੇ ਹਨ।

ਸਾਰਾ ਦਿਨ ਬੱਚੇ ਪੜ੍ਹਦੇ ਹਨ, ਖੇਡ ਦੇ ਵਕਤ ਸਟੇਡੀਅਮ ਵਿਚ ਮੈਚ ਵੇਖਣ ਜਾਂਦੇ ਤੇ ਰਾਤ ਨੂੰ ਨਿਤਨੇਮ ਕਰਕੇ, ਹੱਲੇ ਦਾ ਦਿਵਾਨ ਸਜਾਂਦੇ ਹਨ, ਅੰਮ੍ਰਿਤ ਵੇਲੇ ਆਸਾ ਦੀ ਵਾਰ ਲਗਾਂਦੇ ਹਨ। ਮੈਨੂੰ ਦੱਸਿਆ ਗਿਆ ਕਿ ਇਹਨਾਂ ਦਾ ਡੇਰਾ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਵਿਖੇ ਹੈ ਅਤੇ ਨਾਮਧਾਰੀ ਕਾਲੋਨੀ ਦੇ ਪਰਿਵਾਰ ਇਹਨਾਂ ਨੂੰ ਦੋ ਵੇਲੇ ਪ੍ਰਸ਼ਾਦ ਛਕਾਂਦੇ ਹਨ।

ਬੱਚਿਆਂ ਦੇ ਅਧਿਆਪਕ– ਹੇਠ ਲਿਖੇ ਵਿਅਕਤੀ ਬੱਚਿਆਂ ਦੇ ਨਾਲ ਰਹਿੰਦੇ ਹੋਏ ਇਹਨਾਂ ਨੂੰ ਸਿਖਾ ਤੇ ਪੜ੍ਹਾ ਰਹੇ ਹਨ।

ਟੀਮ ਮੈਨੇਜਰ– ਸੰਤ ਹਰਬੰਸ ਸਿੰਘ ਫੌਜੀ, ਸੰਤ ਨਗਰ (ਸਰਸਾ)

ਕੋਚ– ਸ. ਮੇਜਰ ਸਿੰਘ (ਏਸ਼ੀਆ ਵਿਚ ਹਿੰਦੁਸਤਾਨੀ ਟੀਮ ਦਾ ਖਿਡਾਰੀ)

ਟੀਚਰ– ਸ. ਅਮਰਜੀਤ ਸਿੰਘ, ਸ. ਅਵਤਾਰ ਸਿੰਘ ਅਤੇ ਸ. ਸੁਖਵਿੰਦਰ ਸਿੰਘ

ਸਭ ਤਰ੍ਹਾਂ ਦੇ ਜ਼ਿੰਮੇਵਾਰ– ਮਾ. ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ।

ਇਹ ਹਾਕੀ ਟੀਮ ਹਰਿਆਣੇ ਵਿੱਚ ਸਿਰਸਾ ਜ਼ਿਲਾ ਜੇਤੂ ਹੈ। ਬਾਕੀ ਦੇ ਮੁਕਾਬਲੇ ਅਜੇ ਹੋਣੇ ਹਨ। ਠਾਕੁਰ ਉਦੈ ਸਿੰਘ ਜੀ ਅੱਜ ਦਿੱਲੀ ਪੁੱਜ ਗਏ ਹਨ, ਮੈਚ ਵੇਖਣ ਦੀ ਗਰਜ਼ ਨਾਲ।

ਹਾਕੀ ਟੀਮ ਵਿਚ– 7 ਦਸੰਬਰ 1978 ਨੂੰ ਦਿੱਲੀ ਵਿਖੇ ਹਾਲ ਵਿਚ ਗੁਰੂ ਹਰੀ ਸਿੰਘ ਵਿਦਿਆਲੇ ਦੀ ਖਿਡਾਰੀ ਟੀਮ ਮਾ. ਨਿਹਾਲ ਸਿੰਘ ਜੀ ਅਤੇ ਮੈਨੇਜਰ ਸੰਤ ਹਰਬੰਸ ਸਿੰਘ ਤੇ ਸ. ਮੇਜਰ ਸਿੰਘ ਕੋਚ ਨਾਲ ਬੈਠੀ ਹੋਈ ਸੀ। 22 ਵਿਦਿਆਰਥੀ ਸਨ। ਸਤਿਗੁਰੂ ਜੀ ਦੇ ਹਾਲ ਵਿਚ ਦਾਖ਼ਲ ਹੁੰਦਿਆਂ ਹੀ ਇਹਨਾਂ ਦੇ ਸੁਆਗਤੀ ਜੈਕਾਰੇ ਦੀ ਗੂੰਜ ਉੱਠੀ। ਸਤਿਗੁਰੂ ਜੀ ਇਕ ਵਿਛੇ ਹੋਏ ਸੋਫ਼ੇ 'ਤੇ ਬਿਰਾਜ ਗਏ। ਬੱਚਿਆਂ ਨੇ ਨਮਸਕਾਰ ਉਪਰੰਤ ਸਤਿਗੁਰੂ ਜੀ ਦੇ ਸਨਮੁਖ ਅੱਧ-ਚੱਕਰ ਬਣਾ ਲਿਆ, ਦੋਹਰੀ ਤੇਹਰੀ ਪਰਤ ਵਿਚ ਬੈਠ ਗਏ।

ਵਿਸ਼ਵ ਹਿੰਦੂ ਪਰਿਸ਼ਦ ਦਾ ਇਕ ਸਕੱਤਰ ਸ੍ਰੀ ਡੇਕ ਵਿਕਰ ਆਇਆ ਹੋਇਆ ਸੀ। ਸਤਿਗੁਰੂ ਜੀ ਨੇ ਉਸਨੂੰ ਨਾਮਧਾਰੀ ਹਾਕੀ ਟੀਮ ਦੇ ਬੱਚੇ ਵਖਾ ਕੇ ਆਖਿਆ- ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਭਾਰਤੀ ਸਭਿਅਤਾ ਦਾ ਇਹਨਾਂ ਰਾਹੀਂ ਵਖਾਲਾ ਕਰੀਏ। ਖਰਚਾ ਗੁਰੂ ਘਰੋਂ ਦਿੱਤਾ ਜਾਂਦਾ ਹੈ। ਬੱਚੇ ਅੰਡਰ ਸਿਕਸਟੀਨ (ਸੋਲਾਂ ਸਾਲ ਤੋਂ ਘੱਟ ਦੇ) ਮੈਚਾਂ ਵਿਚ ਸ਼ਾਮਲ ਹੁੰਦੇ ਹਨ ਅਤੇ ਦਿੱਲੀ ਵਿਚ ਨਹਿਰੂ ਹਾਕੀ ਮੁਕਾਬਲਿਆਂ ਦੀਆਂ ਖੇਡਾਂ ਵੇਖਣ ਆਏ ਹੋਏ ਹਨ। ਟੀਚਰ ਵੀ ਨਾਲ ਹੀ ਹਨ ਤਾਂ ਕਿ ਪੜ੍ਹਾਈ ਦਾ ਨੁਕਸਾਨ ਨਾ ਹੋ ਸਕੇ। ਕਿਸੇ ਅਖ਼ਬਾਰ ਨਵੀਸ ਨੂੰ, ਸਾਡੇ ਇਹ ਬੱਚੇ ਚੰਗੇ ਲੱਗੇ, ਉਸਨੇ ਫੋਟੋ ਛਾਪ ਦਿਤੀ, ਨਾਲ ਵੀ ਚੰਗਾ ਚੰਗਾ ਲਿਖਿਆ। (ਮਾਸਟਰ ਜੀ ਨੇ ਦੱਸਿਆ ਕਿ ਉਹ ਫੋਟੋ 29.11.78 ਦੇ ਟਾਈਮਜ਼ ਆਫ਼ ਇੰਡੀਆ ਵਿੱਚ ਛਪੀ ਸੀ।) ਸਤਿਗੁਰੂ ਜੀ ਨੇ ਹੋਰ ਦੱਸਿਆ- ਪੰਜਾਬੀ ਪੇਪਰਾਂ ਵੀ ਇਹ ਤਸਵੀਰ ਛਾਪੀ ਜਿਨ੍ਹਾਂ ਵਿਚੋਂ 'ਜਗਬਾਣੀ' ਵਿੱਚ ਤਾਂ ਮੈਂ ਵੀ ਵੇਖੀ ਹੈ ।

ਸੱਚੇ ਪਾਤਸ਼ਾਹ ਜੀ ਨੇ ਸ੍ਰੀ ਡੇਕ ਵੇਕਰ ਨੂੰ ਆਖਿਆ- ਇਹਨਾਂ ਵਿਚੋਂ ਕੁਛ ਬੱਚੇ ਐਸੇ ਹਨ ਜੁ ਆਲ ਇੰਡੀਆ ਲੈਵਲ ਉੱਤੇ ਆ ਗਏ ਹਨ, ਗੁਰਮੇਲ ਸਿੰਘ ਤੇ ਦਲਜੀਤ ਸਿੰਘ। ਇਹ ਜਲੰਧਰ ਦੇ ਸਪੋਰਟਸ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ ।

6 ਨਵੰਬਰ 1979, ਸ੍ਰੀ ਭੈਣੀ ਸਾਹਿਬ

ਜੇਤੂ ਹਾਕੀ ਟੀਮ– ਠਾਕਰ ਜੀ ਦੀ ਇਕ ਗੱਲ, ਹਾਕੀ ਟੀਮ ਬਾਰੇ ਮੇਰੇ ਨਾਲ ਕਰਨੋਂ ਰਹਿੰਦੀ ਸੀ। ਲਾਂਗਰੀ ਬਲਦੇਵ ਸਿੰਘ ਨੇ ਯਾਦ ਕਰਵਾਈ। ਠਾਕਰ ਜੀ ਦੱਸਣ ਲਗੇ- ਇਸ ਪਹਿਲੀ ਨਵੰਬਰ ਨੂੰ, ਹਰਿਆਣਾ ਸਕੂਲ ਗੇਮਜ਼ ਹੋਈਆਂ ਕਰਨਾਲ। ਇਨ੍ਹਾਂ ਵਿਚ ਹਰਿਆਣਾ ਚੈਂਪੀਅਨਸ਼ਿਪ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਨੂੰ ਮਿਲੀ। ਜੂਨੀਅਰ (19 ਸਾਲ ਤੋਂ ਘੱਟ ਉਮਰ ਦੇ ਖਿਡਾਰੀਆਂ ਦੀ) ਇੰਟਰ ਡਿਸਟ੍ਰਿਕਟ ਚੈਂਪੀਅਨਸ਼ਿਪ ਵੀ ਕਿਹਾ ਜਾਂਦਾ ਹੈ ਸਾਨੂੰ ਮਿਲੀ। ਇਸ ਹਾਕੀ ਟੀਮ ਵਿਚ ਮਾਲ ਵਾਲੇ ਮੱਘਰ ਸਿੰਘ ਦਾ ਮੁੰਡਾ ਗੁਰਚਰਨ ਸਿੰਘ ਪੱਪੂ ਜੁ ਹੱਟੀ ਵਾਲੇ ਜੈ ਸਿੰਘ ਦਾ

ਭਤੀਜਾ ਹੈ। (ਸਾਡੀ ਟੀਮ ਨੇ ਕੁਲ ਚਾਰ ਮੈਚ ਖੇਡੇ, ਜਿਸ ਵਿਚ 12 ਗੋਲ ਅਸਾਂ ਕੀਤੇ, ਇਕ ਗੋਲ ਸਾਡੇ ਵਿਰੁੱਧ ਹੋਇਆ।) ਇਨ੍ਹਾਂ 12 ਗੋਲਾਂ ਵਿਚੋਂ ਪੰਜ ਗੋਲ ਸਿੱਧੇ ਗੁਰਚਰਨ ਸਿੰਘ ਨੇ ਹੀ ਕੀਤੇ। ਛੇਵਾਂ ਪੈਨਲਟੀ ਕਾਰਨਰ ਵੀ ਗੁਰਚਰਨ ਵੱਲੋਂ ਹੋਇਆ। ਅੱਧੇ ਗੋਲ ਤਾਂ ਓਸੇ ਨੇ ਹੀ ਕੀਤੇ। ਇਸ ਟੀਮ ਦਾ ਕੈਪਟਨ ਧਿਆਨ ਸਿੰਘ ਸੂਬਾ ਧਰਮ ਸਿੰਘ ਜੀ ਮੁਕਤਾ ਦਾ ਲੜਕਾ ਹੈ।

ਸਤਿਗੁਰੂ ਜੀ ਨੇ ਆਖਿਆ- ਧਿਆਨ ਸਿੰਘ ਕੈਪਟਨ ਤੁਹਾਨੂੰ ਵਖਾਣਾ ਹੈ। ਜਦੋਂ ਕੈਪਟਨਾਂ ਨੂੰ ਗੇਮ ਵਾਸਤੇ ਲਾਇਆ ਗਿਆ ਤਾਂ ਇਹ ਉੱਠ ਕੇ ਗਿਆ। ਇਹ ਸਭ ਤੋਂ ਛੋਟਾ। ਉਮਰੋਂ ਵੀ ਅਤੇ ਕੱਦੋਂ ਵੀ। ਸਾਰੇ ਦਰਸ਼ਕ ਇਹਨੂੰ ਵੇਖ ਕੇ ਹੱਸ ਪਏ। ਕਹਿਣ- ਕੂਕਿਆਂ ਇਹ ਮਖੌਲ ਕੀਤਾ ਏ। ਖੇਡ ਵੇਖਣ ਤੋਂ ਇਹ ਪਤਾ ਲੱਗਾ ਕਿ ਇਹ ਕੇਵਲ ਛੋਟਾ ਈ ਨਹੀਂ, ਕੋਈ 'ਸ਼ੈ' ਵੀ ਹੈ। ਇਹ ਸਤਿਗੁਰਾਂ ਦੀ ਕਿਰਪਾ ਵਾਲੀ ਗੱਲ ਈ ਐ।

16 ਨਵੰਬਰ 1979, ਨਵੀਂ ਦਿੱਲੀ

ਸ਼ਿਵਾ ਜੀ ਸਟੇਡੀਅਮ ਵਿਚ- ਨਹਿਰੂ ਮੈਮੋਰੀਅਲ ਹਾਕੀ ਟੂਰਨਾਮੈਂਟ ਦੇਸ਼ ਦਾ ਇਕ ਪ੍ਰਮੁੱਖ ਟੂਰਨਾਮੈਂਟ ਹੈ, ਜਿਸ ਵਿਚ ਸਾਰੇ ਭਾਰਤ ਦੀਆਂ ਸਿਖਰ ਦੀਆਂ ਟੀਮਾਂ ਭਾਗ ਲੈਂਦੀਆਂ ਹਨ। ਦਿੱਲੀ ਦੇ ਦਰਮਿਆਨ ਬਣੇ ਸ਼ਿਵਾ ਜੀ ਸਟੇਡੀਅਮ ਵਿਚ ਹਾਕੀ ਚੈਂਪੀਅਨਸ਼ਿਪ ਲਈ ਮੈਚ ਹੁੰਦੇ ਹਨ। ਅੱਜ ਵੀ ਨਾਮਧਾਰੀ ਵਿਦਿਅਕ ਜਥਾ ਭੈਣੀ ਸਾਹਿਬ ਨਾਮ ਦੀ ਟੀਮ ਦਾ ਏਥੇ ਇੰਡੀਅਨ ਏਅਰ ਫੋਰਸ ਨਾਲ ਮੈਚ ਸੀ। ਬਹੁਤਿਆਂ ਦਾ ਖਿਆਲ ਸੀ ਕਿ ਨਾਮਧਾਰੀ ਹਾਕੀ ਟੀਮ ਮੂੰਹ ਦੀ ਖਾ ਕੇ ਆਏਗੀ, ਏਅਰ ਫੋਰਸ ਟੀਮ ਦਾ ਬੜਾ ਨਾਮ ਅਤੇ ਤਜ਼ਰਬਾ ਹੈ। ਨਾਮਧਾਰੀ ਹਾਕੀ ਟੀਮ ਬਾਰੇ ਇਹ ਵੀ ਕਿਹਾ ਜਾਂਦਾ ਸੀ ਕਿ ਇਹ ਵਣ ਵਣ ਦੀ ਲੱਕੜੀ ਹੈ।

ਮੈਂ ਅਤੇ ਜਗਦੀਸ਼ ਸਿੰਘ 'ਵਰਿਆਮ' ਘੰਟਾ ਭਰ ਪਹਿਲਾਂ ਹੀ ਟਿਕਟਾਂ ਲੈ ਕੇ ਸਟੇਡੀਅਮ ਵਿੱਚ ਪਹੁੰਚ ਗਏ। ਸਾਡੇ ਜਾਂਦਿਆਂ ਨੂੰ ਯੂਨੀਵਰਸਿਟੀ ਟੀਮ ਅਤੇ ਦਿੱਲੀ ਵਿਚਾਲੇ ਮੁਕਾਬਲਾ ਚੱਲ ਰਿਹਾ ਸੀ। ਯੂਨੀਵਰਸਿਟੀ ਨੇ ਮਿਲੇ ਹੋਏ ਸਮੇਂ ਵਿਚ ਦਿੱਲੀ ਨੂੰ ਸੱਤ ਗੋਲਾਂ 'ਤੇ ਹਰਾ ਦਿੱਤਾ।

2.30 ਵਜਦਿਆਂ ਨੂੰ ਚਿੱਟੇ ਰੁਮਾਲਾਂ ਨਾਲ ਢਕੇ ਜੂੜਿਆਂ ਵਾਲੇ ਗਿਆਰਾਂ ਜੁਆਨ ਖੇਡ ਦੇ ਮੈਦਾਨ ਵਿਚ ਆ ਗਏ। ਸੀਨੀਅਰ ਟੀਮਾਂ ਵਿਚ ਮੁਕਾਬਲੇ ਚੱਲ ਰਹੇ ਸਨ। ਭਾਵੇਂ ਵੱਡੇ ਸਾਰੇ ਸਟੇਡੀਅਮ ਵਿਚ ਬੜੇ ਥੋੜ੍ਹੇ ਲੋਕ ਹੀ ਦਰਸ਼ਕ ਸਨ, ਫਿਰ ਵੀ ਖੇਡਾਂ ਤਾਂ ਨੈਸ਼ਨਲ ਮੁਕਾਬਲੇ ਦੀਆਂ ਹੀ ਚੱਲ ਰਹੀਆਂ ਸਨ। ਨਾਮਧਾਰੀ ਹਾਕੀ ਟੀਮ

ਨਾਲ ਸਟੇਡੀਅਮ ਵਿਚ ਹੋਰ ਵੀ ਕਾਫ਼ੀ ਨਾਮਧਾਰੀ ਦਰਸ਼ਕ ਆ ਗਏ। ਖੇਡ ਦੇ ਅੰਤ ਤੱਕ 50 ਤੋਂ ਵੱਧ ਨਾਮਧਾਰੀ ਗਿਣੇ ਜਾ ਸਕਦੇ ਸਨ ।

ਨਾਮਧਾਰੀ ਟੀਮ ਨੇ ਨਿੱਤ ਵਰਤੋਂ ਦੇ ਕਪੜੇ ਲਾਹ ਚਿੱਟੀਆਂ ਬੁਨਾਇਣਾਂ ਪਾ ਲਈਆਂ। ਇਸ ਟੀਮ ਵਿਚ ਮਹਾਰਾਜ ਬੀਰ ਸਿੰਘ ਜੀ ਦੇ ਛੋਟੇ ਫ਼ਰਜ਼ੰਦ ਠਾਕੁਰ ਉਦੈ ਸਿੰਘ ਵੀ ਸਨ- ਬਾਦਾਮੀ ਰੰਗ ਦੀ ਬਾਰਡਰ ਵਾਲੀ ਖੇਡ ਬੁਨਾਇਣ, ਖ਼ਾਕੀ ਜੁਰਾਬਾਂ, ਚਿੱਟੇ ਬੂਟਾਂ ਨਾਲ। ਇਹਨਾਂ ਦੇ ਤੇੜ ਕਛਹਿਰਾ ਸੀ, ਜੋ ਪੱਟਾਂ ਤੱਕ ਕੱਸਵਾਂ... ਠਾਕਰ ਜੀ ਦਾ ਇੰਜ ਮੁਕਾਬਲੇ ਵਿਚ ਸਿੱਧਾ ਭਾਗ ਲੈਣ ਦਾ ਪਹਿਲਾ ਹੀ ਅਵਸਰ ਸੀ।

ਖੇਡ ਦੇ ਆਰੰਭ ਵਿਚ ਹੀ ਮਹਾਰਾਜ ਬੀਰ ਸਿੰਘ ਜੀ, ਠਾਕੁਰ ਸ਼ਮਸ਼ੇਰ ਸਿੰਘ ਜੀ ਇਹਨਾਂ ਦੀ ਪਤਨੀ ਤੇ ਪੁੱਤਰੀਆਂ, ਸੇਠ ਤਰਲੋਕ ਸਿੰਘ ਪਰਵਾਰ ਦੇ ਬੱਚੇ ਤੇ ਹੰਸਪਾਲ ਹਰਵਿੰਦਰ ਸਿੰਘ ਹੁਰੀਂ ਆ ਗਏ। ਰਮੇਸ਼ ਨਗਰ ਦੇ ਚੁਣਵੇਂ ਨਾਮਧਾਰੀ ਵੀ ਮੌਕੇ 'ਤੇ ਪਹੁੰਚ ਗਏ ।

ਦਰਸ਼ਕ ਤੀਬਰ ਉਤਸੁਕਤਾ ਨਾਲ ਵੇਖ ਰਹੇ ਸਨ। ਵੇਖਣ ਨੂੰ ਲੱਗਦਾ ਸੀ ਕਿ ਏਅਰ ਫੋਰਸ ਅੱਛੇ ਜ਼ਾਬਤੇ ਤੇ ਮਿਲ ਕੇ ਖੇਡਣ ਵਾਲੀ ਟੀਮ ਸੀ। ਸਿੰਘਾਂ ਦਾ ਇਹ ਟੋਲਾ ਕੁਛ ਕੱਦਾਵਰ ਤੇ ਜਵਾਨ-ਜਵਾਨ ਤਾਂ ਜਾਪਦਾ ਸੀ ਪਰ ਪਹਿਲੇ ਪੰਦਰਾਂ ਮਿੰਟਾਂ ਵਿਚ ਇਹੋ ਜਾਪਦਾ ਰਿਹਾ ਕਿ ਇਹ ਕਦੇ ਮਿਲ ਕੇ ਨਹੀਂ ਖੇਡੇ।

ਟੀਮ ਜਿੱਤ ਗਈ– ਮੇਰੇ ਪਾਸ ਬੈਠਾ ਜਗਦੀਸ਼ ਸਿੰਘ 'ਵਰਿਆਮ' ਇਸ ਖੇਡ ਦਾ ਚੰਗਾ ਵਾਕਫ਼ ਸੀ, ਬੱਕ ਅੱਪ! ਤਕੜੇ ਹੋਵੋ! ਸ਼ਾਬਾ ਜੁਆਨਾਂ ਦੇ! ਆਦਿ ਵੰਨ-ਸੁਵੰਨੇ ਹੁਲਸਾਊ ਸ਼ਬਦ ਚਲਾ-ਚਲਾ ਕੇ ਟੀਮ ਦੇ ਕੰਨਾਂ ਵਿਚ ਮਾਰਦਾ ਰਿਹਾ। ਰਮੇਸ਼ ਨਗਰੀਆਂ ਵੀ ਹੌਂਸਲਾ-ਬੁਲੰਦੀ ਵਿਚ ਭਾਗ ਲਿਆ। ਬੜਾ ਜੰਮ ਕੇ ਲੜਿਆਂ 4.15 ਤੇ ਨਾਮਧਾਰੀ ਨਾਂ ਦੀ ਟੀਮ ਨੇ ਇਕ ਗੋਲ ਕਰ ਦਿੱਤਾ, ਦੂਜਾ ਗੋਲ 4.30 ਤੇ ਫਿਰ ਕਰ ਦਿੱਤਾ ਅਤੇ ਤੀਜਾ ਗੋਲ ਤਾਂ ਤਿੰਨ ਮਿੰਟ ਬਾਅਦ ਹੀ ਏਅਰ ਫੋਰਸ ਸਿਰ ਚਾੜ੍ਹ ਦਿੱਤਾ। ਪਹਿਲੇ ਗੋਲ ਤੋਂ ਉਤਸ਼ਾਹ ਚਮਕ ਉਠਿਆ ਸੀ। ਜਗਦੀਸ਼ ਸਿੰਘ ਦੀ ਉਤਸਾਹ ਵਰਧਕ ਸ਼ਾਬਾਸ਼ੀ ਵੱਲ ਤਾਂ ਲੋਕ ਅੱਖਾਂ ਪਾੜ-ਪਾੜ ਵੇਖ-ਸੁਣ ਰਹੇ ਸਨ। ਠਾਕਰ ਉਦੇ ਸਿੰਘ ਰਾਈਟ ਹਾਫ ਬੈਕ ਖੇਡ ਰਹੇ ਸਨ ਤੇ ਇਹਨਾਂ ਦੀ ਪਿੱਠ ਪਿੱਛੇ 4 ਨੰਬਰ ਚਿਪਕਿਆ ਹੋਇਆ ਸੀ। ਖੇਡ ਤੋਂ ਪਹਿਲਾਂ ਵੀ ਤੇ ਪਿਛੋਂ ਵੀ ਠਾਕਰ ਜੀ ਆਪਣੇ ਸਾਥੀਆਂ ਨਾਲ ਖੂਬ ਘੁਲੇ-ਮਿਲੇ ਰਹੇ।... ਜੋ ਬੱਚੇ ਅੱਜ ਕੱਲ੍ਹ ਜੂਨੀਅਰ ਵਿਚ ਖੇਡ ਰਹੇ ਹਨ ਇਹ ਉਹਨਾਂ ਲਈ ਕੇਵਲ ਮੰਚ ਪ੍ਰਦਾਨ ਕਰਨ ਵਾਲੇ ਸਨ। ਇੰਜ ਜਿੱਤ ਹੋ ਜਾਣ ਨਾਲ ਨਾਮਧਾਰੀ ਖਾਸੇ ਹੁਲਸਾਏ ਹੋਏ ਘਰੀਂ ਪਹੁੰਚੇ ।

17 ਨਵੰਬਰ 1979, ਸ਼ਨੀਵਾਰ, ਨਵੀਂ ਦਿੱਲੀ

ਮਿੰਨੀ ਨੈਸ਼ਨਲ ਦੇ ਜੇਤੂ– ਮੈਂ ਅਤੇ ਵਰਿਆਮ ਹੰਸਪਾਲ ਨਾਲ ਕਾਰ 'ਤੇ ਜਾ ਰਹੇ ਸੀ ਕਿ ਸਾਨੂੰ ਸੰਤ ਮਹਿੰਦਰ ਸਿੰਘ ਜਲੰਧਰ ਵਾਲਾ ਮਿਲਿਆ। ਉਸ ਦੱਸਿਆ– ਨਾਮਧਾਰੀ ਬੱਚਾ–ਹਾਕੀ ਪਲੇਅਰਾਂ ਦਾ ਇਕ ਜਥਾ ਜਲੰਧਰ ਗਿਆ ਹੋਇਆ ਹੈ। ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਦੀ ਇਸ ਟੀਮ ਨੇ ਜੋ ਕਿ ਹਰਿਆਣਾ ਪ੍ਰਾਂਤ ਦੀ ਪ੍ਰਤੀਨਿਧਤਾ ਕਰਦੀ ਹੈ 15 ਅਤੇ 16 ਨਵੰਬਰ ਨੂੰ ਚੰਡੀਗੜ੍ਹ ਅਤੇ ਪੰਜਾਬ ਦੀਆਂ ਟੀਮਾਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ। ਕੱਲ੍ਹ ਮਾਰਚ ਪਾਸਟ ਸਮੇਂ, ਭਾਵੇਂ ਨਾਮਧਾਰੀ ਟੀਮ ਨੂੰ ਤੁਰਨ ਵਾਸਤੇ ਦੂਜਾ ਨੰਬਰ ਹੀ ਮਿਲਿਆ ਪਰ ਸਾਰੇ ਨਾਮਧਾਰੀ ਬੱਚਿਆਂ ਦੇ ਸਫੈਦ ਬਸਤਰ, ਤੇੜ ਕਛਹਿਰੇ ਅਤੇ ਸਿੱਧੀਆਂ ਦਸਤਾਰਾਂ ਦਾ ਏਨਾ ਪ੍ਰਭਾਵ ਪਿਆ ਕਿ ਜਦੋਂ ਦਰਸ਼ਕਾਂ ਸਾਹਵੇਂ ਇਹ ਟੀਮ ਆਈ 10 ਮਿੰਟ ਤੱਕ ਤਾਲੀਆਂ ਨਾਲ ਇਸ ਦਾ ਸੁਆਗਤ ਕੀਤਾ ਗਿਆ।

18 ਨਵੰਬਰ 1979, ਐਤਵਾਰ, ਨਵੀਂ ਦਿੱਲੀ

ਅਖ਼ਬਾਰਾਂ ਵਿਚ– ਅੱਜ ਦੀਆਂ ਦਿੱਲੀ ਦੀਆਂ ਤਮਾਮ ਅਖ਼ਬਾਰਾਂ ਨੇ ਨਾਮਧਾਰੀ ਹਾਕੀ ਟੀਮ ਦੀ ਜਿੱਤ ਦੀਆਂ ਮੋਟੀਆਂ ਸੁਰਖੀਆਂ ਤੇ ਖ਼ਬਰਾਂ ਲਾਈਆਂ। 'ਨਵਭਾਰਤ' ਦਿੱਲੀ ਨੇ 8ਵੇਂ ਪੇਜ ਤੇ ਸੁਰਖੀ ਜਮਾਈ–

ਨਹਿਰੂ ਹਾਕੀ– ਕਸਟਮ ਵ ਨਾਮਧਾਰੀ ਵਿਦਿਆਲੇ ਕੀ ਟੀਮੇ ਤੀਸਰੇ ਚਕ੍ਰ ਮੇਂ

ਤੀਜੇ ਪੈਰ੍ਹੇ ਵਿਚ ਲਿਖਿਆ– ਪਹਿਲੇ ਦੌਰ ਮੇਂ ਭਾਰਤੀਅ ਵਾਯੂ ਸੇਨਾ ਪਰ ਸਨਸਨੀਖ਼ੇਜ਼ ਵਿਜੈ ਪ੍ਰਾਪਤ ਕਰਨੇ ਕੇ ਬਾਦ ਨਾਮਧਾਰੀ ਵਿੱਦਿਅਕ ਜਥਾ ਭੈਣੀ ਸਾਹਿਬ ਨੇ ਆਜ ਲਖਨਊ ਇਕਾਦਸ਼ ਪਰ 1–0 ਸੇ ਵਿਜੈ ਪਾ ਕਰ ਤੀਸਰੇ ਚਕ੍ਰ ਮੇਂ ਪ੍ਰਵੇਸ਼ ਕੀਆ। ਤੀਸਰੇ ਚਕ੍ਰ ਮੇਂ ਨਾਮਧਾਰੀ ਵਿਦਿਆਲੇ ਟੀਮ ਕਾ ਮੁਕਾਬਲਾ ਕਲਕੱਤਾ ਕਸਟਮ ਸੇ ਹੋਗਾ।

ਨਾਮਧਾਰੀ ਵਿਦਿਆਲੇ ਕਾ ਖੇਲ ਪਰ ਪੂਰਨ ਦਬਦਬਾ ਰਹਾ। ਮਧਿਅਵਕਾਸ਼ ਤਕ ਗੋਲ ਪਾਨੇ ਮੇਂ ਅਸਫਲ ਰਹਨੇ ਕੇ ਬਾਦ ਰਾਈਟ ਆਊਟ ਅਮਰੀਕ ਸਿੰਘ (ਨਾਮਧਾਰੀ ਜਥਾ) ਨੇ ਦਾਈਂ ਓਰ ਸੇ ਕ੍ਰਾਸ ਦੀਆ। ਕ੍ਰਾਸ ਪਰ ਆਈ ਗੇਂਦ ਕੋ ਲਖਨਊ ਟੀਮ ਕੇ ਰਾਈਟ ਬੈਕ ਅਜੀਤ ਨੇ ਰੋਕਨਾ ਚਾਹਾ ਕਿੰਤੂ ਗੇਂਦ ਉਸ ਕੀ ਸਟਿੱਕ ਕੋ ਲਗਤੀ ਹੂਈ ਅਪਨੇ ਹੀ ਗੋਲ ਮੇਂ ਜਾ ਘੁਸੀ। ਇਸ ਗੋਲ ਕੀ ਬਢਤ ਕੋ ਨਾਮਧਾਰੀ ਵਿਦਿਆਲੇ ਟੀਮ ਅੰਤ ਤਕ ਬਨਾਏ ਰਖਨੇ ਮੇਂ ਸਫਲ ਰਹੀ।

ਸਰਬ ਜੇਤੂ– ਮੈਂ ਅਜੇ ਪੁਰਾਣੇ ਕਾਗਜ਼ਾਂ ਦੀ ਢੂੰਡ ਭਾਲ ਕਰ ਰਿਹਾ ਸਾਂ ਕਿ ਸ਼੍ਰੀ ਜਗਦੀਸ਼ ਸਿੰਘ ਆਫ਼ 'ਵਰਿਆਮ' 1.30 ਵਜੇ ਘਰ ਆ ਗਿਆ। ਉਸ ਨੇ

ਆਉਂਦੇ ਹੀ ਇਹ ਖ਼ੁਸ਼-ਖ਼ਬਰੀ ਸੁਣਾਈ ਕਿ ਜਲੰਧਰ ਵਿਚ ਮਿੰਨੀ ਨੈਸ਼ਨਲ ਸਪੋਰਟਸ ਵਿਚ ਭਾਗ ਲੈਣ ਲਈ ਜੋ ਸਾਡੀ, ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਦੀ ਟੀਮ, ਹਰਿਆਣਾ ਦੀ ਪ੍ਰਤੀਨਿਧਤਾ ਕਰਨ ਗਈ ਸੀ, ਉਹ ਨੈਸ਼ਨਲ ਚੈਂਪੀਅਨ ਹੋ ਗਈ ਹੈ। ਉਸ ਨੇ ਬਿਨਾਂ ਕਿਸੇ ਤੋਂ ਗੋਲ ਕਰਵਾਣ ਦੇ ਆਪ 32 ਗੋਲਾਂ ਨਾਲ ਆਂਧਰਾ, ਚੰਡੀਗੜ, ਪੰਜਾਬ, ਤਾਮਿਲਨਾਡੂ ਨੂੰ ਹਾਕੀ ਵਿਚ ਹਰਾਇਆ ਹੈ। ਇੰਜ ਉਹ ਨੈਸ਼ਨਲ ਚੈਂਪੀਅਨ ਬਣ ਗਈ ਹੈ। ਵੇਰਵਾ ਇਸ ਤਰ੍ਹਾਂ ਦੱਸਿਆ ਗਿਆ- ਆਂਧਰਾ ਪ੍ਰਦੇਸ਼ ਨੂੰ 22 ਗੋਲ, ਚੰਡੀਗੜ੍ਹ ਨੂੰ 8, ਪੰਜਾਬ ਨੂੰ 1 ਅਤੇ ਤਾਮਲਨਾਡੂ ਨੂੰ 5 ਗੋਲ ਕੀਤੇ। ਅਜਿਹੀ ਜਿੱਤ ਕਦੇ ਕਿਸੇ ਨੂੰ ਨਸੀਬ ਨਹੀਂ ਹੋਈ।... ਅੱਜ ਉਹ ਤੇ ਸਾਰਾ ਨਾਮਧਾਰੀ ਸਮਾਜ ਬੜਾ ਪ੍ਰਸੰਨ ਹੋਵੇਗਾ ਕਿਉਂਕਿ ਕੱਲ ਦੀਆਂ ਜਿਤਾਂ ਦੋਹਾਂ ਨਾਮਧਾਰੀ ਟੀਮਾਂ ਨੂੰ ਹੋਈਆਂ।

ਟਾਈਮਜ਼ ਆਫ਼ ਇੰਡੀਆ ਨੇ 12ਵੇਂ ਪੇਜ ਤੇ ਹਰਿਆਣਾ ਸਕੂਲਜ਼ ਡਿਸਟਿੰਕਸ਼ਨ ਦੇ ਸਿਰ ਲੇਖ ਨਾਲ ਜਲੰਧਰੋਂ ਕੱਲ੍ਹ ਦੀ ਖ਼ਬਰ ਦਿੱਤੀ ਹੈ। ਵਧੀਆ ਗੱਲ ਇਹ ਹੈ ਕਿ ਇਹ ਸਾਰੇ ਖਿਡਾਰੀ ਲੜਕੇ ਨਾਮਧਾਰੀ ਪੁਣੇ ਵਿਚ ਪੂਰੇ ਹਨ।

19 ਨਵੰਬਰ 1979, ਸੋਮਵਾਰ, ਨਵੀਂ ਦਿੱਲੀ

ਠਾਕੁਰ ਉਦੈ ਸਿੰਘ ਜੀ- ਮੈਂ 1.30 ਵਜੇ ਤਕ ਕੋਠੀ ਪੂਸਾ ਰੋਡ ਪਹੁੰਚ ਗਿਆ। ਠਾਕੁਰ ਉਦੈ ਸਿੰਘ ਖਿਡਾਰੀਆਂ ਵਾਲੀ ਪੁਸ਼ਾਕ ਪਾਈ ਬਾਹਰ ਜਾਣ ਨੂੰ ਤਿਆਰ ਸਨ। ਮੈਂ ਉਹਨਾਂ ਨੂੰ ਮੁਬਾਰਕਬਾਦ ਦਿੱਤੀ ਕਿ ਦੋਵੇਂ ਨਾਮਧਾਰੀ ਟੀਮਾਂ ਜੇਤੂ ਰਹੀਆਂ ਹਨ ਅਤੇ ਉਹਨਾਂ ਦੇ ਜਲੰਧਰ ਵਿਚ ਖੇਡੇ ਨਾਮਧਾਰੀ ਬੱਚਿਆਂ ਦੀ ਟੀਮ ਬਾਰੇ ਜਾਣਨਾ ਚਾਹਿਆ। ਉਹ ਆਪਣੇ ਖਿਡਾਰੀਆਂ ਨੂੰ ਰਮੇਸ਼ ਨਗਰ ਧਰਮਸਾਲਾ ਵਿਚੋਂ ਲਿਆਉਣ ਜਾ ਰਹੇ ਸਨ। ਮੈਨੂੰ ਵੀ ਉਨ੍ਹਾਂ ਨਾਲ ਲੈ ਲਿਆ। (ਉਹਨਾਂ) ਜਲੰਧਰ ਵਿਚ ਮਿੰਨੀ ਨੈਸ਼ਨਲ ਚੈਂਪੀਅਨ ਬਣੀ ਟੀਮ ਦੇ ਨਾਮਧਾਰੀ ਬੱਚਿਆਂ ਬਾਰੇ ਆਖਿਆ- ਉਹਨਾਂ ਮੁੰਡਿਆਂ ਦੀ ਬੜੀ ਪ੍ਰੈਕਟਿਸ ਹੈ। ਏਸ ਉਮਰ ਵਿਚ ਇਹਨਾਂ ਵਰਗਾ ਕੋਈ ਵੀ ਨਹੀਂ ਖੇਡਦਾ ਸਾਰੇ ਭਾਰਤ ਵਿਚ। ਠਾਕਰ ਜੀ ਦੱਸਿਆ- ਹੁਣ ਤੱਕ ਨਾਮਧਾਰੀਆਂ ਵਿਚ ਖੇਡਾਂ ਬਾਰੇ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਇਹ ਕਾਲਜਾਂ ਵਿਚ ਹੀ ਬਹੁਤ ਘੱਟ ਜਾਂਦੇ ਹਨ। ਜੋ ਇਕਾ ਦੁਕਾ ਖੇਡਦੇ ਹਨ ਉਹ ਨਾਮਧਾਰੀਆਂ ਵਰਗੇ ਨਹੀਂ ਰਹਿ ਜਾਂਦੇ, ਦੂਜੇ ਵਾਤਾਵਰਣ ਤੋਂ ਪ੍ਰਭਾਵਤ ਹੋ ਜਾਂਦੇ ਹਨ। ਨਾਗੀ ਦਾ ਲੜਕਾ ਜੁ ਬਟਾਲੇ ਰਹਿੰਦਾ ਹੈ, ਜਿਸ ਨੂੰ 'ਗੁਲੂ ਗੁਲੂ' ਕਰਕੇ ਕਹਿੰਦੇ ਹਨ, ਵੀ ਨਾਮਧਾਰੀਆਂ ਦਾ ਲੜਕਾ ਹੈ। ਪੰਜਾਬ ਵਿੱਚ ਬਹੁਤ ਵਧੀਆ ਵਾਲੀਬਾਲ ਖੇਡਿਆ ਹੈ। ਪੰਜਾਬ ਦੀ ਟੀਮ ਵਿਚ ਖੇਡਣਾ ਸਮਝੋ ਭਾਰਤ ਅਰਥਾਤ ਨੈਸ਼ਨਲ ਟੀਮ ਵਿਚ ਹੀ ਖੇਡਣਾ ਹੈ। ਕਿਉਂਕਿ ਨੈਸ਼ਨਲ ਵਿਚ 5-7 ਮੁੰਡੇ ਪੰਜਾਬ ਦੇ ਹੀ ਹੁੰਦੇ ਹਨ। ਸੱਚੇ ਪਾਤਸ਼ਾਹ ਕਿਰਪਾ ਕੀਤੀ ਹੈ, ਐਤਕਾਂ ਦੀਵਾਲੀ ਅੰਮ੍ਰਿਤਸਰ ਤੇ ਉਸ ਦੀ ਪੱਗ ਸਿੱਧੀ ਕਰਵਾਈ ਹੈ।

ਮੈਂ ਠਾਕਰ ਜੀ ਤੋਂ ਪੁੱਛਿਆ- ਅੱਜ ਸਾਡੀ ਟੀਮ ਦਾ ਕਲਕੱਤਾ ਕਸਟਮ ਨਾਲ ਮੈਚ ਹੈ। ਸੰਭਾਵਨਾਵਾਂ? ਠਾਕਰ ਜੀ ਬੋਲੇ- ਸੰਭਾਵਨਾਵਾਂ ਠੀਕ ਹਨ। ਸਤਿਗੁਰਾਂ ਦੀ ਕਿਰਪਾ ਹੋਈ ਤਾਂ ਜਿੱਤਾਂਗੇ।

ਗੱਲ ਜਗਦੀਸ਼ ਦੀ- ਮੈਂ, ਜਗਦੀਸ਼ ਸਿੰਘ ਅਤੇ ਸ. ਭੁਪਿੰਦਰ ਸਿੰਘ ਭੁਰਜੀ ਜਦੋਂ ਸ਼ਿਵਾ ਜੀ ਸਟੇਡੀਅਮ ਵਿੱਚ ਨਾਮਧਾਰੀ ਵਿਦਿਅਕ ਜਥਾ ਭੈਣੀ ਸਾਹਿਬ ਦੀ ਟੀਮ ਦਾ ਕਲਕੱਤਾ ਕਸਟਮ ਨਾਲ ਮੈਚ ਵੇਖਣ ਚੱਲੇ ਤਾਂ ਜਗਦੀਸ਼ ਸਿੰਘ 'ਵਰਿਆਮ' ਨੇ ਮੈਨੂੰ ਦੱਸਿਆ ਕਿ ਉਸ ਨੇ ਅੱਜ ਸਵੇਰੇ ਆਪਣੇ ਪ੍ਰੈਸ, ਨਾਮਧਾਰੀ ਪ੍ਰਿੰਟਰਜ਼ ਜਲੰਧਰ ਦੇ ਇਨਚਾਰਜ ਸ੍ਰੀ ਗੋਸਾਈਂ ਨੂੰ ਫੋਨ ਕਰਕੇ ਪੱਕੀ ਕੀਤੀ ਹੈ ਕਿ ਨੈਸ਼ਨਲ ਚੈਂਪੀਅਨ ਨਾਮਧਾਰੀ ਟੀਮ ਬਾਰੇ ਜੋ ਕੁੱਝ ਵੀ ਛਪਵਾਣ ਲਈ ਮਿਲੇ ਅਜੀਤ, ਜਗਬਾਣੀ, ਨਵਾਂ ਜ਼ਮਾਨਾ, ਅਕਾਲੀ, ਪ੍ਰਤਾਪ ਆਦਿ ਅਖ਼ਬਾਰਾਂ ਵਿੱਚ ਕਿਸ-ਕਿਸ ਨੂੰ ਮਿਲ ਕੇ ਕੰਮ ਕਰਵਾਏ।

ਸ਼ਿਵਾ ਜੀ ਸਟੇਡੀਅਮ ਵਿਚ- 3.30 ਤੋਂ 3-4 ਮਿੰਟ ਹੀ ਪਹਿਲਾਂ ਅਸਾਂ ਸਟੇਡੀਅਮ ਵਿਚ ਪਹੁੰਚ ਕੀਤੀ। ਫੋਟੋਗ੍ਰਾਫਰ ਦੋਹਾਂ ਟੀਮਾਂ ਦੀ ਮਿਲਵੀਂ ਫੋਟੋ ਲੈ ਹਟਿਆ ਤਾਂ ਮੈਂ ਵੀ ਜਾ 'ਪਲੀਜ਼ ਇੱਕ ਮਿੰਟ' ਆਖ ਕੇ ਦੁਹਾਂ ਟੀਮਾਂ ਨੂੰ ਖਲ੍ਹਿਆਰ ਲਿਆ। ਇਕ ਰੰਗੀਨ ਫੋਟੋ ਲੈ ਲਈ ਤੇ ਅਗਲੇ ਇਕ ਮਿੰਟ ਬਾਅਦ ਹਾਕੀ ਮੈਚ ਸ਼ੁਰੂ ਹੋ ਗਿਆ।

ਠਾਕੁਰ ਸ਼ਮਸ਼ੇਰ ਸਿੰਘ ਤੇ ਹੰਸਪਾਲ ਹੁਰੀਂ ਮੂਹਰਲੀਆਂ ਸੀਟਾਂ ਤੇ ਬੈਠੇ ਸਨ। ਸਾਨੂੰ ਵੀ ਆਵਾਜ਼ ਵੱਜ ਗਈ। ਕੋਲ ਜਾ ਬੈਠੇ।

ਠਾਕੁਰ ਉਦੈ ਸਿੰਘ '4' ਨੰ: ਬੁਨਿਆਨ ਨਾਲ ਹੀ ਖੇਡ ਵਿਚ ਸ਼ਾਮਲ ਸਨ। ਦੋਵੇਂ ਟੀਮਾਂ ਹੀ ਤਕੜੀਆਂ ਲਗਦੀਆਂ ਸਨ। 3.40 ਉਤੇ ਹੀ ਨਾਮਧਾਰੀ ਵਿਦਿਅਕ ਜਥੇ ਦੀ ਟੀਮ ਵਿਚ ਪੂਰਨ ਨੇ ਜਿਸ ਨੂੰ '9' ਨੰਬਰ ਮਿਲਿਆ ਹੋਇਆ ਸੀ, ਤੇਜ਼ ਦੁੜਕੀ ਲਾਕੇ ਕਲਕੱਤਾ ਕਸਟਮ ਨੂੰ ਪਹਿਲਾ ਗੋਲ ਕਰ ਦਿੱਤਾ।

ਕਲਕੱਤਾ ਕਸਟਮ ਨੇ ਇਕ ਦੋ ਕੀਮਤੀ ਮੌਕੇ ਹੱਥੋਂ ਗਵਾ ਲਏ। ਪਰ ਇਕ ਹੋਰ ਮੌਕੇ 'ਤੇ ਸਾਡੀ ਟੀਮ ਨੂੰ ਗੋਲ ਹੋ ਹੀ ਜਾਂਦਾ ਜੇ ਸਾਡਾ ਗੋਲਚੀ ਸਮੇਂ ਸਿਰ ਲੇਟ ਕੇ ਗੇਂਦ ਨੂੰ ਨਾ ਰੋਕ ਸਕਦਾ।

ਦੂਜੇ ਅੱਧ ਵਿਚ 4.15 ਤੇ ਇਕ ਤਰ੍ਹਾਂ ਦਾ ਭੈਣੀ ਸਾਹਿਬੀ ਟੀਮ ਨੇ ਗੋਲ ਕਰ ਹੀ ਦਿੱਤਾ ਸੀ ਕਿ ਕਿਸੇ ਨੁਕਤੇ ਨੂੰ ਲੈ ਕੇ ਐਂਪਾਇਰ ਨੇ ਪ੍ਰਵਾਨ ਨ ਕੀਤਾ। ਵਿਰੋਧੀ ਧਿਰ ਦਾ ਇਤਰਾਜ਼ ਜੋ ਸਮਝਿਆ ਨਹੀਂ ਸੀ ਜਾ ਸਕਦਾ, ਮੰਨ ਲਿਆ ਗਿਆ।

4.33 ਤੇ ਇਕ ਹੋਰ ਗੋਲ ਕਸਟਮ ਨੂੰ ਹੁੰਦਾ-ਹੁੰਦਾ ਰਹਿ ਗਿਆ। ਦੁਵੱਲਿਓਂ ਬੜਾ ਜ਼ੋਰ ਲਗ ਰਿਹਾ ਸੀ ਤਾਂ ਵੀ ਨਾਮਧਾਰੀ ਟੀਮ ਨੂੰ ਥੋੜ੍ਹੀ ਬੇਪਰਵਾਹ ਹੁੰਦੀ ਜਾਣਿਆ ਗਿਆ।

ਖੇਲ ਦੀ ਸਮਾਪਤੀ ਤੋਂ 3 ਮਿੰਟ ਪਹਿਲਾਂ ਭੈਣੀ ਸਾਹਿਬ ਦੀ ਟੀਮ ਨੂੰ ਗੋਲ ਹੋ ਚੱਲਿਆ ਸੀ ਪਰ ਮਸਾਂ ਬਚੇ। ਹਾਕੀ ਮੈਚ ਦੇ ਆਖ਼ਰੀ ਮਿੰਟ ਵਿਚ ਨਾਮਧਾਰੀ ਟੀਮ ਨੂੰ ਗੋਲ ਹੋ ਹੀ ਗਿਆ। ਨਿਰਾਸ਼ਾ ਤੇ ਆਸ਼ਾ ਦਾ ਵਾਤਾਵਰਣ ਸਟੇਡੀਅਮ ਵਿਚ ਦਰਸ਼ਕਾਂ ਦੇ ਚਿਹਰੇ ਤੋਂ ਵੇਖਿਆ ਜਾ ਸਕਦਾ ਸੀ।

ਇੱਕ ਇੱਕ ਗੋਲ ਤੇ ਬਰਾਬਰ ਹੋਣ ਤੇ ਦੋਹਾਂ ਟੀਮਾਂ ਨੂੰ 15 ਮਿੰਟ ਹੋਰ ਭਾਗ ਅਜ਼ਮਾਈ ਲਈ ਮਿਲ ਗਏ। ਇਹਨਾਂ ਮਿੰਟਾਂ ਵਿਚ ਦੋਹਾਂ ਧਿਰਾਂ ਦਾ ਜ਼ੋਰ ਬੜਾ ਲੱਗਾ ਪਰ ਗੋਲ ਕੋਈ ਧਿਰ ਵੀ ਨਾ ਕਰ ਸਕੀ।... ਕੱਲ੍ਹ 12.30 ਬਾਅਦ ਦੁਪਹਿਰ ਦੁਹਾਂ ਟੀਮਾਂ ਦੇ ਫੇਰ ਮੁਕਾਬਲੇ ਦਾ ਐਲਾਨ ਕਰ ਦਿੱਤਾ ਗਿਆ।

20 ਨਵੰਬਰ 1979, ਮੰਗਲਵਾਰ, ਨਵੀਂ ਦਿੱਲੀ

ਜਿੱਤ ਹੀ ਗਏ!– ਪੌਣੇ ਦੋ ਵਜੇ ਹੀ 'ਵਰਿਆਮ', ਹਰਭਜਨ ਸਿੰਘ-ਗੁਰਦੇਵ ਸਿੰਘ ਅਤੇ ਮੈਂ ਸ਼ਿਵਾ ਜੀ ਸਟੇਡੀਅਮ ਪਹੁੰਚੇ। ਪੰਜਾਹ ਪੈਸੇ ਵਾਲੀਆਂ ਟਿਕਟਾਂ ਲੈ ਕੇ ਏਸ ਪਾਸੇ ਦਾ ਆਨੰਦ ਵੀ ਲਿਆ। ਸਾਡੇ ਜਾਣ ਤੱਕ ਦੋਵੇਂ ਟੀਮਾਂ ਦੋ-ਦੋ ਗੋਲ ਕਰ ਚੁੱਕੀਆਂ ਸਨ। ਪਹਿਲੇ ਅੱਧ ਵਿਚ ਕਲਕੱਤਾ ਕਸਟਮ ਨੇ ਦੋ ਗੋਲ ਕੀਤੇ। ਦੂਜੇ ਅੱਧ ਵਿਚ ਨਾਮਧਾਰੀ ਵਿੱਦਿਅਕ ਜਥਾ ਟੀਮ ਨੇ ਦੋਵੇਂ ਉਤਾਰ ਲਏ। ਗੱਲ ਫਿਰ ਬਰਾਬਰ ਤੇ ਆ ਗਈ। ਹੋਰ ਦਿੱਤੇ ਗਏ ਪੰਦਰਾਂ ਮਿੰਟ। ਤਾਂ ਦੂਜੇ 7 ਮਿੰਟਾਂ ਵਿਚ ਨਾਮਧਾਰੀ ਟੀਮ ਨੇ ਗੋਲ ਕਸਟਮ ਸਿਰ ਕਰ ਦਿਤਾ। ਖ਼ੁਸ਼ੀ ਵਿਚ ਪੀਪੇ, ਬੈਂਚ, ਤਾਲੀਆਂ ਅਤੇ ਸੰਖ ਵਜ ਉੱਠੇ ਅਤੇ ਨਾਲ ਹੀ ਇਕ ਰੌਲਾ ਉੱਠ ਖਲੋਤਾ। ਕਲਕੱਤਾ ਕਸਟਮ ਦੇ ਆਦਮੀਆਂ ਐਂਪਾਇਰ ਨੂੰ ਘੇਰ ਲਿਆ। ਪਰ ਉਹ ਆਪਣੇ ਫੈਸਲੇ ਤੇ ਅਝੁਕ ਰਿਹਾ। 4-5 ਮਿੰਟ ਦੇ ਰੌਲੇ ਵਿੱਚ ਖੇਡ ਦਾ ਟਾਈਮ ਖ਼ਤਮ ਹੋ ਗਿਆ। ਨਾਮਧਾਰੀ ਟੀਮ ਦੀ ਜਿੱਤ ਹੋ ਜਾਣ ਤੇ ਸੁਭਾਵਿਕ ਸੀ ਕਿ ਨਾਮਧਾਰੀ ਹਲਕਿਆਂ ਵਿਚ ਉਤਸ਼ਾਹ ਦੀ ਲਹਿਰ ਦੌੜ ਜਾਂਦੀ।

26 ਨਵੰਬਰ 1979, ਸ੍ਰੀ ਭੈਣੀ ਸਾਹਿਬ

ਹਾਕੀ ਟੀਮ ਦੀਆਂ ਪ੍ਰਾਪਤੀਆਂ– ਹੇਠ ਲਿਖੇ ਅਨੁਸਾਰ ਠਾਕੁਰ ਜੀ ਨੇ ਮਿੰਨੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਜੇਤੂ ਟੀਮ ਬਾਰੇ ਚਾਨਣਾ ਪਾਇਆ– ਸਕੂਲ ਨੈਸ਼ਨਲ ਗੇਮਜ਼ ਤਾਂ ਹਰ ਸਾਲ ਹੁੰਦੀਆਂ ਹਨ, ਪਰ ਇਸ ਸਾਲ ਪੰਜਾਬ ਐਜੂਕੇਸ਼ਨਲ ਡੀਪਾਰਟਮੈਂਟ ਨੇ ਫਸਟ ਮਿੰਨੀ ਸਕੂਲ ਨੈਸ਼ਨਲ ਗੇਮਜ਼ ਕਰਵਾਈਆਂ। ਪਰ ਇਨ੍ਹਾਂ

ਮਿੰਨੀ ਸਕੂਲ ਨੈਸ਼ਨਲ ਗੇਮਜ਼ ਵਿਚ 15 ਸਾਲ ਤੋਂ ਘੱਟ ਉਮਰ ਦੇ ਤੇ ਅੱਠਵੀਂ ਜਮਾਤ ਤੋਂ ਹੇਠਲੀਆਂ ਜਮਾਤਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ। ਪੰਜਵੀਂ ਤੋਂ ਘੱਟ ਵਾਲਿਆਂ ਦਾ ਵੱਖਰਾ ਸੈਕਸ਼ਨ ਸੀ। 15 ਸਾਲ ਤੋਂ ਘੱਟ ਉਮਰ ਵਾਲਿਆਂ ਵਿਚ ਆਪਣੀ ਟੀਮ ਹਰਿਆਣਾ ਚੈਂਪੀਅਨ ਬਣੀ ਸੀ। ਹਰਿਆਣਾ ਚੈਂਪੀਅਨ ਹੋਣ ਕਰਕੇ ਹਰਿਆਣਾ ਪ੍ਰਾਂਤ ਵਾਲਿਆਂ ਨੇ ਸਾਰੀ ਦੀ ਸਾਰੀ ਟੀਮ ਸਾਡੇ ਬੱਚਿਆਂ ਦੀ ਭੇਜ ਦਿੱਤੀ।

"ਹਰਿਆਣੇ ਦੀ ਪ੍ਰਤੀਨਿਧਤਾ ਕਰਨ ਮਿੰਨੀ ਸਕੂਲ ਨੈਸ਼ਨਲ ਗੇਮਜ਼ ਵਿਚ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ (ਜੀਵਨ ਨਗਰ-ਸਰਸਾ) ਦੀ ਟੀਮ ਆਈ। ਡਿਪਟੀ ਡਾਇਰੈਕਟਰ ਮਿ. ਦੱਤਾ ਹਨ। ਉਹਨਾਂ ਸਾਡੀ ਟੀਮ ਦੀ ਪਰਫਾਰਮੈਂਸ (ਪ੍ਰਦਰਸ਼ਨ) ਵੇਖੀ ਹੋਈ ਸੀ, ਉਹਨਾਂ ਕਿਹਾ- ਤੁਸੀਂ ਸਾਰੇ ਈ ਠੀਕ ਓ।

ਇਹ ਖੇਡਾਂ 14 ਨਵੰਬਰ ਤੋਂ ਲੈ ਕੇ 19 ਨਵੰਬਰ ਤੱਕ ਜਲੰਧਰ ਵਿਚ ਹੋਈਆਂ। ਇਹਨਾਂ ਦੀ ਓਪਨਿੰਗ ਕੀਤੀ ਸ. ਸੁਖਦੇਵ ਸਿੰਘ ਢੀਂਡਸਾ ਸਪੋਰਟਸ ਮਨਿਸਟਰ ਪੰਜਾਬ ਨੇ। ਅੰਤ ਉਤੇ ਇਨਾਮ ਵੰਡ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਰਵੀ ਇੰਦਰ ਸਿੰਘ ਹੁਰਾਂ ਕੀਤੀ। ਕੁੜੀਆਂ ਦੀਆਂ ਟੀਮਾਂ ਵੀ ਹਾਕੀ ਵਿਚ ਹੈ ਸਨ ਪਰ ਮੁੰਡਿਆਂ ਦੀਆਂ ਸਾਰੇ ਹਿੰਦੁਸਤਾਨ ਵਿਚੋਂ ਕੇਵਲ ਪੰਜ ਟੀਮਾਂ ਭਾਗ ਲੈ ਰਹੀਆਂ ਸਨ। ਚੰਡੀਗੜ੍ਹ, ਹਰਿਆਣਾ, ਪੰਜਾਬ, ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼। ਟੀਮਾਂ ਥੋੜ੍ਹੀਆਂ ਹੋਣ ਕਰਕੇ League ਕਰਵਾ ਦਿੱਤੀ ਗਈ। ਹਰ ਟੀਮ ਨੇ ਹਰ ਟੀਮ ਨਾਲ ਖੇਡਣਾ ਸੀ, ਭਾਵੇਂ ਉਹ ਜਿੱਤੇ ਜਾਂ ਹਾਰੇ। ਹਰੇਕ ਟੀਮ ਨੂੰ ਚਾਰ ਚਾਰ ਮੈਚ ਖੇਡਣੇ ਪੈਣੇ ਸਨ।

14 ਨਵੰਬਰ ਨੂੰ ਹਾਕੀ ਦਾ ਮੈਚ ਸਾਡਾ ਸੀ- ਚੰਡੀਗੜ ਤੇ ਹਰਿਆਣਾ ਦਾ। ਸਤਿਗੁਰਾਂ ਨੇ ਕਿਰਪਾ ਕੀਤੀ, ਸਾਡੇ ਬੱਚਿਆਂ ਨੇ 8 ਗੋਲਾਂ ਨਾਲ ਚੰਡੀਗੜ੍ਹ ਨੂੰ ਹਰਾਇਆ। ਦੂਸਰਾ ਮੈਚ ਸ਼ਾਮੀਂ ਪੰਜਾਬ ਨਾਲ ਸੀ। ਪੰਜਾਬ ਆਪਣੇ ਆਪ ਨੂੰ ਜੇਤੂ ਹੀ ਸਮਝਦਾ ਸੀ। ਰੈਫਰੀਆਂ ਤੇ ਸਾਨੂੰ ਇਤਰਾਜ਼ ਸੀ ਕਿ ਉਹ ਪੰਜਾਬ ਦੀ ਤਰਫ਼ਦਾਰੀ ਕਰਨਗੇ, ਪਰ ਸਾਡੀ ਸ਼ਕਾਇਤ ਕਮੇਟੀ ਨੇ ਨਾ ਮੰਨੀ। ਟੀਮ ਤਾਂ ਸਾਡੀ ਟੀਮ ਤੋਂ ਕਾਫ਼ੀ ਮਾੜੀ ਸੀ। ਪਰ ਰੈਫਰੀਆਂ ਦੀ ਮਦਦ ਕਾਰਨ ਉਹ ਸਿਰਫ਼ ਇੱਕੋ ਗੋਲ ਤੋਂ ਹਾਰੀ। ਉਂਜ ਚਾਰ ਕੁ ਗੋਲ ਪੰਜਾਬ ਦੇ ਸਿਰ ਹੋਣੇ ਹੀ ਚਾਹੀਦੇ ਸਨ। ਸੱਤ ਕੁ ਮਿੰਟ ਰਹਿੰਦਿਆਂ ਹਰਨਾਮ ਸਿੰਘ ਢੋਲਕੀ ਵਾਲੇ ਦੇ ਮੁੰਡੇ ਸੁਖਵਿੰਦਰ ਸਿੰਘ ਨੇ ਸ਼ਾਰਟ ਕਾਰਨਰ ਗੋਲ ਕੀਤਾ। ਦੋਹਾਂ ਰੈਫਰੀਆਂ ਨੇ ਰਲ ਕੇ ਯਤਨ ਤਾਂ ਬੜਾ ਕੀਤਾ ਕਿ ਗੋਲ ਲਹਿ ਜਾਏ ਪਰ ਸਤਿਗੁਰਾਂ ਸਾਡੀ ਮਦਦ ਹੀ ਕੀਤੀ।

ਅਗਲਾ ਮੈਚ 16 ਨੂੰ ਹੋਇਆ ਤਾਮਲਨਾਡੂ ਨਾਲ। ਉਹਨਾਂ ਨੂੰ ਅਸੀਂ ਤਿੰਨ ਗੋਲ ਨਾਲ ਹਰਾਇਆ। ਉਹ ਅੱਧ ਤੋਂ ਬਾਅਦ ਥੋੜਾ ਚਿਰ ਪਿਛੋਂ ਇਹ ਆਖ ਕੇ

ਗਰਾਊਂਡ ਤੋਂ ਨਿਕਲ ਗਏ ਕਿ ਇਹ ਸਾਨੂੰ ਕੁੱਟਦੇ ਨੇ। ਹਕੀਕਤ ਵਿਚ ਉਹਨਾਂ ਸਾਡੇ ਬੱਚਿਆਂ ਨੂੰ ਚੋਟਾਂ ਲਾਈਆਂ ਸਨ।

ਚੌਥਾ ਮੈਚ 17 ਤਰੀਕ ਨੂੰ ਆਂਧਰਾ ਪ੍ਰਦੇਸ਼ ਨਾਲ ਹੋਇਆ। ਆਂਧਰਾ ਨੂੰ ਪੰਜਾਬ ਨੇ 14 ਗੋਲ ਕੀਤੇ ਸਨ, ਪਰ ਅਸੀਂ 20 ਕੀਤੇ। ਅਜੇ ਸਾਡੇ ਬੱਚੇ ਡੀ ਵਿਚ ਜਾ ਕੇ ਗੋਲ ਕਨਵਰਟ ਨਹੀਂ ਕਰ ਸਕਦੇ, ਨਹੀਂ ਤਾਂ ਗੋਲ 24 ਜਾਂ ਇਸ ਤੋਂ ਵੀ ਬਹੁਤੇ ਕਰ ਜਾਂਦੇ।

ਵੱਡੀ ਕਿਰਪਾ ਸਤਿਗੁਰੂ ਜੀ ਦੀ ਇਹ ਰਹੀ ਕਿ ਸਾਡੇ ਗੋਲਕੀਪਰ ਤੱਕ ਗੇਂਦ ਸਾਰਾ ਸਮਾਂ ਹੀ ਨਹੀਂ ਆਈ, ਸਿਰਫ਼ ਦੋ ਗੇਂਦਾਂ ਸਾਡੇ ਗੋਲਕੀਪਰ ਤੱਕ ਪਹੁੰਚੀਆਂ। ਗੋਲਕੀਪਰ ਸਵਿੰਦਰ ਸਿੰਘ ਸੀ, ਹੀਰਾ ਸਿੰਘ ਸਰਪੰਚ ਦਾ ਪੋਤਰਾ ਦਰਸ਼ਨ ਸਿੰਘ ਦਾ ਲੜਕਾ। ਪੰਜਾਬ ਨਾਲ ਜੁ ਸਭ ਤੋਂ ਟਫ਼ ਮੈਚ ਸੀ, ਉਸ ਵਿਚ ਇਕ ਵਾਰ ਵੀ ਗੇਂਦ ਗੋਲਕੀਪਰ ਤੱਕ ਨਹੀਂ ਆਈ। ਪੰਜਾਬ ਨੂੰ ਜਿੱਤ ਕੇ ਸਾਨੂੰ ਭਰੋਸਾ ਹੋ ਗਿਆ ਸੀ ਕਿ ਅਸੀਂ ਚੈਂਪੀਅਨਸ਼ਿਪ ਜਿੱਤ ਜਾਵਾਂਗੇ। ਚਹੁੰ ਮੈਚਾਂ ਵਿੱਚ ਸਾਡੀ ਟੀਮ ਨੇ 32 ਗੋਲ ਕੀਤੇ, ਸਾਨੂੰ ਕੋਈ ਟੀਮ ਵੀ ਗੋਲ ਨਹੀਂ ਕਰ ਸਕੀ।

ਟੂਰਨਾਮੈਂਟ ਵਿੱਚ ਜੁ ਟਾਪ ਸਕੋਰਰ (ਬਹੁਤੇ ਗੋਲ ਕਰਨ ਵਾਲਾ) ਹੈ, ਸਾਡਾ ਮੁੰਡਾ ਗੁਰਮੇਜ ਸਿੰਘ ਮੋਲੀ, ਉਹਦੇ ਕੱਲੇ ਦੇ 11 ਗੋਲ ਹਨ, ਟੂਰਨਾਮੈਂਟ ਵਿਚ। ਇਹ ਲੜਕਾ ਸੰਤ ਸਾਧਾ ਸਿੰਘ ਪਰਜਾਪਤ ਦਾ ਹੈ। ਇਸ ਟੀਮ ਦਾ ਕਪਤਾਨ ਸੀ, ਹਰਮਿੰਦਰਪਾਲ ਸਿੰਘ, ਹਰਭਜਨ ਸਿੰਘ ਪਰਵਾਨੇ ਦਾ ਲੜਕਾ। ਇਸ ਨੂੰ ਛੋਟਾ ਪੱਪੂ ਕਹਿੰਦੇ ਹਾਂ।

ਟੈਲੀਵੀਜ਼ਨ ਵਾਲਿਆਂ ਨੇ ਹੋਰ ਬੱਚਿਆਂ ਦੀ ਇੰਟਰਵੀਊ ਵੀ ਲਈ ਹੈ ਤੇ ਸਾਡੇ ਬੱਚੇ ਦੀ ਵੀ। 24.11.79 ਨੂੰ ਸ਼ਾਮੀਂ 6.30 ਵਜੇ ਇਹ ਇੰਟਰਵੀਊ ਸੀ। ਸਾਡਾ ਮੁੰਡਾ ਜ਼ਰਾ ਘਬਰਾ ਜਿਹਾ ਗਿਆ ਸੀ, ਪਰ ਜਿਹੜੀ ਗੱਲ ਅਸਾਂ ਜ਼ਰੂਰ ਆਖਣੀ ਸੀ, ਉਹ ਉਸ ਨੇ ਕਰ ਦਿੱਤੀ। ਉਸ ਨੇ ਆਖਿਆ- ਸਾਡਾ ਸਾਰਾ ਖਰਚਾ ਸਤਿਗੁਰੂ ਜਗਜੀਤ ਸਿੰਘ ਜੀ ਹੀ, ਹਰ ਤਰ੍ਹਾਂ ਦਾ ਕਰਦੇ ਹਨ ।

ਪੰਜਾਬ ਦੇ ਅਖ਼ਬਾਰ ਅਜੀਤ, ਅਕਾਲੀ ਪਤ੍ਰਕਾ, ਨਵਾਂ ਜ਼ਮਾਨਾ, ਜਗਬਾਣੀ ਆਦਿ ਨੇ ਬੜਾ ਸਹਿਯੋਗ ਦਿੱਤਾ। ਤਸਵੀਰਾਂ ਅਤੇ ਖ਼ਬਰਾਂ ਦਿੰਦੇ ਰਹੇ। ਟ੍ਰਿਬਿਊਨ ਨੇ ਤਸਵੀਰ ਤਾਂ ਦਿੱਤੀ ਪਰ ਹੋਰ ਕੁਝ ਵਿਸ਼ੇਸ਼ ਨਹੀਂ ਲਿਖਿਆ। ਸਗੋਂ ਸਾਡੀ ਜਿੱਤ ਦੀ ਖ਼ਬਰ ਵੀ ਬੇਢੰਗੇ ਤਰੀਕੇ ਨਾਲ ਲਗਾਈ।

ਐਥਲੈਟਿਕਸ ਵਿਚ ਸਾਡੇ ਦੋ ਬੱਚੇ ਹਰਿਆਣੇ ਵੱਲੋਂ ਭਾਗ ਲੈ ਰਹੇ ਸਨ। ਇਕ ਬੀਰ ਸਿੰਘ ਮਜ਼ਹਬੀਆਂ ਦਾ ਮੁੰਡਾ ਹੈ, ਉਸ ਨੇ ਦੋ ਇਨਾਮ ਜਿੱਤੇ ਹਨ, ਤੀਸਰੇ ਦਰਜੇ ਵਾਲੇ। ਕਾਂਸੀ ਦੇ ਦੋ ਤਗਮੇ। ਇਹ 1500 ਮੀਟਰ ਦੌੜ ਅਤੇ ਰੀਲੇ ਰੇਸ ਵਿਚ ਤੀਜੇ ਨੰਬਰ 'ਤੇ ਰਿਹਾ। ਦੂਜਾ ਮੁੰਡਾ ਜਿਸ ਨੇ ਗੋਲਾ ਸੁੱਟਿਆ ਪ੍ਰਵੀਨ ਬਲਵਿੰਦਰ ਸਿੰਘ ਹੈ।

ਲੋਕ ਬਹੁਤ ਖ਼ੁਸ਼ ਹੋਏ ਹਨ। ਕੋਚਾਂ ਵੀ, ਸਭ ਨੇ ਪ੍ਰਸੰਸਾ ਕੀਤੀ। ਸਾਡੀ ਵਰਦੀ ਨੇ ਬੜਾ ਪ੍ਰਭਾਵ ਪਾਇਆ। ਬੇਦੀ ਸਾਹਿਬ ਗੁਰਚਰਨ ਸਿੰਘ ਬਹੁਤ ਖ਼ੁਸ਼ ਹੋਏ। ਉਹ ਚਾਹੁੰਦੇ ਸਨ ਕਿ ਮੁੰਡਿਆਂ ਦੀ ਆਪ ਆ ਕੇ ਕੋਚਿੰਗ ਕਰਨ। ਜਿੱਦਣ ਇਨਾਮ ਵੰਡ ਹੋਈ ਓਦਣ ਰਵੀ ਇੰਦਰ ਸਿੰਘ ਹੋਰਾਂ ਨੇ ਕੇਵਲ ਸਾਡੇ ਬੱਚਿਆਂ ਦੀ ਹੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ- ਨਾਮਧਾਰੀਆਂ ਦੇ ਬੱਚੇ ਸਾਹਮਣੇ ਬੈਠੇ ਨੇ। ਮੈਨੂੰ ਦੱਸਿਆ ਗਿਐ ਕਿ ਇਹਨਾਂ ਹਾਕੀ ਜਿੱਤੀ ਏ। ਇਹ ਡਿਸਿਪਲਨ ਵਿਚ ਰਹਿੰਦੇ ਨੇ। ਇਹਨਾਂ ਡਿਸਿਪਲਨ ਨਾਲ ਹੀ ਸਭ ਕੁਝ ਕੀਤਾ ਏ। ਮੈਂ ਚਾਹੁੰਦਾ ਹਾਂ ਇਹ ਸਾਰਾ ਹਿੰਦੁਸਤਾਨ ਜਿੱਤ ਕੇ ਬਾਹਰ ਜਾ ਕੇ ਖੇਡਣ ਤੇ ਦੁਨੀਆਂ ਜਿੱਤ ਕੇ ਆਉਣ।

ਹੋਰ ਵੀ ਕਿਸੇ ਨੇ ਕਿਹਾ ਸੀ ਕਿ ਜਿਹੜਾ ਸੋਨੇ ਦਾ ਤਮਗਾ ਸਾਨੂੰ ਨਹੀਂ ਮਿਲ ਰਿਹਾ, ਉਹ ਅਸੀਂ ਇਹਨਾਂ ਬੱਚਿਆਂ ਤੋਂ ਉਮੀਦ ਰੱਖਦੇ ਹਾਂ ਕਿ ਇਹ ਲੈ ਕੇ ਆਉਣਗੇ।

ਪੰਜਾਬ ਵੱਲੋਂ ਇਹਨਾਂ ਖੇਡਾਂ ਦਾ ਪ੍ਰਬੰਧ ਨਿਹਾਇਤ ਵਧੀਆ ਸੀ। ਉਹਨਾਂ ਹਰੇਕ ਬੱਚੇ ਨੂੰ, ਭਾਵੇਂ ਉਹ ਜਿੱਤਿਆ ਜਾਂ ਹਾਰਿਆ 40/- ਦੇ ਮੁੱਲ ਦਾ ਸਾਮਾਨ ਦਿੱਤਾ ਹੈ। ਬੈਗ, ਇਕ ਕਿੱਲੋ ਟਾਫ਼ੀਆਂ, ਫਰੇਮ, ਸਾਬਣਦਾਨੀ, ਪਲੇਟਾਂ ਆਦਿ ਦਿੱਤੀਆਂ, ਬੈਗ ਵਿਚ ਪਾਕੇ। ਮੈਨੇਜਰ ਦਾ ਸਾਮਾਨ 50/- ਦਾ ਹੋਵੇਗਾ।

ਸਾਡੇ ਬੱਚਿਆਂ ਨੂੰ ਇੱਕ-ਇੱਕ ਟੂਰਨਾਮੈਂਟ ਦੇ ਦਰਮਿਆਨ ਅਤੇ ਪਹਿਲਾਂ ਵੀ ਸ. ਮਨਮੋਹਣ ਸਿੰਘ ਸੈਕਰੇਟਰੀ, ਸਿੱਖਿਆ ਵਿਭਾਗ ਪੰਜਾਬ ਵੱਲੋਂ ਹੱਦੋਂ ਵੱਧ ਸਹਿਯੋਗ ਪ੍ਰਾਪਤ ਹੋਇਆ ਹੈ। ਉਹਨਾਂ ਸਾਡੀ ਹਰ ਜ਼ਰੂਰਤ ਸਮੇਂ ਸਿਰ ਪੂਰੀ ਕੀਤੀ।... ਜਦੋਂ ਕਿ ਇਕ ਅਸਿਸਟੈਂਟ ਡਾਇਰੈਕਟਰ ਵਿਰੋਧਤਾ 'ਤੇ ਵੀ ਉਤਾਰੂ ਰਿਹਾ।

ਸਾਡੇ ਬੱਚਿਆਂ ਨੂੰ ਇਕ ਇਕ ਸੁਨਹਿਰੀ ਤਮਗਾ (ਵੈਸੇ ਇਹ ਸੋਨੇ ਦਾ ਨਹੀਂ ਹੁੰਦਾ, ਸੁਨਹਿਰੀ ਝਾਲ ਫਿਰੀ ਹੋਈ ਹੁੰਦੀ ਹੈ), ਸਰਟੀਫੀਕੇਟ, ਪ੍ਰਸਿੱਧ ਕੰਪਨੀ ਵੈਂਪਾਇਰ ਦੀ ਇਕ-ਇਕ ਹਾਕੀ, ਇਹ ਤਾਂ ਕੱਲੇ ਕੱਲੇ ਨੂੰ ਪ੍ਰਾਪਤ ਹੋਏ, ਪਰ ਸਮੁੱਚੀ ਟੀਮ ਨੂੰ ਟ੍ਰਾਫੀ ਮਿਲੀ।

ਇਕ ਹੋਰ ਕੰਪਨੀ, ਅੰਮ੍ਰਿਤ ਸਪੋਰਟਸ, ਨੇ ਉਚੇਚਾ ਆਪਣੀ ਫ਼ੈਕਟਰੀ ਵਿੱਚ ਲੈ ਜਾ ਕੇ ਸਾਡੇ ਖਿਡਾਰੀਆਂ ਨੂੰ ਇਕ ਇਕ ਹਾਕੀ ਦਿੱਤੀ ਏ, ਤਸਵੀਰਾਂ ਲੁਹਾਈਆਂ ਨੇ। ਐਤਕਾਂ ਨਾਲ ਕੋਚ ਵੀ ਕੋਈ ਨਹੀਂ ਸੀ। ਮੈਂ ਪਹਿਲੇ ਮੈਚ ਵੇਲੇ ਤਾਂ ਨਹੀਂ, ਫੇਰ ਪੰਜਾਬ ਨੂੰ ਜਿੱਤ ਕੇ ਆਕੇ ਰਾਤੀਂ ਸਤਿਗੁਰੂ ਜੀ ਨੂੰ ਅਰਜ਼ ਕਰ ਦਿੱਤੀ ਕਿ ਮੈਂ ਰੋਜ਼ ਜਲੰਧਰ ਜਾਂਦਾ ਰਿਹਾ ਹਾਂ।

ਖਿਡਾਰੀ ਬੱਚੇ 10 ਦਿਨ ਭੈਣੀ ਸਾਹਿਬ ਨਿਤਨੇਮ ਵਿਚ 4 ਘੰਟੇ ਰੋਜ਼ ਸਿਮਰਨ ਕਰਦੇ ਰਹੇ। ਜਿੱਤ ਦੇ ਵਾਸਤੇ ਸਤਿਗੁਰਾਂ ਨੂੰ ਬੇਨਤੀ ਕੀਤੀ ਤਾਂ ਉਹਨਾਂ ਰੋਜ਼ਾਨਾ ਇਕ-ਇਕ ਮਾਲਾ ਭਜਨ ਤੇ ਇਕ ਇਕ ਭਗਉਤੀਆਂ ਦੀ ਫੇਰਨ ਦਾ ਹੁਕਮ ਦਿੱਤਾ। ਇਕ ਹੋਰ ਵਧੀਆ ਗੱਲ ਇਹ ਸੀ ਕਿ ਬੱਚੇ ਹਰ ਜਿੱਤ ਦੇ ਸਮੇਂ ਤਿੰਨ ਵਾਰ 'ਸਤਿਗੁਰੂ ਜਗਜੀਤ ਸਿੰਘ ਜੀ ਦੀ ਜੈ' ਦਾ ਨਾਅਰਾ ਲਾਕੇ ਫਿਰ 'ਬੋਲੇ ਸੋ ਨਿਹਾਲ' ਦਾ ਜੈਕਾਰਾ ਬੁਲਾਉਂਦੇ ਰਹੇ।

ਹਾਕੀ ਵਾਲਿਆਂ ਨਾਲ ਪ੍ਰੇਮ- 10 ਜੂਨ 1980 ਵਾਲੇ ਦਿਨ ਸਤਿਗੁਰੂ ਜੀ, ਹਾਕੀ ਟੀਮ ਵਾਲੇ ਨਾਮਧਾਰੀ ਬੱਚਿਆਂ ਨੂੰ ਜਲੰਧਰ ਪਹੁੰਚ ਕੇ ਦਰਸ਼ਨ ਦੇਣ ਗਏ। ਇਹ ਬੱਚੇ ਭੈਣੀ ਸਾਹਿਬ ਤੋਂ 6 ਜੂਨ ਦੇ ਹੀ ਜਲੰਧਰ ਗਏ ਹੋਏ ਹਨ। ਜਿਥੇ ਉਨ੍ਹਾਂ 7 ਤੋਂ 13 ਜੂਨ ਤੱਕ ਸ. ਊਧਮ ਸਿੰਘ ਪ੍ਰਸਿੱਧ ਹਾਕੀ ਖਿਡਾਰੀ ਤੋਂ ਕੋਚਿੰਗ ਲੈਣੀ ਹੈ।

22 ਅਗਸਤ 1980, ਬਟਾਲਾ

ਭੰਗੜਾ ਕੋਚ ਦੀ ਖੁਸ਼ੀ- ਹਰਭਜਨ ਸਿੰਘ ਬਾਜਵੇ ਦੀ ਦੁਕਾਨ 'ਤੇ ਹੀ ਉਸ ਦੇ ਇਕ ਮਿੱਤਰ ਓਸੇ ਦੇ ਨਾਮ ਵਾਲੇ ਮਿਲ ਪਏ। ਪ੍ਰਸਿੱਧ ਭੰਗੜਾ ਕੋਚ ਸ. ਹਰਭਜਨ ਸਿੰਘ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਭੰਗੜਾ ਪਾਰਟੀ ਲੈ ਕਈ ਵਿਦੇਸ਼ਾਂ ਦਾ ਟੂਰ ਮਾਰ ਆਏ ਹਨ।

ਮੇਰਾ ਨਾਮਧਾਰੀ ਪਹਿਰਾਵਾ ਵੇਖ ਕੇ ਮੇਰੇ ਸਾਹਮਣੇ ਸਤਿਗੁਰੂ ਜੀ ਦੀ ਫੋਟੋ ਤੱਕ ਕੁਹਕ ਉੱਠੇ- ਨਾਮਧਾਰੀ ਬੱਚਿਆਂ ਦੀ ਹਾਕੀ ਟੀਮ! ਆਹਾ!! ਕਿਆ ਬਾਤਾਂ ਨੇ !! ਏਨਾ ਡਸਿਪਲਨ, ਏਨੀ ਭਾਵਨਾ ਅਤੇ ਏਨੀ ਇਕਰੂਪਤਾ ਕਿਤੇ ਨਹੀਂ ਵੇਖੀ! ਕਿੰਨੀ ਤੇਜ ਅਤੇ ਵਧੀਆ ਖੇਡ ਇਹ ਖੇਡ ਸਕਦੇ ਨੇ, ਹੋਰ ਭਲਾ ਕੌਣ ਖੇਡੇ! ਇਹਨਾਂ ਬਿਨਾਂ, ਨੈਸ਼ਨਲ ਹਾਕੀ ਚੈਂਪੀਅਨਸ਼ਿਪ ਦੇ ਹੋਰ ਕੋਈ ਯੋਗ ਹੀ ਨਹੀਂ ਸੀ! ਇਹਨਾਂ ਦੀ ਖੇਡਣ ਸ਼ੈਲੀ ਲਾਮਿਸਾਲ!

ਇਸ ਸੱਜਣ ਦੀ ਖੁਸ਼ੀ ਨੂੰ, ਜਿਵੇਂ ਦਮ ਹੀ ਨਹੀਂ ਸੀ। ਦੁਕਾਨ ਵਿਚ ਜੁੜੇ ਹੋਰਾਂ ਲੋਕਾਂ ਪਾਸ, ਕਿਸੇ ਤਰਿਆਕਲ ਵੱਲੋਂ ਨਾਮਧਾਰੀ ਹਾਕੀ ਟੀਮ ਦੀ ਭਰਪੂਰ ਪ੍ਰਸੰਸਾ

ਸੁਣ-ਸੁਣ ਮੇਰੀ ਖ਼ੁਸ਼ੀ ਦਾ ਪਾਰਾ ਉਚਾਰਾ ਹੋ ਰਿਹਾ ਸੀ। ਬਾਜਵਾ ਤੇ ਹੋਰ ਸਰੋਤਿਆਂ ਨੇ ਭਾਵ ਵਟਾਏ, ਮੈਂ ਤਾਂ ਸਰੋਤਾ ਹੀ ਸਾਂ।

7 ਅਕਤੂਬਰ 1980, ਕਿਲ੍ਹਾ ਰਾਇਪੁਰ (ਲੁਧਿਆਣਾ)

ਖੇਡ ਮੈਦਾਨ ਨੂੰ- ਅੱਜ ਰਾਇਪੁਰ (ਲੁਧਿਆਣਾ) ਦੀ ਟੀਮ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਦੀ ਹਾਕੀ ਟੀਮ ਨਾਲ ਮੈਚ ਖੇਡਣ ਆਈ ਹੋਈ ਹੈ। ਖੇਡ ਮੈਦਾਨ ਵਿਚ ਖਿਡਾਰੀ ਸਤਿਗੁਰੂ ਜੀ ਦੀ ਆਮਦ ਉਡੀਕ ਰਹੇ ਸਨ।... ਖੇਡ ਮੈਦਾਨ ਵਿੱਚ ਪੁੱਜੇ ਤਾਂ ਦੋਵੇਂ ਟੀਮਾਂ ਉਤਾਵਲੀਆਂ ਸਨ। ਸਤਿਗੁਰੂ ਜੀ ਦੇ ਪੱਛਮ-ਮੁਖ, ਕੁਰਸੀ ਤੇ ਬੈਠਦਿਆਂ ਹੀ ਹਾਕੀ ਦਾ ਮੁਕਾਬਲਾ ਸ਼ੁਰੂ ਹੋ ਗਿਆ। ਨੀਲੀਆਂ ਸ਼ਰਟਾਂ ਵਾਲੇ, ਲੰਮੇ-ਲੰਮੇ ਮੁੰਡੇ ਰਾਇਪੁਰੀ। ਸਫੈਦ ਬੁਨਿਆਨਾਂ, ਚਿੱਟੇ ਕਛਹਿਰਿਆਂ ਨਾਲ ਸਜਦੇ ਛੋਟੇ-ਛੋਟੇ ਨਾਮਧਾਰੀ ਬੱਚੇ।

ਖੇਡ ਸ਼ੁਰੂ ਹੋ ਗਈ। ਪਹਿਲਾ ਹਾਫ਼ ਤਾਂ ਬਿਨਾਂ ਕਿਸੇ ਟੀਮ ਨੂੰ, ਕੋਈ ਗੋਲ ਹੋਣ ਤੋਂ ਹੋ ਗਿਆ। ਦੂਜੇ ਹਾਫ਼ ਵਿਚ ਸਾਡੇ ਖਿਡਾਰੀਆਂ ਰਾਇਪੁਰੀ ਟੀਮ ਨੂੰ ਤਿੰਨ ਗੋਲ ਕਰ ਦਿੱਤੇ। ਗਵਰਨਮਿੰਟ ਦੇ ਦੋ ਸਪੋਰਟਸ ਵਿੰਗਾਂ ਵਿੱਚੋਂ- (ਹਾਕੀ ਤੇ ਫੁੱਟਬਾਲ) ਹਾਕੀ ਟੀਮ ਸ. ਭੁਪਿੰਦਰ ਸਿੰਘ ਲੈ ਕੇ ਆਏ ਸਨ। ਰੈਫ਼ਰੀ ਸਨ ਉਸਤਾਦ ਹਰਜਿੰਦਰ ਸਿੰਘ ਲੁਧਿਆਣਾ ਅਤੇ ਠਾਕੁਰ ਉਦੈ ਸਿੰਘ।

ਸਤਿਗੁਰੂ ਜੀ ਖੇਡ ਵੱਲ ਪੂਰੀ ਤਵੱਜੋਂ ਦਿੰਦਿਆਂ ਵੀ ਸਾਰਾ ਸਮਾਂ ਸ. ਅਵਤਾਰ ਸਿੰਘ-ਜਸਵੰਤ ਸਿੰਘ ਨਾਲ ਬਚਨ ਬਿਲਾਸ ਕਰਦੇ ਰਹੇ। ਇਹਨਾਂ ਨੂੰ ਕੱਲੇ ਕੱਲੇ ਨਾਮਧਾਰੀ ਬੱਚੇ ਬਾਰੇ ਦੱਸਿਆ ਕਿ ਕਿਸ ਵਿਚ ਕੀ ਸਿਫ਼ਤ ਹੈ ਖੇਡ ਬਾਰੇ। ਰਾਇਕੋਟ ਹਾਕੀ ਟੀਮ ਦੇ ਮੁਖੀ ਸ. ਭੁਪਿੰਦਰ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕਿਹਾ- ਤੁਹਾਡੇ ਬੱਚੇ ਉਮਰ ਦੇ ਲਿਹਾਜ਼ ਨਾਲ ਬਹੁਤ ਹੀ ਵਧੀਆ ਖੇਡਦੇ ਹਨ। ਸਤਿਗੁਰੂ ਜੀ- ਤੁਹਾਡੇ ਜੈਸੇ ਮਹਾਪੁਰਸ਼ਾਂ ਦੇ ਆਸ਼ੀਰਵਾਦ ਸਦਕਾ ਹੀ ਹੈ। ਜਦੋਂ ਦੂਜੇ ਹਾਫ਼ ਵਿਚ ਤੀਜਾ ਗੋਲ ਹੋਣ ਵਿਚ ਇਕ ਮਿੰਟ ਰਹਿੰਦਾ ਸੀ, ਸਤਿਗੁਰਾਂ ਬਚਨ ਕੀਤਾ- ਜਿੰਨਾ ਕੁਝ ਬਾਹਰੋਂ ਸੁਝਦਾ ਹੈ, ਖੇਡ ਦੇ ਮੈਦਾਨ ਵਿਚ ਓਨੀ ਗੱਲ ਨਹੀਂ ਬਣਦੀ। ਖੇਡ ਦੇ ਅੰਤ ਉਤੇ ਦੋਹਾਂ ਟੀਮਾਂ ਦਾ ਸਕੋਰ 8 ਅਤੇ 2 ਸੀ।

12 ਨਵੰਬਰ 1980, ਬੁੱਧਵਾਰ, ਨਵੀਂ ਦਿੱਲੀ

ਨਹਿਰੂ ਜੂਨੀਅਰ ਹਾਕੀ ਮੈਚ - ਠਾਕਰ ਜੀ ਤੋਂ ਮਿਲੀ ਜਾਣਕਾਰੀ ਅਨੁਸਾਰ- ਆਪਣੇ ਤਿਆਰ ਕੀਤੇ ਬੱਚੇ ਪਹਿਲੀ ਵਾਰ ਦਿੱਲੀ ਆਏ ਹਨ, 9ਵੇਂ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਵਿਚ ਭਾਗ ਲੈਣ ਲਈ। ਇਨ੍ਹਾਂ ਮੁਕਾਬਲਿਆਂ ਵਿਚ

ਭਾਗ ਲਿਆ। ਪ੍ਰਬੰਧਕਾਂ ਸਾਰੀਆਂ ਟੀਮਾਂ ਨੂੰ 8 ਥਾਈਂ ਵੰਡਿਆ। ਕਿਸੇ ਵਿੱਚ 4 ਟੀਮਾਂ ਕਿਸੇ ਵਿੱਚ 5, ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਨੂੰ 'ਸੀ' ਗਰੁੱਪ ਮਿਲਿਆ। ਸਾਡੀ ਟੀਮ ਨੇ 2.11.80 ਨੂੰ ਗੁਜਰਾਤ ਨੂੰ 6-0 ਤੇ ਹਰਾਇਆ। ਇਸ ਵਿੱਚ ਗੁਰਮੇਜ ਸਿੰਘ ਸਪੁੱਤਰ ਸਾਧਾ ਸਿੰਘ ਸੰਤ ਨਗਰ ਨੇ ਹੈਟ ਟ੍ਰਿਕ ਮਾਰਿਆ। 3.11.80 ਨੂੰ ਐਸ. ਐਸ. ਖਾਲਸਾ ਸਕੂਲ, ਲਾਜਪਤ ਨਗਰ, ਦਿੱਲੀ ਤੇ 1-0 ਨਾਲ ਫ਼ਤਹ ਹਾਸਲ ਕੀਤੀ। 7.11.80 ਨੂੰ, ਨਾਗਾਲੈਂਡ ਨੂੰ 4-0 ਤੇ ਚਿੱਤ ਕੀਤਾ। ਇਸ ਵਿਚ ਸੰਤ ਮੱਘਰ ਸਿੰਘ ਦੇ ਲੜਕੇ ਵੱਡੇ ਗੁਰਚਰਨ ਸਿੰਘ ਪੱਪੂ ਨੇ ਪੈਨਲਟੀ ਕਾਰਨਰ ਦਾ ਹੈਟ ਟ੍ਰਿਕ ਬਣਾਇਆ ਜੁ ਹੋਰ ਕਿਸੇ ਨੇ ਇਸ ਟੂਰਨਾਮੈਂਟ ਵਿਚ ਨਹੀਂ ਬਣਾਇਆ। 8.11.80 ਸਾਫ਼ੀਆ ਸਕੂਲ ਭੂਪਾਲ ਤੋਂ 6-3 ਤੇ ਜਾਣਕੇ ਸਾਡੀ ਟੀਮ ਹਾਰੀ। ਜੇ ਨਾ ਹਾਰਦੇ ਤਾਂ ਖੂੰਟੀ ਨਾਲ ਕੁਆਰਟਰ ਫਾਈਨਲ ਪੈਂਦਾ ਸੀ। ਹਾਰਨ ਕਰਕੇ ਸੈਮੀ ਫਾਈਨਲ ਖੂੰਟੀ ਨਾਲ ਪਿਆ। 9.11.80, 'ਡੀ', ਗਰੁੱਪ ਦੀ ਜੇਤੂ ਉੜੀਸਾ ਦੀ ਟੀਮ ਨੂੰ 2-0 ਤੇ ਨੁੱਕਰੇ ਲਾਇਆ। ਪਰ ਇਸ ਦਿਨ ਸਾਡੀ ਟੀਮ ਰੱਜ ਕੇ ਮਾੜਾ ਖੇਡੀ। ਸਤਿਗੁਰਾਂ ਦੀ ਬਖ਼ਸ਼ਸ਼ ਹੀ ਇਨ੍ਹਾਂ ਨੂੰ ਬਚਾਂਦੀ ਆਈ ਹੈ। 11.11.80 ਨੂੰ ਕੁਆਰਟਰ ਫਾਈਨਲ ਵਿੱਚ ਐਨ.ਸੀ.ਸੀ. ਯੂ.ਪੀ. ਨੂੰ 4-1 ਤੇ ਹਰਾਇਆ। ਪਿਛਲੇ ਸਾਲ ਦੇ ਮੈਚਾਂ ਵਿਚ ਇਹ ਟੀਮ ਦੂਜੇ ਨੰਬਰ ਤੇ ਆਈ ਸੀ।

ਕੱਲ ਨੂੰ ਸੈਮੀ ਫਾਈਨਲ ਵਿਚ ਖੂੰਟੀ ਨਾਲ ਭੇੜ ਹੈ, ਜੋ ਹੋਵੇਗੀ, ਵੇਖੀ ਜਾਵੇਗੀ। ਇਹ ਟੂਰਨਾਮੈਂਟ ਲੀਗ ਕਮ ਨਾਕ ਆਊਟ ਹੈ। ਇਸ ਮੁਕਾਬਲਾ ਬਾਜ਼ੀ ਵਿਚ ਨਾਮਧਾਰੀ ਬੱਚਿਆਂ ਵਿਚੋਂ ਸੰਤ ਮੱਘਰ ਸਿੰਘ ਜੀਵਨ ਨਗਰ ਦਾ ਲੜਕਾ ਗੁਰਚਰਨ ਸਿੰਘ ਹੈਟ ਟ੍ਰਿਕ ਲਗਾਣ ਵਿਚ ਲਾਸਾਨੀ ਰਿਹਾ। ਕਿਹਾ ਜਾਂਦਾ ਹੈ ਕਿ ਜੂਨੀਅਰ ਨਹਿਰੂ ਹਾਕੀ ਵਿਚ ਇਹੋ ਹੀ ਰਿਕਾਰਡ ਹੈ।

13 ਨਵੰਬਰ 1980, ਵੀਰਵਾਰ, ਨਵੀਂ ਦਿੱਲੀ

ਮੈਚ ਅੱਖੀਂ ਵੇਖਿਆ- 11.30 ਵਜੇ ਦੁਪਹਿਰੇ, ਮੈਂ ਅਤੇ ਗੁਰਦੇਵ ਸਿੰਘ ਸਰੋਦ ਨਵੀਂ ਦਿੱਲੀ ਦੇ ਸ਼ਿਵਾ ਜੀ ਸਟੇਡੀਅਮ ਵਿਚ ਪਹੁੰਚ ਗਏ। 2 ਵਜੇ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਤੇ ਖੂੰਟੀ ਵਿਚ ਹਾਕੀ ਮੁਕਾਬਲਾ ਹੈ। ਖੇਡ ਪ੍ਰੇਮੀ ਸੀਟਾਂ ਮੱਲੀ ਬੈਠੇ ਹਨ। ਬਹੁਤ ਸਾਰੇ ਨਾਮਧਾਰੀ ਆਪਣੀ ਸਫ਼ੈਦ ਵੇਸ਼ਭੂਸ਼ਾ ਵਿਚ ਆਪਣੀ ਟੀਮ ਦੀ ਕਰਨੀ ਨੂੰ ਵੇਖਣ ਆਏ ਹੋਏ ਹਨ।

ਨਾਮਧਾਰੀ ਟੀਮ ਦੇ ਬੱਚੇ ਸਿੱਧੀਆਂ, ਸਫੈਦ ਦਸਤਾਰਾਂ, ਬੁਨਿਆਨਾਂ, ਰੇਬ ਕਛਹਿਰਿਆਂ ਤੇ ਚਿੱਟੇ ਬੂਟ-ਜੁਰਾਬਾਂ ਨਾਲ ਮੈਦਾਨ ਵਿਚ ਵੱਖ-ਵੱਖ ਕਿਸਮ ਦੀਆਂ ਵਰਜ਼ਸ਼ਾਂ ਵਿਚ ਵਿਅਸਤ ਹਨ। ਖੂੰਟੀ ਟੀਮ ਵਾਲੇ ਲਾਲ ਸ਼ਰਟਾਂ, ਪਿੱਠ ਪਿੱਛੇ ਪੀਲੇ ਨੰਬਰਾਂ, ਲਾਲ ਜੁਰਾਬਾਂ ਤੇ ਚਿੱਟੇ ਬੂਟਾਂ ਨਾਲ ਮੈਦਾਨ ਵਿਚ ਹਨ ।

ਦੋ ਵਜੇ ਖੇਡ ਸ਼ੁਰੂ ਹੋ ਗਈ ਹੈ।

ਨਾਮਧਾਰੀ ਅ-ਨਾਮਧਾਰੀ ਦਰਸ਼ਕ ਹੱਲਾ ਸ਼ੇਰੀ ਦੇ ਮੂਡ ਵਿੱਚ ਕਦੇ-ਕਦੇ ਉੱਚੀ-ਉੱਚੀ ਬੋਲ ਉੱਠਦੇ ਹਨ- ਸਾਬਾਸ਼! ਬੱਕ ਅੱਪ!! .. ਚਾਰ ਨੰਬਰ ਓ , ਚੱਲ ਓਏ!! 'ਬਹੁਤੀ ਵਾਹਵਾ' ਗੁਰੂ ਹਰੀ ਸਿੰਘ ਨਾਮ ਦੀ ਟੀਮ ਦੇ ਮੁੰਡਿਆਂ ਵਾਸਤੇ ਹੈ।

ਹਲਕੀ-ਹਲਕੀ ਧੁੱਪ, ਘਾਹਦਾਰ ਮੈਦਾਨ, ਹਰ ਪਾਸੇ ਦਰਸ਼ਕਾਂ ਦੀ ਮੁਨਾਸਿਬ ਗਿਣਤੀ। ਖਿਡਾਰੀਆਂ ਨੂੰ ਭਾਵੇਂ ਕਾਫ਼ੀ ਬੇਚੈਨੀ ਹੈ, ਪਰ ਸ਼ੁਰੂ ਦੇ ਮਿੰਟਾਂ ਵਿੱਚ ਦਰਸ਼ਕਾਂ ਨੂੰ ਖੇਡ ਠੰਢੀ ਲੱਗਦੀ ਹੈ।

ਖੂੰਟੀ ਵਾਲੀ 'ਡੀ' ਵਿੱਚ ਸਾਡੀ ਟੀਮ ਨੂੰ ਦੋ ਵਾਰ ਕਾਰਨਰ ਮਿਲੇ ਹਨ। ਪਰ ਗੱਲ ਬਣੀ ਨਹੀਂ। ਲਉ, 2.22 ਤੇ ਕੂਕਿਆਂ ਨੇ ਖੂੰਟੀ ਨੂੰ ਗੋਲ ਕਰ ਦਿੱਤਾ। ਜਸਵਿੰਦਰ ਨੇ ਕੀਤਾ ਹੈ ਸ਼ਾਇਦ। ਚੁਤਰਫੋਂ ਸ਼ਾਬਾਸ਼, ਵਾਹਵਾ, ਤਾਲੀਆਂ ਤੇ ਗੋਲਿਆਂ ਦਾ ਖੜਾਕ।

ਵੇਖਣ ਨੂੰ ਖੂੰਟੀ ਵਾਲੇ ਵੱਡੇ-ਵੱਡੇ ਤੇ ਸਫੈਦ ਬੁਨਿਆਨਾਂ ਵਾਲੇ ਛੋਟੇ ਛੋਟੇ ਹਨ। 2.30 ਤੱਕ, ਖੂੰਟੀ ਵਾਲੀ ਦੋ ਵੇਰ ਗੋਲ ਹੋਣੋਂ ਮਸਾਂ ਬਚੇ। ਹੋਰ 4 ਮਿੰਟ ਤੱਕ ਖੂੰਟੀ ਵਾਲਿਆਂ ਨੂੰ ਲਾਂਗ ਕਾਰਨਰ ਮਿਲ ਗਿਆ। ਊਂ ਹੂੰ, ਗੱਲ ਨਹੀਂ ਬਣੀ।

ਤੇ ਫਿਰ ਦੂਜੇ ਹਾਫ਼ ਵਿਚ ਦੋਵੇਂ ਟੀਮਾਂ ਸਰਗਰਮੀ ਨਾਲ ਡੀਫੈਂਸ-ਓਫੈਸ (ਬਚਾਓ ਤੇ ਹਮਲਾ) ਕਰਦੀਆਂ ਰਹੀਆਂ। ਦਰਸ਼ਕ ਤਾਂ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਏ ਹੋਏ ਹਨ। ਸਭ ਦਾ ਧਿਆਨ ਮੈਚ-ਮੈਦਾਨ ਵਿਚ ਖੇਡਦੇ ਬੱਚਿਆਂ ਦੀ ਹਾਕੀ ਨਾਲ ਗੇਂਦ ਕਦੇ ਸੱਜੇ ਕਦੇ ਖੱਬੇ ਨੂੰ ਜਾਂਦਾ ਹੈ ।

ਅਤੇ ਅਚਾਨਕ ਉੱਚੀ-ਉੱਚੀ ਜੈਕਾਰੇ ਤੇ ਹੋ-ਹੋ ਹੋਣ ਲੱਗ ਪਈ। ਤਾਲੀਆਂ ਤੇ ਤਾਲੀਆਂ। ਆਖਰੀ ਸਕੋਰ 1-0, ਤੇ ਮੈਚ ਖ਼ਤਮ ਹੋ ਗਿਆ ਹੈ। ਵਧਾਈਆਂ! ਗਲਵਕੜੀਆਂ !! ਕਿਆ ਬਾਤ ਹੈ ਜੀ ਛੋਟੇ ਬੱਚਿਆਂ ਨੇ ਤਕੜਿਆਂ ਦੀ ਪੇਸ਼ ਨਹੀਂ ਜਾਣ ਦਿੱਤੀ। ਦੋਵੇਂ ਠਾਕੁਰ ਖੁਸ਼ੀ ਨਾਲ ਗੁਦਗੁਦਾਏ, ਜਾਣਕਾਰ ਦਰਸ਼ਕ ਉਨ੍ਹਾਂ ਨੂੰ ਮੁਬਾਰਕਾਂ ਦੇਣ ਲਈ ਭੀੜ ਵਿਚੋਂ ਰਾਹ ਲਭਦੇ ਹਨ ।

14 ਨਵੰਬਰ 1980, ਸ਼ੁੱਕਰਵਾਰ, ਨਵੀਂ ਦਿੱਲੀ

ਅੰਤਮ ਵਿਜੈ- ਸ਼ਿਵਾ ਜੀ ਸਟੇਡੀਅਮ। ਤਿੰਨੇ ਤਰਫ਼ਾਂ ਦਰਸ਼ਕ ਨਰ-ਨਾਰੀਆਂ ਨਾਲ ਭਰਪੂਰ। ਅੱਜ ਖੇਡ ਦੀ ਸ਼ੁਰੂਆਤ 3.30 ਬਾਦ ਦੁਪਹਿਰ। ਭਿੜ ਪਈਆਂ ਦੋਵੇਂ ਟੀਮਾਂ। ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਅਤੇ ਬੀ. ਏ. ਵੀ. ਮੇਰਠ। ਨਾਮਧਾਰੀ

ਚਿੱਟੇ ਪਹਿਰਾਵੇ ਵਿਚ, ਮੇਰਠੀਏ ਪੀਲੇ ਨੀਲੇ। ਖੇਡ ਮੱਚ ਪਈ ਜਲਦੀ ਹੀ, ਇਕ ਪਾਸੇ ਛੋਟੇ-ਛੋਟੇ, ਦੂਜੇ ਪਾਸੇ ਵੱਡੇ-ਵੱਡੇ।

ਦੋਹਾਂ ਟੀਮਾਂ ਦੇ ਹਮਾਇਤੀ ਖ਼ਾਸ ਪੁਆਇੰਟਾਂ ਤੇ ਰੌਲਾ ਪਾਂਦੇ। ਲੋਕੀਂ ਆਮ ਤੌਰ 'ਤੇ ਗੁਰੂ ਹਰੀ ਸਿੰਘ ਟੀਮ ਦੀ ਜਿੱਤ ਚਾਂਹਦੇ।

10 ਮਿੰਟ ਬੀਤਿਆਂ, ਮਸਾਂ ਹੀ ਗੁਰੂ ਹਰੀ ਸਿੰਘ ਟੀਮ ਨੇ ਗੋਲ ਹੋਣੋਂ ਬਚਾਇਆ ਹੈ।

ਸ਼ਾਬਾਸ਼ ! ਬਕ ਅੱਪ !! ਪਟਾਖੇ ! 12 ਮਿੰਟ ਤੇ ਸਾਡੀ ਟੀਮ ਨੂੰ ਗੋਲ ਹੋਣੋਂ ਮਸਾਂ ਬਚਿਆ ਹੈ। ਨਿੱਕੀ ਜਿਹੀ ਝੜਪ। ਲੋਕਾਂ ਵਿੱਚ ਰੌਲਾ। ਖੇਡ ਫਿਰ ਸ਼ੁਰੂ। ਲੋਕਾਂ ਦੀਆਂ ਨਜ਼ਰਾਂ ਨਿਕਚੂ ਸਫ਼ੈਦ ਗੇਂਦ ਦੇ ਨਾਲ ਨਾਲ, 14 ਮਿੰਟ 'ਤੇ ਮੇਰਠ ਵਾਲਿਆਂ ਗੋਲ ਹੋਣੋਂ ਮਸਾਂ ਬਚਾਇਆ। ਰੈਫਰੀ ਦੀ ਸੀਟੀ ਘੜੀ ਘੜੀ। ਹੋ ਹੋ, ਹਾਂ ਹਾਂ !! 15 ਮਿੰਟ (3.45) ਮੇਰਠ ਵਾਲੇ ਫਿਰ ਮਸਾਂ ਬਚੇ।

ਦਰਸ਼ਕਾਂ ਵਿਚ ਨਾਮਧਾਰੀ ਬਹੁਤ। 20 ਮਿੰਟ ਤੇ ਮੇਰਠ , ਫਿਰ ਵਾਲ-ਵਾਲ ਬਚਿਆ। ਗੁਆਂਢੋਂ ਆਵਾਜ਼- ਮੇਰਠੀਆਂ ਦੀ ਕਿਸਮਤ ਚੰਗੀ ਹੈ।

ਦੋਹਾਂ ਟੀਮਾਂ ਦੇ ਕੁਛ ਖਿਡਾਰੀ

ਮੇਰਠ- 1. ਆਰ. ਐਸ. ਰਾਵਤ 2. ਮਾਰੀਜ਼ਵੀ 3. ਆਰ. ਕੇ. ਡੋਸਾ 4. ਨੂਰੁਲ 5. ਲਲਿਤ 6. ਬਿਸ਼ਨੋਈ 7. ਐਬ੍ਰਾਹਿਮ 8. ਅਕਸ਼ਰਨਾ 9. ਗੁਲਾਮ

ਗੁਰੂ ਹਰੀ ਸਿੰਘ ਮਹਾਂ ਵਿਦਿਆਲਾ- ਸਵਿੰਦਰ ਸਿੰਘ, ਗੁਰਦੀਪ ਸਿੰਘ, ਜਸਵਿੰਦਰ ਸਿੰਘ, ਜਗਦੀਸ਼ ਸਿੰਘ, ਬੱਗਾ ਸਿੰਘ, ਗੁਰਨਾਮ ਸਿੰਘ, ਦਰਸ਼ਨ ਸਿੰਘ, ਹਰਮਿੰਦਰ ਸਿੰਘ, ਗੁਰਮੇਜ ਸਿੰਘ, ਦੀਦਾਰ ਸਿੰਘ, ਬਲਵਿੰਦਰ ਸਿੰਘ।

3.56 ਮੇਰਠ ਵਾਲੇ ਫਿਰ ਗੋਲ ਹੋਣੋਂ ਬਚੇ। ਇਕ ਵਾਰ ਹੋਰ ਬਚਾਅ ਹੋ ਗਿਆ। ਕਦੇ-ਕਦੇ 'ਗਰਮ ਚਾਹ' ਦੀ ਆਵਾਜ਼ ਸੁਣੀਂਦੀ ਹੈ। ਖ਼ਾਕੀ ਵਰਦੀ ਪੁਲਿਸ ਵੀ ਸਟੇਡੀਅਮ ਦੇ ਦੋਹੀਂ ਪਾਸੀਂ। ਸ਼ਾਰਟ ਕਾਰਨਰ, ਲਾਂਗ ਕਾਰਨਰ, ਗੋਲੀ (ਗੋਲ ਕੀਪਰ) ਬਹੁਤ ਵਧੀਆ। ਦੁਹਾਂ ਧਿਰਾਂ ਦੇ ਹਮਾਇਤੀ ਅਤੇ ਪ੍ਰਸ਼ੰਸਕ ਸਰਗਰਮ।

4.03, ਸ਼ਾਰਟ ਕਾਰਨਰ ਮੇਰਠ ਦੀ ਟੀਮ ਨੂੰ ਮਿਲ ਗਿਆ। ਗੱਲ ਨਾ ਬਣੀ। ਕੱਲੇ-ਕੱਲੇ ਦਰਸ਼ਕ ਨੂੰ ਤਕਲੀਫ਼ ਹੋ ਰਹੀ ਹੈ : ਚੱਲ ਅੱਗੇ, ਓਇ 7 ਨੰਬਰ ਕਿੱਥੇ ਹੈ ? ਓ ਲਾਦੇ, ਓ ਲਾਦੇ! ਇਹ ਬਹੁਤ ਤੇਜ਼ ਹੈ, ਰਹਿੰਦਾ ਈ ਗੋਲ ਦੇ ਉਪਰ ਹੈ !

ਲੜਾਈ ਫਸਵੀਂ!

4.06 ਤੇ ਸਾਡੀ ਟੀਮ ਮਸਾਂ ਬਚੀ। ਗੋਲ ਇਕਦਮ ਹੋਣ ਲੱਗਾ ਸੀ। ਇਕ ਮੇਰਠੀਆ ਭੁਆਂਟਣੀ ਖਾ ਡਿੱਗਿਆ। ਇੰਟਰਵਲ, ਬਿਨਾਂ ਜਿੱਤ ਹਾਰੋਂ।

ਕਾਲੀ ਤੇ ਹਰੀ ਵਰਦੀ ਵਾਲੇ ਬੈਂਡ ਬਾਜਾ ਗਰੁੱਪ ਦਾ ਸੰਗੀਤ ਮਈ ਚੱਕਰ। ਅਨਾਉਸਮੈਂਟ- ਮੈਦਾਨ ਵਿਚ ਕੋਈ ਦਰਸ਼ਕ ਨਾ ਆਵੇ। ਕੋਆਪਰੇਟ ਕਰੋ (ਮਿਲ ਵਰਤੋਂ ਦਿਓ)। ਮੇਰਠ ਵਾਲਿਆਂ ਦੁਆਲੇ ਹਮਾਇਤੀਆਂ ਦੀ ਤਕੜੀ ਭੀੜ। ਗੁਰੂ ਹਰੀ ਸਿੰਘ ਟੀਮ ਅਤੇ ਨਾਮਧਾਰੀ ਬਾਜ਼ਾਬਤਾ ।

4.15 ਪਾਸਾ ਬਦਲ। ਖੇਡ ਸ਼ੁਰੂ। ਇਕਵਾਰਗੀ ਬਾਂ, ਬਾਂ, ਇਕਵਾਰ ਚੁੱਪ। ਨੁਕਤੇ ਤੇ ਨੁਕਤਾ। ਹੋਰ 3 ਮਿੰਟ ਤੇ ਮੇਰਠ ਵਾਲ-ਵਾਲ ਬਚਿਆ। 5 ਅਤੇ 7 ਮਿੰਟ ਤੇ ਫੇਰ ਬਚ ਗਿਆ, 18 ਵੇਂ ਮਿੰਟ ਤੇ ਸਾਡੀ ਟੀਮ ਮਸਾਂ ਬਚੀ। ਸ਼ਾਰਟ ਕਾਰਨਰ 10 ਵੇਂ ਮਿੰਟ ਤੇ ਫਿਰ ਖ਼ਤਰਾ। ਸੀਟੀ ਤੇ ਸੀਟੀ। ਲੋਕ ਕਾਹਲੇ- ਕਿਸੇ ਨੂੰ ਤਾਂ ਗੋਲ ਹੋਵੇ।

ਇੱਕ ਗੋਲ ਕਿਸੇ ਨੂੰ ਵੀ ਹੋ ਗਿਆ, ਉਤਰੇਗਾ ਨਹੀਂ। ਸਭ ਦਰਸ਼ਕ ਡਾਢੇ ਤਣਾਅ ਵਿੱਚ। ਖਿਡਾਰੀ ਪੂਰੇ-ਪੂਰੇ ਸੁਚੇਤ ਹੋਕੇ ਜੂਝ ਰਹੇ। 4.25 ਤੇ ਜੈਕਾਰੇ ! ਧਿਆਨ ਵੰਡ। ਸਰਗਰਮੀ ਹੋਰ ਵੀ। ਲੜਾਈ ਚੁੱਟਵੀਂ। 4.32 ਮੇਰਠ ਵਾਲਿਆਂ ਦੀ 'ਡੀ' ਵਿਚ ਗੇਂਦ! ਗੋਲ ਬਚਾਅ। 4.33 ਤੇ ਨਾਮਧਾਰੀ ਮੁਸ਼ਕਲ ਬਚੇ। ਇਕ ਚਿੱਟ ਕੱਪੜੀਏ ਨੂੰ ਬਾਹਰ ਕੀਤਾ ਗਿਆ (ਹਾਕੀ ਮਾਰਨ ਤੋਂ) 'ਦਾਲ ਮਸਾਲਿਆਂ ਵਾਲੇ' ਇਕ ਆਵਾਜ਼।

ਇਕ ਮੇਰਠੀਏ ਦੇ ਡਿੱਗਣ 'ਤੇ ਹੰਗਾਮਾ। ਰੌਲਾ ਰੱਪਾ। ਸਫ਼ੈਦ ਕੱਪੜਿਆਂ ਵਾਲੇ ਉੱਠ ਖਲੋਤੇ। 5 ਮਿੰਟ ਰਹਿੰਦਿਆਂ ਗਲ ਪੈਣ ਦੀ ਹਾਲਤ। ਪੁਲਿਸ ਮੁਦਾਖ਼ਲਤ। ਦੋਵੇਂ ਟੀਮਾਂ ਵੱਖ-ਵੱਖ ਰੈਫ਼ਰੀਆਂ ਪਾਸ। ਲੜਾਈ (ਝਗੜਾ) ਟਲ ਗਈ ।

4.45 ਖੇਡ ਫਿਰ ਸ਼ੁਰੂ। ਪਤਾ ਲੱਗਾ ਸ. ਬਲਦੇਵ ਸਿੰਘ ਚਾਨਾ ਨੂੰ ਕਿਸੇ ਨੇ ਗੁੱਸੇ ਵਿਚ, ਜਾਂ ਖੇਡ ਵਿਗਾੜਨ ਦੀ ਨੀਤ ਨਾਲ ਸ਼ਰਾਬ ਦੀ ਬੋਤਲ ਕੱਢ ਮਾਰੀ।

ਮੈਦਾਨ ਵਿਚ ਅਨ੍ਹੇਰਾ ਛਾ ਰਿਹਾ ਹੈ। ਇਕ ਮੇਰਠੀਆ ਜਾਣ ਕੇ ਡਿੱਗ ਪਿਆ। ਹੰਗਾਮਾ। ਪੈਨਲਟੀ ਕਾਰਨਰ ਮੇਰਠ ਦੇ ਪਾਸੇ ਨੂੰ। ਫਿਰ ਰੌਲਾ... ਸ਼ਾਰਟ ਕਾਰਨਰ ਤੇ ਫਿਰ ਤਣਾਉ। ਕੜਿਕ। ਟੀਂ ਟੀਂ। ਫਿਰ ਚਲੋ। ਅੰਤਮ ਮਿੰਟ। ਨਾਮਧਾਰੀ ਫਿਰ ਬਚੇ।... ਮੇਰਠ ਵਾਲੇ ਵੀ ਗੋਲ ਹੋਣੋਂ ਬਚ ਨਿਕਲੇ!

4.50 ਸ਼ਾਮੀਂ ਖੇਡ ਸਮਾਪਤ। ਦੋਵੇਂ ਧਿਰਾਂ ਬਰਾਬਰ। ਇਨਾਮ ਵੰਡ ਚੀਫ਼ ਗੈਸਟ ਵਾਈ. ਬੀ. ਚੱਵਾਨ ਵੱਲੋਂ। ਦੋਹਾਂ ਟੀਮਾਂ ਦੇ ਕੈਪਟਨ ਸ੍ਰੀ ਚਵਾਨ ਕੋਲ। ਟਾਸ। ਸਤਿ ਸ੍ਰੀ ਅਕਾਲ (ਗੁਰੂ ਹਰੀ ਸਿੰਘ) ਨੂੰ ਜਿੱਤ। ਛਾਲਾਂ! ਖੁਸ਼ੀਆਂ !!

ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਨੂੰ ਗੋਲਡਨ ਕੱਪ

ਟੀਮ ਕਪਤਾਨ ਨੂੰ ਕੱਪ

ਗੋਲ ਕੀਪਰ ਨੂੰ ਕੱਪ

ਸਾਰੇ ਬੱਚਿਆਂ ਨੂੰ ਕੱਪ, ਸਫੈਦ ਪਹਿਰਾਵੇ ਵਾਲੇ।

ਇਹੋ ਸਤਿਕਾਰ ਕ੍ਰਮਵਾਰ ਬੀ. ਏ. ਵੀ. ਮੇਰਠ ਦੀ ਟੀਮ ਨੂੰ... ਗੋਲਡਨ ਟ੍ਰਾਫ਼ੀ ਦੀ ਥਾਂ ਸਿਲਵਰ ਟ੍ਰਾਫ਼ੀ। ਪੰਥ ਨੂੰ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵਧਾਈਆਂ ਹੀ ਵਧਾਈਆਂ !!!

ਖੇਡ ਮੈਦਾਨ ਵਿਚ ਬੜਾ ਚਿਰ ਸਰਗਰਮੀ ਬਣੀ ਰਹੀ। ਸਾਡੇ ਖਿਡਾਰੀਆਂ ਕੱਪ ਚੱਕ, ਜਥਾ ਬਣਾ, ਮੈਦਾਨ ਦਾ ਚੱਕਰ ਲਾਇਆ। ਸਭ ਤੋਂ ਛੋਟੇ ਨੂੰ ਕਿਸੇ ਨੇ ਮੋਢੇ ’ਤੇ ਉਠਾ ਲਿਆ। ਨਾਅਰੇ- ਸਤਿਗੁਰੂ ਜਗਜੀਤ ਸਿੰਘ ਜੀ ਦੀ ਜੈ! ਨਾਮਧਾਰੀ ਪੰਥ ਜ਼ਿੰਦਾਬਾਦ!! ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਅਮਰ ਰਹੇ।...

ਸ਼ਾਮਾਂ ਨੂੰ ਦਿੱਲੀ ਵਿਚ ਛਪਦੇ ‘ਸਾਂਧਿਅ ਟਾਈਮਜ਼’ ਨੇ ਅੱਜ ਦੀ ਹਾਕੀ ਫਾਈਨਲ ਬਾਰੇ ਰਿਪੋਰਟ ਦਿੱਤੀ। ਸਿਰਲੇਖ ਸੀ- ਬਾਲਕੋਂ ਕੇ ਬੀਚ ਸੰਘਰਸ਼ ਮਈ ਹਾਕੀ : ਨਹਿਰੂ ਫਾਈਨਲ ।

21 ਸਤੰਬਰ 1981, ਸੋਮਵਾਰ, ਭੈਣੀ ਸਾਹਿਬ

ਨਾਮਧਾਰੀ ਹਾਕੀ ਟੀਮ- ਮੈਂ ਜਦੋਂ ਸ਼ਾਮੀਂ, ਬਜ਼ੁਰਗਾਂ ਨਾਲ ਮੁਲਾਕਾਤ ਕਰ ਕੇ ਭੈਣੀ ਸਾਹਿਬ, ਰਾਮਸਰ ਨੂੰ ਪਰਤ ਰਿਹਾ ਸਾਂ ਤਾਂ ਤਬੇਲੇ ਦੇ ਲਾਂਘੇ ਵਿਚ ਮੈਨੂੰ ਠਾਕੁਰ ਉਦੈ ਸਿੰਘ ਜੀ ਆਉਂਦੇ ਮਿਲੇ। ਉਹਨਾਂ ਤੋਂ ਜਾਣਕਾਰੀ ਮਿਲੀ ਕਿ ਕੱਲ ਧਮੋਟ (ਜ਼ਿ: ਲੁਧਿਆਣਾ) ਵਿੱਚ ਨਾਮਧਾਰੀ ਬੱਚਿਆਂ (18 ਸਾਲ ਤੋਂ ਘੱਟ ਉਮਰ ਦੇ) ਦੀ ਹਾਕੀ ਟੀਮ ਤਕੜੀਆਂ ਟੀਮਾਂ ਤੋਂ ਮੈਚ ਜਿੱਤ ਕੇ ਫਾਈਨਲ ਵਿਚ ਹਾਰ ਗਈ। ਠਾਕਰ ਜੀ ਨੇ ਕਿਹਾ- ਪਹਿਲਾਂ ਅਸੀਂ ਖਾਲਸਾ ਕਾਲਿਜ ਸੁਧਾਰ ਨੂੰ ਜਿੱਤਿਆ ਫਿਰ ਜਲੰਧਰ ਦੇ ਸਪੋਰਟਸ ਕਾਲਿਜ ਦੀ ਟੀਮ ਨੂੰ ਹਰਾਇਆ। ਧਮੋਟ ਦੀ ਗਿੱਲ ਸਪੋਰਟਸ ਕੱਲਬ, ਇਸ ਵਿਚ 6 ਮੁੰਡੇ ਨੈਸ਼ਨਲ ਵਿਚ ਖੇਡਣ ਵਾਲੇ ਸਨ, ਨੂੰ ਵੀ ਮਾਤ ਦੇ ਦਿੱਤੀ। ਗਏ ਤਾਂ ਸਾਂ ਸਿਰਫ਼ ਪ੍ਰੈਕਟਿਸ ਦੇ ਪੱਖੋਂ ਹੀ, ਪਰ ਸੋਹਣੀਆਂ ਜਿੱਤਾਂ ਪ੍ਰਾਪਤ ਹੋ ਗਈਆਂ। ਪਹਿਲਾਂ

ਤਾਂ ਸਾਡੇ ਕੱਛਾਂ ਵਾਲੇ ਮੁੰਡੇ ਵੇਖ ਕੇ, ਲੋਕਾਂ ਕਿਹਾ- ਇਹ ਬਾਬੇ ਕਿੱਥੋਂ ਆ ਗਏ। ਪਰ ਜਦੋਂ ਲਗਭਗ 20,000 ਲੋਕਾਂ ਨੇ ਸਾਡੇ ਮੁੰਡਿਆਂ ਦੀ ਵਧੀਆ ਅਤੇ ਸੁੱਚੀ ਖੇਡ ਤੱਕੀ ਤਾਂ ਅਸ਼-ਅਸ਼ ਕਰ ਉੱਠੇ। ਇਨਾਮ ਵੀ, ਸਾਡੇ ਬੱਚਿਆਂ ਨੂੰ ਲੋਕਾਂ ਵੱਲੋਂ ਆਮ ਮਿਲੇ। 10-10, 20-20 ਰੁਪਏ ਤਾਂ ਆਮ ਹੀ ਸਨ। ਇਸ ਅਵਸਰ ਤੇ ਰੈਵੇਨਿਊ ਮਨਿਸਟਰ ਸ. ਬੇਅੰਤ ਸਿੰਘ ਅਤੇ ਐਮ. ਐਲ. ਏ. ਸ. ਜਸਬੀਰ ਸਿੰਘ ਜੱਸੋਵਾਲ (ਪੰਜਾਬ ਕਾਂਗਰਸ ਦੇ ਸਕੱਤਰ) ਵੀ ਆਏ ਹੋਏ ਸਨ। ਏਥੇ ਅਸੀਂ ਬਹੁਤ ਪ੍ਰਸੰਸਾ ਖੱਟੀ।

ਠਾਕੁਰ ਜੀ ਨੇ ਦੱਸਿਆ- ਸਾਡੇ ਬੱਚੇ, ਮੁਕਾਬਲੇ ਦੇ ਖਿਡਾਰੀਆਂ ਦੇ ਪੁੱਤਰ ਹੀ ਜਾਪਦੇ ਸਨ। ਉਮਰ ਦਾ ਫਾਸਲਾ ਏਨਾ ਸੀ। ਫਾਈਨਲ ਵਿਚ ਬੜਾ ਤਕੜਾ ਮੋਰਚਾ ਲੈ ਕੇ, ਦੋ ਗੋਲਾਂ ਤੇ ਹਾਰੇ। ਲੋਕਾਂ ਦੀ ਪ੍ਰਾਰਥਨਾ ਸੀ ਕਿ ਧਮੋਟ ਵਿਚ ਸਤਿਗੁਰੂ ਜੀ ਦਰਸ਼ਨ ਦੇਣ ਜਿੰਨ੍ਹਾਂ ਨੇ ਏਨੇ ਵਧੀਆ ਬੱਚੇ, ਸਿੰਘ ਸਰੂਪ ਖਿਡਾਰੀ ਤਿਆਰ ਕੀਤੇ ਨੇ। ਫਾਈਨਲ ਮੈਚ ਸਮੇਂ ਸ੍ਰੀ ਸਤਿਗੁਰੂ ਜੀ ਵੀ ਦਰਸ਼ਨ ਦਿੱਤੇ।......

ਇਸ ਮੌਕੇ ਸਤਿਗੁਰੂ ਜੀ ਨੇ ਧਮੋਟ (ਲੁਧਿਆਣਾ) ਦੇ ਇਕ ਐਸ. ਡੀ. ਓ. ਨੂੰ ਚੇਤੇ ਕੀਤਾ, ਜਿਸ ਦੇ ਕੱਪੜੇ ਭਾਵੇਂ ਆਮ ਲੋਕਾਂ ਵਰਗੇ ਸਨ, ਪਰ ਹਿਰਦਾ ਨਾਮਧਾਰੀ ਸੀ। ਜਦੋਂ ਨਾਮਧਾਰੀ ਬੱਚਿਆਂ ਦੀ ਹਾਕੀ ਟੀਮ ਪਿਛਲੇ ਦਿਨੀਂ ਧਮੋਟ ਟੂਰਨਾਮੈਂਟ ਤੇ ਹਾਕੀ ਖੇਡਣ ਗਈ ਤਾਂ ਛੋਟੇ ਕਾਕੇ (ਉਦੈ ਸਿੰਘ ਜੀ) ਨੂੰ ਐਸ. ਡੀ. ਓ. ਨੇ ਕਿਹਾ ਕਿ ਉਸ ਦੇ ਘਰ ਖਿਡਾਰੀਆਂ ਦਾ ਲੰਗਰ ਹੋਵੇ। ਕਾਕੇ ਨੇ ਕਿਹਾ ਕਿ ਜਦ ਤਕ ਕਿਸੇ ਨੇ ਭਜਨ ਪੁੱਛਿਆ ਨਾ ਹੋਵੇ, ਸਾਡੀ ਟੀਮ ਕਿਸੇ ਦੇ ਘਰੋਂ ਨਹੀਂ ਖਾਂਦੀ। ਉਸ ਸਪੱਸ਼ਟ ਕਿਹਾ- ਮੈਂ ਨਾਮਧਾਰੀ ਹਾਂ ਤੇ ਇਹ ਘਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਾਤ ਹੈ ।

10 ਨਵੰਬਰ 1981, ਮੰਗਲਵਾਰ, ਨਵੀਂ ਦਿੱਲੀ

ਨਾਮਧਾਰੀ ਟੀਮ ਜੇਤੂ- ਅੱਜ ਨਾਮਧਾਰੀ ਹਾਕੀ ਟੀਮ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਜੀਵਨ ਨਗਰ ਦੇ ਬੱਚਿਆਂ ਦਾ ਮੁਕਾਬਲਾ ਜਲੰਧਰ ਦੇ ਕੇਂਦਰੀ ਵਿਦਿਆਲਾ ਨਾਲ ਹੋਇਆ। ਬਹੁਤ ਸਾਰੇ ਜਾਨੇ-ਮਾਨੇ ਨਾਮਧਾਰੀ ਦਰਸ਼ਕ ਰੂਪ ਵਿਚ ਸਟੇਡੀਅਮ ਵਿਖੇ ਪਹੁੰਚੇ।... ਗੁਰਦਿਆਲ ਸਿੰਘ ਪਨਿਹਾਰੀ ਨੇ ਬੱਚਿਆਂ ਨੂੰ ਮੌਕੇ ਅਨੁਸਾਰ ਨਿਪਟਣ ਲਈ ਹਦਾਇਤਾਂ ਦਿੱਤੀਆਂ। ਮਹਾਂ ਵਿਦਿਆਲਾ ਦੇ ਮੁੱਖ ਅਧਿਆਪਕ ਮਾ. ਇਕਬਾਲ ਸਿੰਘ ਟੀਮ ਦੇ ਸਾਬਕਾ ਮੈਨੇਜਰ ਸੰਤ ਹਰਬੰਸ ਸਿੰਘ ਫੌਜੀ, ਸ੍ਰੀ ਗੁਰਮੁੱਖ ਸਿੱਖ ਸਾਬਕਾ ਸਕੱਤਰ, ਵਰਤਮਾਨ ਮੈਨੇਜਰ ਹਾਕੀ ਟੀਮ ਬੱਚਿਆਂ ਵਾਲੇ ਪਾਸੇ ਹਰ ਤਰ੍ਹਾਂ ਨਿਗਹਬਾਨੀ ਕਰ ਰਹੇ ਸਨ। ਮਾ. ਨਿਹਾਲ ਸਿੰਘ ਪ੍ਰਧਾਨ ਨਾਮਧਾਰੀ ਦਰਬਾਰ ਵੀ ਉਪਸਥਿਤ ਸਨ ।

ਨਾਮਧਾਰੀ ਲੜਕੇ ਜੋ 16 ਤੋਂ ਹੇਠਾਂ ਦੀ ਉਮਰ ਦੇ ਸਨ, ਜਲੰਧਰ ਕੇਂਦਰੀ ਵਿਦਿਆਲੇ ਦੇ ਟਾਕਰੇ ਤੇ ਨਿਕਲੇ ਤਾਂ ਉਹਨਾਂ ਦੇ ਤੇੜ ਕਛਹਿਰੇ, ਗਲ ਬਨੈਣਾਂ ਤੇ ਸਿਰ ਤੇ ਸਿੱਧੀਆਂ ਦਸਤਾਰਾਂ ਸਨ। ਨੀਲੀਆਂ ਸ਼ਰਟਾਂ ਵਾਲੇ ਜਲੰਧਰੀ ਬੱਚੇ ਵੀ ਤਕੜੇ ਨਰੋਏ ਸਨ। ਹਾਕੀ ਦੀ ਖੇਡ ਕਲਾ ਵਿਚ ਵੀ ਪਾਰੰਗਤ, ਪਰ ਅੱਜ ਨਾਮਧਾਰੀ ਬੱਚਿਆਂ ਨੇ ਇਹਨਾਂ ਨੂੰ ਫਸਵੀਂ ਜਦੋ-ਜਹਿਦ ਵਿਚ ਸ਼ਾਰਟ ਕਾਰਨਰ ਦੇ ਤਿੰਨ ਗੋਲ ਨਾਲ ਹਰਾ ਦਿੱਤਾ। ਇਸ ਖੁਸ਼ੀ ਵਿਚ ਗੋਲੇ ਚਲਾਣ ਵਾਲੇ ਉਤਸ਼ਾਹੀਆਂ ਵੀ ਆਖ਼ਰ ਲਿਆਈ ਰੱਖੀ।

ਨਾਮਧਾਰੀ ਹਾਕੀ ਟੀਮ ਬੰਬਈ ਵਿਚ– ... 7.12.81 ਨੂੰ ਹੋ ਰਹੇ ਵਰਲਡ ਕੱਪ ਹਾਕੀ ਟੂਰਨਾਮੈਂਟ ਦੇ ਮੁਕਾਬਲੇ ਵੇਖਣ ਲਈ ਸਾਡੀ ਹਾਕੀ ਟੀਮ ਬੰਬਈ ਪਹੁੰਚੀ ਹੋਈ ਹੈ। ਬੱਚਿਆਂ ਦੇ ਅਧਿਆਪਕ ਵੀ ਨਾਲ ਹਨ, ਕੋਚ ਅਤੇ ਮੈਨੇਜਰ ਵੀ। ਅਗਵਾਈ ਠਾਕਰ ਉਦੈ ਸਿੰਘ ਜੀ ਕਰ ਰਹੇ ਹਨ।

17 ਫਰਵਰੀ 1983, ਜੀਵਨ ਨਗਰ

ਸਤਿਗੁਰੂ ਜੀ ਦਾ ਕਥਨ– ਹਾਕੀ ਵਾਲਿਆਂ ਬਾਰੇ ਬਚਨ ਕੀਤਾ ਕਿ ਸ਼ਾਇਦ ਉਹ ਅਗਲੇ ਸਾਲ ਨਾ ਖੇਡ ਸਕਣ। ਹੁਣ ਉਨ੍ਹਾਂ ਦੀ ਥਾਂ ਨਵੀਂ ਟੀਮ ਤਿਆਰ ਕਰਨੀ ਹੈ। ਨਵੇਂ ਮਾਪੇ, ਨਵੇਂ ਬੱਚੇ, ਨਵੇਂ ਕੋਚ, ਨਵੇਂ ਪ੍ਰਬੰਧਕ ਅੱਗੇ ਆਉਣ। ਖਿਡਾਰੀਆਂ ਵਿਚ ਨੀਲੀ ਵਰਦੀ ਦੀ ਅਗੋਂ ਲੋੜ ਪਵੇਗੀ। ਸਾਡੇ ਧਰਮ ਦੇ ਇਹ ਅਨੁਕੂਲ ਨਹੀਂ। ਉਮੀਦ ਹੈ ਕਿ ਚੰਗੇ ਅਧਿਕਾਰੀਆਂ ਦੇ ਦਖਲ ਨਾਲ ਇਹ ਵੀ ਸਮੱਸਿਆ ਸੁਲਝ ਜਾਵੇਗੀ। ਇਹਨਾਂ ਵਿਚ 4 ਲੜਕੇ ਨੈਸ਼ਨਲ ਹਾਕੀ ਟੀਮ ਵਾਸਤੇ ਚੁਣੇ ਗਏ ਹਨ। ਖਿਡਾਰੀ ਬੱਚੇ ਵੀ ਘਰਾਂ ਵੱਲ ਨਾ ਭੱਜਣ। ਉਹਨਾਂ ਜਿਹੜੀ ਸ਼ੋਭਾ ਜਿੱਤੀ ਹੈ, ਇਸਨੂੰ ਕਾਇਮ ਰੱਖਣ। ਸ਼ੋਭਾ ਪੈਸਿਆਂ ਨਾਲ ਨਹੀਂ ਖਰੀਦੀ ਜਾ ਸਕਦੀ। ਇਸ ਲਈ ਮਿਹਨਤ ਤੇ ਈਮਾਨਦਾਰੀ ਦੀ ਜ਼ਰੂਰਤ ਹੁੰਦੀ ਹੈ।

22 ਫਰਵਰੀ 1983, ਮੰਗਲਵਾਰ, ਨਵੀਂ ਦਿੱਲੀ

ਹਾਕੀ ਟੀਮ ਦੀ ਸਫ਼ਲਤਾ– ਜਾਣ ਤੋਂ ਪਹਿਲੋਂ ਠਾਕੁਰ ਜੀ ਨੇ ਮੈਨੂੰ ਹਿੰਦੁਸਤਾਨ ਟਾਈਮਜ਼ ਪਬਲੀਕੇਸ਼ਨਜ਼ ਹਫਤਾਵਾਰੀ WEEKEND ਰੀਵੀਊ ਮਿਤੀ ਫਰਵਰੀ 20 ਤੋਂ 26, 1983, V,III ਨੰ: 49 ਦਾ ਪਰਚਾ ਅਤੇ ਕੁਛ ਕਟਿੰਗਜ਼ ਦਿੱਤੇ, ਜਿਨ੍ਹਾਂ ਵਿੱਚ ਜੱਬਲਪੁਰ (ਮੱਧ ਭਾਰਤ) ਵਿੱਚ 4.2.83 ਨੂੰ ਖੇਡੇ ਗਏ ਨੈਸ਼ਨਲ ਜੂਨੀਅਰ ਹਾਕੀ ਚੈਂਪੀਅਨਸ਼ਿਪ ਮੁਕਾਬਲਿਆਂ ਦੀਆਂ ਖ਼ਬਰਾਂ ਸਨ। ਵੀਕ ਐਂਡ ਰੀਵੀਊ ਦੇ 12ਵੇਂ ਪੇਜ ਤੇ ਤਿੰਨ ਸਾਡੀਆਂ ਫੋਟੋ ਨਾਲ ਖੇਡ ਦੀ ਸਾਰੀ ਕਹਾਣੀ ਦਿਤੀ ਸੀ। ਲੇਖਕ ਵਿਜੈ ਕੌੜਾ ਨੇ ਜੱਬਲਪੁਰ ਦੇ ਨੈਸ਼ਨਲ ਜੂਨੀਅਰ ਹਾਕੀ ਮੁਕਾਬਲਿਆਂ ਦੇ ਫਾਈਨਲ ਦੀ ਚਰਚਾ

ਕਰਦਿਆਂ, ਨਾਮਧਾਰੀ ਬੱਚਿਆਂ ਦੀ ਪਿਛਲੇ ਦੋ ਸਾਲ ਦੀ ਕਾਰ ਕਰਦਗੀ ’ਤੇ ਵੀ ਰੋਸ਼ਨੀ ਪਾਈ ਹੈ।

ਬੜਾ ਵਧੀਆ ਪੇਸ਼ ਕੀਤਾ ਗਿਆ ਹੈ ਸਾਡੀ ਟੀਮ ਜਥੇਬੰਦੀ ਨੂੰ। ਦੂਜੇ ਅਖਬਾਰਾਂ ਦੇ ਕੱਟਿੰਗ ਪੜ੍ਹਿਆਂ ਪਤਾ ਲੱਗਦਾ ਹੈ ਕਿ 4.2.83 ਨੂੰ ਜੱਬਲਪੁਰ ਵਿਚ ਖੇਲੇ ਗਏ ਸੈਮੀ ਫਾਈਨਲ ਵਿਚ ਸਾਡੀ ਟੀਮ ਹਰਿਆਣੇ ਦੀ ਪ੍ਰਤੀਨਿੱਧਤਾ ਕਰ ਰਹੀ ਸੀ। ਇਸ ਨੇ ਇਸ ਤਰ੍ਹਾਂ ਚੰਗੀ ਖੇਡ ਵਖਾ ਕੇ ਛਿੱਥਿਆਂ ਪਾ ਦਿੱਤਾ ਕਿ ਹਰਿਆਣਾ ਵੱਲੋਂ ਪਹਿਲੇ ਗੋਲ ਤੇ ਪੰਜਾਬ ਦੇ ਗੋਲਕੀਪਰ ਸੁਖਜਿੰਦਰ ਸਿੰਘ ਨੇ ਹਰਿਆਣੇ ਦੇ ਸੈਂਟਰ ਫਾਰਵਰਡ ਗੁਰਮੇਜ ਸਿੰਘ ਦੇ ਸਿਰ ਵਿਚ ਹਾਕੀ ਦੇ ਮਾਰੀ। ਇਸ ਜ਼ਖ਼ਮੀ ਨੂੰ ਸਟੈਚਰ ਤੇ ਪਾ ਕੇ ਹਸਪਤਾਲ ਪੁਚਾਇਆ ਗਿਆ। ਦੋ ਕੁ ਨਾਮਧਾਰੀ ਬੱਚਿਆਂ ਨੂੰ ਹੋਰ ਵੀ ਖਰੌਚਾਂ ਆਈਆਂ। ਪੁਲਿਸ ਨੇ ਵੇਲੇ ਸਿਰ ਦਖਲ ਦੇ ਕੇ ਸ਼ਾਂਤੀ ਕਰਵਾਈ। ਇਸ ਮੌਕੇ ਤੇ ਇੰਡੀਅਨ ਹਾਕੀ ਫ਼ੈਡਰੇਸ਼ਨ ਦੇ ਪ੍ਰੈਜ਼ੀਡੈਂਟ ਸ੍ਰੀ ਐਮ. ਮਹਾਜਨ ਵੀ ਦਰਸ਼ਕਾਂ ਵਿਚ ਸਨ।

ਦਿਲਚਸਪੀ ਲਈ ਦੂਜੇ ਅਖਬਾਰਾਂ ਦੀਆਂ ਟਿੱਪਣੀਆਂ ਹਾਜ਼ਰ ਹਨ–

“ਹਰਿਆਣੇ ਵਾਲੇ ਮੁੰਡੇ ਸਨ ਅਤੇ ਪੰਜਾਬ ਵਾਲੇ ਆਦਮੀਆਂ ਵਰਗੇ। ਕੱਦ ਕਾਠ ਵਿਚ ਏਨਾ ਫਰਕ ਸੀ” ਵੱਲੋਂ ਜੋਹਨ ਕ੍ਰਾਸਟੋ। (ਅੰਗਰੇਜ਼ੀ ਵਿਚੋਂ)

“ਹਰਿਆਣਾ ਨੇ ਖੇਡ ਸ਼ੁਰੂ ਹੋਣ ਤੋਂ ਤੀਸਰੇ ਮਿੰਟ ਵਿਚ ਪੈਨਲਟੀ ਸਟਰੋਕ ਨਾਲ ਗੋਲ ਕਰ ਦਿੱਤਾ। ਇਹ ਗੋਲ ਗੁਰਮੇਜ ਨੇ ਕੀਤਾ।” ਦੇਸ਼ ਬੰਧੂ (ਹਿੰਦੀ) 5.2.83।

“ਪੰਜਾਬ ਦੇ ਖਿਲਾੜੀ ਇਕ ਗੋਲ ਨਾਲ ਪਿੱਛੇ ਹੋਣ ਦੇ ਕਾਰਨ ਆਪਣੀ ਸੁਭਾਵਕ ਖੇਡ ਨਾ ਖੇਡ ਕੇ ਰਫ਼ ਖੇਡ ’ਤੇ ਉਤਾਰੂ ਹੋ ਗਏ। ਫਿਰ ਵੀ ਉਹ ਹਰਿਆਣੇ ਦੇ ਸ਼ਾਨਦਾਰ ਖੇਲ ਤੇ ਕੁਛ ਪ੍ਰਭਾਵ ਨ ਪਾ ਸਕੇ।... ਪੰਜਾਬ ਦੇ ਖਿਡਾਰੀਆਂ ਦੁਆਰਾ ਮਾਰ-ਕੁਟ ਦਾ ਵਿਰੋਧ ਦਰਸ਼ਕਾਂ ਵੀ ਕੀਤਾ।” ‘ਨਵੀਨ ਦੁਨੀਆਂ’ (ਜਬਲਪੁਰ ਦਾ ਹਿੰਦੀ)

“ਖੇਡ ਖ਼ਤਮ ਹੋਣ ਤੋਂ ਦੋ ਮਿੰਟ ਪਹਿਲਾਂ ਗੁਰਮੇਜ ਸਿੰਘ ਜ਼ਖਮੋਂ ਲਹੂ ਚੋਂਦਿਆਂ ਹਸਪਤਾਲ ਲੈ ਜਾਇਆ ਗਿਆ, ਜਦੋਂ ਕਿ ਪੰਜਾਬ ਦੇ ਗੋਲ ਕੀਪਰ ਸੁਖਜਿੰਦਰ ਸਿੰਘ ਨੇ ਹਾਕੀ ਨਾਲ ਮਾਰਿਆ।” ਸਟੇਟਸ ਮੈਨ, 5.2.83

“ਗਿਆਨ ਯੁਗ” ਨਾਂ ਦੇ ਹਿੰਦੀ ਦੈਨਿਕ ਨੇ ਤਿੰਨ ਫੋਟੋ ਦੇ ਕੇ ਸੁਰਖੀ ਜਮਾਈ– “ਪੰਜਾਬ ਦੁਆਰਾ ਖੇਲ ਭਾਵਨਾ ਵਿਰੋਧੀ ਪ੍ਰਦਰਸ਼ਨ।” ਆਦਿਕ

ਜੱਬਲਪੁਰ, ਨਾਗਪੁਰ, ਭੋਪਾਲ, ਰਾਇਪੁਰ ਅਤੇ ਇੰਦੌਰ ਤੋਂ ਇਕੋ ਵਾਰ ਪ੍ਰਕਾਸ਼ਿਤ ਹੋਣ ਵਾਲੇ ਦੈਨਿਕ 'ਨਵ ਭਾਰਤ' ਨੇ ਗੁਰਮੇਜ ਸਿੰਘ ਦੇ ਗੋਲ ਕਰਨ ਤੇ ਸਟੈਚਰ ਤੇ ਪੈ ਕੇ ਹਸਪਤਾਲ ਜਾਣ ਦੀਆਂ ਫੋਟੋ ਲਗਾ ਕੇ ਸਾਰੀ ਖੇਡ ਦੇ ਵੇਰਵੇ ਦਿਤੇ। ਉਸਦੀ ਟਿੱਪਣੀ ਹੈ- "ਸਥਾਨੀਅ ਰਾਈਟ ਟਾਊਨ ਸਟੇਡੀਅਮ ਵਿਚ ਜਾਰੀ ਜੂਨੀਅਰ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿਚ ਹਰਿਆਣਾ ਅਤੇ ਪੰਜਾਬ ਵਿਚ ਖੇਡੇ ਗਏ ਸੈਮੀ ਫਾਈਨਲ ਮੈਚ ਦੇ ਅੰਤਮ ਪਲਾਂ ਵਿਚ ਉਸ ਵੇਲੇ ਮਾਹੌਲ ਗਰਮ ਹੋ ਗਿਆ ਜਦੋਂ ਪੰਜਾਬ ਦੇ ਗੋਲਕੀਪਰ ਸੁਖਜਿੰਦਰ ਨੇ ਅਚਾਨਕ ਗੁਰਮੇਜ ਦੇ ਸਿਰ ਵਿਚ ਹਾਕੀ ਮਾਰ ਕੇ ਉਸ ਨੂੰ ਲਹੂ ਲੁਹਾਨ ਕਰ ਦਿੱਤਾ।"

ਜੱਬਲਪੁਰ, ਰਾਇਪੁਰ ਅਤੇ ਨਾਗਪੁਰ ਤੋਂ ਪ੍ਰਕਾਸ਼ਤ ਹੁੰਦੇ ਹਿੰਦੀ ਦੈਨਿਕ 'ਯੁਗ ਧਰਮ' 5-2-83 ਨੇ ਪਹਿਲੇ ਪੇਜ ਤੇ ਦੋ ਫੋਟੋ ਦੋ ਕਾਲਮੀਆਂ ਦੇ ਕੇ, ਜਿਸ ਵਿਚ ਹਾਕੀ ਉਠਾਈ ਖਿਲਾੜੀ ਤੇ ਸਟੈਚਰ ਤੇ ਜਾਂਦਾ ਗੁਰਮੇਜ ਵਖਾਇਆ ਗਿਆ ਹੈ, ਦੀ ਸੁਰਖੀ ਜਮਾਈ- "ਹਾਰ ਤੋਂ ਪੰਜਾਬ ਦੀ ਟੀਮ ਬੁਖਲਾਈ। ਖੇਡ ਦੇ ਮੈਦਾਨ ਵਿਚ ਹਾਕੀ ਚੱਲੀ, ਸੰਘਰਸ਼ ਵਿਚ 3 ਘਾਇਲ।" ਅਤੇ ਖੇਡ ਦੀ ਡੇਢ ਕਾਲਮ ਰਿਪੋਰਟ ਲਿਖੀ ਹੈ।

ਏਨੇ ਅਖ਼ਬਾਰਾਂ ਦੇ ਕਟਿੰਗਜ਼ ਪੜ੍ਹਿਆਂ ਇਕ ਤਾਂ ਪਤਾ ਲੱਗਦਾ ਹੈ ਕਿ ਨਾਮਧਾਰੀ ਖਿਡਾਰੀਆਂ ਅੱਛੀ ਸ਼ੁਹਰਤ ਖੱਟੀ ਹੈ, ਦੂਜੇ ਪੰਜਾਬੀ ਸੂਰਬੀਰ ਆਪਣੇ ਹੀ ਭਾਈ ਬੰਦਾਂ ਨੂੰ ਵੇਖ ਬੁਖਲਾ ਗਏ ਤੇ ਡਾਂਗੋ ਸੋਟੀ ਹੋਣ ਤੱਕ ਆ ਗਏ।

23 ਜੂਨ 1985, ਐਤਵਾਰ, ਦਾਰਾ ਸਲਾਮ (ਤਨਜ਼ਾਨੀਆ)

ਆਪਣੀ ਹਾਕੀ ਟੀਮ ਦੀ ਮਾਟਾਡੋਰ ਖੇਡ-ਮੈਦਾਨ ਵੱਲ 8.30 ਦੂਜੇ ਸਵੇਰੇ ਮੁੜੀ ਤਾਂ ਸੰਗੀਤਕਾਰ-ਲੇਖਕ ਗਰੁੱਪ ਵੀ ਹਾਕੀ ਗਰਾਊਂਡ ਨੂੰ ਹੋ ਲਿਆ। ਦੋਵੇਂ ਟੀਮਾਂ ਦੇ ਜਵਾਨ ਤਿਆਰ ਬਰ-ਤਿਆਰ ਹੋ ਕੇ ਨਿੱਕੇ-ਨਿੱਕੇ ਕਰਤਬਾਂ ਨਾਲ ਆਪਣੇ ਆਪ ਨੂੰ ਗਰਮਾਉਣ ਲੱਗੇ। ਹਾਕੀ ਮੈਚ 9 ਵਜੇ ਜਾਰੀ ਹੋਇਆ। ਲੋਕਲ ਸਿੱਖ ਤੇ ਹਿੰਦੂ ਦੋ ਰੈਫ਼ਰੀ ਮੈਦਾਨ ਵਿਚ ਆਏ। ਪਰਸਪਰ ਖੇਡ ਜਾਰੀ ਕਰਨ ਦਾ ਵਿਸਲ ਵੱਜਿਆ। ਨਾਮਧਾਰੀ ਹਾਕੀ ਟੀਮ ਸਫੈਦ ਗੋਲ ਦਸਤਾਰਾਂ, ਚਿੱਟੀਆਂ ਖੇਡ ਬਨੈਣਾਂ, ਜਿਨ੍ਹਾਂ ਦੇ ਪਿੱਠ ਤੇ 1, 2, 3, 4......ਆਦਿ ਨੰਬਰ , ਛਾਤੀ 'ਤੇ 'ਨਾਮਧਾਰੀ ਹਾਕੀ' ਅੰਗਰੇਜ਼ੀ ਵਿੱਚ ਲਿਖੇ ਸ਼ਬਦ, ਤੇੜ ਰੇਬਦਾਰ ਕਛਹਿਰੇ, ਚਿੱਟੀਆਂ ਜੁਰਾਬਾਂ, ਚਿੱਟੇ ਬੂਟ ਪਹਿਨੀਂ ਮੋਰਚੇ ਵਿੱਚ ਡਟ ਗਈ। ਤਨਜ਼ਾਨੀਅਨ ਟੀਮ ਪ੍ਰਿੰਟਿਡ ਫੁੱਲਦਾਰ ਫੱਟੀਆਂ ਵਾਲੀਆਂ ਸਫੈਦ ਸ਼ਰਟਾਂ ਲਾਲ, ਨੀਲੀਆਂ ਤੇ ਸਫੈਦ ਨਿੱਕਰਾਂ ਰੰਗ ਬਰੰਗੀਆਂ ਜੁਰਾਬਾਂ ਤੇ ਬੂਟ, ਇੱਕ-ਦੋ ਸਿਖ ਜਾਪਦੇ ਬੱਚੇ, 9 ਲੋਕਲ ਵਸੋਂ ਦੇ ਖਿਡਾਰੀ। ਦੋਵੇਂ ਬਰਾਬਰ ਸ਼ਕਤੀ ਦੀਆਂ ਟੀਮਾਂ ਜਾਪਦੀਆਂ ਹਨ।

ਇਸ ਮੌਕੇ ਮੈਦਾਨ ਦੇ ਤਿੰਨ ਤਰਫ਼ੀਂ 300 ਦੇ ਕਰੀਬ ਦਰਸ਼ਨ ਤਨਜ਼ਾਨੀਆ ਹਾਕੀ ਐਸੋਸੀਏਸ਼ਨ ਦਾ ਚੇਅਰਮੈਨ ਮਿ: ਵਾਈ. ਜਾਰਜ ਕ੍ਰਿਸਟਿਸ, ਜਿਹੜਾ ਗਰਵਨਮੈਂਟ ਸਟੋਰਾਂ ਦੀ ਸਪਲਾਈ ਦਾ ਡਾਇਰੈਕਟਰ ਵੀ ਹੈ (ਪੀ. ਓ. ਬਾਕਸ 9150, ਦਾਰਾ ਸਲਾਮ) ਮੌਕੇ ’ਤੇ ਉਪਸਥਿਤ ਹੈ, ਕੁਝ ਪੱਤਰਕਾਰ, ਕੁਝ ਸਾਬਕਾ ਖਿਲਾੜੀ।

ਖੇਡ ਜਾਰੀ ਹੋਈ ਤਾਂ ਪ੍ਰਤੀਤ ਹੋਇਆ ਦੋਵੇਂ ਟੀਮਾਂ ਹੀ ਸਮਰੱਥ ਹਨ ਤੇ ਸਿਆਣੀਆਂ ਵੀ। ਅਠਾਰਾਂ ਮਿੰਟ ਦੇ ਫਸ ਕੇ ਖੇਡਣ ਉਪਰੰਤ ਨਾਮਧਾਰੀ ਹਾਕੀ ਟੀਮ ਨੇ ਇਕ ਗੋਲ ਬਣਾ ਲਿਆ। ਦੂਜੇ ਲਈ ਸਰਗਰਮੀ ਪੈਦਾ ਹੋ ਗਈ। ਤਨਜ਼ਾਨੀਆ ਵਾਲੇ ਸੁਹਣਾ ਖੇਡ ਰਹੇ ਸਨ, ਖ਼ਾਸ ਕਰ ਉਨ੍ਹਾਂ ਦਾ 14 ਨੰਬਰ ਮੈਂਬਰ ਕਾਫ਼ੀ ਛੁਹਲਾ ਤੇ ਗੋਲ ਉਤਾਰਨ ਲਈ ਹਰ ਪਰਕਾਰ ਦੀ ਤੇਜ਼ੀ ਵਰਤ ਰਿਹਾ ਸੀ, ਪਰ ਖੇਡ ਦੇ 25ਵੇਂ ਮਿੰਟ ਤੇ ਨਾਮਧਾਰੀ ਹਾਕੀ ਟੀਮ ਨੇ ਇਕ ਗੋਲ ਹੋਰ ਕਰ ਦਿੱਤਾ। ਤੀਜਾ ਗੋਲ ਸੈਕੰਡ ਹਾਫ਼ ਦੇ 10ਵੇਂ ਮਿੰਟ ਵਿੱਚ ਹੋ ਗਿਆ। 15ਵੇਂ ਮਿੰਟ ਤੋਂ ਨਾਮਧਾਰੀ ਮਸਾਂ ਹੀ ਗੋਲ ਹੋਣੋਂ ਬਚਾ ਸਕੇ। ਗੱਲ ਕੀ ਖੇਡ ਖ਼ਤਮ ਹੋ ਗਈ ਪਰ ਤਨਜ਼ਾਨੀਆ ਹਾਕੀ ਇਕ ਗੋਲ ਵੀ ਨਾ ਕਰ ਸਕੀ। ਉਂਜ ਸਿਆਣੇ ਦਰਸ਼ਕ ਗੱਲਾਂ ਕਰਦੇ ਸਨ ਕਿ ਸਾਰੀ ਟੀਮ ਨੇ ਕਈ ਵਧੀਆ ਮੌਕੇ ਹੱਥੋਂ ਗਵਾਏ। ਪਰ ਅਸੀਂ 3 ਦੇ ਮੁਕਾਬਲੇ ਜ਼ੀਰੋ ਗੋਲਾਂ ਦੀ ਜਿੱਤ ਤੇ ਹੀ ਸੰਤੁਸ਼ਟ ਹਾਂ। ਗੋਲ ਕਰਨ ਵਾਲੇ ਸਨ। ਗੁਰਮੇਜ ਸਿੰਘ, ਗੁਰਨਾਮ ਸਿੰਘ ਅਤੇ ਦੀਦਾਰ ਸਿੰਘ। ਠਾਕਰ ਉਦੈ ਸਿੰਘ ਜੀ ਇਸ਼ਨਾਨ ਪਾਣੀ ਕਰ ਕੇ ਖੇਡ ਮੈਦਾਨ ਵਿਚ 10.10 ’ਤੇ ਪੁੱਜ ਗਏ ਸਨ। ਆਉਂਦਿਆਂ ਹੀ ਉਨ੍ਹਾਂ ਚੇਅਰਮੈਨ ਜਾਰਜ ਕ੍ਰਿਸਟਿਸ ਨਾਲ ਅੰਗਰੇਜ਼ੀ ਬੋਲਚਾਲ ਨਾਲ ਲੁੜੀਂਦੀ ਜਾਣ ਪਛਾਣ ਬਣਾ ਲਈ ਤੇ 20 ਮਿੰਟ ਖੇਡ ਦਾ ਆਨੰਦ ਲਿਆ। ਖੇਲ ਖ਼ਤਮ ਹੋਇਆ ਤਾਂ ਠਾਕਰ ਜੀ ਸੁਭਾਵਕ ਖਲੂਸਦਿਲੀ ਨਾਲ ਸਾਨੂੰ ਹਰੇਕ ਨੂੰ ਮਿਲੇ। ਕਿਸੇ ਨੂੰ ਨਮਸਕਾਰ, ਕਿਸੇ ਨੂੰ ਗਲਵਕੜੀ, ਵਨਿਮਰ ਤੇ ਮੋਹ ਭਰੀ।...

ਖੁਸ਼ੀਆਂ, ਮੁਬਾਰਕਾਂ, ਦਿੰਦਿਆਂ-ਲੈਂਦਿਆਂ ਅਸਾਂ ਖੇਡ ਮੈਦਾਨ ਖਾਲੀ ਕੀਤਾ। ਕੋਚ ਸ. ਗੁਰਦਿਆਲ ਸਿੰਘ ਅਤੇ ਮੈਨੇਜਰ ਸੰਤ ਗਰਮੁਖ ਸਿੰਘ ਰਹਿਬਰ ਆਪਣੀ ਟੀਮ ਲਈ ਸੁਭਾਵਕ ਹੀ ਸੰਤੁਸ਼ਟ ਹੋਣਗੇ। ਇਸ ਨਾਲ ਤਨਜ਼ਾਨੀਆ ਦੇ ਨਾਮਧਾਰੀਆਂ ਨੂੰ ਵੀ ਗੌਰਵ ਪ੍ਰਾਪਤ ਹੋਇਆ ਹੈ ਅਤੇ ਅਸੀਂ ਭਾਰਤੀ ਵੀ ਮਾਣ ਨਾਲ ਉੱਚੀ ਧੌਣ ਕਰਕੇ ਤੁਰਦੇ ਹਾਂ।............

25 ਜੂਨ 1985, ਮੰਗਲਵਾਰ, ਦਾਰਾਸਲਾਮ (ਤਨਜ਼ਾਨੀਆ)

4.00 ਵਜੇ ਤੋਂ ਆਵਾਜ਼ਾਂ ਆਉਣ ਲੱਗੀਆਂ- ਆਓ, ਗੱਡੀਆਂ ਵਿਚ ਬੈਠੋ। ਕੀਨੀਆ ਦੀ ਇੰਟਰਨੈਸ਼ਨਲ ਹਾਕੀ ਟੀਮ ਨਾਲ ਨਾਮਧਾਰੀ ਵਿਦਿਅਕ ਜਥੇ ਦੀ ਟੀਮ ਦਾ ਮੈਚ ਹੈ। ਅਸੀਂ 5 ਕੁ ਵਜੇ ਜਿਮਖਾਨਾ ਗਰਾਊਂਡ ਦਾਰਾ ਐਸ. ਸਲਾਮ ਵਿਖੇ ਪੁੱਜੇ। ਦੋਵੇਂ ਟੀਮਾਂ ਮੈਚ ਮੈਦਾਨ ਵਿਚ ਤਿਆਰੀ ਲਈ ਹੱਥਾਂ ਪੈਰਾਂ ਨੂੰ ਕੰਮ ਦੇ ਰਹੀਆਂ ਸਨ।

ਨਾਮਧਾਰੀ ਹਾਕੀ ਟੀਮ ਸਫੈਦ ਪਹਿਰਾਵੇ ਵਿਚ। ਕੀਨੀਆ ਟੀਮ ਤਕੜੀ ਕਾਲੇ ਰੰਗ ਦੀ ਅਤੇ ਨੀਲੀ ਪੈਂਟ-ਬੁਰਸ਼ਟ ਵਾਲੀ ਵੀ। ਉਂ ਵੀ ਹੱਟੀ ਕੱਟੀ। ਦਰਸ਼ਕ ਵੀ ਹੁੰਮ-ਹੁੰਮਾ ਕੇ ਆਏ ਹਨ। 6 ਤੋਂ 7 ਸੌ ਦੇ ਦਰਮਿਆਨ ਗਿਣਤੀ। ਇਸਤਰੀਆਂ ਵੀ ਵੱਡੀ ਗਿਣਤੀ ਵਿੱਚ। ਹੋਰ ਤਾਂ ਹੋਰ ਯੂ. ਕੇ. ਦੀਆਂ ਪ੍ਰਸਿੱਧ ਮਾਈਆਂ- ਮਾਤਾ ਜੁਗਿੰਦਰ ਕੌਰ, ਕਰਤਾਰ ਕੌਰ ਵੀ ਇਕ ਪਾਸੇ ਕੁਰਸੀਆਂ ਡਾਹੀ ਬੈਠੀਆਂ ਸਨ।

ਸਤਿਗੁਰੂ ਜੀ ਵਾਸਤੇ ਚੰਦੋਆ ਯੁਕਤ ਮੰਚ ਸਥਾਪਤ ਕੀਤਾ ਗਿਆ ਹੈ। ਏਸੇ ਮੰਚ ਤੇ ਪ੍ਰਧਾਨ ਤਨਜ਼ਾਨੀਆ ਸੰਗਤ, ਚੇਅਰਮੈਨ ਤਨਜ਼ਾਨੀਆ ਹਾਕੀ ਐਸੋਸੀਏਸ਼ਨ ਮਿ. ਵਾਈ ਜਾਰਜ ਕ੍ਰਿਸਟਸ, ਸ. ਮਹਿੰਦਰ ਸਿੰਘ ਪਾਲਰੇ ਆਦਿ ਬੈਠੇ ਸਤਿਗੁਰੂ ਜੀ ਅਤੇ ਮੈਚ ਦੀ ਸ਼ੁਰੂਆਤ ਦੀ ਇੰਤਜ਼ਾਰ ਕਰ ਰਹੇ ਹਨ।

ਲਓ, ਰੈਫਰੀ ਆ ਗਏ, ਪਤਲਾ ਜਿਹਾ ਮੁੰਡਾ ਟੋਨੀ, ਭਾਰਾ ਤੇ ਪ੍ਰੌਢ ਐਲਨ। ਦੋਵੇਂ ਟੀਮਾਂ ਦੇ ਕਪਤਾਨਾਂ ਦੀ ਮਿਲਣੀ। ਸਾਡੇ ਵੱਲੋਂ ਸ੍ਰੀ ਧਿਆਨ ਸਿੰਘ ਕਪਤਾਨ ਹੈ। ਦੋਹਾਂ ਟੀਮਾਂ ਨਾਲ ਚੇਅਰਮੈਨ ਦੀ ਜਾਣ-ਪਛਾਣ ਉਪਰੰਤ ਇਕ ਸਾਂਝੀ ਫੋਟੋ ਤੇ 5.15 ਵਜੇ ਹਾਕੀਆਂ ਨੇ ਗੇਂਦ ਦੇ ਭਾ ਦੀ ਬਣਾਣੀ ਸ਼ੁਰੂ ਕਰ ਦਿਤੀ। ਟਿੱਟ.. ਟਿੱਟ .. ਟਿੱਟ.. ਟਿੱਟ.. ਟਿੱਟ .... ਨੀਲੀਆਂ ਨਿੱਕਰਾਂ-ਸ਼ਰਟਾਂ ਤੇ ਕਰੜੇ ਪਿੰਡੇ ਵਾਲੇ ਕਾਲੇ ਕੀਨੀਆ ਵਾਸੀਆਂ ਦਾ ਸਫੈਦ ਸ਼ਰਟਾਂ-ਕਛਹਿਰਿਆਂ ਵਾਲਿਆਂ ਨਾਲ ਭੇੜ ਭਾਵੇਂ 'ਫਰੈਂਡਲੀ' ਹੈ, ਪਰ ਕੁਛ ਪੂਰਵਾਗ੍ਰਹਿ ਵੀ ਜਾਪਦੇ ਹਨ। ਨੀਲੀਆਂ ਬੁਸ਼ਰਟਾਂ ਦਾ ਦਬਾਉ ਹੈ ਸਫੈਦ ਬੁਨੈਣਾਂ ਵਾਲਿਆਂ ਤੇ, ਆਹ ਲਓ! ਪਹਿਲੇ ਪੰਜ ਮਿੰਟਾਂ ਵਿੱਚ ਸ਼ਾਰਟ ਕਾਰਨਰ ਨਾਲ ਨਾਮਧਾਰੀ ਹਾਕੀ ਟੀਮ ਨੂੰ ਗੋਲ ਹੋ ਗਿਆ। ਸੁਭਾਵਕ ਸੀ ਸਾਡੇ ਦਰਸ਼ਕਾਂ ਨੂੰ ਨਿਰਾਸ਼ਾ ਹੁੰਦੀ ਤੇ ਦੂਜੇ ਪਾਸੇ ਹੋ-ਹੋ ਉੱਭਰਦੀ।

ਖੇਡ ਜਾਰੀ ਰਹੀ। ਸ੍ਰੀ ਸਤਿਗੁਰੂ ਜੀ ਆਏ ਤੇ 10 ਕੁ ਮਿੰਟ ਦਰਸ਼ਨ ਦੇ ਕੇ ਚਲੇ ਗਏ। ਪਰ ਇਹਨਾਂ ਦਰਸ਼ਨਾਂ ਨੇ ਸਾਡੀ ਟੀਮ ਨੂੰ ਬਲ ਦਿਤਾ। ਨਾਮਧਾਰੀਆਂ ਅਗਲੇ ਤਿੰਨ ਮਿੰਟਾਂ, ਅਰਥਾਤ ਖੇਡ ਦੇ ਜਾਰੀ ਹੋਣ ਤੋਂ ਅੱਠਵੇਂ ਮਿੰਟ ਵਿਚ ਹੀ ਗੋਲ ਲਾਹ ਦਿੱਤਾ।

20 ਵੇਂ ਮਿੰਟ ਤੇ ਹੰਗਾਮਾ ਹੋ ਗਿਆ। ਇਕ ਮੁੰਡੇ ਨੇ ਦੂਜੇ ਨੂੰ ਜੱਫੀ ਪਾ ਕੇ ਥੱਲੇ ਸਿੱਟ ਦਿੱਤਾ। ਥੱਲੇ ਨੀਲੀ ਸ਼ਰਟ ਵਾਲਾ ਡਿੱਗਾ। ਇਸ ਤੋਂ ਚਿੜ ਕੇ ਰੈਫਰੀ ਨੇ ਮੁੰਡਿਆਂ ਨੂੰ ਤਾਂ ਕੁਝ ਨਾ ਕਿਹਾ ਪਰ ਕੀਨੀਆ ਨੂੰ ਪੈਨਲਟੀ ਕਾਰਨਰ ਦੇ ਦਿੱਤਾ ਅਤੇ ਨਾਮਧਾਰੀ ਟੀਮ ਨੂੰ ਮੁੜ ਗੋਲ ਹੋ ਗਿਆ। ਅਜੇ ਮਿੰਟ 22 ਹੀ ਹੋਏ ਸਨ।

ਮੇਰੇ ਕੋਲ ਬੈਠਾ ਇਕ ਕੀਨੀਆ ਪੱਖੀ ਸਿੱਖ ਨੌਜਵਾਨ ਉੱਚੀ ਬੋਲਿਆ: ਇਹਨਾਂ ਘਾਹ ਨਹੀਂ ਖਾਧਾ ਹੋਇਆ। ਅਰਥਾਤ ਕੀਨੀਆ ਵਾਲੇ ਸ਼ਾਕਾਹਾਰੀ ਨਹੀਂ।

ਕੀਨੀਆ ਟੀਮ ਦਾ ਕਪਤਾਨ ਵੀ ਇਕ ਸਿੱਖ ਨੌਜਵਾਨ ਹੈ। ਪਰ ਮੇਰੇ ਪਾਸ ਬੈਠੇ ਨੂੰ ਨਾਮਧਾਰੀਆਂ ਤੇ ਉਂ ਹੀ ਕੌੜ ਹੈ।

ਖੇਡਦਿਆਂ ਅਜੇ 35 ਮਿੰਟ ਹੀ ਹੋਏ ਸਨ ਕਿ ਇਕ ਨਾਮਧਾਰੀ ਜਵਾਨ ਧੜੱਮ ਦੇਣੀ ਥੱਲੇ ਡਿੱਗ ਪਿਆ। ਲੱਤਾਂ ਕੱਠੀਆਂ ਹੋ ਗਈਆਂ। ਕਿਸੇ ਕੀਨੀਅਨ ਨੇ ਉਹਦੇ ਢਿੱਡ ਵਿਚ ਮੁੱਕਾ ਕੱਢ ਮਾਰਿਆ ਸੀ। ਸਾਰੇ ਪਾਸੇ ਫ਼ਿਕਰ ਵਿਆਪਤ ਹੋ ਗਿਆ। ਸਫੈਦ ਸ਼ਰਟੀਏ ਉਸਦੇ ਦੁਆਲੇ ਖਲੋ ਗਏ। ਇਕ ਨੇ ਉਹਦੀਆਂ ਦੋਵੇਂ ਲੱਤਾਂ ਅੱਗੇ ਪਿੱਛੇ ਕੀਤੀਆਂ ਤੇ ਤਿੰਨ ਕੁ ਮਿੰਟ ਬਾਅਦ ਖੇਡ ਫਿਰ ਸ਼ੁਰੂ ਹੋ ਗਈ।

ਐਹ ਲਓ, ਹੁਣ ਉਸੇ ਤਰ੍ਹਾਂ ਇਕ ਨੀਲੀ ਸ਼ਰਟ ਵਾਲਾ ਡਿਗ ਪਿਆ ਲੱਤਾਂ ਕੱਠੀਆਂ ਹੋ ਗਈਆਂ। ਉਸਦੇ ਸਾਥੀਆਂ ਉਹਨੂੰ ਘੇਰ ਲਿਆ। ਮੈਦਾਨ ਵਿੱਚ ਤਲਖ਼ੀ ਪਸਰਣ ਲੱਗੀ। ਕੀਨੀਆ ਵਾਲੇ ਤਾਂ ਖਿਦੋ ਖੂੰਡੀਆਂ ਵਲੇਟ ਮੈਦਾਨੋਂ ਨਿਕਲ ਗਏ। ਨਾਮਧਾਰੀ ਹਾਕੀ ਟੀਮ ਮੈਦਾਨ ਵਿਚ ਡਟੀ ਰਹੀ। ਮੈਂ ਕਮੈਂਟ ਸੁਣੇ-

ਠਾਕਰ ਉਦੈ ਸਿੰਘ ਜੀ- ਜੇ ਸਟਿੱਕ ਮਾਰਨ ਵਾਲੇ ਪਹਿਲੇ ਹੀ ਖਿਡਾਰੀ ਨੂੰ ਕੱਢ ਦਿਤਾ ਜਾਂਦਾ ਤਾਂ ਇਹ ਬੇਸੁਆਦੀ ਨਾ ਹੁੰਦੀ। ਰੈਫਰੀ ਕਮਜ਼ੋਰ ਸੀ ਦਲੇਰੀ ਨਹੀਂ ਵਖਾ ਸਕਿਆ। ਜੇ ਨਾਮਧਾਰੀ ਦੀ ਸਟਿੱਕ ਹੁੰਦੀ ਤਾਂ ਉਸਨੂੰ ਫੜ ਕੇ ਬਾਹਰ ਕੱਢ ਦਿੰਦੇ ਖੇਡ ਜਾਰੀ ਰਹਿੰਦੀ।

ਸ. ਗੁਰਦਿਆਲ ਸਿੰਘ ਹਾਕੀ ਕੋਚ- ਸਟਿੱਕ ਚਲਾਣ ਵਾਲਿਆਂ ਨੂੰ ਤਾਂ ਸਗੋਂ ਫਾਊਲ ਦਾ ਸਾਰਟ ਕਾਰਨਰ ਦੇ ਦਿੱਤਾ ਗਿਆ।

ਇਕ ਤਨਜ਼ਾਨੀਅਨ ਨੌਜਵਾਨ- ਇਹ ਅਨਜਸਟਿਸ ਹੈ। ਰੈਫਰੀ ਮਜ਼ਬੂਤ ਤੇ ਨਿਆਇ ਪ੍ਰਿਯ ਹੋਣਾ ਚਾਹੀਦਾ ਹੈ।

ਲੋਕ ਖੇਡ ਵੇਖਣਾ ਚਾਹੁੰਦੇ ਸਨ। ਨਾਮਧਾਰੀ ਮੈਦਾਨ ਵਿਚ ਖਲੋਤੇ ਉਡੀਕਦੇ ਸਨ। ਇਕ ਦੋ ਵਿਚੋਲੇ ਵਿਚ ਪਏ ਤਾਂ ਕੀਨੀਆ ਵਾਲੇ ਮਨੀਚ ਕੇ ਦੋਬਾਰਾ ਖੇਡਣ ਲਈ ਆ ਗਏ।

ਟਿੱਟ ... ਟਿੱਟ ... ਟਿੱਟ ... ਇੱਟ ... ਟਿੱਟ ... ਟਿੱਟ ... 6 ਵਜੇ ਫੇਰ ਖੇਡ ਸ਼ੁਰੂ ਹੋ ਗਈ। ਹਨ੍ਹੇਰਾ ਉਤਰ ਆਇਆ। ਗਰਾਊਂਡ ਤੋਂ ਬਾਹਰ ਵਾਲੇ ਬੜੀ ਮੁਸ਼ਕਲ ਨਾਲ ਗੇਂਦ ਤਲਾਸ਼ ਕਰਦੇ। ਹਾਫ਼ ਟਾਈਮ ਦੇ 14ਵੇਂ ਮਿੰਟ ਤੇ ਨਾਮਧਾਰੀਆਂ ਇਕ ਗੋਲ ਕਰਕੇ ਕੀਨੀਆ ਨਾਲ ਬਰਾਬਰੀ ਕਰ ਲਈ।

ਅੱਜ ਕੀਨੀਆ ਪੱਖੀ ਏਥੇ ਬਹੁਤ ਹਨ ਤੇ ਖ਼ੂਬ ਬਕਅਪ ਹੋ ਰਹੀ ਹੈ। ਨਾਮਧਾਰੀ ਵੀ ਕਾਫ਼ੀ ਹਨ ਹੌਂਸਲਾ ਵਧਾਊ ਰੌਲਾ ਪਾਉਣ ਦੀ ਕਦੇ ਕਦੇ ਕੋਸ਼ਿਸ਼ ਕਰਦੇ ਹਨ। ਖੇਡ 2-2 ਤੇ ਬਰਾਬਰ ਰਹਿ ਕੇ ਖ਼ਤਮ ਹੋ ਗਈ।

ਠਾਕੁਰ ਉਦੈ ਸਿੰਘ ਜੀ ਤਨਜ਼ਾਨੀਆ ਦੇ ਕੁਝ ਜਵਾਨਾਂ ਨੂੰ ਕਹਿ ਰਹੇ ਸਨ- ਹਾਕੀ ਟੱਚ ਹੀ ਕਿਉਂ ਹੋਵੇ ਦੂਜੇ ਦੀ ਹਾਕੀ ਨੂੰ। ਅੱਜ ਕੱਲ੍ਹ ਤਾਂ ਹਾਕੀ ਵੱਜਣ ਦਾ ਖੜਾਕ ਆਉਣਾ ਵੀ ਬੰਦ ਹੋ ਗਿਆ ਏ। ਏਥੇ ਅੱਜ ਸਾਰੀ ਗੱਲ ਰੈਫਰੀ ਨੇ ਵਿਗਾੜੀ। ਫਰੈਂਡਲੀ ਮੈਚ ਨੂੰ ਅਨਫਰੈਂਡਲੀ ਕਰ ਦਿੱਤਾ। ਰੈਫ਼ਰੀ ਨੇ ਇਕ ਨੂੰ ਖਿਮਾ ਕੀਤਾ, ਦੂਜੇ ਨੂੰ ਉਸੇ ਗੱਲੋਂ ਸਜ਼ਾ ਦੇ ਦਿੱਤੀ।

26 ਜੂਨ 1985, ਬੁੱਧਵਾਰ, ਦਾਰਾ ਸਲਾਮ (ਤਨਜ਼ਾਨੀਆ)

ਅੱਜ ਫਿਰ ਇਕ ਹਾਕੀ ਮੈਚ ਹੈ। ਜਿਮਖ਼ਾਨਾ ਮੈਦਾਨ ਵਿਚ ਨਾਮਧਾਰੀ ਹਾਕੀ ਟੀਮ ਅਤੇ ਦਾਰਾ ਸਲਾਮ ਦੀ ਕੰਬਾਈਂਡ ਟੀਮ (ਗੋਆ ਦੇ ਵਸਨੀਕਾਂ ਦੀ ਟੀਮ) ਵਿਚਾਲੇ ਮੁਕਾਬਲਾ ਹੈ - ਦੋਸਤਾਨਾ ਮੁਕਾਬਲਾ।

ਅੱਜ ਖੇਡ ਦੇ ਰੈਫ਼ਰੀ ਹਨ ਸ. ਅਜੈਪਾਲ ਸਿੰਘ, ਸੁਹਣਾ ਬਣਦਾ ਫੱਬਦਾ ਲਾਲ ਪਗੜੀ ਵਾਲਾ ਸਿੱਖ, ਦੂਜਾ ਹੈ ਚੌੜਾ ਚਕਲਾ ਤੇ ਸੈਲੇਰਾ ਮਿ. ਟੋਨੀ। ਸ. ਅਜੈਪਾਲ ਸਿੰਘ ਨੇ 5 ਵਜੇ ਸ਼ਾਮੀਂ ਦੋਹਾਂ ਟੀਮਾਂ ਨੂੰ ਖੇਡ ਸ਼ੁਰੂ ਕਰਨ ਤੋਂ ਪਹਿਲਾਂ ਸਮਝਾਇਆ ਹੈ ਕਿ ਦੋਵੇਂ ਧਿਰਾਂ ਖੇਡ ਨੂੰ ਦੋਸਤਾਨਾ ਹੀ ਰੱਖਣ ਕੱਲ੍ਹ ਵਾਂਗ ਬੇਸੁਆਦ ਨਾ ਕਰਨ ਅਤੇ ਨਾ ਹੀ ਕੋਈ ਇਕ ਦੂਜੇ ਨੂੰ ਮੰਦਾ, ਚੰਗਾ ਬੋਲੇ। ਉਸਨੂੰ ਦੋਵੇਂ ਬੋਲੀਆਂ ਆਉਂਦੀਆਂ ਹਨ। ਦਰਸ਼ਕ ਭਾਵੇਂ ਕੱਲ੍ਹ ਜਿੰਨੇ ਨਹੀਂ ਪਰ ਤਿੰਨ ਕੁ ਸੌ ਹੈ ਸਨ, ਜੁ ਮੈਦਾਨ ਦੇ ਇਰਦ ਗਿਰਦ ਖਿੰਡੇ ਹੋਏ ਹਨ। ਲਹਿੰਦੇ ਪਾਸੇ ਮੰਚ ਉਤੇ ਚੰਦੋਆ ਸਤਿਗੁਰੂ ਜੀ ਵਾਸਤੇ। ਚੇਅਰਮੈਨ ਤੇ ਖੇਡ ਪ੍ਰਬੰਧਕਾਂ ਲਈ ਟੇਬਲ ਕੁਰਸੀਆਂ ਪਈਆਂ ਹਨ।

ਵਿਸਲ ਵੱਜਦਿਆਂ ਹੀ ਸਰਗਰਮੀ ਜਾਰੀ ਹੋ ਜਾਂਦੀ ਹੈ। ਨਾਮਧਾਰੀ ਨਿੱਤ ਵਾਂਗ ਸਫੈਦ ਪੁਸ਼ਾਕ ਵਿਚ ਹਨ ਪਰ ਗੋਵਾਈਨ ਨੀਲੀਆਂ ਹਰੀਆਂ ਅੱਗੇ ਪਿੱਛੇ ਤੇ ਕਾਲੇ ਬਾਜ਼ੂ ਵਾਲੀਆਂ ਸ਼ਰਟਾਂ ਅਤੇ ਸਫ਼ੈਦ ਨਿੱਕਰਾਂ ਨਾਲ ਮੈਦਾਨ ਵਿਚ ਨਿੱਤਰੇ ਹਨ ਤੇ ਆਉਂਦਿਆਂ ਸਰਗਰਮੀ ਜਾਰੀ ਹੋ ਗਈ ਹੈ। ਦੋਵੇਂ ਧਿਰਾਂ ਸੁਹਣਾ ਖੇਡ ਰਹੀਆਂ ਹਨ। ਨੌਵੇਂ ਮਿੰਟ ਵਿਚ ਹੀ ਨਾਮਧਾਰੀ ਹਾਕੀ ਟੀਮ ਨੇ ਦੂਜੀ ਟੀਮ ਨੂੰ ਗੋਲ ਕਰ ਦਿੱਤਾ ਹੈ। ਦੂਜਾ ਗੋਲ ਗੋਵਾਈਆਂ ਨੂੰ 15ਵੇਂ ਮਿੰਟ ਵਿਚ ਹੋ ਗਿਆ ਹੈ।

5.30 ਵਜੇ ਮਾਲਾ ਫੇਰਦੇ ਸ੍ਰੀ ਸਤਿਗੁਰੂ ਜੀ ਅਤੇ ਠਾਕਰ ਜੀ ਵੀ ਦਰਸ਼ਕਾਂ ਵਿਚ ਆ ਬੈਠੇ ਹਨ। ਸਤਿਗੁਰੂ ਜੀ ਦਾ ਸਕੱਤਰ ਅਤੇ ਸੇਵਕ ਵੀ ਨਾਲ ਆਏ ਹਨ।

ਸਤਿਗੁਰੂ ਜੀ ਦੇ ਖੇਡ ਮੈਦਾਨ ਵਿਚ ਦਾਖ਼ਲ ਹੁੰਦਿਆਂ ਹੀ ਤੀਜਾ ਗੋਲ ਨਾਮਧਾਰੀ ਜਵਾਨਾਂ ਨੇ ਕਰ ਦਿਤਾ ਹੈ।

ਮੈਂ ਦਰਸ਼ਕਾਂ ਵੱਲ ਧਿਆਨ ਮਾਰਦਾ ਹਾਂ। ਮੂਲ ਵਸਨੀਕਾਂ ਨਾਲ ਨਾਮਧਾਰੀ ਵੀ ਚੋਖੀ ਗਿਣਤੀ ਵਿਚ ਹਾਜ਼ਰ ਹਨ। ਸਫੈਦ ਵੇਸ਼ਭੂਸ਼ਾ ਕਰਕੇ ਤੁਰਤ ਨਜ਼ਰ ਪੈ ਜਾਂਦੇ ਹਨ। ਸ. ਗੁਰਦਿਆਲ ਸਿੰਘ ਹਾਕੀ ਕੋਚ ਤੇ ਸੰਤ ਗੁਰਮੁਖ ਸਿੰਘ ਰਹਿਬਰ ਮੈਨੇਜਰ ਨਾਮਧਾਰੀ ਹਾਕੀ ਟੀਮ ਨੂੰ ਬੜੀ ਤਸੱਲੀ ਹੈ। ਸ੍ਰੀ ਸਤਿਗੁਰੂ ਜੀ ਆਪਦੇ ਜਥੇ ਸਮੇਤ 6 ਵਜੇ ਰਾਮਗੜ੍ਹੀਆ ਹਾਲ ਵਿਚ ਨਾਮ ਸਿਮਰਨ ਵਾਸਤੇ 5.55 ਵਜੇ ਤੱਕ ਉੱਠ ਜਾਂਦੇ ਹਨ। 6.02 ਤੇ ਗੋਵਾਈਆਂ ਨੇ ਨਾਮਧਾਰੀਆਂ ਨੂੰ ਇੱਕ ਗੋਲ ਕਰ ਦਿਤਾ ਹੈ। ਖੇਡ ਛੁਹਲੇ ਕਦਮੀਂ ਜਾਰੀ ਹੈ। ਨਾਮਧਾਰੀ ਹਾਕੀ ਟੀਮ ਨੇ 6.15 ਤੇ ਪਹਿਲਾ ਤੇ 6.20 ਤੇ ਦੂਜਾ ਹਾਫ਼ ਟਾਈਮ ਦੇ ਬਾਅਦ ਗੋਲ ਕਰ ਦਿੱਤਾ। ਖੇਡ ਸ਼ਾਂਤੀ ਪੂਰਵਕ ਸਮਾਪਤ ਹੋ ਗਈ।

30 ਜੂਨ 1985, ਦਾਰਾਸਲਾਮ (ਤਨਜ਼ਾਨੀਆ)

ਸ. ਹੰਸਪਾਲ, ਸ. ਮਨਚੰਦਾ, ਵਰਿਆਮ ਤੇ ਮੈਂ- ਇੱਕ ਕਾਰ ਦੁਆਰਾ ਜਿਮਖਾਨਾ ਗਰਾਊਂਡ ਪੁੱਜੇ ਤਾਂ ਸ਼ਾਮ ਦੇ 5.10 ਹੋ ਗਏ ਸਨ ਅਤੇ ਹਾਕੀ ਦੀ ਖੇਡ ਜਾਰੀ ਸੀ। ਢਾਈ-ਤਿੰਨ ਸੌ ਦਰਸ਼ਕ ਖੇਡ-ਲੀਕ ਦੇ ਦੁਆਲੇ ਖਲੇ ਸਨ। ਨਾਮਧਾਰੀ ਹਾਕੀ ਟੀਮ ਦਾ ਤਨਜ਼ਾਨੀਆ ਦੀ ਆਰਮੀ ਟੀਮ ਨਾਲ ਮੁਕਾਬਲਾ ਸੀ। ਨਾਮਧਾਰੀ ਆਪਣੀ ਸਫ਼ੈਦ ਪੋਸ਼ਾਕ ਵਿੱਚ ਸਨ, ਆਰਮੀ ਦੇ ਕਾਲੇ ਆਦਮੀ, ਨੀਲੀਆਂ ਸ਼ਰਟਾਂ, ਚਿੱਟੀਆਂ ਨਿਕਰਾਂ, ਜਬਰ ਜੰਗ ਸਰੀਰ। ਗਹਿਗੱਚ ਲੜਾਈ ਜਾਰੀ ਸੀ।

ਰੈਫਰੀ ਦੋਵੇਂ ਹੀ ਸਰਦਾਰ, ਇੰਟਰਨੈਸ਼ਨਲ ਐਮਪਾਇਰ, ਅਤੇ ਦੋਵੇਂ ਹੀ ਤ੍ਰਿਲੋਚਨ ਸਿੰਘ, ਇਕ ਬੈਂਸ ਗੋਤ ਦਾ, ਦੂਜਾ ਸੰਧੂ, ਪਹਿਲੇ ਦੇ ਸਿਰ ਤੇ ਕਾਲੀ ਟੇਢੀ ਪੱਗ, ਦੂਜੇ ਦੇ ਸਫ਼ੈਦ ਟੇਢੀ। ਦੋਵੇਂ ਹੀ ਸਾਊ ਤੇ ਇਮਾਨਦਾਰ ਅਤੇ ਖੇਡ ਨੇਮਾਂ ਨੂੰ ਬਿਹਤਰ ਸਮਝਣ ਵਾਲੇ। ਅੱਜ ਜਾਪਦਾ ਸੀ ਤਕੜੇ ਜੁੱਸੇ ਵਾਲੇ ਕਾਲੇ ਤਨਜ਼ਾਨੀਆਂ ਤੋਂ ਨਾਮਧਾਰੀ ਮਾਰ ਖਾ ਜਾਣਗੇ, ਪਰ 5.22 ਵਜੇ ਪਹਿਲਾ ਗੋਲ ਨਾਮਧਾਰੀਆਂ ਕਰ ਦਿੱਤਾ। ਦੂਜਾ ਗੋਲ 5.50 ਤੇ ਤੀਜਾ ਪੈਨਲਟੀ ਸਟ੍ਰੋਕ ਨਾਲ 6.05 ਤੇ ਹੋ ਗਿਆ। ਹੋਰ 10 ਮਿੰਟ ਤਕ ਖੇਡ ਖ਼ਤਮ ਹੋ ਗਈ। ਆਰਮੀ ਦੇ ਤਕੜੇ ਜੁੱਸੇ ਵਾਲੇ ਇਕ ਵੀ ਗੋਲ ਨਾ ਕਰ ਸਕੇ।

A Glimpse of the Namdhari Sports Academy's contribution in Indian Hockey

- Dr. Charan Singh Sekhon

The Indian hockey is known for its exceptional skills and style all over the world. The great hockey players which India has produced so far are most renowned personalities in the world of sports. Eight times Olympic champion, once world champion, three times Asian champion and three times Asia Cup winner, Indian hockey team has always aroused interest wherever they played. But now-a-days, Indian hockey is witnessing its downfall and other games like cricket are gaining more popularity. To promote the national game, many academies are working in this direction such as Maharaja Ranjit Singh Hockey Academy, Surjeet Hockey Academy, Punjab and Sind Bank Academy, Ramesh Academy, Karam Chand Thapar Hockey Academy Sansarpur, SAI (Sports Authority of India), Centre of Excellence, Namdhari Sports Academy, Netaji Subash National Institute of Sports, Sports Academy in Jarkhar, RCF (Rail Coach Factory) academy in Kapurthala and an unending list. But in spite of many academies, results are not fruitful. Efforts are being made at different levels to regain our repute in hockey by popularizing the game in various parts of the country by various academies. Of these, Namdhari Sports Academy has had a great contribution in the field of hockey, especially due to large number of national and international players coming from it. An amazing fact about this academy is that the players which Namdhari Sports Academy has produced belong to a single village, except a few. Sant Nagar is the name of a tiny village

in Sirsa district of Haryana and this village is referred as the 'Indian hockey's newest nursery' and in this village, Namdhari Sports Academy is working day and night to promote the national game i.e. hockey. It represents a noteworthy example of a single village or a single academy having produced a very large number of Olympians, international, national, university and outstanding hockey players for various outstanding teams who have given Indian hockey a celebrated place on the international scene. Namdhari Sports Academy's contribution to Indian hockey can easily be gauged from the number of international and outstanding hockey players it has produced.

During partition, under the orders of their Sect Head, Satguru Pratap Singh Ji, the Namdhari people migrated from Pakistan and settled in the village Jag Malera in Sirsa district. Now-a-days, a majority of the population of Jag Malera belongs to the Namdhari sect. Sri Satguru Jagjit Singh Ji, next Head of Namdhari Sect, gave the new name to the village, Sant Nagar. In the official records, the name of village is still Jag Malera, but the village is popularly known as Sant Nagar. There are 18 Namdhari villages near to Sant Nagar. It would not be an exaggeration to say that each house of the village Sant Nagar has a hockey player. Their association with Hockey can be judged by the fact that the Indian team that lately won the silver medal in the Asia Cup, had three players from this village. The reason behind this association is that the previous head of the Namdhari sect, Satguru Jagjit Singh, had been a sportsman himself. Inspite of his old age, he was a customary badminton player. In his younger days, he dabbled in hockey. In fact, the love for hockey is found in the blood of Namdhari sect. Satguru Uday Singh, current Head of Namdhari Sect, had been a hockey player himself. He was a contemporary of

Surjit Singh, one of greatest deep defenders that Punjab has produced in the post-independence era.

The 1975 World Cup victory inspired Thakur Uday Singh ji (Present Namdhari Head), to promote hockey in the village Sant Nagar. A year later, the Namdhari XI was formed. In 1977, a hockey training centre was established at the village school namely Shri Guru Hari Singh Mahavidalya, in which 20 boys were selected for coaching and training by Coach Pal Singh. It is noteworthy that they all belonged to Sant Nagar. They got special diet and equipment from Namdhari Sports Academy. In 1980, Namdhari XI won its first reputed tournament i.e. All India Jawahar Lal Nehru Hockey Tournament for juniors in New Delhi. The victory of the team just proved that the success was one that was still being written. Known for their dynamic strategy and excellent fighting traits, it soon made a place for itself as one of the top teams in the country. Namdharis could stumble any top team and won several tournaments. Besides, Baldev Singh (Nigeria), Baldev Singh (Shahbad Markanda), Didar Singh and Hardeep Singh Grewal had been responsible for coaching and training of their succeeding teams. Competent and unique turnout with players sporting white turbans, even on the playground were reasons enough to draw worldwide attention and discern. Besides their churn out, they had been giving an admirable account of themselves on the playground, toppling some of the top teams in major tournaments. Not only that, some of Namdhari players made it to the national team. Didar Singh, the team coach represented India in the 1992 Barcelona Olympic Games and Padam Shri and Arjun Award winner Sardara Singh captained Indian National Team in many International events. And another talented youngster, Harpal

Singh, a deep defender, was a member of Indian team in the Athens Olympics in 2004. Didar Singh Jr. was the member of the Asia Cup winner team. Other wonderful Namdhari players are Gurnam Singh Gami, Gurcharan Singh, Ajmer Singh, Karmjit Singh, Joga Singh, Avtar Singh, Gurvinder Singh, Gurmail Singh, Malak Singh, Harpreet singh, Santa Singh and Akashdeep Singh who represent India in various International Tournaments. Besides them, India's former center-half Hardeep Singh Grewal and junior international star Daljit Singh also played for the Namdhari XI for several years. They accompanied Namdhari hockey team on tours to Europe in late 80s and early 90s. Namdhari Hockey Team also toured USA (2005, 2007, 2008) and Canada (2009, 2012, 2014), performed Indian style classical hockey over there. Namdhari Hockey Team not only performed very well in the India's national tournaments, but also won many Grade 1 tournaments. The Indian Hockey Federation has granted them direct affiliation, facilitating them to send its team for participation in the national and international championships.

Namdharis and Hockey… it's part of their DNA

-Manjeet Singh Degun, (Head Coach)
Barford Tigers Hockey Club
Birmingham (UK)

The Olympic Games of 1984 in Los Angeles was the first time I witnessed watching a hockey player of a Namdhari origin… it was Hardeep Singh playing at the Centre Half position for India. From that day onwards, I have always had a unique affection for the Namdhari hockey player and many years later in life, I was fortunate enough to form an equally affectionate relationship with the Namdhari Hockey Academy based in Sri Bhaini Sahib near Ludhiana. In the early 90's, the Namdhari hockey team toured in England and the Punjabi hockey lovers in many cities in England were immensely entertained by a top class Namdhari team victorious over all the top hockey clubs in England; And one name from that team was on everybody's lips – Gurnam Singh Gami. I then also had the pleasure of watching one of the players from that team at the 1992 Barcelona Olympic Games..Didar Singh, playing at the leftwing position for India.

